ਅਸੀਂ ਉਸ ਤੋਂ ਮਾਮਲਾ ਲੈਂਦੇ ਹਾਂ। ਉਸ ਦੇ ਉਪਰ surcharge ਵੀ ਲੈਂਦੇ ਹਾਂ। ਦੂਜੇ ਪਾਸੇ ਉਹੀ ਜ਼ਮੀਨ ਜਿਹੜੀ ਐਸੀ income ਦਿੰਦੀ ਹੈ ਉਸ ਦੇ ਵਿਚ 25% discrepancy ਲਾਉਣ ਲਈ ਆਪਣੇ ਆਪ ਕਰ ਦਿਤਾ ਹੈ। We have reduced it to 6¼ per cent. ਫਿਰ ਵੀ ਕਹਿਣਾ ਕਿ ਸਰਕਾਰ ਇਤਨੇ ਟੈਕਸ ਲਾਉਂਦੀ ਹੈ, ਸਰਕਾਰ ਬਦਨਾਮ ਹੋ ਚੁਕੀ ਹੈ, ਇਹ ਹੈ ਵੂਹ ਹੈ ਮੈਂ ਸਮਝਦਾ ਹਾਂ ਕਿ ਇਹ ਗੱਲਾਂ ਕਿੰਨੀਆਂ ਗਲਤ ਹਨ ਇਸ ਟੈਕਸ ਦੀ ਬਹਿਸ ਵਿਚ। ਦੂਜੇ ਪਾਸੇ ਜਿਹੜਾ ਸਰਕਾਰ ਨੇ ਫਾਇਦਾ ਕੀਤਾ ਹੈ ਉਸ ਦੇ ਮੁਤੱਲਿਕ ਕੁਝ ਨਹੀਂ ਕਿਹਾ ਗਿਆ। ਅਸੀਂ ਆਪਣੀ ਪਹਿਲੀ instructions ਤੋਂ ਅਗਾਂਹਾਂ ਜਾ ਕੇ concession ਦੇਣ ਲਗੇ ਹਾਂ। ਆਪਣੀ convenience ਮਦੇ ਨਜ਼ਰ ਰਖਦੇ ਹੋਏ ਇਹ ਕਰਨ ਲਗੇ ਹਾਂ। Hilly places ਤੇ sub- ontainous places ਤੇ ਅਗਰ ਅਸੀਂ ਆਪਣੇ ਉਸ ਕਾਇਦੇ ਦੇ ਮੁਤਾਬਕ assessment ਕਰੀਏ ਤਾਂ ਉਥੋਂ ਦੀ net letting value ਬਹੁਤ ਘਟ ਨਿਕਲਦੀ ਹੈ, ਕਿਉਂਕਿ ਉਥੇ ਇਤਨੇ ਬੰਦੇ ਨਹੀਂ, ਨਾ ਉਥੇ ਕੋਈ ਬਹੁਤ ਤਰੱਕੀ ਹੈ, ਨਾ cinema houses ਹਨ।

ਬਾਬੂ ਬਚਨ ਸਿੰਘ : ਕਸੌਲੀ, ਸਪਾਟੂ ਤੇ ਧਰਮਸਾਲਾ ਵਗੈਰਾ ਸ਼ਹਿਰ ਹਨ।

Revenue Minister : The hon. Member should hear me patiently when I am saying. I am clarifying the position.

Baboo Bachan Singh : What about Mahendargarh ?

Minister : Mahendargarh or any other area of that kind......

ਐਸੇ ਸ਼ਹਿਰ ਹਨ ਜਿਥੇ ਸਾਨੂੰ 25 ਪ੍ਰਤੀਸ਼ਤ return ਨਹੀਂ ਮਿਲਦੀ। ਉਨ੍ਹਾਂ ਦੀ net letting value ਸ਼ਾਇਦ ਐਨੀ ਨਿਕਲੇ ਕਿ ¼ ਲੈ ਲਈਏ। ਇਸ ਵਾਸਤੇ ਇਹ provision ਕਰਨ ਲਗੇ ਹਾਂ। ਬਜਾਏ ਇਸ ਦੇ ਕਿ ਸਾਡਾ ਸਟਾਫ search ਕਰਦਾ ਫਿਰੇ, brick kiln ਵੀ ਲਗਿਆ ਹੋਵੇ ਤੇ assessment ਕਰਨ ਤੋਂ ਬਾਅਦ ਇਹ ਪਤਾ ਲਗੇ ਕਿ ਉਹ ਇਸ ਜ਼ਦ ਵਿਚ ਨਹੀਂ ਆਉਂਦੇ ਅਸੀਂ ਇਹ provision ਕਰਨ ਲਗੇ ਹਾਂ। ਅਸੀਂ ਇਸ amendment ਦੇ ਤਹਿਤ notification ਕਰਨ ਤੋਂ ਬਾਅਦ ਕਾਰਵਾਈ ਕਰਾਂਗੇ। ਕਸੌਲੀ ਵਗੈਰਾ ਦੇ ਮੁਤੱਲਿਕ ਅਸੀਂ ਇਹ ਸਮਝਦੇ ਹਾਂ ਕਿ ਐਸੀ ਜਗਾਹ ਅਸੀਂ exclude ਨਹੀਂ ਕਰਾਂਗੇ।

[Revenue Minister]

We are not going to exclude all the hilly or sub-montane areas. We are going to have a provision under which the Government may exclude the areas to be specified in a notification. ਜਿਥੇ ਅਸੀਂ ਸਮਝਾਂਗੇ ਕਿ hardship ਹੁੰਦੀ ਹੈ ਅਸੀਂ ਉਸ ਨੂੰ sub-clause 2 ਦੇ ਤਹਿਤ exclude ਕਰ ਸਕਦੇ ਹਾਂ। ਐਕਟ ਵਿਚ provision ਕਰ ਲਿਆ ਹੈ। ਇਹ ਆਖਣਾ ਕਿ ਇਹ ਇਸ ਤਰ੍ਹਾਂ ਕਰਦੇ ਪਏ ਨੇ, ਠੀਕ ਨਹੀਂ।

Now, the Government has to take such powers. It has to get reports and take decisions thereon. That is something very fair and workable.

ਇਸ ਦੇ ਮੁਤੱਲਿਕ, ਮੈਂ ਸਮਝਦਾ ਹਾਂ, ਸਪੀਕਰ ਸਾਹਿਬ, ਜੋ position ਮੈਂ ਆਪ ਦੇ ਸਾਹਮਣੇ ਵਾਜ਼ਹ ਕੀਤੀ ਹੈ ਅਤੇ ਸਾਡੀ assessment ਦਾ ਜੋ underlying idea ਹੈ। That is, at any rate, not liable to objections which have been raised by my friend Dr. Sahib. Mr. Tandon raised a hue and cry..... ਮੈਂ ਸਮਝਦਾ ਹਾਂ ਕਿ ਜਿਤਨਾ ਕਿ ਅਸੀਂ ਐਲਾਨ ਕੀਤਾ ਹੈ, ਜਿਤਨਾ ਅਸੀਂ relief ਦਿੱਤਾ ਹੈ ਇਹ ਠੀਕ ਹੈ। ਇਕ ਦੋਸਤ ਨੇ ਇਹ ਕਿਹਾ ਕਿ ਜਿਹੜੇ ਆਦਮੀ ਇਹ ਟੈਕਸ ਦੇ ਸਕਦੇ ਹਨ ਉਨ੍ਹਾਂ ਤੇ ਲਾਉਣਾ ਚਾਹੀਦਾ ਹੈ। ਲੇਕਿਨ ਸਰਕਾਰ ਨੇ ਉਨ੍ਹਾਂ ਆਦਮੀਆਂ ਨੂੰ ਇਹ concession ਦਿਤਾ ਹੈ। ਅਸੀਂ ਹੋਰ ਵੀ ਦੇਣਾ ਚਾਹੁੰਦੇ ਹਾਂ। ਇਸ ਦੇ ਮੁਤਾਲਿਕ ਗੌਰ ਕਰਨੀ ਚਾਹੀਦੀ ਹੈ। ਇਸ ਬਿਲ ਦੇ ਮੁਤੱਲਿਕ ਕਲ ਵਜ਼ਾਹਤ ਨਾਲ ਨਹੀਂ ਦਸਿਆ ਜਾ ਸਕਿਆ for certain reasons। ਅਸੀਂ ਇਹ relief ਦੇਣ ਲਗੇ ਹਾਂ।

ਮੈਂ ਅਰਜ਼ ਕਰਦਾ ਹਾਂ ਕਿ ਜਿਹੜਾ relief ਅਸੀਂ allow ਕੀਤਾ ਹੈ in the rate of special assessment ਕੀਤਾ ਹੈ। ਇਸ ਵਿਚ ਮਯੁਨਿਸੀਪਲ ਕਮੇਟੀ ਦਾ ਕੋਈ house tax ਨਹੀਂ ਆਉਂਦਾ ਅਤੇ ਉਨ੍ਹਾਂ ਲਈ ਖੁਲ੍ਹ ਹੈ ਕਿ ਉਹ house tax ਨੂੰ ਲਗਾ ਰਹਿਣ ਦੇਣ ਜਾਂ they may give it up ਇਹ ਟੈਕਸ ਮਯੁਨਿਸੀਪਲ ਕਮੇਟੀ ਦੀ ਹਦ ਵਿਚ ਨਹੀਂ ਆਉਂਦਾ। ਇਹ ਤਾਂ ਇਕ ਅਜਿਹਾ ਟੈਕਸ ਹੈ ਜੋ ਜ਼ਮੀਨ ਦੀ ਵਧ ਗਈ return ਵਿਚੋਂ ਲੈਣਾ ਹੈ। ਜ਼ਮੀਨ ਦੀ return ਵਧ ਗਈ ਸੀ। ਪਰ ਇਹ ਹਰ ਥਾਂ ਤੇ ਨਹੀਂ ਵਧ ਸਕੀ। ਇਸ ਲਈ ਹਰ ਥਾਂ ਤੇ ਇਸ ਟੈਕਸ ਨੂੰ ਨਹੀਂ ਲਗਾਇਆ ਜਾ ਸਕਦਾ ਇਸ ਲਈ ਕੁਝ ਇਲਾਕਿਆਂ ਨੂੰ ਛਡ ਦਿਤਾ ਗਿਆ ਹੈ ਜਿਥੇ ਕਿ ਜ਼ਮੀਨ ਦੀ return ਨਹੀਂ ਸੀ ਵਧੀ। ਬਾਬੂ ਬਚਨ ਸਿੰਘ ਹੋਰਾਂ ਨੇ ਇਤਰਾਜ਼ ਕੀਤਾ ਹੈ ਕਿ *ad hoc* places ਤੇ ਇਸ ਨੂੰ ਲਾਗੂ ਕੀਤਾ ਜਾ ਰਿਹਾ ਹੈ ਪਰ ਮੈਂ ਯਕੀਨ ਦਿਵਾਂਦਾ ਹਾਂ ਕਿ for one reason or the other ਅਸੀਂ ਪਹਿਲਾਂ hilly areas ਦੀ ਜ਼ਮੀਨ ਦੀ letting value ਨੂੰ assess ਨਹੀਂ ਸਾਂ ਕਰ ਸਕੇ। ਹੁਣ ਉਨ੍ਹਾਂ ਇਲਾਕਿਆਂ ਦੀ reassessment ਕਰਵਾ ਰਹੇ ਹਾਂ। ਇਹ ਵੀ ਮੈਂ ਮੰਨਦਾ ਹਾਂ ਕਿ ਉਸ ਵਿਚ ਉਗਰਾਹੀ ਉਸ ਹਦ ਤਕ ਨਹੀਂ ਹੋਈ ਜਿਸ ਹਦ ਤਕ ਕਿ ਹੋਣੀ ਚਾਹੀਦੀ ਸੀ। ਇਸ ਨੂੰ reassessment ਕਰਵਾ ਕੇ ਠੀਕ ਕਰਾਂਗੇ। ਇਸ ਬਿਲ

ਦੇ basis ਬੜੇ sound ਹਨ ਇਸ ਲਈ ਇਸ ਤੇ ਇਤਰਾਜ਼ ਨਹੀਂ ਕਰਨਾ ਚਾਹੀਦਾ। ਬਾਬੂ ਬਚਨ ਸਿੰਘ ਹੋਰਾਂ ਨੇ ਮਹਿੰਦਰਗੜ੍ਹ ਦਾ ਜ਼ਿਕਰ ਕੀਤਾ ਹੈ। ਇਹ ਤਾਂ ਬਿਲ ਦੇ ਪਾਸ ਹੋਣ ਤੋਂ ਬਾਦ ਦੀਆਂ ਗਲਾਂ ਹਨ ਕਿ ਕਿਨ੍ਹਾਂ ਇਲਾਕਿਆਂ ਤੇ ਇਸ ਨੂੰ ਲਾਗੂ ਕੀਤਾ ਜਾਵੇ। ਅਤੇ ਕਿਹੜੇ ਇਲਾਕੇ ਇਸ ਬਿਲ ਅਧੀਨ ਲਿਆਂਦੇ ਜਾਣ। ਇਸ ਲਈ ਜੋ ਤਰਮੀਮ ਡਾਕਟਰ ਬਲਦੇਵ ਪਰਕਾਸ਼ ਜੀ ਨੇ ਪੇਸ਼ ਕੀਤੀ ਹੈ ਇਸ ਨੂੰ ਨਹੀਂ ਮੰਨਿਆ ਜਾ ਸਕਦਾ। ਮੈਂ ਜੋ ਕਲਾਜ਼ ਇਸ ਬਿਲ ਵਿਚ ਪੇਸ਼ ਕੀਤੀ ਹੈ ਇਹ ਨਿਹਾਇਤ fair ਹੈ ਅਤੇ ਇਹ ਕਾਬਲੇ ਕਬੂਲ ਹੈ ਇਸ ਨੂੰ ਪਾਸ ਕਰ ਦਿਤਾ ਜਾਵੇ।

Mr. Speaker : I will now put the amendments to the vote of the House.

Mr. Speaker : Question is—

Delete the proviso to sub-clause (1)(b).

The motion was lost.

Mr. Speaker : Question is—

At the end of sub-clause (1)(b) *add* the following—

"(c) where on such land a residential building or a building for business use cinema, theatre or any other such use has been established and such building has been already assessed for house tax or property tax."

The motion was lost.

Mr. Speaker : Question is—

At the end of sub-clause (1)(b) *add* the following :—

"(c) for all lands situated in the territory of Punjab."

The motion was lost.

Mr. Speaker : Question is—

That Clause 3 stand part of the Bill.

The motion was carried.

CLAUSE I

Mr. Speaker : Question is—

That Clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Minister for Revenue (Sardar Ajmer Singh) : Sir, I beg to move—

That the Punjab Land Revenue Special Assessment (Exemption) Bill be passed.

Mr. Speaker : Motion moved—

That the Punjab Land Revenue Special Assessment (Exemption) Bill be passed.

Mr. Speaker : Question is—

That the Punjab Land Revenue Special Assessment (Exemption) Bill be passed.

The motion was carried.

THE EAST PUNJAB HOLDINGS (CONSOLIDATION AND PREVENTION OF FRAGMENTATION) AMENDMENT BILL, 1962

Minister for Revenue (Sardar Ajmer Singh) : Sir, I beg to move—

That the East Punjab Holdings (Consolidation and Prevention of Fragmentation) Amendment Bill be taken into consideration at once.

ਪਹਿਲਾਂ ਜੋ ਬਿਲ ਪਾਸ ਕੀਤਾ ਗਿਆ ਸੀ ਉਸ ਵਿਚ ਇਕ ਮੁਸ਼ਕਲ ਪੇਸ਼ ਆ ਗਈ ਹੈ ਕਿਉਂਕਿ ਹਾਈ ਕੋਰਟ ਵਲੋਂ ਇਕ ਫੈਸਲਾ ਕੀਤਾ ਗਿਆ ਹੈ। ਪਹਿਲਾਂ ਜਦੋਂ settlement officer ਦੇ ਪਾਸ ਜਿਹੜੀ scheme ਹੁੰਦੀ ਸੀ ਉਸ ਵਿਚ ਕੋਈ ਨਵੀਂ ਚੀਜ਼ ਆਉਂਦੀ ਸੀ ਜ਼ਬਾਨੀ ਤੌਰ ਤੇ ਜਾਂ ਲਿਖਤੀ ਰੂਪ ਵਿਚ ਜਾਂ ਕੋਈ ਕਾਬਲੇ ਇਤਰਾਜ਼ ਮਦ ਹੁੰਦੀ ਸੀ ਜਾਂ ਹੋਰ ਕੋਈ ਚੀਜ਼ ਪਾਣੀ ਹੁੰਦੀ ਸੀ ਤਾਂ ਉਹ ਨਹੀਂ ਸੀ ਪਾ ਸਕਦਾ ਜਦੋਂ ਤਕ ਕਿ ਐਕਟ ਦੇ provision ਦੇ ਮਾਤਹਿਤ scheme ਪਬਲਿਸ਼ ਨਾ ਹੋ ਜਾਵੇ ਅਤੇ C.O. ਦੇ ਪਾਸ oral ਜਾਂ written objections ਨਾ ਆ ਜਾਣ ਅਤੇ ਇਸ ਲਈ 30 ਦਿਨਾਂ ਦੀ ਮਿਆਦ ਰਖੀ ਗਈ ਸੀ। ਹੁਣ ਜੋ ਫੈਸਲਾ ਹਾਈ ਕੋਰਟ ਨੇ ਦਿਤਾ ਹੈ ਇਸ ਦੇ ਸਾਹਮਣੇ ਇਸ ਐਕਟ ਵਿਚ ਤਰਮੀਮ ਕਰਨ ਦੀ ਲੋੜ ਪੈ ਗਈ ਹੈ। 30 ਦਿਨਾਂ ਦੀ ਮਿਆਦ ਰਖੀ ਗਈ ਸੀ ਅਤੇ ਜੇਕਰ ਇਸ ਮਿਆਦ ਦੇ ਅੰਦਰ ਕੋਈ ਇਤਰਾਜ਼ ਨਾ ਆਇਆ ਹੋਵੇ ਤਾਂ ਜਦੋਂ scheme C.O. forward ਕਰਦਾ ਸੀ S.O. ਕੋਲ ਤਾਂ ਉਸ ਵੇਲੇ ਉਹ ਸਾਰੀ ਸਕੀਮ ਵੇਖ ਕੇ ਉਸ ਸਕੀਮ ਨੂੰ confirm ਕਰਦਾ ਸੀ ਅਤੇ, ਸਪੀਕਰ ਸਾਹਿਬ, S.O. ਇਸ ਤਰ੍ਹਾਂ ਕਰਦੇ ਰਹੇ ਨੇ। ਮਗਰ ਹੁਣ ਜਦੋਂ ਇਸ ਗਲ ਨੂੰ point out ਕੀਤਾ ਗਿਆ ਹੈ ਤਾਂ ਇਹ ਮੁਨਾਸਿਬ ਸਮਝਿਆ ਗਿਆ ਹੈ ਕਿ ਇਹ ਇਸ ਵਿਚ ਇਕ defect ਰਹਿ ਗਿਆ ਹੈ ਅਤੇ ਇਸ ਨੁਕਸ ਨੂੰ ਦੂਰ ਕਰਨਾ ਚਾਹੀਦਾ ਹੈ। S.O. ਜਦੋਂ ਪਿੰਡ ਵਿਚ ਜਾਏਗਾ ਅਤੇ ਪਿੰਡ ਦੇ ਲੋਕੀਂ ਇਕਠੇ ਹੋਏ ਹੋਣਗੇ ਅਤੇ ਜੇਕਰ ਕਿਸੇ ਆਦਮੀ ਨੇ C.O. ਪਾਸ ਇਤਰਾਜ਼ ਨਹੀਂ ਵੀ ਕੀਤਾ ਜਾਂ scheme ਦੇ ਪਬਲਿਸ਼ ਹੋਣ ਤੋਂ ਬਾਦ ਮਿਆਦ ਵਿਚ ਇਤਰਾਜ਼ ਨਹੀਂ ਭੇਜਿਆ ਤਾਂ ਉਹ ਇਸ ਸਮੇਂ S.O. ਦੇ ਸਾਹਮਣੇ ਜ਼ਬਾਨੀ ਜਾਂ ਲਿਖਤੀ ਰੂਪ ਵਿਚ ਇਤਰਾਜ਼ ਕਰ ਸਕਦਾ ਹੈ ਅਤੇ ਇਸ ਤੋਂ ਬਾਦ ਫੈਸਲਾ ਇਸ ਗਲ ਦਾ ਕਰ ਸਕਦਾ ਹੈ ਕਿ ਸਕੀਮ ਨੂੰ ਤਬਦੀਲ ਕੀਤਾ ਜਾਵੇ ਜਾਂ ਨਾ ਮਨਜ਼ੂਰ ਕੀਤਾ ਜਾਵੇ। ਇਸ ਗੱਲ ਦਾ ਉਸ S.O. ਨੂੰ ਇਖਤਿਆਰ ਹੋਵੇਗਾ ਅਤੇ ਲੋਕਾਂ ਨੂੰ ਮੌਕਾ ਮਿਲੇਗਾ ਕਿ ਉਹ ਆਪਣੇ ਇਤਰਾਜ਼ ਮਿਆਦ ਦੇ ਲੰਘ ਜਾਣ ਤੋਂ ਬਾਦ ਵੀ ਕਰ ਸਕਣ ਅਤੇ ਆਪਣੇ ਪੱਖ ਨੂੰ ਪੇਸ਼ ਕਰ ਸਕਣ। ਇਸ ਲਈ ਇਹ

ਤਰਮੀਮੀ ਬਿਲ ਇਹ ਇਖਤਿਆਰ S.O. ਨੂੰ ਦੇਣ ਲਈ ਪੇਸ਼ ਕੀਤਾ ਗਿਆ ਹੈ ਅਤੇ ਮੈਨੂੰ ਆਸ ਹੈ ਕਿ ਇਸ ਚੰਗੀ ਗੱਲ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਏਗਾ।

Mr. Speaker : Motion moved—

That the East Punjab Holdings (Consolidation and Prevention of Fragmentation) Amendment Bill be taken into consideration at once.

ਬਾਬੂ ਬਚਨ ਸਿੰਘ (ਲੁਧਿਆਨਾ ਉੱਤਰ) : ਮਿਸਟਰ ਸਪੀਕਰ, ਇਹ ਜਿਹੜਾ ਬਿਲ ਲਿਆਂਦਾ ਜਾ ਰਿਹਾ ਹੈ ਇਸ ਦੀ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਕੋਈ ਲੋੜ ਨਹੀਂ ਸੀ। ਇਹ ਤਾਂ ਆਪਣੇ ਕੁਝ ਆਦਮੀਆਂ ਨੂੰ ਫਾਇਦਾ ਪਹੁੰਚਾਣ ਵਾਸਤੇ ਚੋਰ ਦਰਵਾਜ਼ੇ ਥਾਂਣੀ ਸਰਕਾਰ ਦਾਖਲ ਹੋ ਰਹੀ ਹੈ ਅਤੇ ਕੋਸ਼ਿਸ਼ ਕਰ ਰਹੀ ਹੈ, ਕਿ Parent Act ਵਿਚ ਦਫਾ 19 ਦੀ Sub-section (1) ਅਤੇ sub-section (2) ਵਿਚ clear ਤੌਰ ਤੇ ਦਿਤਾ ਗਿਆ ਹੈ ਕਿ ਜੇਕਰ ਕੋਈ ਸਕੀਮ publish ਹੋਈ ਹੋਵੇ ਤਾਂ ਉਸ section ਦੇ ਮਾਤਹਿਤ ਹਰ ਆਦਮੀ ਨੂੰ 30 ਦਿਨਾਂ ਦੇ ਅੰਦਰ ਅੰਦਰ ਨੂੰ ਇਸ ਗਲ ਦਾ ਹੱਕ ਪਹੁੰਚਦਾ ਹੈ ਕਿ ਉਸ ਦੇ ਬਾਰੇ ਵਿਚ ਜੇਕਰ ਕੋਈ ਇਤਰਾਜ਼ ਹੋਵੇ ਤਾਂ ਉਹ ਕਰੇ। ਐਕਟ ਦੀ ਦਫਾ 19 ਦੇ ਮਾਤਹਿਤ ਜੇਕਰ ਕੋਈ ਇਤਰਾਜ਼ ਨਹੀਂ ਕਰਦਾ ਤਾਂ ਇਸ ਦੇ ਨਾਲ ਸਬ-ਸੈਕਸ਼ਨ (2) ਹੈ। ਇਹ ਦੋਵੇਂ ਹੀ sections ਮੌਜੂਦ ਹਨ। ਪਰ ਇਸ ਤਰਮੀਮੀ ਬਿਲ ਰਾਹੀਂ ਇਹ ਅਖਿਤਿਆਰ ਮੰਗਿਆ ਜਾ ਰਿਹਾ ਹੈ ਕਿ ਅਗਰ ਐਸੇ ਤਰੀਕੇ ਨਾਲ ਜਾਂ ਬਾਕਾਇਦਾ ਤੌਰ ਤੇ ਕੋਈ ਆਦਮੀ ਉਸ ਮਿਆਦ ਦੇ ਅੰਦਰ ਕੋਈ ਇਤਰਾਜ਼ ਨਾ ਕਰੇ ਤਾਂ S. O. ਨੂੰ ਇਖਤਿਆਰ ਹੋਵੇਗਾ ਕਿ ਵਕਤ ਲੰਘ ਜਾਣ ਤੋਂ ਬਾਦ ਵੀ ਤਹਿਰੀਰੀ ਜਾਂ ਜ਼ਬਾਨੀ ਇਤਰਾਜ਼ ਕਰ ਸਕਦਾ ਹੈ।

[At this stage the Deputy Speaker occupied the Chair]

ਇਸ ਤਰ੍ਹਾਂ ਦਾ ਫਖਰ ਤਾਂ ਕੇਵਲ ਪੰਜਾਬ ਸਰਕਾਰ ਨੂੰ ਹੀ ਹੋ ਸਕਦਾ ਹੈ। ਸ਼ਾਇਦ ਹੀ ਹੋਰ ਕਿਸੇ ਸੂਬੇ ਵਿਚ ਇਸ ਤਰ੍ਹਾਂ ਦਾ ਕਾਨੂੰਨ ਪਾਸ ਕੀਤਾ ਜਾਵੇ ਕਿ ਜੇਕਰ ਮਿਆਦ ਜੋ ਪਹਿਲਾਂ ਹੀ ਨੀਅਤ ਕੀਤੀ ਗਈ ਹੈ, ਦੇ ਲੰਘ ਜਾਣ ਤੇ ਵੀ ਇਤਰਾਜ਼ ਦਿਤਾ ਜਾ ਸਕੇ। ਸਰਕਾਰ ਇਹ ਕਹਿੰਦੀ ਹੈ ਕਿ ਜਿਸ ਵੇਲੇ ਵੀ ਕਿਸੇ ਨੂੰ ਮੌਕਾ ਮਿਲੇ ਉਹ ਇਤਰਾਜ਼ ਕਰ ਸਕਦਾ ਹੈ ਮੈਂ ਸਮਝਦਾ ਹਾਂ ਕਿ ਇਹ rule of law ਹੈ ਕਿ ਇਸ ਤਰ੍ਹਾਂ ਕਦੇ ਵੀ ਨਹੀਂ ਹੋ ਸਕਦਾ ਅਤੇ ਮੈਂ ਹੈਰਾਨ ਹਾਂ ਕਿ ਇਕ ਅਜਿਹਾ ਵਜ਼ੀਰ ਜਿਹੜਾ ਕਿ ਸਾਰੀ ਉਮਰ ਵਕਾਲਤ ਕਰਦਾ ਰਿਹਾ ਹੋਵੇ ਇਸ ਤਰ੍ਹਾਂ ਦਾ amending Bill ਪੇਸ਼ ਕਰੇ। ਇਸ ਸਰਕਾਰ ਦਾ ਤਾਂ ਬਾਬਾ ਆਦਮ ਹੀ ਹੀ ਨਿਰਾਲਾ ਹੈ। ਇਹ ਪੁਰਾਣਾ ਦੋ ਸੌ ਤਿਨ ਸੌ ਸਾਲ ਪਹਿਲਾਂ ਜਦੋਂ ਬਾਦਸ਼ਾਹਾਂ ਦਾ ਰਾਜ ਹੁੰਦਾ ਸੀ ਤਾਂ ਇਸ ਤਰ੍ਹਾਂ ਦੇ ਤਰੀਕੇ ਸੁਣੇ ਜਾਂਦੇ ਸਨ ਕਿ ਪਹਿਲਾਂ ਇਕ ਹੁਕਮ ਦੇ ਦਿਤਾ ਤੇ ਫਿਰ ਕਿਸੇ ਵਜ਼ੀਰ ਦੇ ਜਾਂ ਮੁਸਾਹਿਬ ਨੇ ਕੰਨ ਵਿਚ ਫੂਕ ਮਾਰ ਦਿਤੀ ਕਿ ਇਹ ਤਾਂ ਗਲਤ ਹੈ, ਭਾਵੇਂ ਉਹ ਗਲਤ ਹੋਵੇ ਜਾਂ ਸਹੀ, ਤਾਂ ਬਾਦਸ਼ਾਹ ਸਲਾਮਤ ਨੇ ਨਵਾਂ ਹੁਕਮ ਸਾਦਰ ਕਰ ਦਿਤਾ ਕਿ —

हम हुक्म सादर करते हैं कि इस तरह से नहीं इस तरह होगा।

[ਬਾਬੂ ਬਚਨ ਸਿੰਘ]

ਇਸ ਦੇ ਵਿੱਚ ਐਸੀ ਗੱਲ ਦਾ ਵੀ ਖਿਆਲ ਰਖਿਆ ਗਿਆ ਹੈ ਕਿ Settlement Officer ਨੂੰ ਜੇ ਕੋਈ ਇਤਰਾਜ਼ ਕਹਿਣਾ ਹੋਵੇ ਤਾਂ ਤਹਿਰੀਰੀ ਦੇਣ ਦੀ ਲੋੜ ਨਹੀਂ ਇਹ ਗੱਲ ਜ਼ਬਾਨੀ ਵੀ ਕਹੀ ਜਾ ਸਕਦੀ ਹੈ। ਜੇ ਕੋਈ ਵੀ ਆਦਮੀ ਆਕੇ Settlement Officer ਨੂੰ ਕਹੇਗਾ ਤਾ ਉਹ ਲਿਖ ਦੇਵੇਗਾ ਕਿ ਮੈਨੂੰ ਫਲਾਣੇ ਆਦਮੀ ਨੇ ਆਕੇ ਇਤਰਾਜ਼ ਕੀਤਾ ਇਸ ਲਈ ਇਹ ਫੈਸਲਾ ਰੋਕ ਦਿੱਤਾ ਹੈ। ਏਸ ਕਿਸਮ ਦੇ ਜ਼ਬਾਨੀ ਇਤਰਾਜ਼ ਤੇ ਤਾਂ ਹਰ ਮਾਮਲੇ ਤੇ ਕੋਈ ਨਾ ਕੋਈ ਜਾ ਕੇ ਬਗੈਰ ਕਿਸੇ ਸਬੂਤ ਦੇ ਕਹਿਕੇ ਰੁਕਾਵਟ ਪਾ ਸਕਦਾ ਹੈ। ਮੈਂ ਅਰਜ਼ ਕਰਾਂ ਕਿ ਏਸ ਕਿਸਮ ਦੇ ਆਦਮੀਆਂ ਦੀ ਇਸ ਦੇਸ਼ ਦੇ ਵਿੱਚ ਕਮੀ ਨਹੀਂ, ਅਸੀਂ ਆਮ ਅਦਾਲਤਾਂ ਵਿੱਚ ਵੇਖਦੇ ਹਾਂ ਕਿ ਕਿਵੇਂ ਝੂਠੀਆਂ ਗਵਾਹੀਆਂ ਭੁਗਤਾਈਆਂ ਜਾ ਰਹੀਆਂ ਹਨ। ਅੱਜ ਜਿਥੇ Honorary Magistrates ਦੇ ਬਣਾਏ ਜਾਣ ਦਾ ਸਵਾਲ ਹੈ, ਜ਼ਿਲਾ ਸਭਾਵਾਂ ਹੋਣ, ਜਿਲਾ ਉਪ ਸਭਾਵਾਂ ਹੋਣ, ਜਿਥੇ ਬਗੈਰ ਪੜਤਾਲ ਦੇ ਨੰਬਰਦਾਰ ਬਣਾਏ ਜਾਂਦੇ ਹੋਣ, ਐਸੀ ਸਰਕਾਰ ਵਿੱਚ ਜੇ ਕੋਈ oral objection ਦੀ ਗੱਲ ਹੋਵੇ ਤਾਂ ਮੈਨੂੰ ਸਮਝ ਨਹੀਂ ਉਹ ਕਿਵੇਂ ਸਹੀ ਮੰਨ ਲਈ ਜਾ ਸਕਦੀ ਹੈ। ਇਸ ਕਿਸਮ ਦੀਆਂ ਝੂਠੀਆਂ ਸ਼ਹਾਦਤਾਂ ਦੇਣ ਵਾਲੇ ਸੈਂਕੜੇ ਆਦਮੀ ਮਿਲ ਸਕਦੇ ਹਨ। ਕੀ ਇਸ ਨਾਲ ਸਰਕਾਰ ਦਾ ਕੋਈ prestige ਵਧੇਗਾ ਆਇਆ ਇਸ ਤਰ੍ਹਾਂ ਲੋਕਾਂ ਵਿੱਚ ਕੋਈ confidence ਪੈਦਾ ਹੋ ਸਕਦਾ ਹੈ, ਬਿਲਕੁਲ ਨਹੀਂ। ਇਸ ਤਰ੍ਹਾਂ ਤਾ ਸਰਕਾਰ ਦਾ ਲੋਕਾਂ ਵਿੱਚ confidence ਘਟੇਗਾ ਵਧੇਗਾ ਨਹੀਂ। ਸਰਕਾਰ ਦੇ ਮੁਤਲਿਕ ਲੋਕਾਂ ਦਾ confidence ਤਾਂ ਪਹਿਲਾਂ ਹੀ ਕਮ ਹੈ। ਲੋਕ ਕਹਿੰਦੇ ਹਨ ਕਿ ਕੁਝ ਮਹਿਕਮਿਆਂ ਵਿੱਚ ਤਾਂ ਬਹੁਤ ਹੀ ਜ਼ਿਆਦਾ ਖਰਾਬੀਆਂ ਹੋਈਆਂ ਹਨ। Consolidation ਦੇ ਮਹਿਕਮੇ ਦੇ ਮੁਤੱਲਿਕ ਤਾਂ ਆਮ ਸ਼ਕਾਇਤ ਹੈ ਔਰ ਇਹ ਸ਼ਕਾਇਤ ਉਨ੍ਹਾਂ ਦੀ ਹੈ ਭੀ ਠੀਕ। Consolidation ਦੇ ਮਹਿਕਮੇ ਦਾ ਕੀਤਾ ਹੋਇਆ ਫੈਸਲਾ ਐਸਾ ਹੈ ਜਿਸ ਦੀ writ ਜਾਂ appeal ਕਿਸੇ High Court ਜਾਂ Court ਵਿਚ ਕੀਤੀ ਨਹੀਂ ਜਾ ਸਕਦੀ। ਇਸ ਮਹਿਕਮੇ ਦੇ ਅਫਸਰਾਂ ਨੂੰ ਹਦ ਤੋਂ ਜ਼ਿਆਦਾ ਇਖਤਿਆਰਾਤ ਹਨ। Settlement Officer, Assistant Settlement Officer ਵੱਲ ਵੇਖਦਾ ਹੈ ਅਤੇ Consolidation Officer, Assistant Consolidation Officer ਦੇ ਕਹਿਣ ਅਨੁਸਾਰ ਚਲਦਾ ਹੈ, ਸਾਰੇ ਇਕ ਦੂਜੇ ਦੇ ਇਸ਼ਾਰੇ ਤੇ ਕੰਮ ਕਰਦੇ ਹਨ, ਉਹ ਜਿਨ੍ਹਾਂ ਨੂੰ ਵੀ ਚਾਹੁਣ ਫਾਇਦਾ ਪਹੁੰਚਾਣ। ਜਿਸਦੀ ਰਿਆਇਤ ਹੋਵੇ ਉਹ ਕਰਨ। ਏਥੇ oral objection ਨਾਲ ਤਾਂ ਹੋਰ ਵੀ ਖੁਲ-ਖੇਡ ਹੋ ਜਾਣੀ ਹੈ। ਹਰ ਚੀਜ਼ ਦੀ ਮਿਆਦ ਤਾਂ ਹੁੰਦੀ ਹੀ ਹੈ। ਜਦੋਂ ਕੋਈ ਅਪੀਲ ਮਿਆਦ ਦੇ ਅੰਦਰ ਨਹੀਂ ਆਉਂਦੀ ਤਾਂ ਇਹ ਕਹਿ ਦਿੱਤਾ ਜਾਂਦਾ ਹੈ ਕਿ ਕਿਉਂ ਕਿ ਇਸ ਦੀ ਮਿਆਦ ਨਹੀਂ ਹੈ, ਇਸ ਬਾਰੇ, ਇਸ ਲਈ ਕੁਝ ਨਹੀਂ ਸੁਣਿਆ ਜਾ ਸਕਦਾ। ਇਸ ਦੀ ਕੋਈ ਤਹਿਕੀਕਾਤ ਨਹੀਂ ਹੋ ਸਕਦੀ। ਪਰ ਜਿਥੇ ਕਾਨੂੰਨ ਦੇ ਰਾਜ ਅੰਦਰ ਇਕ ਜ਼ਬਾਨੀ ਗੱਲ ਤੇ ਇਤਬਾਰ ਕਰਕੇ ਕਾਰਵਾਈ ਕੀਤੀ ਜਾਵੇ ਮੈਂ ਸਮਝਦਾ ਹਾਂ ਇਸ ਤੋਂ ਵੱਡੀ ਕਾਨੂੰਨ ਦੀ caricature ਹੋ ਨਹੀਂ ਸਕਦੀ। ਇਕ ਸੂਬੇ ਦੇ ਅੰਦਰ ਇਸ ਕਿਸਮ ਦੇ ਹਾਲਾਤ ਪੈਦਾ ਕੀਤੇ ਗਏ ਹਨ ਕਿ ਇਕ ਇਕ ਆਦਮੀ ਨੂੰ ਡਿਕਟੇਟਰਾਨਾ ਇਖਤਿਆਰਾਤ ਹਨ, ਪਰ ਖਿਆਲਾਤ ਇਹ ਜ਼ਾਹਰ ਕੀਤੇ ਜਾਂਦੇ ਹਨ ਕਿ ਏਥੇ ਜੋ ਕੰਮ ਹੋ ਰਿਹਾ ਹੈ ਉਹ Rules and Regulations ਦੇ ਮੁਤਾਬਿਕ ਹੀ ਹੋ ਰਿਹਾ ਹੈ। ਪਰ ਅਸਲੀਅਤ ਇਹ ਹੈ ਕਿ ਸਬ ਕਾਇਦੇ

ਕਾਨੂੰਨਾਂ ਨੂੰ ਭੰਨ ਕੇ ਬੇਕਾਇਦਗੀ ਦੇ ਕਾਨੂੰਨ ਬਣਾਏ ਜਾ ਰਹੇ ਹਨ । ਵਜ਼ੀਰ ਸਾਹਿਬ ਏਥੇ ਇਹ ਫਰਮਾਉਂਦੇ ਹਨ ਕਿ ਹੁਣ ਤੱਕ ਕੋਈ ਐਸੀ ਸ਼ਿਕਾਇਤ ਪੈਦਾ ਨਹੀਂ ਹੋਈ । ਕਾਨੂੰਨ ਪੁਰਾਣਾ ਚਲ ਰਿਹਾ ਹੈ ਅਤੇ ਉਸ ਦੇ ਮੁਤਾਬਿਕ ਹੀ ਸਾਰਾ ਕੰਮ ਚਲ ਰਿਹਾ ਹੈ ਤਕਰੀਬਨ $\frac{3}{4}$ ਹਿਸਾ consolidation ਦਾ ਮੁਕ ਗਿਆ ਹੈ ਅਤੇ $\frac{1}{4}$ ਦੇ ਕਰੀਬ ਰਹਿ ਗਿਆ ਹੈ । ਮੈਂ ਸਮਝਦਾ ਹਾਂ ਮਨਿਸਟਰ ਸਾਹਿਬ ਨੂੰ ਇਸ ਦੇ ਬਾਰੇ ਕੋਈ ਸ਼ਿਕਾਇਤ ਨਹੀਂ ।

ਮਾਲ ਮੰਤ੍ਰੀ : ਤੁਸੀਂ ਗੱਲ ਸਮਝੇ ਨਹੀਂ ਮੈਂ ਤਾਂ ਇਹ ਕਿਹਾ ਸੀ ਕਿ ਸ਼ਕਾਇਤਾਂ ਆਉਂਦੀਆਂ ਰਹੀਆਂ ਹਨ ਅਤੇ ਅਸੀਂ ਨਾਲ ਦੀ ਨਾਲ ਤਰਮੀਮਾਂ ਵੀ ਕਰਦੇ ਰਹੇ ਹਾਂ ।

ਬਾਬੂ ਬਚਨ ਸਿੰਘ : ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਸ਼ਿਕਾਇਤਾਂ ਆਉਂਦੀਆਂ ਰਹੀਆਂ ਹਨ ਅਤੇ ਤਰਮੀਮਾਂ ਕਰਦੇ ਰਹੇ ਪਰ ਮੈਂ ਇਹ ਗੱਲ ਸਮਝਣੀ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਤਰਮੀਮਾਂ ਕਰਦੇ ਰਹੇ ਇਹ ਕਿਸੇ ਕਾਇਦੇ ਕਾਨੂੰਨ ਦੇ ਮੁਤਾਬਿਕ ਕਰਦੇ ਰਹੇ ਜਾਂ ਬੇਕਾਇਦਗੀ ਨਾਲ ਹੀ ਕੰਮ ਹੁੰਦੇ ਰਹੇ । ਇਹ ਵਜ਼ੀਰ ਸਾਹਿਬ ਹੁਣ ਆਏ ਹਨ ਸ਼ਾਇਦ ਇਨ੍ਹਾਂ ਨੂੰ ਪੂਰੀ ਤਰ੍ਹਾਂ ਪਤਾ ਨਾ ਹੋਵੇ ਪਰ ਮੈਂ ਅਰਜ਼ ਕਰਾ ਦਿਆਂ ਕਿ ਇਹ ਗੱਲ ਪੱਕੀ ਹੈ ਕਿ ਇਹ ਹਮੇਸ਼ਾ ਤੋਂ ਬੇਕਾਨੂੰਨੀ ਹੀ ਕਰਦੇ ਰਹੇ ਹਨ । ਉਹ ਹਮੇਸ਼ਾ ਆਪਣੀ ਮਨ ਮਰਜ਼ੀ ਕਰਦੇ ਰਹੇ ਹਨ । ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਾਨੂੰਨ ਵਿੱਚ ਕੋਈ provision ਨਹੀਂ ਹੋਈ ਅਤੇ ਨਾ ਹੀ ਕੋਈ ਤਬਦੀਲੀ ਆਈ ਹੈ । ਪਰ ਹੁਣ oral objection ਤੇ ਹੀ ਸਾਰਾ ਕੁਝ ਹੋ ਜਾਣਾ ਹੈ । ਜੇਕਰ ਕੋਈ ਆਦਮੀ oral objection ਕਰ ਦੇਵੇ ਤਾਂ ਜੋ ਮਰਜ਼ੀ ਕੀਤਾ ਜਾ ਸਕਦਾ ਹੈ । ਇਹ ਇਕ ਐਸੀ provision ਹੈ ਜਿਸ ਦੇ ਨਾਲ ਉਨ੍ਹਾਂ ਨੂੰ ਇਹ ਹਿਦਾਇਤ ਮਿਲ ਜਾਵੇਗੀ ਕਿ ਜਿੱਥੇ ਚਾਹੁਣ ਉਹ ਅੰਨ੍ਹੀ ਮਚਾ ਸਕਦੇ ਹਨ । ਇਹ ਹਰ ਕਿਸੇ ਦੇ ਮਾਮਲੇ ਵਿੱਚ ਦਖਲ ਦੇ ਸਕਦੇ ਹਨ । ਦਿਲ ਆਵੇ ਕਿਸੇ ਦਾ ਕੰਮ ਕਰਨ ਅਤੇ ਦਿਲ ਆਵੇ ਤਾਂ ਕਿਸੇ ਦਾ ਕੰਮ ਨਾ ਕਰਨ ਇਸਦੀ ਅਦਾਲਤ ਵਿੱਚ ਕੋਈ ਚਾਰਾ ਜੋਈ ਨਹੀਂ । ਅੱਜ ਅਸੀਂ ਇਸ ਕਿਸਮ ਦਾ ਕਾਨੂੰਨ ਬਣਾਕੇ ਆਪਣੇ ਆਪ ਗੈਰ ਕਾਨੂੰਨੀ ਦੀ ਇਜਾਜ਼ਤ ਦੇ ਰਹੇ ਹਾਂ । ਚਾਹੀਦਾ ਤਾਂ ਇਹ ਸੀ ਕਿ ਕੋਈ ਇਹੋ ਜਿਹਾ ਬਿਲ ਇਥੇ ਲਿਆਂਦਾ ਜਾਂਦਾ ਜਿਸ ਨਾਲ ਇਸ ਮਹਿਕਮੇ ਦੀਆਂ ਖਰਾਬੀਆਂ ਦੂਰ ਹੁੰਦੀਆਂ ਪਰ ਇਹ ਇਕ ਐਸੀ ਚੀਜ਼ ਬਣਾਉਂਦੇ ਜਾ ਰਹੇ ਹਨ ਕਿ consolidation ਦੇ ਮਹਿਕਮੇ ਵਾਲੇ ਇਸ ਕਾਨੂੰਨ ਦੀ ਆੜ ਲੈਕੇ ਆਪਣੇ ਕਿਸੇ ਸਰ ਬਰਾਹ ਨੂੰ, ਆਪਣੇ ਕਿਸੇ ਰਿਸ਼ਤੇਦਾਰ ਨੂੰ ਜਾਂ ਆਪਣੇ ਕਿਸੇ ਤੁਆਲੁਕਦਾਰ ਨੂੰ ਜਿਸ ਨੂੰ ਵੀ ਉਹ ਫਾਇਦਾ ਪਹੁੰਚਾਵਣਾ ਚਾਹੁਣ ਉਹ ਪਹੁੰਚਾ ਸਕਦੇ ਹਨ । ਏਸ ਸੂਬੇ ਦੀ ਤਾਂ, ਜਨਾਬ, ਪਹਿਲਾਂ ਹੀ ਇਹ ਹਾਲਤ ਹੈ ਕਿ ਜਿਥੇ ਵੀ ਕਿਸੇ ਨੂੰ ਚਾਹੁਣ ਇਹ ਬਿਨਾ ਰੋਕ ਟੋਕ ਫਾਇਦਾ ਪਹੁੰਚਾਉਂਦੇ ਹਨ । ਜਿਨ੍ਹਾਂ ਨੂੰ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ out of the way ਜਾ ਕੇ ਵੀ ਰਿਆਤਾਂ ਮਿਲਦੀਆਂ ਹਨ । ਤੁਸੀਂ ਵੇਖੋਗੇ ਕਿ consolidation ਦੇ ਸਿਲਸਲੇ ਵਿੱਚ ਐਨੀਆਂ ਅਪੀਲਾਂ ਹੋਈਆਂ ਹਨ ਜਿਸ ਦਾ ਕਿ ਹਿਸਾਬ ਨਹੀਂ, ਅਗਰ ਇਹ oral objection ਦੀ ਤਰਮੀਮ ਮੰਨ ਲਈ ਗਈ ਤਾਂ ਫੇਰ ਇਸ ਦਾ ਮਤਲਬ ਇਹ ਹੈ ਕਿ ਫੇਰ ਤਾਂ ਕੋਈ ਕਾਇਦੇ ਕਾਨੂੰਨ ਦੀ ਲੋੜ ਹੀ ਕੋਈ ਨਹੀਂ । ਫੇਰ 30 ਦਿਨ ਦੇ ਅੰਦਰ ਕਿਸੇ ਨੂੰ ਅਪੀਲ ਕਰਨ ਦੀ ਕੀ ਜ਼ਰੂਰਤ ਰਹਿ ਜਾਵੇਗੀ । ਫੇਰ ਕੋਈ ਆਦਮੀ ਕਾਇਦੇ ਦੇ ਮੁਤਾਬਕ ਚਲਣ ਦੀ ਲੋੜ ਕੀ ਸਮਝੇਗਾ । ਜਿਹੜੇ ਕਾਇਦੇ ਦੇ ਮੁਤਾਬਕ ਚਲਣਗੇ, ਉਹ ਤਾਂ ਫੇਰ ਨੁਕਸਾਨ ਉਠਾਉਣਗੇ

[ਬਾਬੂ ਬਚਨ ਸਿੰਘ]

ਅਤੇ ਬੇਕਾਇਦਗੀ ਕਰਨ ਵਾਲਿਆਂ ਨੂੰ reward ਮਿਲੇਗਾ। ਅਗਰ ਇਸ stage ਤੇ ਤੁਸੀਂ ਇਹ ਕੰਮ ਕਰੋਗੇ ਤਾਂ ਇਸ ਦਾ result ਵੀ ਦੇਖੋ ਕੀ ਹੋਵੇਗਾ। ਵਜ਼ੀਰ ਸਾਹਿਬ ਖੁਦ ਜਾਣਦੇ ਹਨ ਔਰ ਅਦਾਲਤਾਂ ਵਿਚ cases ਭੁਗਤਾਉਂਦੇ ਹਨ ਅਤੇ ਕਹਿੰਦੇ ਰਹੇ ਹਨ ਕਿ ਜਨਾਬ ਇਹ case time barred ਹੈ, ਇਹ ਵਕਤ ਲੰਘ ਗਿਆ ਹੈ ਇਸ ਲਈ ਇਹ ਦੀ ਕੋਈ ਸੁਨਵਾਈ ਨਹੀਂ ਹੋਣੀ ਚਾਹੀਦੀ। ਜੇ ਕੋਈ ਕੰਮ ਵਕਤ ਸਿਰ ਨਹੀਂ ਕਰਦਾ ਤਾਂ ਉਸ ਨੂੰ ਉਸ ਦਾ ਹੱਕ ਵੀ ਨਹੀਂ ਮਿਲਦਾ। ਅੱਜ ਅਸੀਂ ਇਸ ਤਰ੍ਹਾਂ ਦਾ ਕੰਮ ਬਣਾਉਣ ਲੱਗੇ ਹਾਂ ਅਤੇ ਲੋਕਾਂ ਨੂੰ ਇਜਾਜ਼ਤ ਦੇਣ ਲੱਗੇ ਹਾਂ ਉਹ ਹੁਣ ਸਰਕਾਰੀ ਬੈਂਚਾਂ ਵਾਲੇ ਵੇਖਣ ਕਿ ਉਨ੍ਹਾਂ ਦਾ ਫਰਜ਼ ਕੀ ਕਹਿੰਦਾ ਹੈ। ਐਸੇ ਕਾਨੂੰਨ ਬਨਾਉਣ ਦਾ Consolidation ਦੇ ਮਹਿਕਮੇ ਤੇ ਕੀ ਅਸਰ ਪਏਗਾ। ਸਵਾਏ ਇਸ ਗੱਲ ਦੇ ਕਿ ਚੰਦ ਆਦਮੀਆਂ ਨੂੰ ਰਿਆਇਤ ਦਿੱਤੀ ਜਾਵੇ ਜਿਹੜੇ ਕਿ ਉਨ੍ਹਾਂ ਦੇ ਮਨਜ਼ੂਰੇ ਨਜ਼ਰ ਹਨ ਹੋਰ ਕੋਈ ਅਸਰ ਨਹੀਂ ਪੈਣਾ। ਜਿਹੜੀਆਂ ਇਹ schemes ਬਣਾਉਂਦੇ ਹਨ ਜਨਤਾ ਨੂੰ ਪਤਾ ਹੈ ਕਿ ਇਹ ਕਿ ਕੁਝ ਕਰ ਰਹੇ ਹਨ। Model schemes ਬਣਾਈਆਂ ਜਾਂਦੀਆਂ ਹਨ ਕਿਸੇ model ਦੇ ਮੁਤਾਬਿਕ 1952 ਤੋਂ ਲੈ ਕੇ ਇਹ model schemes ਤਿਆਰ ਕਰਦੇ ਆ ਰਹੇ ਹਨ ਪਰ ਅੱਜ 1962 ਆ ਗਿਆ ਹੈ, ਪੂਰੇ 10 ਸਾਲ ਹੋ ਗਏ ਹਨ। 10 ਸਾਲ ਦੇ ਅਰਸੇ ਵਿੱਚ Consolidation ਦੇ ਮਹਿਕਮੇ ਨੇ ਕੋਈ development ਨਹੀਂ ਕੀਤੀ, ਏਥੇ ਕੋਈ ਐਸੇ Model bye-laws ਨਹੀਂ ਬਣੇ ਹੋਏ ਜਿਨ੍ਹਾਂ ਨੂੰ ਕਿ fool-proof by-laws ਕਿਹਾ ਜਾ ਸਕੇ। ਇਹ ਇਹੋ ਜਿਹੀਆਂ schemes ਜਦੋਂ ਕਿ ਲੋਕਾਂ ਦੇ ਸਾਹਮਣੇ ਰਖਦੇ ਹੋਣ ਜਿਨ੍ਹਾਂ ਨੂੰ ਕਿ model schemes ਕਿਹਾ ਜਾਂਦਾ ਹੈ ਅਤੇ ਲੋਕ ਇਨ੍ਹਾਂ ਨੂੰ ਕਬੂਲ ਕਰਦੇ ਹੋਣ ਫਿਰ ਐਸੀ ਸੂਰਤ ਵਿਚ ਬੇਕਾਇਦਗੀ ਦੇ ਕਾਨੂੰਨ ਬਣਾਉਂਣੇ ਕਿਥੋਂ ਦੀ ਅਕਲਮੰਦੀ ਹੈ। ਅਦਾਲਤਾਂ time-barred cases ਦਾ definitely ਖਿਆਲ ਰਖਦੀਆਂ ਹਨ। ਜਦੋਂ ਕੋਈ ਦਰਖਾਸਤ ਦਿੰਦਾ ਹੈ ਜੇਕਰ ਉਹ ਮਿਆਦ ਤੋਂ ਬਾਹਰ ਦਿੱਤੀ ਜਾਂਦੀ ਹੈ ਤਾਂ ਅਦਾਲਤ ਉਸ ਤੇ ਬਿਲਕੁਲ ਗੌਰ ਨਹੀਂ ਕਰਦੀ। ਪਰ ਹੁਣ ਤਾਂ ਸਾਰੀ ਗੱਲ oral objection ਤੇ ਤੇ ਹੀ ਮੁਕ ਜਾਣੀ ਹੈ। ਤੁਸੀਂ ਸਬ ਜਾਣੋਂ ਜਿਹੜਾ ਹੁਣ ਤੱਕ consolidation ਤੇ ਖਰਚ ਹੋਇਆ ਹੈ, ਉਹ ਜਨਤਾ ਦਾ ਲੱਗਿਆ ਸਾਰਾ ਰੁਪਿਆ waste ਜਾਵੇਗਾ। ਜੇਕਰ ਸਚੀ ਮੁਚੀ ਇਸ ਕਿਸਮ ਦੀ ਤੁਸੀਂ legislation ਲਿਆਕੇ ਪਾਸ ਕਰਾਉਣਾ ਚਾਹੁੰਦੇ ਹੋ ਤਾਂ ਇਸ ਦੇ ਨਾਲ ਸਾਰੇ ਸੂਬੇ ਦੀ ਬਦਨਾਮੀ ਹੋਵੇਗੀ ਅਤੇ ਇਸ ਹਾਊਸ ਦੀ ਬਦਨਾਮੀ ਹੋਵੇਗੀ।

10 a.m.

ਸਾਡੀ ਸਰਕਾਰ ਨੂੰ ਐਸੀ legislation ਲਿਆਉਣੀ ਚਾਹੀਦੀ ਹੈ ਜਿਸ ਦੇ ਨਾਲ ਪਬਲਿਕ ਵਲੋਂ ਸਾਡੀ, ਇਸ ਹਾਊਸ ਦੇ ਮੈਂਬਰਾਂ ਦੀ ਬਦਨਾਮੀ ਨਾ ਹੋਵੇ ਕਿ ਇਸ ਅਸੈਂਬਲੀ ਦੇ ਵਿਚ Time barred ਚੀਜ਼ਾਂ ਪਾਸ ਕੀਤੀਆਂ ਜਾਂਦੀਆਂ ਹਨ। ਏਥੇ ਤਾਂ ਇਹ ਗੱਲ ਹੈ ਕਿ ਜਦੋਂ ਇਨ੍ਹਾਂ ਦੇ ਕੰਨ ਵਿਚ ਕਿਸੇ ਨੇ ਫੂਕ ਮਾਰ ਦਿੱਤੀ ਉਸੇ ਤਰ੍ਹਾਂ ਦਾ ਹੀ ਇਹ ਕਾਨੂੰਨ ਲੈ ਆਉਂਦੇ ਹਨ। ਏਥੇ ਤਾਂ ਉਹ ਗਲ ਹੈ—

ਹਮੀਂ ਮਕਤਬ ਹਮੀਂ ਮੁੱਲਾਂ ਕਾਰੇ ਤਿਫਲਾਂ ਤਮਾਮ ਸ਼ੁਦ

ਜੇ ਏਸੇ ਅਸੂਲ ਤੇ ਹੀ ਤੁਸੀਂ ਚਲਣਾ ਹੈ ਤਾਂ ਫੇਰ ਕਾਨੂੰਨ ਤਾਂ ਖਤਮ ਹੋ ਗਿਆ। ਜੇ ਤੁਸੀਂ ਬਗੈਰ ਕਾਇਦੇ ਕਾਨੂੰਨ ਦੇ ਕਾਨੂੰਨ ਬਣਾਈਂ ਜਾਣੇ ਹਨ ਤਾਂ ਸਾਨੂੰ ਨੇਕ ਨਾਮੀ ਨਹੀਂ ਮਿਲ ਸਕਦੀ। Legislation ਐਸੀ ਹੋਣੀ ਚਾਹੀਦੀ ਹੈ ਜਿਸ ਦੇ ਨਾਲ ਇਸ ਹਾਊਸ ਦਾ ਅਤੇ ਇਸ ਦੇ ਮੈਂਬਰਾਂ ਦਾ ਸਿਰ ਉਚਾ ਹੋਵੇ। ਇਸ ਤਰ੍ਹਾਂ ਦਾ ਕਾਨੂੰਨ ਨਹੀਂ ਬਣਾਉਣਾ

ਚਾਹੀਦਾ ਜਿਸ ਦਾ ਲੋਕ ਮਖੌਲ ਉਡਾਉਣ । ਬਸ ਮੈਂ ਇਤਨਾ ਕਹਿ ਕੇ ਬੈਠਦਾ ਹਾਂ ।

ਸਰਦਾਰ ਕਰਤਾਰ ਸਿੰਘ ਦਿਲੋਂ (ਬਿਆਸ): ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੀ ਵਸਾਤਤ ਨਾਲ ਜਿਹੜਾ ਇਹ Amending Bill ਪੇਸ਼ ਹੋਇਆ ਹੈ ਇਸ ਦੀ ਵਿਰੋਧਤਾ ਕਰਦਾ ਹਾਂ । ਇਸ਼ਤੇਮਾਲ ਅਰਾਜ਼ੀ ਦੇ ਵਿਚ ਜਿਹੜੀਆਂ ਧਾਂਦਲੀਆਂ ਹੋ ਰਹੀਆਂ ਹਨ ਉਨ੍ਹਾਂ ਦੇ ਬਾਰੇ ਵਜ਼ੀਰ ਸਾਹਿਬ ਦੀ ਸੇਵਾ ਵਿਚ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬਾ, ਇਸ਼ਤੇਮਾਲ ਅਰਾਜ਼ੀ ਦੇ ਕਾਨੂੰਨ ਦੇ ਤਹਿਤ ਜਦੋਂ ਮੁਰੱਬੇਬੰਦੀ ਦਾ ਕੰਮ ਸ਼ੁਰੂ ਹੁੰਦਾ ਹੈ ਤਾਂ ਉਸ ਵੇਲੇ ਪਿੰਡਾਂ ਦੇ ਲੋਕ ਆਪਣੀ ਸਾਰੀ ਜ਼ਮੀਨ ਸਰਕਾਰ ਦੇ ਹਵਾਲੇ ਕਰ ਦਿੰਦੇ ਹਨ ਔਰ ਉਹ ਏਸ ਆਸ ਤੇ ਰਹਿੰਦੇ ਹਨ ਕਿ ਸਾਨੂੰ ਸਰਕਾਰ ਦੇ ਕੋਲੋਂ ਇਨਸਾਫ ਮਿਲੇਗਾ । ਉਸ ਦੇ ਬਾਅਦ ਇਤਫਾਕ ਰਾਏ ਦੇ ਨਾਲ ਸਕੀਮਾਂ ਮਨਜ਼ੂਰ ਹੋ ਜਾਂਦੀਆਂ ਹਨ । ਲੇਕਿਨ ਜਦੋਂ ਮੁਰੱਬੇ ਬੰਦੀ ਹੁੰਦੀ ਹੈ ਤਾਂ ਉਸ ਦੇ ਵਿਚ ਵਜ਼ੀਰ ਦਖਲ ਦੇ ਕੇ ਬੇਇਨ-ਸਾਫੀਆਂ ਦਾ ਕਾਰਨ ਬਣਦੇ ਹਨ । ਮੈਂ ਏਸ ਸੰਬੰਧ ਵਿਚ ਇਕ ਮਿਸਾਲ ਦੇਣੀ ਚਾਹੁੰਦਾ ਹਾਂ । ਮੇਰੇ ਹਲਕੇ ਵਿਚ ਇਕ ਪਿੰਡ ਲਿਦੜ ਹੈ । ਉਸ ਦੀ ਸਕੀਮ ਸੰਨ 1959 ਦੇ ਵਿਚ ਮਨਜ਼ੂਰ ਹੋਈ ਸੀ, ਫੇਰ ਤਕਸੀਮ ਮੁਕੰਮਲ ਹੋਈ । C. O. ਸਾਹਿਬ ਨੇ ਅਪੀਲਾਂ ਵੀ ਸੁਣ ਲਈਆਂ ਸੀ, ਏਸੇ ਤਰ੍ਹਾਂ S. O. ਨੇ ਵੀ ਅਪੀਲਾਂ ਸੁਣ ਲਈਆਂ । ਸ਼ਕਾਇਤ ਕੁਨਿੰਦਾ ਨੇ ਨਾ C. O. ਕੋਲ ਅਤੇ ਨਾ ਹੀ S. O. ਦੇ ਕੋਲ ਅਪੀਲ ਕੀਤੀ । ਲੇਕਿਨ ਸਨ 1961 ਦੇ ਦੇ ਵਿਚ ਮੇਰੇ ਹਲਕੇ ਦੇ ਵਿਚ ਇਕ ਵਜ਼ੀਰ ਸਾਹਿਬ ਗਏ । ਉਥੇ ਉਨ੍ਹਾਂ ਦੇ ਕਨ ਵਿਚ ਇਕ ਕਾਂਗਰਸੀ ਨੇ ਫੂਕ ਮਾਰੀ ਕਿ ਸਾਡੇ ਆਦਮੀਆਂ ਦੀ ਤਸੱਲੀ ਨਹੀਂ ਹੋਈ । ਵਜ਼ੀਰ ਸਾਹਿਬ ਨੇ ਅੱਗਾ ਨਹੀਂ ਵੇਖਿਆ ਪਿੱਛਾ ਨਹੀਂ ਵੇਖਿਆ ਉਸੇ ਵੇਲੇ Director ਸਾਹਿਬ ਦੇ ਨਾਲ ਗੱਲ ਬਾਤ ਕਰਕੇ ਕਹਿ ਦਿੱਤਾ ਕਿ ਏਸ ਕੰਮ ਨੂੰ ਕਰ ਦੇਵੇ । ਡਿਪਟੀ ਸਪੀਕਰ ਸਾਹਿਬ, Director ਸਾਹਿਬ ਨੇ ਆਪਣੇ ਹੁਕਮ ਦੇ ਵਿਚ ਇਹ note ਲਿਖਿਆ ਹੈ ਕਿ ਵਜ਼ੀਰ ਸਾਹਿਬ ਦੀ ਖਾਹਿਸ਼ ਦੇ ਮੁਤਾਬਿਕ ਏਸ ਹਿਸੇਦਾਰ ਦੇ ਜਿਹੜੇ ਦੋ ਕੁੱਰੇ ਬਣ ਚੁਕੇ ਹਨ ਉਨ੍ਹਾਂ ਦਾ ਇਕ ਕੁੱਰਾ ਬਣਾਉਣ ਦਾ ਜਤਨ ਕੀਤਾ ਜਾਵੇ । ਏਸ ਸ਼ਖਸ ਨੇ ਨਾ C. O. ਕੋਲ ਅਤੇ ਨਾ ਹੀ S. O. ਦੇ ਕੋਲ ਅਜ ਤਕ ਕੋਈ ਅਪੀਲ ਕੀਤੀ ਸੀ, ਪਿੰਡ ਮੁਕੰਮਲ ਹੋ ਚੁਕਾ ਹੈ, ਤਕਸੀਮ ਮੁਕੰਮਲ ਹੋ ਚੁਕੀ ਹੈ । ਹੁਣ ਦੋ ਸਾਲ ਬਾਅਦ ਜਦੋਂ ਉਨ੍ਹਾਂ ਦੇ ਹਵਾਰੀ ਨੂੰ ਤੱਸਲੀ ਨਹੀਂ ਹੋਈ ਤਾਂ ਵਜ਼ੀਰ ਸਾਹਿਬ ਦੇ ਕੋਲੋਂ ਦਖਲ ਦਵਾ ਕੇ ਉਨ੍ਹਾਂ ਦੇ ਕੋਲੋਂ ਨਾਜਾਇਜ ਜ਼ੋਰ ਪਵਾ ਕੇ ਸਾਰੇ ਪਿੰਡ ਨੂੰ ਤੋੜਨ ਦਾ ਜਤਨ ਕੀਤਾ ਜਾ ਰਿਹਾ ਹੈ । ਸਿਰਫ ਇਕ ਜਾਂ ਦੋ ਆਦਮੀਆਂ ਦੀ ਤਸੱਲੀ ਵਾਸਤੇ ਸਾਰੇ ਪਿੰਡ ਦੇ ਲੋਕਾਂ ਦਾ ਬੇੜਾ ਗਰਕ ਕੀਤਾ ਜਾ ਰਿਹਾ ਹੈ । ਮੈਂ ਵਜ਼ੀਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਏਸ ਗੱਲ ਦੀ ਬਾਕਾਇਦਾ enquiry ਹੋਣੀ ਚਾਹੀਦੀ ਹੈ । ਅਜ ਉਸ ਪਿੰਡ ਦੇ ਲੋਕ ਹਾਈਕੋਰਟ ਵਿਚ ਭੱਜੇ ਫਿਰਦੇ ਹਨ ਤਾਕਿ ਇਨਸਾਫ ਮਿਲ ਸਕੇ । ਸਰਦਾਰ ਅਜਮੇਰ ਸਿੰਘ ਹੋਰਾਂ ਦੇ ਮੁਤੱਅਲਿਕ ਮੇਰੇ ਦਿਲ ਦੇ ਵਿਚ ਬਹੁਤ ਇੱਜ਼ਤ ਹੈ । ਮੈਂ ਉਨ੍ਹਾਂ ਆਦਮੀਆਂ ਦੇ ਨਾਮ ਵੀ ਦਸਦਾ ਹਾਂ ਜਿਨ੍ਹਾਂ ਦੇ ਕਾਰਨ ਇਹ ਸਾਰੀ ਖਰਾਬੀ ਕੀਤੀ ਜਾ ਰਹੀ ਹੈ । ਇਕ ਦਾ ਨਾਮ ਕੁਲਦੀਪ ਸਿੰਘ ਲਿੱਦੜ ਹੈ ਔਰ ਦੂਸਰੇ ਦਾ ਨਾਮ ਗੁਰਦਿੱਤ ਸਿੰਘ ਲਿੱਦੜ ਹੈ । ਇਹ ਦੋ ਸਾਲ ਦੇ ਬਾਅਦ ਹੁਣ ਵਜ਼ੀਰ ਸਾਹਿਬ ਕੋਲੋਂ ਜ਼ੋਰ ਪਵਾ ਕੇ ਸਾਰੇ ਪਿੰਡ ਦੀ ਸਕੀਮ ਨੂੰ ਤੜਵਾਉਣ ਦਾ ਜਤਨ ਕਰ ਰਹੇ ਹਨ । ਡਿਪਟੀ ਸਪੀਕਰ ਸਾਹਿਬਾ, ਇਹ

[ਸਰਦਾਰ ਕਰਤਾਰ ਸਿੰਘ ਢਿਲੋਂ]

ਜਿਹੜੀ ਤਰਮੀਮ ਲਿਆਂਦੀ ਜਾ ਰਹੀ ਹੈ ਮੈਂ ਇਸ ਦੀ ਸਖਤ ਵਿਰੋਧਤਾ ਕਰਦਾ ਹਾਂ। ਇਸ ਤੋਂ ਇਲਾਵਾ ਇਸ ਮਹਿਕਮੇ ਦੇ ਵਿਚ ਜਿਸ ਤਰ੍ਹਾਂ ਦਾ ਕੰਮ ਹੁੰਦਾ ਹੈ ਉਸ ਦੇ ਬਾਰੇ ਮੈਂ ਥੋੜੀ ਜਿਹੀ ਹੋਰ ਅਰਜ਼ ਕਰਨੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਮੁਰਬੇਬੰਦੀ ਕਰਨ ਵੇਲੇ ਕਿਸਾਨ ਦੀ ਸਾਰੀ ਜ਼ਮੀਨ ਲੈ ਲਈ ਜਾਂਦੀ ਹੈ ਲੇਕਿਨ ਜਦੋਂ ਕੁੱਰੇ ਬਣਨੇ ਹੁੰਦੇ ਹਨ ਤਾਂ ਉਹ ਅਫਸਰਾਂ ਦੀ ਮਰਜ਼ੀ ਨਾਲ ਨਹੀਂ ਬਣਦੇ ਬਲਕਿ ਅਸੀਂ ਦੇਖਿਆ ਹੈ ਕਿ C. O. ਦੇ ਕੋਲ ਕੁਝ ਕਾਂਗਰਸੀ ਜਾ ਕੇ ਬੈਠ ਜਾਂਦੇ ਹਨ ਅਤੇ ਕਾਗਜ਼ ਸਾਹਮਣੇ ਰਖਵਾ ਕੇ ਉਸ ਨੂੰ direct ਕਰਦੇ ਹਨ ਕਿ ਫਲਾਣੇ ਆਦਮੀ ਨੂੰ ਫਲਾਣਾ ਕੁੱਰਾ ਦਿੱਤਾ ਜਾਵੇ ਅਤੇ ਫਲਾਣੇ ਆਦਮੀ ਨੂੰ ਫਲਾਣਾ ਕੁੱਰਾ ਦਿੱਤਾ ਜਾਵੇ। ਏਸੇ ਤਰ੍ਹਾਂ S. O. ਸਾਹਿਬ ਦੇ ਕੋਲ ਜਾ ਕੇ ਵੀ ਕੰਮ ਦੇ ਵਿਚ ਨਾਜਾਇਜ਼ ਦਖਲ ਦਿੱਤਾ ਜਾਂਦਾ ਹੈ। ਜੇ ਕੋਈ ਅਫਸਰ ਉਨ੍ਹਾਂ ਦੀ ਗੱਲ ਮੰਨਣ ਤੋਂ ਇਨਕਾਰ ਕਰ ਦੇਵੇ ਤਾਂ ਉਸ ਦੇ ਖਿਲਾਫ ਝੂਠੀਆਂ ਸ਼ਿਕਾਇਤਾਂ ਕੀਤੀਆਂ ਜਾਦੀਆਂ ਹਨ। ਇਸ ਚੀਜ਼ ਦੇ ਨਾਲ ਆਮ ਕਿਸਾਨਾਂ ਨੂੰ ਬਹੁਤ ਨੁਕਸਾਨ ਪਹੁੰਚ ਰਿਹਾ ਹੈ। ਕਿਸਾਨ ਲੋਕ ਇਸ ਗੱਲ ਤੋਂ ਸਖਤ ਨਾਲਾਂ ਹਨ। ਇਸ ਕਰਕੇ ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਸ ਕਿਸਮ ਦੇ ਕੰਮਾਂ ਦੇ ਵਿਚ ਸਰਕਾਰ ਦੀ ਪਾਰਟੀ ਦੇ ਬੰਦਿਆਂ ਦਾ ਜਾਂ ਵਜ਼ੀਰਾਂ ਦਾ ਘਟ ਤੋਂ ਘਟ ਦਖਲ ਹੋਣਾ ਚਾਹੀਦਾ ਹੈ। ਮੈਨੂੰ ਆਸ ਹੈ ਕਿ ਵਜ਼ੀਰ ਸਾਹਿਬ ਜ਼ਰੂਰ ਇਸ ਪਾਸੇ ਵਲ ਧਿਆਨ ਦੇਣ ਦੀ ਕੋਸ਼ਿਸ਼ ਕਰਨਗੇ। ਏਸ ਵੇਲੇ, ਡਿਪਟੀ ਸਪੀਕਰ ਸਾਹਿਬਾ, ਪਿੰਡਾਂ ਦੇ ਵਿਚ ਤਕਰੀਬਨ ਮੁਰਬੇ ਬੰਦੀ ਦਾ ਕੰਮ ਖਤਮ ਹੋ ਚੁਕਾ ਹੈ। ਇਸ ਕਰਕੇ ਇਹ ਜਿਹੜੀ ਤਰਮੀਮ ਲਿਆਂਦੀ ਜਾ ਰਹੀ ਹੈ ਇਸ ਦਾ ਕੁਝ ਮਤਲਬ ਨਹੀਂ ਜਾਪਦਾ। ਇਸ ਕਰਕੇ ਵਜ਼ੀਰ ਸਾਹਿਬ ਨੂੰ ਇਸ ਨੂੰ ਵਾਪਿਸ ਲੈ ਲੈਣਾ ਚਾਹੀਦਾ ਹੈ। ਬਸ ਮੈਂ ਇਤਨੀ ਅਰਜ਼ ਕਰਕੇ ਬੈਠਦਾ ਹਾਂ।

ਸਰਦਾਰ ਕੁਲਬੀਰ ਸਿੰਘ (ਫੀਰੋਜ਼ਪੁਰ): ਡਿਪਟੀ ਸਪੀਕਰ ਸਾਹਿਬਾ, ਪਿੰਡਾਂ ਦੇ ਵਿਚ ਮੁਰੱਬੇਬੰਦੀ ਦਾ ਜਿਹੜਾ ਮਸਲਾ ਹੈ ਇਹ ਐਸਾ ਮਸਲਾ ਹੈ ਜਿਸ ਦੇ ਵਿਚ ਪਿੰਡਾਂ ਦੇ ਲੋਕਾਂ ਦੀ ਜਿਹੜੀ ਜ਼ਮੀਨ ਜਾਇਦਾਦ ਹੁੰਦੀ ਹੈ ਉਸ ਦਾ ਦੂਸਰਾ ਜਨਮ ਹੁੰਦਾ ਹੈ। ਜਦੋਂ ਮੁਰੱਬੇਬੰਦੀ ਹੋਣੀ ਹੁੰਦੀ ਹੈ ਤਾਂ ਉਨ੍ਹਾਂ ਦਾ ਆਪਣੀ ਜੱਦੀ ਜਾਇਦਾਦ ਤੇ ਕੋਈ ਹਕ ਨਹੀਂ ਰਹਿੰਦਾ ਕਿਉਂਕਿ ਉਹ ਸਾਰੀ ਸਰਕਾਰ ਦੇ ਹਥਾਂ ਵਿਚ ਚਲੀ ਜਾਂਦੀ ਹੈ। ਸਰਕਾਰ ਆਪਣੀ ਮਰਜ਼ੀ ਦੇ ਨਾਲ ਉਨ੍ਹਾਂ ਨੂੰ ਦੋਬਾਰਾ ਕੁੱਰੇ ਬਣਾ ਕੇ ਦਿੰਦੀ ਹੈ। ਜ਼ਮੀਨ ਇਕ ਐਸੀ ਚੀਜ਼ ਹੈ ਜਿਸ ਦੇ ਨਾਲ ਕਿਸਾਨ ਦੀਆਂ ਆਉਣ ਵਾਲੀਆਂ ਨਸਲਾਂ ਦਾ ਵੀ ਸਬੰਧ ਹੁੰਦਾ ਹੈ। ਮੈਂ ਕਅਰਜ਼ ਰਨੀ ਚਾਹੁੰਦਾ ਹਾਂ ਕਿ ਕਿਸਾਨ ਲੋਕ ਜਿਤਨੇ ਇਸ ਮਹਿਕਮੇ ਦੇ ਹੱਥੋਂ ਦੁਖੀ ਹਨ ਸ਼ਾਇਦ ਕਿਸੇ ਹੋਰ ਮਹਿਕਮੇ ਦੇ ਕੋਲੋਂ ਇਤਨੇ ਦੁਖੀ ਨਹੀਂ ਹੋਣੇ।

ਤਰ੍ਹਾਂ ਤਰ੍ਹਾਂ ਦੇ ਆਦਮੀ ਇਸ ਮਹਿਕਮੇ ਵਿਚ ਆ ਕੇ ਮੁਖਤਲਿਫ ਕਿਸਮ ਦੇ ਢੰਗ ਕਰਦੇ ਹਨ, ਲੋਕਾਂ ਵਿਚ ਪਾਰਟੀਬਾਜ਼ੀ ਪੈਦਾ ਕਰਦੇ ਹਨ ਅਤੇ ਕਈ interested ਤੇ ਹੁਸ਼ਿਆਰ ਆਦਮੀ ਉਨ੍ਹਾਂ ਨਾਲ ਮਿਲ ਜਾਂਦੇ ਹਨ ਜਿਸ ਨਾਲ ਰਿਸ਼ਵਤਸਤਾਨੀ ਦਾ ਬਾਜ਼ਾਰ ਗਰਮ ਰਹਿੰਦਾ ਹੈ ਅਤੇ ਸਕੀਮਾਂ ਬਣਦੀਆਂ ਤੇ ਟੁਟਦੀਆਂ ਰਹਿੰਦੀਆਂ ਹਨ। ਜਿਸ ਵਕਤ ਸਾਰੀ ਸਕੀਮ ਬਣ ਜਾਂਦੀ ਹੈ ਤਾਂ ਉਸ ਵਿਚ ਮਿਆਦ ਰਖੀ ਹੋਈ ਹੁੰਦੀ ਹੈ ਅਤੇ ਉਸ ਮਿਆਦ ਦੇ ਅੰਦਰ ਅੰਦਰ ਲੋਕਾਂ ਨੂੰ ਅਖਤਿਆਰ ਹੁੰਦਾ ਹੈ ਕਿ ਉਹ ਇਤਰਾਜ਼ਾਤ ਕਰਨ। ਲੇਕਿਨ ਮੈਂ ਤਾਂ ਇਸ ਤੋਂ ਵੀ ਅਗੇ ਜਾਂਦਾ ਹਾਂ ਕਿ ਇਤਰਾਜ਼ ਕਰਨ ਦਾ ਤਰੀਕਾ ਇਹ ਹੋਣਾ ਚਾਹੀਦਾ ਹੈ

ਕਿ ਇਕ ਇਕ ਆਦਮੀ ਦੇ ਦਸਤਖਤ ਕਰਾਏ ਜਾਣ ਅਤੇ ਉਸ ਨੂੰ ਦਸਿਆ ਜਾਵੇ ਕਿ ਇਤਨੀ ਮਿਆਦ ਹੈ ਅਤੇ ਇਸ ਵਿਚ ਜੋ ਵੀ ਇਤਰਾਜ਼ਾਤ ਕਰਨਾ ਚਾਹੁੰਦੇ ਹੋ ਕਰੋ। ਜਿਸ ਵਕਤ ਇਤਰਾਜ਼ਾਤ ਕਰਨ ਦਾ ਮੌਕਾ ਲੰਘ ਜਾਵੇ ਤਾਂ ਕੋਈ ਵਜਹ ਨਹੀਂ ਕਿ ਉਸ ਸਕੀਮ ਨੂੰ ਦੋਬਾਰਾ ਤੋੜਿਆ ਜਾਵੇ। ਸਭ ਨੂੰ ਪਤਾ ਹੈ ਕਿ ਇਸ ਐਕਟ ਦੇ ਬਣਨ ਤੋਂ ਪਹਿਲਾਂ ਅੱਗੇ ਵੀ ਇਸ਼ਤਮਾਲ ਹੁੰਦੇ ਸਨ ਪਰ 10/12 ਸਾਲ ਲਗ ਜਾਂਦੇ ਸਨ ਅਤੇ ਕੰਮ ਸਿਰੇ ਤਕ ਨਹੀਂ ਪਹੁੰਚਦਾ ਸੀ ਕਿਉਂਕਿ ਕਿਸੇ ਵੀ ਆਦਮੀ ਨੂੰ ਕਿਸੇ ਵੇਲੇ ਵੀ ਇਤਰਾਜ਼ ਹੋ ਜਾਂਦਾ ਸੀ ਅਤੇ ਜਿਸ ਵਕਤ ਵੀ ਇਤਰਾਜ਼ ਹੋ ਜਾਂਦਾ ਸੀ ਤਾਂ ਸਾਰਾ ਕੰਮ ਖੱਟੇ ਵਿਚ ਪੈ ਜਾਂਦਾ ਸੀ। ਉਨ੍ਹਾਂ ਹਾਲਾਤ ਨੂੰ ਵੇਖਦੇ ਹੋਏ ਮੈਂ ਸਮਝਦਾ ਹਾਂ ਕਿ ਇਸ ਐਕਟ ਵਿਚ ਜੋ ਦਫਾਤ ਰਖੀਆਂ ਗਈਆਂ ਹਨ ਉਹ ਠੀਕ ਹਨ। ਲੇਕਿਨ ਹੁਣ ਜੋ ਅਖਤਿਆਰ ਦੇਣ ਦੀ ਤਜਵੀਜ਼ ਹੈ ਕਿ ਜਿਸ ਵਕਤ ਦਿਲ ਚਾਹੇ ਦੁਬਾਰਾ ਸਕੀਮ ਨੂੰ ਰੱਦ ਕਰ ਦੇਣ ਇਹ ਬਹੁਤ ਅੰਨ੍ਹਾ ਅਖਤਿਆਰ ਹੈ ਅਤੇ ਇਸ ਤਰ੍ਹਾਂ ਕਦੇ ਵੀ ਕੰਮ ਖਤਮ ਨਹੀਂ ਹੋ ਸਕਦਾ। ਇਤਰਾਜ਼ ਤਾਂ ਹਮੇਸ਼ਾ ਹੀ ਪੈਦਾ ਹੁੰਦੇ ਰਹਿਣਗੇ। ਕਿਸੇ ਨਾ ਕਿਸੇ ਆਦਮੀ ਨੂੰ ਘਾਟਾ ਤਾਂ ਪੈਣਾ ਹੀ ਹੈ ਅਤੇ ਜਿਸ ਆਦਮੀ ਨੂੰ ਘਾਟਾ ਪਵੇਗਾ ਉਸ ਨੇ ਸ਼ਿਕਾਇਤ ਕਰਨੀ ਹੈ ਅਤੇ ਇਹ ਸਿਲਸਿਲਾ ਕਦੇ ਵੀ ਇਸ ਤਰ੍ਹਾਂ ਖਤਮ ਨਹੀਂ ਹੋਣਾ ਹੈ। ਫੇਰ ਤੁਸੀਂ ਸਾਰੇ ਜਾਣਦੇ ਹੋ ਕਿ ਇਨਸਾਫ ਦੀ ਬਿਨਾ ਤੇ ਤਾਂ ਇਹ ਕੰਮ ਹੁੰਦੇ ਨਹੀਂ ਹਨ ਅਤੇ approach ਨਾਲ ਹੀ ਹੁੰਦੇ ਹਨ। ਜਦੋਂ ਸਰਕਾਰੀ ਮਸ਼ੀਨਰੀ ਵਿਚ ਉਪਰ ਤੋਂ ਦਖਲ ਹੁੰਦਾ ਹੈ ਤਾਂ ਲਾਜ਼ਮੀ ਤੌਰ ਤੇ ਸਕੀਮਾਂ ਬਾਰਬਾਰ ਟੁਟਣਗੀਆਂ। ਜਿਨ੍ਹਾਂ ਲੋਕਾਂ ਦੀ ਪਹੁੰਚ ਨਹੀਂ ਹੋਵੇਗੀ ਉਹ ਬੇਇਨਸਾਫੀ ਦਾ ਸ਼ਿਕਾਰ ਹੋਣਗੇ। ਇਸ ਦਾ ਨਤੀਜਾ ਇਹ ਹੋਣਾ ਹੈ ਕਿ ਜੋ ਅਖਤਿਆਰ ਲੋਕਾਂ ਨੂੰ ਵਿਧਾਨ ਨੇ ਦਿਤਾ ਹੋਇਆ ਹੈ ਕਿ ਲੋਕ ਅਦਾਲਤਾਂ ਵਿਚ ਜਾ ਕੇ ਇਨਸਾਫ ਲੈ ਸਕਣ ਉਸ ਹਕ ਨੂੰ ਇਸ ਤਜਵੀਜ਼ ਰਾਹੀਂ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਕਿ ਲੋਕ ਅਦਾਲਤਾਂ ਦੇ ਦਰਵਾਜ਼ੇ ਨਾ ਖਟਖਟਾ ਸਕਨ। ਹੁਣ ਜਿਹੜਾ ਨਵਾਂ ਅਖਤਿਆਰ ਦਿਤਾ ਗਿਆ ਹੈ ਇਸ ਨਾਲ ਕੰਮ ਨਾ ਸਿਰਫ ਲੰਬਾ ਹੋਵੇਗਾ ਬਲਕਿ ਹੋਰ ਬਹੁਤ ਸਾਰੀਆਂ ਦਿਕਤਾਂ ਹੋਣਗੀਆਂ। ਇਕ ਆਦਮੀ approach ਕਰਕੇ ਫਾਇਦਾ ਹਾਸਲ ਕਰ ਲਵੇਗਾ ਅਤੇ ਦੂਸਰਾ ਆਦਮੀ ਜੋ ਹੈ ਉਹ ਆਪਣੀ ਅਪਰੋਚ ਲਭੇਗਾ ਕਿ ਕਿਸ ਤਰ੍ਹਾਂ ਲੀਡਰਾਂ ਜਾਂ ਵਜ਼ੀਰਾਂ ਦੀ ਰਾਹੀਂ ਦਖਲ ਦੇਵੇ ਅਤੇ ਸਕੀਮ ਤੁੜਵਾਵੇ। ਪਹਿਲਾ ਆਦਮੀ ਫੇਰ ਨਵੇਂ ਸਿਰੇ ਤੋਂ ਫੇਰ ਆਪਣਾ ਮੰਨਸ਼ਾ ਪੂਰਾ ਕਰਨ ਦਾ ਜਤਨ ਕਰੇਗਾ ਅਤੇ ਇਹ ਸਿਲਸਿਲਾ ਖਤਮ ਨਹੀਂ ਹੋਵੇਗਾ। ਮੇਰੀ ਅਰਜ਼ ਹੈ ਕਿ ਇਸ ਤਰ੍ਹਾਂ ਲੋਕਾਂ ਦਾ ਤੇ ਸਰਕਾਰ ਦਾ ਵੀ ਬੇਸ਼ੁਮਾਰ ਖਰਚ ਹੋਵੇਗਾ। ਜਿਹੜਾ ਕੰਮ 10 ਸਾਲ ਵਿਚ ਖਤਮ ਹੁੰਦਾ ਹੈ ਉਹ 20 ਸਾਲ ਵਿਚ ਵੀ ਖਤਮ ਨਹੀਂ ਹੋ ਸਕਦਾ ਹੈ ਜਿਸ ਤਰ੍ਹਾਂ ਹੁਣ ਕੀਤਾ ਜਾ ਰਿਹਾ ਹੈ। ਬਾਰਬਾਰ ਸਕੀਮਾਂ ਬਣਨ ਤੇ ਟੁਟਣ ਨਾਲ, ਬਾਰਬਾਰ ਦਖਲ ਅੰਦਾਜ਼ੀ ਹੋਣ ਨਾਲ, ਧੜੇਬੰਦੀ ਹੋਣ ਨਾਲ ਕੰਮ ਵਿਚ ਦੇਰ ਹੋਵੇਗੀ। ਲੋਕਾਂ ਦਾ ਖਰਚ ਜ਼ਿਆਦਾ ਹੋਵੇਗਾ ਅਤੇ ਜੋ ਮਨਸ਼ਾ ਇਸ ਬਿਲ ਵਿਚ ਦਸਿਆ ਗਿਆ ਹੈ ਉਸ ਦੇ ਉਲਟ ਗੱਲ ਹੋਵੇ ਗੀ। ਇਹ ਗੱਲ ਜ਼ਰੂਰ ਹੈ ਕਿ ਵਜ਼ੀਰ ਸਾਹਬਾਨ ਦੀ popularity ਵਧ ਜਾਵੇਗੀ ਕਿਉਂਕਿ ਲੋਕ ਹਜ਼ਾਰਾਂ ਦੀ ਤਾਦਾਦ ਵਿਚ ਉਨ੍ਹਾਂ ਕੋਲ ਸਿਫਾਰਿਸ਼ ਲਈ ਆਉਣਗੇ। ਜਿਥੋਂ ਤਕ ਆਮ ਜੰਨਤਾ ਦਾ ਤਲੱਕ ਹੈ ਉਹ ਤਾਂ ਅਗੇ ਵੀ ਇਸ ਮਹਿਕਮੇ ਦੇ ਹਥੋਂ ਸਖਤ ਤੰਗ ਹੈ ਅਤੇ ਤੁਸੀਂ ਵੇਖਦੇ ਹੋ ਕਿ ਕਿਸ ਤਰ੍ਹਾਂ ਹਜ਼ਾਰਾਂ ਦੀ ਤਾਦਾਦ ਵਿਚ ਲੋਕ deputations ਲੈ ਕੇ ਇਥੇ ਆਉਂਦੇ ਰਹਿੰਦੇ ਹਨ। ਹੁਣ

[ਸਰਦਾਰ ਕੁਲਬੀਰ ਸਿੰਘ]

ਇਸ ਬਿਲ ਨਾਲ ਇਨ੍ਹਾਂ ਨੂੰ ਲੋਕਾਂ ਨੂੰ oblige ਕਰਨ ਦਾ ਮੌਕਾ ਤਾਂ ਮਿਲ ਜਾਵੇਗਾ ਲੇਕਿਨ ਆਮ ਜਨਤਾ ਨੂੰ ਕੋਈ ਫਾਇਦਾ ਨਹੀਂ ਹੋਵੇਗਾ ਬਲਕਿ ਉਨ੍ਹਾਂ ਦੀਆਂ ਦਿਕਤਾਂ ਹੋਰ ਵਧ ਜਾਣਗੀਆਂ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਨੂੰ ਵਾਪਸ ਲੈ ਲਉ ।

ਮਾਲ ਮੰਤ੍ਰੀ : On a point of order, Sir. ਡਿਪਟੀ ਸਪੀਕਰ ਸਾਹਿਬਾ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ point ਤੇ ਜੇ ਮੁਨਾਸਬ ਸਮਝੋ ਤਾਂ ruling ਦਿਉ ਕਿ ਕੀ ਇਸ ਤਰਮੀਮ ਤੋਂ ਬਹੁਤ ਅਗੇ ਜਾਕੇ ਸਾਰਾ ਹੀ Consolidation Act discuss ਕੀਤਾ ਜਾ ਸਕਦਾ ਹੈ ? ਜੇਕਰ ਇਸੇ ਤਰ੍ਹਾਂ ਬਹਿਸ ਹੁੰਦੀ ਰਹੀ ਜਿਸ ਦਾ ਕਿ ਇਸ ਬਿਲ ਨਾਲ ਬਹੁਤ ਘਟ ਤਅੱਲੁਕ ਹੈ ਤਾਂ ਇਸ ਦਾ ਕੋਈ end ਨਹੀਂ ਹੋਵੇਗਾ । ਸਵਾਲ ਸਿਰਫ ਇਤਨਾ ਹੈ ਕਿ ਇਹ ਤਰਮੀਮ ਕਰਨੀ ਚਾਹੀਦੀ ਹੈ ਜਾਂ ਨਹੀਂ ।

श्री मंगल सैन : On a point of order, Sir, मन्त्री महोदय ने आप का ध्यान इस ओर दिलाया है कि इस बहस में हिस्सा लेने वाले मैम्बरान को केवल इसी संशोधन करने वाले बिल की clauses पर ही बोलना चाहिये । मेरी प्रार्थना है कि जब तक सारी चीज़ को सामने न रखा जाए तब तक amendment पर अच्छी तरह से रोशनी नहीं पड़ सकती । इस लिये उस को refer करने पर पाबन्दी नहीं लगनी चाहिये ।

उपाध्यक्षा : Point of order इतना लम्बा नहीं होता । बाबू बचन सिंह जी आप का क्या point of order है ? (A point of order cannot be so lengthy. What is the point of order of Baboo Bachan Singh?)

बाबू बचन सिंह : किसी amending bill की background बताने के लिये क्या मैम्बर्ज को parent Act को refer करने का हक है या नहीं ?

उपाध्यक्षा : Amendment की बहस के वक्त अगर सारे बिल पर न बोला जाए तो अच्छा ही है वैसे इस की मुमानअत नहीं है ।

(It is desirable that the whole Bill is not brought under discussion at the time of the consideration of any amendment, although such a reference is not totally barred.)

सरदार गुरदयाल सिंह ढिल्लों : अब आप ने ruling तो दे दी है इस लिये मेरा कोई point of order तो नहीं है मगर मेरी submission है कि House की यह practice है कि strictly to amending Bill confine किया जाए । अगर आप ने एक दफा इजाज़त दे दी कि मैम्बर, Act को बहस में ला सकते हैं तो कोई भी बात amending Bill की बहस में ऐसी नहीं रह जायगी जिस का ज़िक्र न किया जाएगा ।

उपाध्यक्षा : आप का कहना ठीक है जो clause सामने आए उसी बारे बात की जानी चाहिये। (The hon. Member is right. Only that clause should be referred to which is before the House).

ਕਾਮਰੇਡ ਜੰਗੀਰ ਸਿੰਘ ਜੋਗਾ(ਤਲਵੰਡੀ ਸਾਬੋ) : ਡਿਪਟੀ ਸਪੀਕਰ ਸਾਹਿਬਾ, ਮਾਲ ਮੰਤਰੀ ਸਾਹਿਬ ਨੇ ਜੋ ਤਰਮੀਮੀ ਬਿਲ ਪੇਸ਼ ਕੀਤਾ ਹੈ ਇਸ ਬਾਰੇ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਨੂੰ ਇਹ ਵਾਪਸ ਲੈ ਲੈਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਬਹੁਤ ਸਾਰੀਆਂ ਗੁੰਝਲਾਂ ਪੈਦਾ ਹੁੰਦੀਆਂ ਹਨ। ਜਿਥੋਂ ਤਕ ਇਸ਼ਤਮਾਲ ਦਾ ਤਅੱਲੁਕ ਹੈ ਇਹ ਕਿਸਾਨ ਦੀ ਜ਼ਮੀਨ ਨੂੰ ਇਕੱਠਾ ਕਰਨ ਲਈ ਕੀਤਾ ਜਾਂਦਾ ਹੈ ਤਾਕਿ ਕਿਸਾਨ ਨੂੰ ਫਾਇਦਾ ਪਹੁੰਚੇ ਅਤੇ ਉਹ ਵਧ ਪੈਦਾਵਾਰ ਕਰ ਸਕੇ। ਇਸ ਵਕਤ ਇਹ ਹੁੰਦਾ ਹੈ ਕਿ ਸਾਰੀ ਸਕੀਮ ਮੁਕੰਮਲ ਕਰਨ ਤੋਂ ਬਾਅਦ ਉਹ ਪੇਸ਼ ਕੀਤੀ ਜਾਂਦੀ ਹੈ ਜਿਸ ਨੂੰ C. O. ਤੇ ਤਹਸੀਲਦਾਰ ਪਾਸ ਕਰਦੇ ਹਨ। ਉਸ ਤੋਂ ਬਾਅਦ S. O. ਸਾਹਿਬ ਸੁਣਦੇ ਹਨ। ਅਗਰ ਕੋਈ ਗ਼ਲਤੀ ਹੁੰਦੀ ਹੈ ਤਾਂ ਉਸੇ ਵੇਲੇ ਹੀ ਦੂਰ ਕੀਤੀ ਜਾਂਦੀ ਹੈ। ਪਰ ਇਹ ਜਿਹੜੀ ਤਰਮੀਮ ਅੱਜ ਕੀਤੀ ਜਾ ਰਹੀ ਹੈ ਇਸ ਰਾਹੀਂ S. O. ਜਿਸ ਨੂੰ ਵੀ ਚਾਹੇ ਦੁਬਾਰਾ ਠੀਕ ਕਰ ਸਕਦਾ ਹੈ। ਇਸ ਨਾਲ ਬਹੁਤ ਗੜ ਬੜ ਪੈਦਾ ਹੋ ਜਾਵੇਗੀ। ਅਸੀਂ ਪਿੰਡਾਂ ਵਿਚ ਦੇਖਦੇ ਹਾਂ ਕਿ ਜਿਥੇ ਵੀ ਇਸ਼ਤਮਾਲ ਹੁੰਦੀ ਹੈ ਜਾਂ ਹੋ ਰਹੀ ਹੈ ਜਿਹੜੇ ਆਦਮੀ ਰਜੇ ਪੁਜੇ ਹਨ ਜਾਂ ruling party ਨਾਲ ਤਅੱਲੁਕ ਰਖਦੇ ਹਨ ਉਹ ਹੇਰਾ ਫੇਰੀਆਂ ਕਰਕੇ ਆਪਣੀ ਜ਼ਮੀਨ ਚੰਗੀ ਪੁਆਉਣੀ ਚਾਹੁੰਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਇਸ ਕਾਰਣ ਪਿੰਡਾਂ ਵਿਚ ਬਹੁਤ ਸਾਰੀ ਗੜ ਬੜ ਪੈਦਾ ਹੋ ਜਾਂਦੀ ਹੈ। ਜਦ ਸਰਕਾਰੀ ਮੁਲਾਜ਼ਮਾਂ ਨੂੰ ਉਤੋਂ ਹਦਾਇਤਾਂ ਹੁੰਦੀਆਂ ਹਨ ਤਾਂ ਮਾਲਕ ਕਿਸੇ ਨਾ ਕਿਸੇ ਢੰਗ ਨਾਲ ਆਪਣੀ ਜ਼ਮੀਨ ਦੇ ਟੁਕੜੇ ਨੂੰ ਜਿਸ ਦੀ ਕਿ ਗੌਰਮੈਂਟ ਨੇ ਸਕੀਮ ਅਨੁਸਾਰ ਬੁਨਿਆਦ ਰਖੀ ਹੈ ਕਿ ਜਿਥੇ ਉਸ ਦੀ ਜ਼ਮੀਨ ਇਕਠੀ ਹੋਵੇ, ਉਥੇ ਉਹ ਇਕਠੀ ਰਖੀ ਜਾਵੇ, ਤਾਂ ਚਲਦੇ ਪੁਰਜ਼ੇ ਜ਼ਿਮੀਂਦਾਰ ਉਸ ਨੂੰ ਤੁੜਾਣ ਦਾ ਮਿਲ ਮਿਲਾ ਕੇ ਯਤਨ ਕਰਦੇ ਹਨ।

ਸਕੀਮ ਵਿਚ ਜੋ ਕਮਜ਼ੋਰੀਆਂ ਚਲੀਆਂ ਆ ਰਹੀਆਂ ਹਨ ਉਨ੍ਹਾਂ ਨੂੰ ਹੁਣ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਦੋਂ ਕਿ ਤਕਰੀਬਨ ਸਾਰੇ ਪੰਜਾਬ ਦੀ ਇਸ਼ਤਮਾਲ ਮੁਕੰਮਲ ਹੋਣ ਵਾਲੀ ਹੈ। ਗੌਰਮੈਂਟ ਨੇ ਕਿਹਾ ਹੈ ਕਿ ਇਹ 1965 ਤਕ ਬਿਲਕੁਲ ਮੁਕੰਮਲ ਹੋ ਜਾਏਗੀ। ਪਰ ਹੁਣ ਅਸੀਂ ਦੇਖਦੇ ਹਾਂ ਕਿ ਕਈ ਪਿੰਡਾਂ ਵਿਚ ਜਿਥੇ ਕਿ ਇਸ਼ਤਮਾਲ ਹੋਇਆਂ ਛੇ ਛੇ ਸਤ ਸਤ ਸਾਲ ਹੋ ਗਏ ਹਨ ਜਦੋਂ ਇਹ ਪਤਾ ਲਗਦਾ ਹੈ ਕਿ ਇਹ ਉਸ ਨੂੰ ਤੋੜਨ ਵਾਲੇ ਹਨ ਤਾਂ ਉਨ੍ਹਾਂ ਨੂੰ ਬੜੀ ਬੇਚੈਨੀ ਹੁੰਦੀ ਹੈ। ਕਦੇ ਹਾਈ ਕੋਰਟ ਵਲੋਂ ਰੁਕਾਵਟ ਕੀਤੀ ਜਾਂਦੀ ਹੈ। ਹਾਈ ਕੋਰਟ ਵਲੋਂ ਸਾਂਝੀ ਜ਼ਮੀਨ ਤੇ ਰੋਕ ਲਾਈ ਜਾਂਦੀ ਹੈ। ਹਾਈ ਕੋਰਟ ਵਿਚ writ ਕੀਤੀ ਗਈ ਕਿ ਸਾਂਝੀ ਜ਼ਮੀਨ ਪੰਚਾਇਤਾਂ ਲਈ ਨਾ ਰਖੀ ਜਾਵੇ ਅਤੇ ਹਾਈ ਕੋਰਟ ਨੇ ਬੰਦੀ ਦੇ ਦਿਤੀ ਹੈ ਕਿ ਉਹ ਜ਼ਮੀਨ ਤਕਸੀਮ ਨਾ ਕੀਤੀ ਜਾਵੇ। ਮੈਂ ਇਹ ਸਮਝਦਾ ਹਾਂ ਕਿ ਅੱਜ ਵੀ ਇਕ, ਦੋ ਯਾ ਦਸ ਆਦਮੀ S. O. ਕੋਲ ਦਰਖਾਸਤ ਦੇ ਸਕਦੇ ਹਨ ਕਿ ਸਾਡੀ ਜ਼ਮੀਨ ਇਕਠੀ ਕੀਤੀ ਜਾਵੇ, ਇਸ ਸਕੀਮ ਨੂੰ ਲਾਗੂ ਨਾ ਕੀਤਾ ਜਾਵੇ। ਮੈਨੂੰ ਆਪਣੇ ਜ਼ਿਲੇ ਦਾ ਤਜਰਬਾ ਹੈ, ਸ਼ਾਇਦ ਹੀ 10 ਫੀ ਸਦੀ cases ਵਿਚ ਵੀ S. O. ਨੇ ਦਖਲ ਦਿਤਾ ਹੋਵੇ ਯਾ ਅਪੀਲਾਂ ਸੁਣੀਆਂ ਹੋਣ। ਜਦ C. O.

[ਕਾਮਰੇਡ ਜੰਗੀਰ ਸਿੰਘ ਜੋਗਾ]

ਸੁਣਦਾ ਹੈ ਤਾਂ ਕਹਿੰਦਾ ਹੈ ਕਿ ਜ਼ਮੀਨ ਦੇ ਟੁਕੜੇ ਠੀਕ ਕਰ ਦਿਉ। S. O. ਕੋਲ ਬਹੁਤ ਘਟ ਕੇਸ ਜਾਂਦੇ ਹਨ। ਜਿਨ੍ਹਾਂ ਦਾ ਉਹ ਫੈਸਲਾ ਕਰਦਾ ਹੈ ਉਸ ਦੇ ਨਾਲ ਜ਼ਮੀਨ ਦੇ ਮੁਆਮਲੇ ਵਿਚ ਹੋਰ ਗੁੰਝਲਾਂ ਪੈਦਾ ਹੁੰਦੀਆਂ ਹਨ। ਜਿਹੜੇ ਰਜੇ ਪੁਜੇ ਹਨ ਯਾ ruling party ਨਾਲ ਤਅੱਲੁਕ ਰਖਦੇ ਹਨ ਉਹ ਹਰ ਤਰ੍ਹਾਂ ਦਾ ਦਖਲ ਦੇਂਦੇ ਹਨ। ਇਨ੍ਹਾਂ ਨੇ ਇਹ ਤਰਮੀਮ ਕਰਕੇ ਹੋਰ ਗੁੰਝਲ ਪੈਦਾ ਕਰਨੀ ਹੈ। ਅਸੀਂ ਸੋਚ ਰਹੇ ਹਾਂ ਕਿ ਪੰਜਾਬ ਦਾ ਜ਼ਰਈ ਮਸਲਾ ਹਲ ਹੋਵੇ, ਖੇਤੀ ਬਾੜੀ ਵਿਚ ਤਰੱਕੀ ਕਰੀਏ, ਇਸ ਨਾਲ ਲੋਕਾਂ ਦਾ ਭਲਾ ਹੋਵੇ। ਇਸ ਤਰ੍ਹਾਂ ਤਾਂ ਜੇ 10 ਆਦਮੀਆਂ ਨੇ application ਦੇ ਦਿਤੀ ਜਾਂ 5 ਆਦਮੀਆਂ ਨੇ application ਦੇ ਦਿਤੀ ਤਾਂ S. O. ਇਸ਼ਤਮਾਲ ਨੂੰ ਕਚੀ ਕਰ ਸਕਦਾ ਹੈ। S. O. ਨੂੰ ਅਜਿਹੇ ਅਧਿਕਾਰ ਦੇ ਦੇਣ ਨਾਲ ਲੋਕਾਂ ਵਿਚ ਬੇਚੈਨੀ ਫੈਲ ਜਾਵੇਗੀ। ਇਸ ਕਿਸਮ ਦਾ ਦਖਲ ਦੇਣਾ ਠੀਕ ਨਹੀਂ। ਪਿੰਡਾਂ ਵਿਚ ਇਸ਼ਤਮਾਲ ਹੋ ਰਹੀ ਹੈ। ਕਈ ਥਾਂ S. O. ਅਜਿਹੇ ਕੰਮ ਕਰਦੇ ਹਨ ਜਿਨ੍ਹਾਂ ਨੂੰ ਅਸੀਂ ਚੰਗਾ ਨਹੀਂ ਸਮਝਦੇ। ਬਠਿੰਡੇ ਵਿਚ ਇਕ ਸ਼ਮੀਰ ਪਿੰਡ ਹੈ। ਮੇਰਾ ਖਿਆਲ ਹੈ ਬਠਿੰਡੇ ਵਿਚ ਥੋੜੇ ਜਿਹੇ ਐਸੇ ਪਿੰਡ ਹਨ ਜਿਥੇ ਇਸ਼ਤਮਾਲ ਹੋਣੀ ਰਹਿੰਦੀ ਹੈ। ਉਥੇ ਕਾਂਗਰਸ ਦੇ ਲੀਡਰ ਜਾਂਦੇ ਹਨ, ਇਸ ਵਾਸਤੇ ਉਸ ਪਿੰਡ ਦੀ ਹਾਲਤ ਇਹ ਹੈ ਕਿ ਸਾਰੇ ਜ਼ਿਲੇ ਦੀ ਮੁਰਬੇਬੰਦੀ ਤਾਂ ਹੋ ਚੁਕੀ ਹੈ ਪਰ ਜਦੋਂ ਉਸ ਪਿੰਡ ਦੀ ਮੁਰਬੇਬੰਦੀ ਹੁੰਦੀ ਹੈ ਤਾਂ ਉਹ ਮਨਿਸਟਰਾਂ ਤੋਂ ਕਚੀ ਕਰਾ ਲਈ ਜਾਂਦੀ ਹੈ। ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ। ਸਰਕਾਰ ਨੂੰ ਇਸ ਪਰਕਾਰ ਇਸ ਵਿਚ ਦਖਲ ਨਹੀਂ ਦੇਣਾ ਚਾਹੀਦਾ। S. O. ਨੂੰ ਇਹ ਅਖਤਿਆਰ ਦੇ ਕੇ ਹੋਰ ਮੁਸ਼ਕਲਾਂ ਪੈਦਾ ਹੋਣਗੀਆਂ। ਮੁਰਬੇਬੰਦੀ ਪਿਛੇ ਪੈ ਜਾਏਗੀ। ਇਸ ਵਿਚ ਬੜੀਆਂ ਭਾਰੀ ਗਲਤੀਆਂ ਹਨ। ਮੈਂ ਮਨਿਸਟਰ ਸਾਹਿਬ ਪਾਸ ਦਰਖਾਸਤ ਕਰਾਂਗਾ ਕਿ ਕਿਸਾਨ ਦੀ ਭਲਾਈ ਦਾ ਖਿਆਲ ਰਖਿਆ ਜਾਵੇ। ਇਸ ਵੇਲੇ ਜਿਹੜਾ ਤਬਕਾ ਚੌਧਰੀ ਬਣਿਆ ਹੋਇਆ ਹੈ ਉਹ ਦਖਲ ਅੰਦਾਜ਼ੀ ਕਰਦਾ ਹੈ। ਲੋੜ ਇਹ ਸੋਚਣ ਦੀ ਹੈ ਕਿ ਇਹ ਕਿਸੇ ਕਿਸਮ ਦਾ ਦਖਲ ਨਾ ਦੇ ਸਕੇ। ਮੈਂ ਆਸ਼ਾ ਕਰਦਾ ਹਾਂ ਕਿ ਇਹ ਆਪਣੀ ਤਰਮੀਮ ਵਾਪਸ ਲੈ ਲੈਣਗੇ।

ਮਾਲ ਮੰਤ੍ਰੀ (ਸਰਦਾਰ ਅਜਮੇਰ ਸਿੰਘ): ਡਿਪਟੀ ਸਪੀਕਰ ਸਾਹਿਬਾ, ਆਨਰੇਬਲ ਮੈਂਬਰਜ਼ ਨੇ ਜਿੰਨੀ ਨੁਕਤਾਚੀਨੀ ਇਸ ਸਬੰਧ ਵਿਚ ਕੀਤੀ ਹੈ ਉਹ ਬੇਬੁਨਿਆਦ ਖਦਸ਼ਾਤ ਤੇ ਮਬਨੀ ਹੈ। ਮੈਂ ਸਮਝਦਾ ਹਾਂ ਇਸ ਤਰਮੀਮ ਰਾਹੀਂ ਅਸੀਂ ਇਹੋ ਜਿਹੀ power ਇਕ ਸਿਵਲ ਅਫਸਰ ਨੂੰ, ਗਜ਼ਟਡ ਅਫਸਰ ਨੂੰ, ਪੀ. ਸੀ. ਐਸ. ਅਫਸਰ ਨੂੰ ਦੇਣ ਲਗੇ ਹਾਂ ਜਿਹੜੀ ਕਿ C. O. ਦੇ ਮੁਕਾਬਲੇ ਵਿਚ ਚਾਹੀਦੀ ਹੈ। ਮੇਰੇ ਆਨਰੇਬਲ friend ਨੂੰ ਇਸ ਦੀ ਕਦਰ ਹੋਣੀ ਚਾਹੀਦੀ ਹੈ ਤਾਕਿ ਇਹ ਖਾਮੀ ਦੂਰ ਹੋ ਸਕੇ। ਮੈਂ ਇਸ ਨੂੰ ਸਹੀ ਮਾਨਿਆਂ ਵਿਚ ਉਨ੍ਹਾਂ ਦੇ ਸਾਹਮਣੇ ਥੋੜੇ ਜਿਹੇ ਲਫਜ਼ਾਂ ਵਿਚ ਰਖਦਾ ਹਾਂ। ਇਸ ਦਾ ਫਾਇਦਾ ਸਮੁਚੇ ਤੌਰ ਤੇ weaker section of the village population ਨੂੰ ਹੈ। ਉਨ੍ਹਾਂ ਦੇ ਮੁਫਾਦ ਵਾਸਤੇ ਇਸ਼ਤਮਾਲ ਕਰਨ ਦੀ ਲੋੜ ਹੈ। ਮੈਂ ਆਪਣੇ ਤਜਰਬੇ ਦੇ ਮੁਤਾਬਕ, ਬਤੌਰ ਵਕੀਲ ਦੇ ਅਤੇ ਇਹ ਥੋੜਾ ਜਿਹਾ ਸਮਾਂ ਬਤੌਰ Consolidation Minister ਦੇ ਅਰਜ਼ ਕਰਨਾ ਚਾਹੁੰਦਾ ਹਾਂ। ਅਸੀਂ ਇਹ power ਦੇਵਾਂਗੇ ਕਿਉਂਕਿ ਇਸ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਇਹ ਪਿੰਡਾਂ ਦੀ weaker

section ਦੇ ਇਸ਼ਤਮਾਲ ਵਾਸਤੇ ਹੈ । ਡਿਪਟੀ ਸਪੀਕਰ ਸਾਹਿਬਾ, ਜਦੋਂ C. O. ਪਿੰਡ ਵਿਚ ਜਾਂਦਾ ਹੈ ਜਾਂ A. C. O. ਜਾਂਦਾ ਹੈ ਤਾਂ ਉਥੇ ਪਟਵਾਰੀ ਤੇ Revenue Committee ਵਾਲੇ ਵੀ ਹੁੰਦੇ ਹਨ । ਮੇਰੇ ਦੋਸਤ ਕਹਿੰਦੇ ਹਨ ਕਿ ਸਕੀਮ ਬਣਾਉਣ ਲਗਿਆਂ ਕਈ ਚੀਜ਼ਾਂ ਸਾਹਮਣੇ ਆਉਂਦੀਆਂ ਹਨ । ਉਥੇ ਉਹ ਆਦਮੀ ਵੀ ਆਉਂਦੇ ਹਨ ਜਿਹੜੇ ਕਿ ਹਰੀਜਨ ਹਨ ਅਤੇ agriculture ਨਾਲ ਸਬੰਧ ਰਖਦੇ ਹਨ । ਸਵਾਲ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਕਿੰਨੇ ਕਿੰਨੇ ਪਲਾਟ ਦਿਤੇ ਜਾਣ, ਉਨ੍ਹਾਂ ਨੂੰ ਕਿੰਨਾ ਕਿੰਨਾ ਰਕਬਾ ਦਿਤਾ ਜਾਵੇ ਤੇ ਕਿਥੇ ਦਿਤਾ ਜਾਵੇ, ਜਿਹੜੇ ਹੋਰ Backward Classes ਦੇ ਆਦਮੀ ਹਨ ਜਿਨ੍ਹਾਂ ਦਾ agriculture ਨਾਲ ਸਬੰਧ ਹੈ ਉਨ੍ਹਾਂ ਨੂੰ ਕਿਥੇ ਪਲਾਟ ਦਿਤੇ ਜਾਣ, ਰਸਤੇ ਕਿਥੇ ਮੁਕਰਰ ਕੀਤੇ ਜਾਣ, ਫਿਰਨੀ ਕਿਥੇ ਕਢੀ ਜਾਵੇ, common purpose ਵਾਸਤੇ ਕੋਈ ਜ਼ਮੀਨ ਰਖਣੀ ਹੈ ਤਾਂ ਕਿੰਨੀ ਰਖਣੀ ਹੈ ਤੇ ਕਿਥੇ ਰਖਣੀ ਹੈ । ਸਕੀਮ ਵਿਚ ਇਹੋ ਜਿਹੀਆਂ ਗੱਲਾਂ ਆਉਂਦੀਆਂ ਹਨ । ਇਹ ਵੀ ਦੇਖਣਾ ਹੁੰਦਾ ਹੈ ਕਿ ਕੀ ਜ਼ਮੀਨ ਦੀਆਂ ਕੀਮਤਾਂ ਠੀਕ ਪਈਆਂ ਹਨ ਜਾਂ ਗ਼ਲਤ, ਕਿਸੇ ਆਦਮੀ ਨੇ ਆਪਣੀ ਜ਼ਮੀਨ ਦੀ ਕੀਮਤ ਘਟ ਜਾਂ ਵਧ ਤਾਂ ਨਹੀਂ ਲਗਵਾਈ ਜਾਂ ਇਕ ਆਦਮੀ ਨੂੰ ਉਸ ਦਾ ਰਕਬਾ ਮਿਲ ਗਿਆ । ਕਿਸੇ ਖਾਸ ਆਦਮੀ ਦੀ ਮਦਦ ਕਰਨ ਵਾਸਤੇ ਇਹ ਦੋ ਦੋ ਮੁਰੱਬਿਆਂ ਵਾਲੀ ਸਕੀਮ ਰਖ ਦਿੰਦੇ ਹਨ । Act ਦਾ ਜੋ ਮਨਸ਼ਾ ਹੈ ਉਸ ਤਰ੍ਹਾਂ ਨਹੀਂ ਕਰਦੇ । C. O. ਜਾਂ A. C. O. ਸਕੀਮ ਤੇ ਅਮਲ ਕਰਨ ਸਮੇਂ ਅਜਿਹੀਆਂ ਗਲਤ ਗੱਲਾਂ ਕਰਦੇ ਹਨ। ਫਿਰ ਜਦੋਂ C. O. ਨੇ publish ਕਰ ਲਿਆ ? 30 ਦਿਨ ਦੇ ਅੰਦਰ ਅੰਦਰ ਗ਼ਰੀਬ ਆਦਮੀ ਨੇ ਪਿੰਡ ਦੇ ਲੋਕਾਂ ਸਾਹਮਣੇ ਇਤਰਾਜ਼ ਕਰਨ ਦਾ ਹੌਸਲਾ ਨਹੀਂ ਕੀਤਾ, ਜਿਸ ਨੇ ਸੋਚਣ ਲਈ ਵਕਤ ਲਾਇਆ ਕਿ ਮੈਂ ਇਹ ਗੱਲ ਕਰਾਂ ਯਾ ਨਾ ਕਰਾਂ । ਕੋਈ ਆਦਮੀ ਪਿੰਡ ਤੋਂ ਗੈਰ ਹਾਜ਼ਰ ਹੈ, ਕੋਈ ਔਰਤ ਹੈ, ਬੇਵਾ ਹੈ, ਇਤਰਾਜ਼ ਨਹੀਂ ਕਰ ਸਕਦੀ, ਨਾਬਾਲਗ ਵਲੋਂ ਇਤਰਾਜ਼ ਨਾ ਹੋਇਆ । ਤਕੜੇ ਆਦਮੀ ਤਾਂ ਇਤਰਾਜ਼ ਕਰ ਲੈਂਦੇ ਹਨ । ਜਿਹੜੇ ਕਮਜ਼ੋਰ ਆਦਮੀ ਇਤਰਾਜ਼ ਨਹੀਂ ਕਰ ਸਕਦੇ । ਉਨ੍ਹਾਂ ਆਦਮੀਆਂ ਨੇ ਅਗਰ 30 ਦਿਨ ਦੇ ਅੰਦਰ ਇਤਰਾਜ਼ ਨਹੀਂ ਕੀਤਾ ਤਾਂ ਉਨ੍ਹਾਂ ਨੂੰ ਹਮੇਸ਼ਾ ਵਾਸਤੇ debar ਕਰ ਦੇਣਾ ਇਹ rule ਦੇ ਖਿਲਾਫ ਚੀਜ਼ ਹੈ । ਉਨ੍ਹਾਂ ਆਦਮੀਆਂ ਨੂੰ ਇਸ ਗੱਲ ਦੀ ਜ਼ਰੂਰਤ ਹੈ । ਮੇਰੇ ਦੋਸਤ ਬਾਬੂ ਬਚਨ ਸਿੰਘ ਸਾਹਿਬ ਕਹਿੰਦੇ ਹਨ ਕਿ ਜਦੋਂ ਮਿਆਦ ਗੁਜ਼ਰ ਜਾਵੇ ਤਾਂ ਮਿਆਦ ਗੁਜ਼ਰਨ ਬਾਅਦ ਉਸ ਕੰਮ ਨੂੰ time-barred ਕਿਹਾ ਜਾਂਦਾ ਹੈ, ਖ਼ੈਰ ਜੇ ਇਕ ਕੇਸ time-barred ਹੋਵੇ ਤਾਂ ਕੀ ਉਹ ਹਮੇਸ਼ਾ ਵਾਸਤੇ time-barred ਹੋ ਜਾਣਾ ਚਾਹੀਦਾ ਹੈ ? ਇਸ਼ਤਮਾਲ ਦੇ ਰੂਲ ਕਹਿੰਦੇ ਹਨ ਕਿ ਇਹ ਨਹੀਂ ਹੋਣਾ ਚਾਹੀਦਾ ਕਿਉਂਕਿ ਇਹ ਕਾਇਦੇ ਤੋਂ ਬਾਹਰ ਹੈ । ਕੋਈ ਐਸਾ ਕਾਨੂੰਨ ਨਹੀਂ ਕਿ ਅਗਰ ਕਿਸੇ ਆਦਮੀ ਦੇ ਖਿਲਾਫ ਇਕ ਤਰਫਾ ਡਿਗਰੀ ਹੋ ਗਈ ਹੋਵੇ ਤੇ ਉਹ 30 ਦਿਨ ਦੇ ਅੰਦਰ ਨਾ ਆਵੇ ਤਾਂ ਉਹ ਬਾਅਦ ਵਿਚ ਨਹੀਂ ਆ ਸਕਦਾ, if he shows sufficient reasonable cause ਉਸ ਨੂੰ ਨਾ ਸੁਣਿਆ ਜਾਵੇ । Limitation Act ਦੀ ਦਫਾ 5 ਵਿਚ, ਜਿਹੜਾ ਕਿ All India Act ਹੈ, ਲਿਖਿਆ ਹੈ ਕਿ ਬਤੌਰ ਇਸ ਗੱਲ ਦੇ ਕਿ various rules ਵਾਸਤੇ Limitation provide ਹੋਵੇ ਅਗਰ ਕੋਈ ਆਦਮੀ ਅਦਾਲਤ ਦੀ ਤਸੱਲੀ ਕਰ ਦਿੰਦਾ ਹੈ ਕਿ ਮੈਂ Limitation ਦੇ ਅੰਦਰ ਨਹੀਂ ਆ ਸਕਦਾ ਸੀ ਤਾਂ ਉਸ ਤੇ ਵਿਚਾਰ ਕਰਕੇ ਉਸ ਨੂੰ

[ਮਾਲ ਮੰਤ੍ਰੀ]

ਸੁਣਿਆ ਜਾਂਦਾ ਹੈ। ਜਨਤਾ ਅਨਪੜ੍ਹ ਹੈ, ਪਿੰਡਾਂ ਦੇ ਗ਼ਰੀਬ ਲੋਕ ਤਾਲੀਮ ਤੋਂ ਮਹਿਰੂਮ ਹਨ, ਜਿਨ੍ਹਾਂ ਨੂੰ ਕਾਇਦੇ ਕਾਨੂੰਨ ਦਾ ਪਤਾ ਨਹੀਂ। ਇਹ ਤਰਮੀਮ ਉਨ੍ਹਾਂ ਦੇ ਭਲੇ ਵਾਸਤੇ ਹੀ ਕੀਤੀ ਜਾ ਰਹੀ ਹੈ। ਅਪੀਲ ਦਾਵਾ ਹੋ ਗਿਆ ਹੈ ਤਾਂ ਉਨ੍ਹਾਂ ਲੋਕਾਂ ਨੂੰ ਮਜਬੂਰ ਕਰਨਾ ਠੀਕ ਨਹੀਂ। ਮੈਂ ਸਮਝਦਾ ਹਾਂ ਕਿ ਇਹ ਗੱਲ ਕਹਿਣੀ ਕਿ ਸਰਕਾਰ ਭੈੜੀ ਹੈ ਦਰੁਸਤ ਨਹੀਂ। They unnecessarily apprehend danger in anything done by the State Government for the betterment of the people.

ਮੈਂ ਮਹਿਸੂਸ ਕਰਦਾ ਹਾਂ ਕਿ ਜੇਕਰ ਪਹਿਲਾਂ power ਲਈ ਹੁੰਦੀ ਤੇ ਫਿਰ ਛੱਡ ਦਿਤੀ ਜਾਂਦੀ ਤਾਂ ਵੀ ਮੇਰੇ ਸਾਥੀ ਇਸ ਗੱਲ ਦੀ ਮੁਖਾਲਫ਼ਤ ਕਰਦੇ। ਮੈਂ ਇਸ ਸਬੰਧ ਵਿਚ ਕੇਵਲ ਇਹ ਅਰਜ਼ ਕਰ ਰਿਹਾ ਸੀ ਕਿ ਸਰਕਾਰ ਇਹ power ਇਸ ਲਈ ਲੈ ਰਹੀ ਹੈ ਕਿ ਜੇਕਰ ਕਿਸੇ ਆਦਮੀ ਨੇ ਮਿਆਦ ਦੇ ਅੰਦਰ C.O. ਪਾਸ ਇਤਰਾਜ਼ ਨਾ ਕੀਤਾ ਹੋਵੇ ਤਾਂ ਜਦੋਂ S.O. ਪਿੰਡ ਵਿਚ ਜਾਵੇ ਤਾਂ ਜੇਕਰ ਕਿਸੇ ਨੇ C.O. ਪਾਸ 30 ਦਿਨਾਂ ਦੀ ਮਿਆਦ ਦੇ ਅੰਦਰ ਕੋਈ ਇਤਰਾਜ਼ ਨਹੀਂ ਦਿਤਾ ਸੀ, ਇਸ ਦੇ ਕਈ ਕਾਰਣ ਹੋ ਸਕਦੇ ਹਨ, ਤਾਂ ਉਹ S.O. ਪਾਸ ਲਿਖਤੀ ਜਾਂ ਜ਼ਬਾਨੀ ਇਤਰਾਜ਼ ਦੇ ਸਕਦਾ ਹੈ। ਕਈ ਐਸੇ ਕੇਸ ਹੋ ਸਕਦੇ ਹਨ ਜਿਥੇ ਕਿ ਇਤਰਾਜ਼ ਕਰਨ ਵਾਲਾ ਕੋਈ ਹਰੀਜਨ ਹੈ ਜਾਂ ਕੋਈ ਬੇਵਾ ਹੈ ਜਾਂ ਯਤੀਮ ਹੈ ਜਾਂ ਕੋਈ ਜ਼ਿਮੀਂਦਾਰ ਵੀ ਹੋ ਸਕਦਾ ਹੈ ਅਤੇ ਮੇਰੇ Hon'ble friends ਇਸ ਗੱਲ ਨੂੰ support ਕਰਨਗੇ ਕਿ ਹਾਲਾਤ ਅਜਿਹੇ ਹੋ ਸਕਦੇ ਹਨ ਅਤੇ ਅਜਿਹੇ ਕੇਸ ਸਾਹਮਣੇ ਆ ਸਕਦੇ ਹਨ ਕਿ ਇਤਰਾਜ਼ ਉਹ ਨਾ ਦੇ ਸਕਿਆ ਹੋਵੇ। ਜਦੋਂ S.O. confirm ਕਰਨ ਵਾਸਤੇ ਜਾਵੇ ਤਾਂ ਉਹ ਇਤਰਾਜ਼ ਕਰ ਸਕੇ। ਇਸ ਤੇ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ। ਇਸ ਤੋਂ ਬਾਅਦ ਵੀ ਦਫਾ 42 ਵਿਚ ਪ੍ਰਬੰਧ ਹਨ ਕਿ ਸਕੀਮ ਦੇ ਖਿਲਾਫ਼ ਇਤਰਾਜ਼ ਕੀਤਾ ਜਾਵੇ। ਇਸ ਦੀ ਅਪੀਲ ਸਰਕਾਰ ਪਾਸ ਦਾਇਰ ਕੀਤੀ ਜਾ ਸਕਦੀ ਹੈ ਜੇਕਰ ਇਸ ਨੂੰ ਰਦ ਨਾ ਕੀਤਾ ਗਿਆ ਹੋਵੇ। ਜੇਕਰ ਰਦ ਕੀਤਾ ਗਿਆ ਹੋਵੇ ਤਾਂ ਉਸ ਨੂੰ ਮੌਕਾ ਮਿਲ ਸਕਦਾ ਹੈ। ਪਰ ਜਦੋਂ S.O. ਪਿੰਡ ਵਿਚ ਜਾਂਦਾ ਹੈ confirm ਕਰਨ ਲਈ ਤਾਂ ਉਹ ਆਪ ਅੱਖਾਂ ਨਾਲ ਸਾਰੇ ਹਾਲਾਤ ਵੇਖਦਾ ਹੈ ਕਿ ਸੜਕ ਕਿਥੋਂ ਕਢੀ ਗਈ ਹੈ ਅਤੇ ਉਥੇ ਮੌਕੇ ਤੇ ਕੋਈ ਇਤਰਾਜ਼ ਆ ਜਾਵੇ ਤਾਂ ਇਤਰਾਜ਼ ਕਰਨ ਦਾ ਮੌਕਾ ਦਿਤਾ ਜਾਣਾ ਚਾਹੀਦਾ ਹੈ। ਇਹ ਕੋਈ ਜ਼ਿਆਦਤੀ ਨਹੀਂ। ਇਸ ਦੇ ਵਿਰੁਧ relief ਲਈ ਵੀ ਹੋਰ ਤਰੀਕੇ ਹਨ। ਫਿਰ ਇਹ ਇਤਰਾਜ਼ ਕੀਤਾ ਗਿਆ ਹੈ ਕਿ ਤਕੜਾ ਆਦਮੀ S.O. ਤੋਂ ਜਿਵੇਂ ਚਾਹੇਗਾ ਕਰਵਾ ਲਏਗਾ। ਪਰ ਇਹ ਗੱਲ ਗ਼ਲਤ ਹੈ। ਜੇਕਰ ਕਿਤੇ ਇਸ ਤਰ੍ਹਾਂ ਦੀ ਗੱਲ ਹੋ ਜਾਵੇ ਤਾਂ ਸਰਕਾਰ ਕੋਲ appeal ਹੋ ਸਕਦੀ ਹੈ। ਫਿਰ Director, Assisstant Director ਅਤੇ Additional Director ਸਾਹਿਬ ਹਨ ਉਹ ਅਪੀਲ ਸੁਣ ਸਕਦੇ ਹਨ। ਦਫਾ 42 ਵਿਚ ਕਾਫ਼ੀ ਪ੍ਰਬੰਧ ਕੀਤਾ ਹੋਇਆ ਹੈ। ਇਹ ਤਰਮੀਮ ਤਾਂ ਇਸ ਲਈ ਹੈ ਕਿ ਜਦੋਂ S.O. ਪਿੰਡ ਵਿਚ ਆਵੇ ਤਾਂ ਉਸ ਸਮੇਂ ਕੋਈ ਆਦਮੀ ਜਿਸ ਨੇ ਪਹਿਲਾਂ C.O. ਪਾਸ ਕੁਝ ਕਹਿਣ ਦਾ ਹੌਸਲਾ ਨਾ ਕੀਤਾ ਹੋਵੇ, ਉਹ ਹੌਸਲਾ ਕਰ ਕੇ ਜੇਕਰ ਇਤਰਾਜ਼ ਕਰੇ ਤਾਂ ਉਸ ਦੇ ਇਤਰਾਜ਼ ਨੂੰ ਸੁਣਿਆ ਜਾਵੇ। ਅਸੀਂ ਇਸ ਬਿਲ ਰਾਹੀਂ ਇਹ ਪ੍ਰਬੰਧ ਕਰ ਰਹੇ ਹਾਂ ਕਿ:

"If any objections are received to the draft scheme published under sub-section (1) of section 19 or to the amended draft published under sub-section (2) of that section.........." then"

"......the Settlement Officer (consolidation) may after taking the objections into consideration together with the remarks thereon of the Consolidation Officer and also after considering the written or oral objections, either confirm the scheme with or without modifications, or refuse to confirm it......"

ਇਹ action ਤਾਂ ਹੀ ਲਿਆ ਜਾ ਸਕਦਾ ਹੈ ਜੇਕਰ ਕੋਈ ਇਤਰਾਜ ਕੀਤਾ ਗਿਆ ਹੋਵੇ । ਜੇਕਰ ਕਲਾਜ਼ 1 ਜਾਂ 2 ਹੇਠ ਇਤਰਾਜ਼ ਨਹੀਂ ਕੀਤਾ ਗਿਆ ਸੀ ਤਾਂ S.O. ਉਨ੍ਹਾਂ ਨੂੰ ਸੁਣ ਸਕੇ । ਇਤਰਾਜ਼ ਜ਼ਬਾਨੀ ਜਾਂ ਲਿਖ ਕੇ ਕੀਤਾ ਜਾ ਸਕਦਾ ਹੈ। ਐਸਾ ਵਿਚਾਰ ਨਹੀਂ ਸੀ ਕਿ ਅਸੀਂ ਕੋਈ ਵਸੀਹ ਇਖਤਿਆਰ ਉਸ ਨੂੰ ਦੇ ਰਹੇ ਹਾਂ। ਇਹ ਤਾਂ ਨਿਹਾਇਤ ਮੁਨਾਸਿਬ powers ਹਨ । ਜੇਕਰ ਕੋਈ ਗਲਤੀ ਹੋ ਗਈ ਹੋਵੇ ਜਾਂ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਹਲ ਹੋ ਜਾਏਗਾ । ਇਹ ਕੋਈ ਬੁਰੀ ਬਾਤ ਨਹੀਂ ਕੀਤੀ ਜਾ ਰਹੀ । ਸਰਦਾਰ ਕਰਤਾਰ ਸਿੰਘ ਹੋਰਾਂ ਨੇ ਤਕਸੀਮ ਦੇ ਖਿਲਾਫ ਕਿਹਾ ਹੈ ।

ਸਰਦਾਰ ਕਰਤਾਰ ਸਿੰਘ ਵਿਲੋਂ : ਤਕਸੀਮ ਬਾਰੇ ਨਹੀਂ ਸਕੀਮ ਬਾਰੇ ।

ਮੰਤ੍ਰੀ : ਮੈਂ ਇਹ ਗੱਲ ਨਹੀਂ ਕਹਿੰਦਾ ਕਿ ਕਿਤੇ ਨੁਕਸ ਨਹੀਂ ; ਹੋ ਸਕਦਾ ਹੈ ਕਿ ਇਨ੍ਹਾਂ ਦੇ ਕਹਿਣ ਵਿਚ ਵਜ਼ਨ ਹੋਵੇ ਅਤੇ ਕਿਸੇ ਨਾਲ ਧਕਾ ਹੋ ਗਿਆ ਹੋਵੇ ਅਤੇ ਕਿਸੇ ਤਕੜੇ ਆਦਮੀ ਨੇ ਆਪਣੇ ਹਕ ਵਿਚ ਕੋਈ ਫੈਸਲਾ ਕਰਵਾ ਲਿਆ ਹੋਵੇ ਅਤੇ ਕਿਸੇ ਦੀ ਹਕ ਤਲਫੀ ਹੋਈ ਹੋਵੇ ਪਰ ਜਦ ਤਕ ਸਾਰੇ ਵਾਕਿਆਤ ਸਾਹਮਣੇ ਨਾ ਹੋਣ ਇਸ ਦਾ ਸਹੀ ਜਾਇਜ਼ਾ ਨਹੀਂ ਲਿਆ ਜਾ ਸਕਦਾ । ਇਕ ਪਾਸੇ ਕਿਸੇ ਦੇ ਹਕ ਵਿਚ ਫੈਸਲਾ ਹੁੰਦਾ ਹੈ ਤਾਂ ਦੂਜੇ ਪਾਸੇ, ਦੂਸਰੇ ਦੀ ਸੋਚ ਮੁਤਾਬਿਕ ਉਸ ਦੀ ਹਕ ਤਲਫੀ ਹੁੰਦੀ ਹੈ । ਇਸ ਲਈ ਹਰ ਪੱਖ ਤੇ ਦੋ ਰਾਵਾਂ ਹੋ ਸਕਦੀਆਂ ਹਨ । ਇਕ ਨਾਲ ਇਨਸਾਫ ਤੇ ਦੂਜੇ ਨਾਲ ਬੇਇਨਸਾਫੀ। ਪਰ ਸਾਨੂੰ ਆਪਣੇ ਅਫਸਰਾਂ ਤੇ depend ਕਰਨਾ ਪੈਂਦਾ ਹੈ ਅਤੇ ਜਿਥੇ ਇਸ ਤਰ੍ਹਾਂ ਦੀ ਕੋਈ ਗੱਲ ਕੀਤੀ ਗਈ ਹੋਵੇ ਤਾਂ ਦਫਾ 42 ਅਨੁਸਾਰ State Government ਪਾਸ ਹਕ ਹੈ ਕਿ ਉਹ ਆਪਣੇ ਨਜ਼ਰੀਏ ਤੋਂ ਫੈਸਲਾ ਕਰੇ । ਜੇਕਰ ਤੁਸੀਂ ਕੋਈ ਇਸ ਤਰ੍ਹਾਂ ਦਾ ਕੇਸ ਮੇਰੇ ਨੋਟਿਸ ਵਿਚ ਲਿਆਉਗੇ ਤਾਂ ਮੈਂ ਜ਼ਰੂਰ ਉਸ ਤੇ action ਲਵਾਂਗਾ ਅਤੇ ਤੁਹਾਡੀ ਤਸੱਲੀ ਕਰਾਂਗਾ ਕਿ ਕੀ ਉਹ ਤਕਸੀਮ ਠੀਕ ਸੀ ਜਾਂ ਨਹੀਂ ।

Deputy Speaker : Question is—

That the East Punjab Holdings (Consolidation and Prevention of Fragmentation) Amendment Bill, be taken into consideration at once.

The motion was carried.

Deputy Speaker : The House will now consider the Bill clause by clause.

CLAUSE 2

श्री मंगल सैन (रोहतक) : उपाध्यक्ष महोदया, मन्त्री महोदय अपने amending bill के द्वारा यह चाहते हैं कि parent Act के अन्दर यह तबदीली लाई जाए कि पहले तो गरीब या affected आदमी किसी भी stage पर S.O. के सामने

[श्री मंगल सैन]

एतराज़ कर सकता था लेकिन अब जब confirm करने के लिये जाएं तो उस समय पर orally या लिख कर अपना एतराज़ पेश कर सकता है। बिल की first reading stage पर मन्त्री महोदय ने यह बात कही कि राम राज्य में, जनता के अपने राज्य में, so called सब अच्छा राज्य में कोई ग्रामीण जुरअत नहीं कर सकता कि सब के सामने यह कहे कि उस के साथ बेइनसाफी हुई है। (Interruptions) या वह गांव से गैर हाज़िर है, विधवा है या नाबालिग है उस को मौका मुहैया किया गया है कि वह Settlement Officer के सामने जा कर अपना एतराज़ पेश करे और उस से shelter ले (Interruptions) मैं निवेदन करना चाहता हूं कि आज से पहले जब यह parent Act बनाया गया था और इस ख्याल से बनाया गया था कि गांवों की ज़मीन बिखरी हुई है और uneconomical साबित हो रही है, लाभकारी नहीं है उस को एक जगह पर इकट्ठा कर दिया जाए ताकि ज़मींदार अपनी ज़मीन से ज्यादा पैदावार निकाल सके। खेती-बाड़ी को अच्छी तरह से कर सके और उस की देख-भाल अच्छी तरह से कर सके। इस मकसद से इस कानून को लागू किया गया था। यह provision रखी गई थी कि किसी को भी इस मामले में एतराज़ हो तो तीस दिन के अन्दर-अन्दर अपना एतराज़ पेश कर सकता है। लेकिन अब यह चाहते हैं कि जब S.O. confirm करने के लिये जाता है तो उस वक्त पर ही एतराज़ कर सकता है। जब यह कहते हैं कि आज के युग में सब को बराबर की opportunities देना चाहते हैं, weaker section और widows को पूरा मौका देना चाहते हैं तो इन्हें यह amendment नहीं करनी चाहिये कुछ लोग हमेशा ruling party के साथ लग कर power को misuse करते हैं।

आप सुबह से लेकर शाम तक देखते हैं कि इस राज में यही कुछ होता है। ऐसी powers लेकर यह उन लोगों को राज़ी रखना चहते हैं जो इन के इर्दगिर्द घूमते हैं, जिन्होंने इनकी elections के वक्त सहायता की होती है या वक्तन फवक्तन सहायता करते रहते हैं। मैं डिप्टी स्पीकर साहिबा, ऐसे वकीलों के नाम बता सकता हूं जो बनी बनाई स्कीमों को बदलवाने के लिए इसी बात के लिए पैसे लेते हैं। वह अपनी वकालत का मेहनताना नहीं लेते बल्कि इसलिए अपने clients से फीस वसूल करते हैं कि वह अपने असरोरसूख की बिना पर उनका काम करवा देंगे। यह निहायत अफसोसनाक बात है। मैं "लूटने" का शब्द तो इस्तेमाल नहीं करता क्योंकि यह भला मालूम नहीं देता लेकिन मैं महसूस करता हूं कि ऐसे लोग अपनी party की ताकत का नाजायज़ तौर पर इस्तेमाल करते हैं।

उपाध्यक्षा : इन सब बातों का बिल के साथ क्या ताल्लुक है ? (How is all this relevant to the Bill?)

श्री मंगल सैन : उन्होंने कहा कि हमें इस बात से डरना नहीं चाहिए, बड़ा मासूम सा बिल है। लेकिन चूंकि इस House का मैम्बर होने के नाते मुझे अपने ख्यालात का इज़हार करने का पूरा अधिकार है इस लिए मैं अपने खदशात आप के सामने बयान कर रहा हूं।

मैं इसलिए कह रहा हूं ताकि मंत्री महोदय House की satisfaction कर सकें, और इस सम्बन्ध में House को confidence में लें। यहां पर बड़ा मासूम सा चेहरा बनाकर कहा जाता है कि बड़ा साधारण सा बिल है लेकिन मुश्किल यह है कि साधारण सा बिल भी बाद में असाधारण बन जाता है। अगर weaker sections की मदद करने के लिए सचमुच सरकार का दिल पसीजा है। अगर इन की नीयत ठीक है तो मेरा सुझाव है कि स्पष्ट तौर पर define करें। इस धारा से बात clear नहीं अस्पष्ट है और हमारा यह खदशा है कि इसका misuse होगा। इसलिए मैं Revenue Minister साहिब से निवेदन करूंगा—जो कि अपनी इमानदारी से मिनिस्टर लगे हैं और अपने ऊपर के bosses या high ups के कहने पर वह अपनी इमानदारी को निभा सकेंगे या नहीं यह तो भगवान जाने या वक्त बताएगा, लेकिन मैं निवेदन करूंगा कि वह हमारी बातों को नोट कर लें और अगर अच्छी लगें तो उसके मुताबिक provision करें ताकि aggrieved persons का भला हो सके।

ਸਰਦਾਰ ਗੁਰਦਿਆਲ ਸਿੰਘ ਢਿੱਲੋਂ (ਤਰਨ ਤਾਰਨ) : ਡਿਪਟੀ ਸਪੀਕਰ ਸਾਹਿਬਾ, ਇਹ ਜਿਹੜਾ ਸੰਸ਼ੋਧਨ ਬਿਲ ਇਸ ਹਾਊਸ ਦੇ ਸਾਹਮਣੇ ਹੈ ਮੈਂ ਸਮਝਦਾ ਹਾਂ ਕਿ ਇਸ ਦੇ ਕਈ ਇਕ ਅੱਛੇ ਅੰਗ ਵੀ ਹਨ ਅਤੇ ਕਈ ਬੁਰੇ ਅੰਗ ਵੀ ਹਨ। ਏਥੇ ਡਾਕਟਰ ਮੰਗਲ ਸੈਨ ਜੀ ਨੇ ਤਾਂ ਕੋਸ਼ਿਸ਼ ਕੀਤੀ ਹੈ ਕਿ ਇਸ ਦੇ ਇਕ ਪਾਸੇ ਦੇ ਫਾਇਦੇ ਜਾਂ ਨੁਕਸਾਨ ਹੀ ਦਸੇ ਜਾਣ। ਦਰਅਸਲ ਗੱਲ ਇਹ ਹੈ ਕਿ ਏਥੇ ਜਿਹੜੀ ਦਫਾ 42 ਹੈ ਇਸ ਦੇ ਵਿਚ ਇਹ ਗੱਲ ਸਾਫ ਕੀਤੀ ਗਈ ਹੈ ਕਿ ਜੇ ਕਿਸੇ ਤਰ੍ਹਾਂ Consolidation ਦੀ Scheme ਦੇ ਤਹਿਤ ਕੋਈ ਨੁਕਸ ਰਹਿ ਜਾਵੇ ਤਾਂ ਉਹ ਦੂਰ ਕਰਨ ਵਾਸਤੇ ਇਸ ਦਫਾ ਦੇ ਅਧੀਨ appeal ਜਾਂ review ਦੇ ਵਾਸਤੇ S.O. ਪਾਸ ਭੇਜਿਆ ਜਾ ਸਕਦਾ ਹੈ। ਇਹ ਇਕ ਬੜਾ ਹੀ short cut method ਇਸ ਬਿਲ ਰਾਹੀਂ ਲਿਆਂਦਾ ਗਿਆ ਹੈ। ਇਸ ਦਫਾ ਅਧੀਨ ਬਹੁਤ ਸਾਰੀ ਦੇਰ appeal ਦੇ ਦੌਰਾਨ ਵਿਚ ਲਗਦੀ ਸੀ ਜਿਹੜੀ ਕਿ ਹੁਣ ਇਸ ਬਿਲ ਰਾਹੀਂ ਖਤਮ ਹੋ ਜਾਣੀ ਚਾਹੀਦੀ ਹੈ। ਇਸ ਬਿਲ ਦੀ ਜਿਹੜੀ ਦਫਾ 20 ਹੈ ਇਸ ਦੀਆਂ ਦੋ Sub-Sections 2 ਔਰ 3 ਹਨ। ਉਸ ਨੂੰ ਹਟਾ ਕੇ ਨਵੀਆਂ ਦੋ ਕਲਾਜ਼ਾਂ 2 ਔਰ 3 ਲਿਆਂਦੀਆਂ ਗਈਆਂ ਹਨ। ਦਫਾ 26 ਦੇ ਮਾਤਿਹਤ S.O. ਜਦੋਂ ਚਾਹੁੰਦਾ ਸੀ ਤਾਂ ਉਹ ਕਿਸੇ ਸਕੀਮ ਨੂੰ ਲਿਆ ਸਕਦਾ ਸੀ ਜਾਂ ਉਸ ਨੂੰ ਹਟਾ ਸਕਦਾ ਸੀ, ਪਰ ਮੈਂ ਹੁਣ ਇਹੋ ਸਮਝਿਆ ਹਾਂ ਕਿ ਤਰੀਕਾ ਕਾਰ ਜ਼ਿਆਦਾ ਅੱਛਾ ਕਰ ਦਿੱਤਾ ਗਿਆ ਹੈ। ਪਹਿਲਾਂ ਦਫਾ 19 ਰਾਹੀਂ ਤਿੰਨ stages ਰੱਖੀਆਂ ਗਈਆਂ ਹਨ। ਪਹਿਲੀ ਅਤੇ ਦੂਸਰੀ stages ਤੇ ਕੋਈ ਇਤਰਾਜ਼ ਹੀ ਨਹੀਂ ਹੁੰਦਾ। ਤੀਸਰੀ stage ਤੇ ਆ ਕੇ S.O. ਨੂੰ ਇਖਤਿਆਰ ਦਿਤੇ ਗਏ ਹਨ। ਜੇ ਤੀਸਰੀ stage ਤੇ ਆ ਕੇ ਵੀ ਕੋਈ ਇਤਰਾਜ਼ ਨਾ ਕਰੇ ਤਾਂ ਵੀ ਉਹ ਉਸ ਦੇ ਉਪਰ ਵਿਚਾਰ ਕਰਕੇ ਵਾਪਸ ਭੇਜ ਸਕਦਾ ਹੈ, ਤਰਮੀਮ ਕਰ ਸਕਦਾ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਤਰੀਕਾ ਦਫਾ 42 ਦਾ ਸੀ appeal ਕਰਨ ਦਾ ਔਰ ਜਿਸ ਦੇ ਵਿਚ ਇਕ ਤਰ੍ਹਾਂ ਦੀ uncertainty ਸੀ Minister ਅਤੇ Director ਤੱਕ ਦੀ liability ਤੱਕ ਉਹ ਸਾਰੀ ਦੀ ਸਾਰੀ ਦੂਰ ਹਟ ਗਈ ਹੈ। ਇਸ ਤਰੀਕੇ ਦੇ ਆਉਣ ਨਾਲ ਹੁਣ ਬਹੁਤ ਸਾਰੀਆਂ ਸਹੂਲਤਾਂ

[ਸਰਦਾਰ ਗੁਰਦਿਆਲ ਸਿੰਘ ਢਿਲੋਂ]
ਹੋ ਗਈਆਂ ਹਨ । ਜਿਵੇਂ ਕਿ ਮੈਂਬਰ ਸਾਹਿਬ ਨੇ ਦਸਿਆ ਹੈ ਕਿ ਇਸ ਵਿਚ ਨਾਜਾਇਜ਼ ਅਸਰੋ ਰਸੂਖ ਵਰਤਿਆ ਜਾਵੇਗਾ, ਪਰ ਐਸਾ ਹੋਣ ਦੇ ਬਾਵਜੂਦ ਵੀ ਮੈਂ ਇਸ ਦੇ ਨਾਲ ਕਾਫੀ ਹੱਦ ਤਕ ਸਹਿਮਤ ਹਾਂ ।

ਇਸ ਦੇ ਇਲਾਵਾ ਇਸ ਦੇ ਵਿਚ ਦੋ ਤਿੰਨ ਗੱਲਾਂ ਐਸੀਆਂ ਹਨ ਜਿਹੜੀਆਂ ਮੈਂ ਉਨ੍ਹਾਂ ਦੇ notice ਵਿਚ ਲਿਆਉਣਾ ਚਾਹੁੰਦਾ ਹਾਂ । ਉਹ ਤਾਂ ਖੁਦ ਵਕੀਲ ਹਨ ਅਤੇ ਇਸ ਗੱਲ ਨੂੰ ਬਖੂਬੀ ਸਮਝਦੇ ਹਨ ਕਿ ਕਈ ਚੀਜ਼ਾਂ ਵਿਚ ਬੁਨਿਆਦੀ ਨੁਕਸ ਵੀ ਰਹਿ ਜਾਂਦੇ ਹਨ, ਮਸਲਨ ਕੋਈ ਖ਼ੋਲਾ ਰਹਿ ਜਾਂਦਾ ਹੈ ਜਾਂ ਫਿਰਨੀ ਠੀਕ ਨਹੀਂ ਬਣਦੀ, ਸਕੂਲ, ਹਸਪਤਾਲ ਜਾਂ ਪੰਚਾਇਤ ਘਰ ਲਈ ਥਾਂ ਨਹੀਂ ਰਹਿੰਦੀ । ਇਹ ਗੱਲਾਂ ਇਸ ਤਰ੍ਹਾਂ ਦੀਆਂ ਹਨ ਜਿਹੜੀਆਂ ਕਿ ਤੀਸਰੀ stage ਤੇ ਆ ਕੇ ਹੀ ਦੂਰ ਕੀਤੀਆਂ ਜਾ ਸਕਦੀਆਂ ਹਨ । ਜਿਥੋਂ ਤੱਕ ਮੈਂ ਸਮਝਦਾ ਹਾਂ ਇਹ ਗੱਲ ਮੈਂ ਬੜੀ ਅਛੀ ਤਰ੍ਹਾਂ ਜਾਣਦਾ ਹਾਂ ਕਿ ਇਹ ਗੱਲਾਂ ਆਮ ਹੁੰਦੀਆਂ ਹਨ ਕਿ ਕਿਸੇ ਹਿਸੇਦਾਰ ਨਾਲ ਮਿਲ ਕੇ adjustment ਕਰ ਲੈਣੀ, ਇਕ ਦਾ ਰਸਤਾ ਬਣਾ ਦੇਣਾ ਅਤੇ ਦੂਸਰੇ ਦਾ ਢਾ ਦੇਣਾ, ਇਹ ਇਸ ਤਰ੍ਹਾਂ ਦੀਆਂ ਚੀਜ਼ਾਂ ਹਨ ਜਿਹੜੀਆਂ weaker section ਪਹਿਚਾਨ ਨਹੀਂ ਸਕਦੀ । ਇਥੋਂ ਤੱਕ ਕਿ ਜਿਹੜੀਆਂ ਹਰੀਜਨਾਂ ਦੀਆਂ ਆਬਾਦੀਆਂ ਹਨ ਉਨ੍ਹਾਂ ਨੂੰ ਰੂੜੀ ਭਰਨ ਲਈ ਟੋਏ ਤੱਕ ਨਹੀਂ ਛਡੇ ਜਾਂਦੇ । ਇਹ ਇਕ ਲਾਜ਼ਮੀ ਚੀਜ਼ ਹੈ । ਮੈਂ ਸਮਝਦਾ ਹਾਂ ਕਿ ਸਰਦਾਰ ਅਜਮੇਰ ਸਿੰਘ ਜੀ ਇਸ ਤੇ ਗ਼ੌਰ ਕਰਨ ਗੇ । ਇਹ ਬਿਲ ਲਿਆ ਕੇ ਵੈਸੇ ਉਨ੍ਹਾਂ ਨੇ ਇਕ ਠੀਕ ਤਰੀਕਾ ਅਪਣਾਇਆ ਹੈ ਜਿਸ ਲਈ ਮੈਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ।

ਦੂਸਰੇ ਪਾਸੇ ਜੇਕਰ ਇਸ ਦੀ ਔਖੀ side ਵਲੋਂ ਵੇਖੀਏ ਕਿ ਜੇਕਰ weaker-section ਦੇ ਖਿਲਾਫ ਕਿਸੇ ਨੇ ਦਫਾ 42 ਦੇ ਹੇਠ ਇਤਰਾਜ਼ ਕੀਤਾ ਹੈ ਤਾਂ ਜ਼ਰੂਰੀ ਹੈ ਉਸ ਦੀ protection ਕੀਤੀ ਜਾਵੇ । ਉਸ ਨੂੰ ਵੀ ਮੌਕਾ ਮਿਲਨਾ ਚਾਹੀਦਾ ਹੈ ਕਿ ਆਪਣੀ ਜਗ੍ਹਾ ਵੇਚ ਕੇ ਕਿਸੇ ਦੂਸਰੀ ਜਗ੍ਹਾ ਹਿਸੇਦਾਰ ਬਣ ਸਕੇ । ਮੈਂ ਇਸ ਗੱਲ ਤੇ ਇਤਰਾਜ਼ ਨਹੀਂ ਕਰਦਾ ਕਿ ਕਿਉਂ ਰਸਤਿਆਂ ਵਗੈਰਾ ਵਿਚ weaker section ਨੂੰ protection ਨਹੀਂ ਦਿਤੀ । ਮੈਨੂੰ ਖਤਰਾ ਇਹ ਹੈ ਕਿ ਇਸ ਤਰ੍ਹਾਂ ਅਸਰੋ-ਰਸੂਖ ਵਿਚ ਆ ਕੇ weaker section ਨੂੰ ignore ਕੀਤਾ ਜਾਵੇਗਾ । ਮੈਂ ਸਮਝਦਾ ਹਾਂ ਕਿ ਇਹ ਇਕ ਬੜੀ ਭਾਰੀ ਜ਼ਿਆਦਤੀ ਹੋਵੇਗੀ ਜਿਸ ਨੂੰ ਕਿਸੇ ਤਰ੍ਹਾਂ ਵੀ ਦੂਰ ਕਰਨਾ ਚਾਹੀਦਾ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਇਹ ਹਾਲਤ ਹੈ ਕਿ ਅਫਸਰ ਦਿਆਨਤਦਾਰ ਹੁੰਦਿਆਂ ਹੋਇਆਂ ਸਹੀ ਕੰਮ ਕਰਨ ਤੋਂ ਡਰਦੇ ਹਨ । ਉਨ੍ਹਾਂ ਦੇ ਕੰਮਾਂ ਵਿਚ ਇਤਨੀ ਦਖਲਅੰਦਾਜ਼ੀ ਕੀਤੀ ਜਾਂਦੀ ਹੈ ਕਿ ਉਹ ਵਿਚਾਰੇ ਸਹੀ ਕੰਮ impartial ਤਰੀਕੇ ਦੇ ਨਾਲ ਕਰ ਹੀ ਨਹੀਂ ਸਕਦੇ । ਤੁਸੀਂ ਜਾ ਕੇ ਦੇਖੋ ਅਜ ਥਾਂ ਥਾਂ, ਪਿੰਡ ਪਿੰਡ ਛੋਟੇ ਛੋਟੇ ਵਜ਼ੀਰ ਅਤੇ ਡਿਪਟੀ ਵਜ਼ੀਰ ਬਣ ਕੇ ਬੈਠੇ ਹੋਏ ਹਨ । ਉਹ ਸ਼ਖਸ ਤਹਿਸੀਲਾਂ ਅਤੇ ਥਾਣਿਆਂ ਵਿਚ ਛੋਕਾਂ ਨੂੰ ਲੈ ਕੇ ਫਿਰਦੇ ਰਹਿੰਦੇ ਹਨ ਅਤੇ ਅਫਸਰਾਂ ਨੂੰ ਮਜਬੂਰ ਕਰਕੇ ਕਹਿੰਦੇ ਹਨ ਕਿ ਫਲਾਣੇ ਦਾ ਕੰਮ ਕਰਨਾ ਹੈ ਅਤੇ ਫਲਾਣੇ ਦਾ ਨਹੀਂ ਕਰਨਾ । ਜਿਥੇ ਇਸ ਤਰ੍ਹਾਂ ਦੇ ਹਾਲਾਤ ਹੋਣ ਉਥੇ ਇਨਸਾਫ ਦੀ ਕਿਸ ਤਰ੍ਹਾਂ ਤਵੱਕੋ ਰਖੀ ਜਾ ਸਕਦੀ ਹੈ । ਇਹ ਤਾਂ ਮੈਂ unofficial Ministers ਦੀ ਗੱਲ ਕੀਤੀ ਹੈ । ਬਾਕੀ ਸਾਡੇ ਜਿਹੜੇ ਇਥੇ ਮਨਿਸਟਰ ਸਾਹਿਬਾਨ ਬੈਠੇ ਹੋਏ ਹਨ, ਇਨ੍ਹਾਂ ਦਾ ਵੀ ਉਹੋ ਹੀ ਹਾਲ ਹੈ । ਇਨ੍ਹਾਂ

ਦੇ ਕੋਲ ਵੀ ਲੋਕ ਆ ਕੇ ਬੈਠੇ ਹੀ ਰਹਿੰਦੇ ਹਨ। ਇਨ੍ਹਾਂ ਹਾਲਾਤ ਦੇ ਵਿਚ ਅਫਸਰਾਂ ਲਈ ਸਹੀ ਕੰਮ ਕਰਨਾ ਨਾਮੁਮਕਿਨ ਹੋ ਜਾਂਦਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਜਨਤਾ ਨੂੰ ਇਹ ਖਿਆਲ ਹੋ ਜਾਵੇ ਕਿ ਸਾਨੂੰ ਸਿਧੇ ਗਿਆਂ ਇਨਸਾਫ ਨਹੀਂ ਮਿਲਣਾ ਅਤੇ ਉਹ ਵਿਚਾਰੇ ਕਿਸੇ ਨਾ ਕਿਸੇ ਏਜੰਸੀ ਰਾਹੀਂ ਜਾਣ ਦੀ ਕੋਸ਼ਿਸ਼ ਵਿਚ ਰਹਿਣ ਤਾਂ ਉਸ ਸਰਕਾਰ ਦੀ ਕਿਸ ਤਰ੍ਹਾਂ ਸ਼ਲਾਘਾ ਹੋ ਸਕਦੀ ਹੈ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਦੇ ਵਿਚ ਤੁਹਾਨੂੰ confidence ਪੈਦਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪੂਰਾ ਇਨਸਾਫ ਮਿਲੇਗਾ ਅਤੇ ਤੁਹਾਨੂੰ ਅਫਸਰਾਂ ਦੇ ਕੰਮਾਂ ਵਿਚ ਬਿਲਕੁਲ ਦਖਲ ਨਹੀਂ ਦੇਣਾ ਚਾਹੀਦਾ। ਇਹ ਜਿਹੜੀ amendment ਪਾਸ ਕਰਵਾਈ ਜਾ ਰਹੀ ਹੈ ਇਸ ਨੂੰ ਇਸਤੇਮਾਲ ਕਰਨ ਦੇ ਵੇਲੇ ਖਾਸ ਖਿਆਲ ਰਖਣਾ ਪਏਗਾ ਤਾਕਿ weaker section ਦੇ ਨਾਮ ਦੇ ਪਰਦੇ ਹੇਠ ਇਸ ਦਾ misuse ਨਾ ਹੋਣਾ ਸ਼ੁਰੂ ਹੋ ਜਾਵੇ।

चौधरी इन्द्र सिंह मलिक (सफीदों) : जनाब जो आज तरमीम यहां पर पेश है इस के लिए मैं वजीर साहिब को मुबारकबाद देता हूं क्योंकि यह तरमीम निहायत जरूरी है। कई बार यह होता है कि मुरब्बाबन्दी का जो अमला है वह मियाद निकाल देता है मगर जमींदारों को इस का पता नहीं चलता। इस वजह से बाद में उन बेचारों को दर बदर मारे मारे फिरना पड़ता है। वजीरों की कोठियों के इर्द गिर्द चक्कर लगाना पड़ता है। हजारों रुपया बरबाद हो जाता है। इन सब वजूहात से S.O. को एतराजात सुनने की इजाज़त देना ताकि वह मुनासब कार्यवाही कर सके, अच्छी बात है। कई बार देहात में रहने वाले हरिजनों, बेवाओं या नाबालिगान को scheme की confirmation का पता नहीं चलता। एक महीने की मियाद मुकर्रर कर दी जाती है और अगर उस दौरान में तहरीरी एतराज न आए तो S.O. को इस बात का इल्म होते हुए भी कि यह स्कीम नुकसदार है उस को confirm करना पड़ता था। इस defect को दूर किया गया है इस लिए यह अच्छी तरमीम है। मगर देखना यह है कि इस का इस्तेमाल कैसे होता है। इस का नाजायज़ इस्तेमाल नहीं होना चाहिए। इस का इस्तेमाल सिर्फ कांग्रेसियों या दूसरे powerful आदमियों के लिये नहीं होना चाहिए।

कई दफा स्कीम की confirmation का पता नहीं चलता था। बाद में दी गई दरखास्तें रद्द कर दी जातीं थीं। मिसाल के तौर पर जींद Sub-Division के गांव हथवाला का केस है। वहां आठ दस साल से मुरब्बा बन्दी हो चुकी थी। एतराजात वजीर साहिब के पास आए थे वह रद्द कर दिए गए। मगर अब वहां पर दोबारा तकसीम हो रही है। तकसीम को तो रद्द कर दिया गया है मगर सारी स्कीम को रद्द नहीं किया गया कीमतों को रद्द नहीं किया गया। तकसीम ही रद्द की गई है। अब वहां पर Consolidation Officer ने धांधली मचा रखी है। सारा गांव वजीरों की कोठियों के गिर्द मारा मारा फिर रहा है। रिश्वतें चल रही हैं और लोगों को भारी मुश्किलात का सामना करना पड़ रहा है और वह लोग बरबाद हो रहे हैं। इस केस को वजीर साहिब मंगा कर देखें। उन लोगों को इनसाफ नहीं मिला है। इस में यह

[चौधरी इन्द्र सिंह मलिक]

नुक्स रहा कि तकसीम को ही रद्द किया गया और स्कीम और कीमतों को रद्द नहीं किया गया। आयंदा ऐसी बात नहीं होनी चाहिए। इस की वजह से आज उस गांव की 90 फीसदी आबादी मारी मारी फिर रही है।

एक और बात जो मैं ने अर्ज़ करनी है वह यह है कि जिस वक्त स्कीम बन जाती है तो A.C.O. और नीचे का जो स्टाफ है मशावरती कमेटी से मश्विरा नहीं लेता। अपनी ही तरफ से स्कीम बना कर उन लोगों के दस्तखत करा लेता है या अंगूठे लगवा लेता है। इस लिए यह जरूरी है कि उन से दस्तखत कराने से पहले सारी स्कीम उन को अच्छी तरह से समझा दी जाए। पहले तो वैसे ही उन से दस्तखत करा लिये जाते हैं और बाद में फिर जब एतराजात आते हैं तो उन को रद कर दिया जाता है। अगर पहले ही C.O. और A.C.O. अच्छी तरह से एतराजात को सुन कर finalise करें तो फिर लोगों को Director या वज़ीर साहिबान के पास शिकायत करने की गुंजाइश न हो। इस लिए निचले दर्जे के स्टाफ को हिदायात दी जाएं कि वह पूरी तरह से इस तरफ ध्यान दें ताकि न तो लोगों को तकलीफ हो और न ही उन को पैसा बरबाद करना पड़े। और consolidation अच्छी तरह से सफल हो सकें।

मैं ज्यादा न कहते हुए आखिर में फिर मिनिस्टर साहिब को मुबारकबाद देता हूं कि इन्होंने यह बिल लाकर देहात के लोगों को फायदा पहुंचाया है।

11.00 A.M.

चौधरी नेत राम (हिसार सदर) : डिप्टी स्पीकर साहिबा, विचाराधीन बिल का उद्देश्य ज़मीनों के छोटे छोटे टुकड़ों को इकट्ठा करना है। और मैं समझता हूं कि यह एक प्रशंसनीय कदम है।

आदरणीय डिप्टी स्पीकर साहिबा, इस तरमीमी बिल को हाउस में पेश करते हुए concerned मिनिस्टर साहिब ने अपनी मीठी वाणी की बहुत सुन्दरता दिखाई है जिस से Opposition के अन्दर जो consolidation के काम को समझने वाले साथी हैं उन को बड़ी खुशी हुई है। लेकिन मैं आप के द्वारा सभी देहात में और खास तौर पर हमारे गांव में जो मुरब्बेबन्दी का काम हो रहा था उस की कुछ मिसालों के रूप में हाउस के सामने असली तस्वीर रखना चाहता हूं। जहां पहले किल्ला बन्दी हुई, जहां कि एकड़ों के किल्ले बनाये गये तो उस से ताल्लुक रखने वाले महकमा ने यहां तक किया कि जो मुजारे अपने मालकों की ज़मीन को कई कई सालों से बोया करते थे उन की गिरदावरियों को record में से तबदील कर के, उन्हें मुज़ारों के 50,50 साल के पुराने हक से वंचित कर के खूब पैसे इकट्ठे किये हैं और इन के द्वारा मालिक ने मुजारे के हक को और एक मुज़ारे ने दूसरे मुज़ारे के हक को या एक मालिक ने दूसरे मालिक के हक को खूब छीना है। इस तरह से बजाये इस बात के इस कि महकमे के लोगों से उन लोगों को फायदा होता, उन को नुकसान पहुंचा है। इसी तरह से जब उन की ज़मीनों की कीमतें मुकर्रर की गई तो चन्द लोग जो बड़े चालाक थे उन्हों ने कांग्रेस पार्टी के सरकरदा आदमियों से या सरकार के कर्मचारियों और अफसरों से मिलकर नाजायज़ कीमतें लगवा लीं।

अगर उन की जमीन की कीमत चार आने थी तो उन्हों ने 10 आने या 12 आने लगवा ली और अगर उन की जमीन की कीमत 12 या 14 आने थी तो उस की उन्होंने एक रुपये या एक रुपये दो या चार आने तक लगवा ली। इस तरह से जब स्कीम बनी तो उन चालाक आदमियों के blocks बनाये गये और उन के blocks में अफसरों की तरफ से यहां तक किया गया कि उन को हर तरह से फायदा पहुंचे और उन के blocks सब से अच्छी जमीन जो थी वहां पर बनाये गये। वे लोग, जो यहां के बड़े बड़े लीडरों से ताल्लुक रखने वाले हैं जिन के इशारों पर यहां तमाम काम होते हैं उन की मदद से या रिश्वत दे कर, उन्होंने बहुत नाजायज बातें करा कर, फायदा उठाया है। वहां पर खूब रिश्वत चली और इस महकमा के कर्मचारियों ने जमीन के मालिकों और किसानों को दिल खोल कर लूटा है। इस स्कीम के तहत बजाये इस बात के कि अच्छी और माड़ी जमीनों को इकट्ठा किया जाता, हुआ यह कि छोटे किसानों की जो अच्छी जमीनें थीं वह उन से ले कर उन चालाक आदमियों को दे दी गई और जो गरीब और छोटे मालिक या मुज़ारे थे उन्हें माड़ी ज़मीनें दी गईं। अब जो माल मन्त्री जी ने मीठी वाणी में कहा है कि जहां कहीं गरीब लोगों के साथ बेइनसाफी हुई है इस बिल के द्वारा उन्हें इनसाफ दिया जायेगा, मैं उन से यह पूछना चाहता हूं कि क्या उन की वाणी पूरी उतरेगी। क्या वह इस हाउस में यह assurance देंगे कि जिन गरीबों को उन के जायज़ हकों से महरूम रखा गया है और उन के हक वहां के चालाक आदमियों को दिलाये गये हैं क्या यह अब फिर इन से वह वापस लेकर उन गरीबों को दिलाये जायेंगे। आज तक तो उन को शुनवाई का मौका नहीं दिया गया तो क्या आज भी खुले आम उन की लूट खसूट की छुटी दी जायेगी। अगर वह इस बात को मानते हैं जैसा के उन्होंने लिखित रूप में बड़ी सुन्दरता के साथ यह बिल पेश किया है और इस को पेश करते हुए इन्होंने अपनी language में बड़ी सुन्दरता और मिठास दिखाई है तो मैं उन से पूछता हूं कि क्या जिन अफसरों ने वहां पर इतनी धांधली मचा रखी है क्या यह उन के खिलाफ enquiry करायेंगे और जिन चालाक लोगों ने गरीब लोगों के हक पर छापा मारा है क्या उन के खिलाफ भी कोई action लिया जायेगा। अगर ऐसा नहीं होगा तो आदरणीय डिप्टी स्पीकर साहिबा, इस तरमीमी बिल लाने का कोई फायदा नहीं।

अब मैं आप के ज़रिये मिनिस्टर साहिब को बताता हूं कि इस किल्ला बन्दी के दौरान हमारे गांव सहाड़वा में क्या कुछ हुआ है। पहले गांव में हरिजनों के लिये ज़मीन छोड़ी जाती थी और फेरनी दी जाथी भी जैसा के इस बारे में अभी मिनिस्टर साहिब ने बताया है कि हरिजनों के लिये फेरनी दी गई है। मैं उन्हें बताता हूं कि वहां यहां तक किया गया है कि जो मुसावी पहले तैयार की गई थी, उस में क्योंकि उन लोगों के नाम बहुत थे, वहां पर S.O. ने हुक्म कर दिया कि उन को कम कर के नई मुसावी बना कर फिर plots काटो। इस का नतीजा यह हुआ कि पहले जहां हरिजनों को अच्छे plots मिल गये थे वे उन से ले कर दूसरे चालाक आदमियों को दे दिये गये हैं और हरिजनों को वह plots दिये गये हैं जो नीची जगह पर थे। इस किस्म की जो चीजें की गई हैं तो क्या मिनिस्टर साहिब उन की enquiry करा के उन लोगों के साथ इनसाफ करेंगे।

[चौधरी नेत राम]

इस्तेमाल में क्या नहीं हुआ। इन चीज़ों को रोकने के लिये क्या यह किया जायेगा कि उन अफसरों के खिलाफ enquiry करा के कोई action लिया जाये आदरणीय डिप्टी स्पीकर साहिबा, मैं आप से निवेदन करना चाहता हूं कि मेरे गांव सहाड़वा, तहसील भिवानी में बहुत majority छोटे मालिकों और छोटे मुज़ारों की है लेकिन उन की ज़मीनों की कीमतें उन की मर्ज़ी के विरुद्ध मुकर्रर की गई हैं और उन की मर्ज़ी के खिलाफ स्कीम मुकर्रर की गई है। इस का नतीजा यह हुआ है कि सारे गांव के लोग यहां मारे मारे फिर रहे हैं। तो आदरणीय डिप्टी स्पीकर साहिबा, मैं आप के द्वारा मिनिस्टर साहिब से पूछता हूं कि क्या वह यहां आज हाउस के अन्दर यकीन दिलायेंगे कि जो गरीब किसानों की लूट खसूट की गई है जो धांधली मचाई गई है क्या यह इस सब की enquiry करा कर उन लोगों को इनसाफ दिया जायेगा। अगर ऐसा न किया गया तो इन का socialistic pattern जिस का यह नारा लगाते रहते हैं ऐसे ही रह जायेगा। आदरणीय डिप्टी स्पीकर साहिबा, मैं इन के socialistic pattern की मिसाल आप के सामने रखना चाहता हूं। आप बाहर की बात को तो रहने दीजिये यहां पर भी आप देखें कि इसी हाउस में क्या कुछ किया जा रहा है। यहां पर कई तरह की galleries हैं। कोई मिनिस्टरों की gallery है, कोई गवर्नर की gallery है कोई स्पीकर की gallery है और कोई आम visitors की gallery है लेकिन हरेक मैम्बर सिर्फ एक ही आदमी के लिये पास की सिफारिश कर सकता है और उस के मुकाबिला में मिनिस्टर चाहे कितने ही आदमियों के लिये पास बनवा लें। तो क्या इस इमतियाज़ को भी नहीं मिटाया जा सकता। (बार बार घंटी की आवाज़)।

उपाध्यक्षा : आप की आवाज़ के सामने मेरी घंटी भी काम नहीं देती। मैं आप से दरखास्त करूंगी कि अब आप आपनी speech खत्म करें और बैठ जायें। (The ringing of the bell is drowned in the Stentorian voice of the hon. Member and has failed to draw his attention. Now, I would request him to finish his speech and resume his seat.)

चौधरी नेत राम : आदरणीय डिप्टी स्पीकर साहिबा, मैं अब अपनी जगह लेने से पहले वज़ीर साहिब से यह पूछना चाहता हूं कि क्या जो पंजाब के मज़लूम लोग हैं जिन के साथ चालाक लोगों ने अपना असरो रसूख बरत कर सरकारी अफसरों से बेइनसाफी कराई है क्या उन को इनसाफ दिलाने की assurance देंगे, कि उन्हें उन का हक दिया जायेगा और समानता दी जायेगी।

मैं आप का शुक्रगुज़ार हूं जो आप ने मुझे हाउस में बोलने के लिये मौका दिया है।

ਮਾਲ ਮੰਤ੍ਰੀ (ਸਰਦਾਰ ਅਜਮੇਰ ਸਿੰਘ) : ਮੈਂ ਸਮਝਦਾ ਹਾਂ ਕਿ ਇਸ ਬਲਾਕ ਤੇ ਅਤੇ ਇਸ ਬਿਲ ਤੇ ਕਾਫੀ ਬਹਿਸ ਹੋ ਚੁਕੀ ਹੈ। ਇਸ ਦੇ good and bad points ਜੋ possibly ਕਹੇ ਜਾ ਸਕਦੇ ਸਨ ਉਨ੍ਹਾਂ ਦੇ ਮੁਤੱਲਿਕ ਕਾਫੀ ਕੁਝ ਕਿਹਾ ਜਾ ਚੁਕਾ ਹੈ। ਮੈਂ ਸਿਰਫ ਇਕ ਚੀਜ਼ add ਕਰਨੀ ਚਾਹੁੰਦਾ ਹਾਂ ਕਿ ਦਫ਼ਾ 36 ਵਿਚ

S.O ਨੂੰ power ਸੀ ਕਿ ਸਕੀਮ confirm ਕਰਨ ਤੋਂ ਬਾਅਦ ਵੀ ਜੇ ਉਸ ਨੂੰ ਪਤਾ ਲਗੇ ਕਿ ਇਸ ਦੇ ਵਿਚ ਨੁਕਸ ਹੈ ਤਾਂ ਉਹ ਉਸ ਨੂੰ revoke ਕਰ ਸਕਦਾ ਹੈ । ਇਸ ਦੀ ਉਸ ਨੂੰ power ਹੋਵੇਗੀ, ਜੇ ਉਹ ਸਮਝਦਾ ਹੋਵੇ ਤਾਂ ਮੌਕੇ ਤੇ ਜਾ ਕੇ ਦੇਖੇ । ਸਿਰਫ ਇਸ ਕਰਕੇ ਰੋਕਣਾ, ਕਿ ਇਸ ਦੇ ਮੁਤਲਿਕ ਇਤਰਾਜ਼ ਨਹੀਂ ਕੀਤਾ ਗਿਆ ਜਾਂ ਪਹਿਲਾਂ ਇਤਰਾਜ਼ ਨਹੀਂ ਕੀਤਾ, ਠੀਕ ਨਹੀਂ । ਮੈਂ ਸਮਝਦਾ ਹਾਂ ਕਿ ਉਸ ਨੂੰ ਇਹ power ਨਾ ਦੇਣਾ ਮੁਨਾਸਬ ਨਹੀਂ । ਬਾਕੀ ਕਈ ਚੀਜ਼ਾਂ ਏਥੇ ਆਖੀਆਂ ਗਈਆਂ ਕਿ ਉਨ੍ਹਾਂ ਦੇ ਖਿਆਲ ਦੇ ਮੁਤਾਬਕ consolidation ਵਿਚ ਕਈ ਥਾਂ ਬੇਇਨਸਾਫੀ ਹੁੰਦੀ ਹੈ ਜਾਂ ਹੋਈ ਹੈ । ਇਸ ਦੇ ਮੁਤਲਿਕ ਆਖਿਆ ਗਿਆ ਹੈ ਕਿ ਮੈਂ ਇਨ੍ਹਾਂ ਬੇਇਨਸਾਫੀਆਂ ਨੂੰ ਦੂਰ ਨਹੀਂ ਕਰਦਾ । ਕਈ ਇਕ ਥਾਂ ਹਨ ਜਿਥੇ ਖਰਾਬੀ ਹੁੰਦੀ ਹੈ । ਜਿਥੇ 5,000 ਪਟਵਾਰੀ ਤੇ ਹਜ਼ਾਰ ਹੋਰ ਹੁੰਦੇ ਹਨ–C.O. ਗਿਰਦਵਾਰ ਕਾਨੂੰਗੋ–6,000 ਦੇ ਕਰੀਬ ਕੰਮ ਕਰਨ ਵਾਲੇ ਬੰਦੇ ਹੋਣ ਤੇ 23 ਲੱਖ ਏਕੜ ਜ਼ਮੀਨ ਦੀ partition ਕਰਨੀ ਹੋਵੇ ਅਤੇ ਉਸ ਦੇ ਨਾਲ ਸਬੰਧ ਹੋਵੇ ਕਈ ਹਜ਼ਾਰ right holders ਦਾ, ਮਾਲਕਾਂ, ਗ਼ੈਰ ਮਾਲਕਾਂ, ਪਿੰਡਾਂ ਦੀ 80 ਫੀ ਸਦੀ ਆਬਾਦੀ ਦਾ ਤਅਲੁਕ ਹੋਵੇ, ਜਿਸ ਤਰ੍ਹਾਂ ਇਨਸਾਨੀ ਫਿਤਰਤ ਹੈ, ਹਰ ਇਕ ਆਦਮੀ ਆਪਣਾ ਜ਼ਿਆਦਾ ਲਾਲਚ ਕਰਕੇ ਦੂਜੇ ਦਾ ਹੱਕ ਮਾਰਨਾ ਚਾਹੁੰਦਾ ਹੈ । ਅਜਿਹੀ ਹਾਲਤ ਵਿਚ ਗ਼ਲਤੀ ਹੋ ਜਾਣੀ ਮੈਂ ਸਮਝਦਾ ਹਾਂ ਕਿ ਇਕ ਇਨਸਾਨੀ ਫਿਤਰਤ ਦੀ ਗਲ ਹੈ । ਇਸ ਨੁਕਤਾ ਨਿਗਾਹ ਨਾਲ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਇਸ ਦੇ ਵਿਚ ਘਟ ਤੋਂ ਘਟ ਖਰਾਬੀ ਹੋਵੇ । ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੀ ਗਿਆਤ ਵਾਸਤੇ, ਹਾਊਸ ਦੀ ਗਿਆਤ ਵਾਸਤੇ ਅਰਜ਼ ਕਰਦਾ ਹਾਂ ਕਿ ਮੇਰੇ ਨੋਟਿਸ ਵਿਚ ਐਸੀਆਂ ਗੱਲਾਂ ਹਨ ਜੋ ਤਿੰਨ ਪਿੰਡਾਂ ਦੀਆਂ ਹਨ । ਮੈਨੂੰ ਉਨ੍ਹਾਂ ਦੇ ਨਾਉਂ ਯਾਦ ਨਹੀਂ । ਓਥੇ Advisory Committee ਦੇ ਬੰਦਿਆਂ ਨੂੰ scheme ਬਨਾਉਣ ਲਈ ਦਿਤੀ । ਓਥੋਂ ਦੀ Harijan population ਬਾਰੇ ਬੜਾ ਇਤਰਾਜ਼ ਕੀਤਾ ਕਿ ਇਨ੍ਹਾਂ ਨੂੰ ਐਨੀ ਜਗਾਹ ਨਹੀਂ ਦੇਣੀ । ਇਕ ਥਾਂ ਇਕ ਪਿੰਡ ਵਿਚ ਆਬਾਦੀ ਤੋਂ ਬਾਹਰ ਟੋਡੇ ਤੇ ਜਾ ਕੇ ਪਲਾਟ ਕਟ ਦਿਤੇ, ਜੋ ਕਿ scheme ਵਿਚ provide ਕੀਤਾ ਹੋਇਆ ਸੀ । ਜਿੰਨਾ ਚਿਰ ਇਨ੍ਹਾਂ ਤਿੰਨਾਂ ਪਿੰਡਾਂ ਦੇ ਇਹ ਨੁਕਸ ਦੂਰ ਨਹੀਂ ਹੁੰਦੇ ਅਗਾਂਹ ਕੰਮ ਨਹੀਂ ਕਰਨ ਦੇਣਾ । ਐਸੇ ਹਾਲਾਤ ਸਾਡੇ ਸਾਹਮਣੇ ਆਉਂਦੇ ਹਨ । ਇਸ ਵਾਸਤੇ ਅਸੀਂ ਇਹ ਚਾਹੁੰਦੇ ਹਾਂ ਕਿ ਜਦ ਐਸੀਆਂ ਗਲਾਂ ਚਲਦੀਆਂ ਹੋਣ ਇਹ ਵੀ ਕੋਈ ਚੰਗੀ ਗੱਲ ਨਹੀਂ । ਜਿਹੜੇ ਹੇਠਲੇ ਅਫਸਰ ਹਨ ਉਨ੍ਹਾਂ ਨੂੰ ਅਖਤਿਆਰਾਤ ਹੋਣ । ਉਨ੍ਹਾਂ ਅਖਤਿਆਰਾਤ ਦੀ ਵਰਤੋਂ ਠੀਕ ਕਰਾਈ ਜਾਵੇ । ਜੇ ਉਨ੍ਹਾਂ ਦੀ ਵਰਤੋਂ ਵਿਚ ਨੁਕਸ ਹੋਵੇ ਤਾਂ ਉਹ ਅਫਸਰ ਫੜੇ ਜਾਣ । ਮੈਂ ਸਮਝਦਾ ਹਾਂ ਕਿ ਇਸ ਦੇ ਬਾਰੇ ਇਕੱਲੇ Settlement Officer ਨੂੰ ਹੀ ਇਹ ਤਾਕਤ, power ਦੇਣੀ ਚਾਹੀਦੀ ਹੈ । ਮੈਂ ਹਾਊਸ ਨੂੰ ਅਪੀਲ ਕਰਾਂਗਾ ਕਿ ਇਸ ਦੇ ਮੁਤੱਲਿਕ ਕੋਈ ਇਤਰਾਜ਼ ਨਹੀਂ ਕਰਨਾ ਚਾਹੀਦਾ ।

Deputy Speaker : Question is—

That Clause 2 stand part of the Bill.

After ascertaining the votes of the Members by voices, Deputy Speaker said "I think the Ayes have it". This opinion was challenged and division was claimed. Deputy Speaker after calling upon those Members who were for "Aye" and those who were for "No", respectively to rise in their places and on a count having been taken, declared that the motion was carried.

The motion was carried (Cheers)

CLAUSE I

Deputy Speaker : Question is—

That Clause I stand part of the Bill.

The motion was carried.

TITLE

Deputy Speaker : Question is—

That Title be the Title of the Bill.

The motion was carried.

Minister for Revenue (Sardar Ajmer Singh) : Madam, I beg to move—

That the East Punjab Holdings (Consolidation and Prevention of Fragmentation) Amendment Bill be passed.

Deputy Speaker : Motion moved—

That the East Punjab Holdings (Consolidation and Prevention of Fragmentation) Amendment Bill be passed.

श्री रूप लाल मेहता (पलवल) : डिप्टी स्पीकर साहिबा, मैं अर्ज करना चाहता हूं कि आज यह Amending Bill पेश कर के मन्त्री महोदय ने गरीब लोगों पर बड़ा एहसान किया है। लोगों को चक बंदी के सिलसिले में बड़ी तकलीफों का सामना करना पड़ता था। मुझे अपने इलाके का तजरुबा है कि जब स्कीम को implement करने का समय आता था तो weaker section की कोई सुनवाई नहीं होती थी। जो influence वाले लोग होते थे वे अपनी ज़मीनों की कीमतें बढ़वा लेते थे और अच्छी जगह पर अपनी ज़मीन अलाट करवा लेते थे। इस के मुकाबले में गरीब लोगों को घटिया ज़मीन अलाट हो जाया करती थी। मन्त्री महोदय ने वक्त की नज़ाकत को देखते हुए और गरीब लोगों की तकलीफ को मद्देनज़र रखते हुए यह बिल पेश किया है। इस से चक बंदी का मसला आसान हो जाएगा। मैं एक public worker की हैसियत से जानता हूं कि हरिजनों को कितनी कठिनाइयों का सामना करना पड़ता था। पलवल तहसील के एक गांव असावटा में बिस्वेदार हरिजनों को बसाने के लिये ज़मीन गांव से बाहर जीहड़ में दे दी गई और तगड़े ज़मीदारों ने अपने लिये ज़मीन फिरनी में रखवा ली। जब मैं ने मामाला उठाया तो इस मामले का फैसला हुआ और ज़मीन

हरिजनों को गांव के अन्दर दी गई। इस तरह से जब स्कीमों पर अमल होता है तो तगड़े लोग गरीब हरिजनों को नुक्सान पहुंचाने का प्रयत्न करते हैं। जो amendment मंजूर करने के लिए House में बिल लाया गया है उससे गांव के weaker sections के, गरीब तबके के, हरिजनों के हकूक की हिफाज़त होगी और इस तरह से चकबन्दी के असूल का जो मकसद है उसे पूरा करने में बड़ी मदद मिलेगी। मैं नहीं समझता कि हर अच्छी चीज़ का विरोध करना कहां तक अक्लमन्दी है। बुरी बात का तो विरोध करना ही चाहिए लेकिन सितमज़रीफी की बात यह है कि अच्छी बात का भी विरोध किया जाता है। यह democracy के इस युग में एक हवा ही चल पड़ी है कि जब weaker sections के तहफ्फुज़ के लिए कोई इन्तज़ाम किया जाए तो भी यह कहा जाता है कि इससे political capital बनाने की कोशिश की जा रही है। डिप्टी स्पीकर साहिबा, इसमें political फायदे की कोई बात नहीं है। आप देखें कि जब किसी scheme की बाबत अफसरान को कहा जाता था तो वह कहते थे कि हम इसमें कोई तबदीली नहीं कर सकते क्योंकि Advisory Committee ने इसे पास किया हुआ है। Weaker sections को उससे कोई फायदा नहीं हो सकता था। मैं समझता हूं कि यह amending bill पेश करके वज़ीर साहिब ने वक्त की नज़ाकत का एहसास किया है। इसके लिए मैं उन्हें मुबारकबाद देता हूं और आप का धन्यवाद करता हूं कि आपने मुझे अपने ख्यालात का इज़हार करने का मौका दिया।

ਕਾਮਰੇਡ ਮਖਣ ਸਿੰਘ ਤਰਸਿਕਾ (ਜੰਡਿਆਲਾ) : ਡਿਪਟੀ ਸਪੀਕਰ ਸਾਹਿਬਾ, ਜਿਹੜਾ ਬਿਲ Treasury Benches ਵਲੋਂ ਪੇਸ਼ ਕੀਤਾ ਗਿਆ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। ਇਹ ਤਾਂ ਕੇਵਲ ਸਿਆਸੀ ਮਕਾਸਦ ਨੂੰ ਸਾਹਮਣੇ ਰਖ ਕੇ ਪਾਸ ਕੀਤਾ ਜਾ ਰਿਹਾ ਹੈ। ਇਸ ਵਿਚ ਲੋਕ ਭਲਾਈ ਦਾ ਨਾ ਨਿਸ਼ਾਨ ਨਹੀਂ। Consolidation Act ਦੀ ਦਫਾ 19 ਵਿਚ ਸਾਫ ਤੌਰ ਤੇ ਮੌਕਾ ਦਿਤਾ ਗਿਆ ਹੈ ਕਿ ਇਤਰਾਜ਼ ਹੋਵੇ ਤਾਂ ਉਹ ਅਪੀਲ ਕਰੇ ਅਤੇ ਇਸ ਗੱਲ ਲਈ 30 ਦਿਨਾਂ ਦੀ ਮਿਆਦ ਰਖੀ ਗਈ ਹੈ ਅਤੇ ਜੇਕਰ ਦੋ ਮਹੀਨੇ ਬਾਦ ਜਦੋਂ S. O. ਆਉਂਦਾ ਹੈ ਤਾਂ ਉਸ ਦੇ ਸਾਹਮਣੇ ਕੋਈ ਵੀ ਆਦਮੀ ਇਤਰਾਜ਼ ਕਰ ਸਕਦਾ ਹੈ। ਇਹ ਨਵੇਂ ਸਿਰਿਉਂ ਇਖਤਿਆਰ ਦਿਤਾ ਜਾ ਰਿਹਾ ਹੈ। ਭਾਵੇਂ ਜ਼ਬਾਨੀ ਭਾਵੇਂ ਲਿਖਤੀ S. O. ਉਸ ਮੁਰਬੇ ਬੰਦੀ ਨੂੰ ਰਦ ਕਰ ਦੇਵੇਗਾ। ਇਹ ਇਸ ਤਰੀਕੇ ਨਾਲ ਮੁਰਬੇ ਬੰਦੀ ਨਹੀਂ ਰਹਿ ਜਾਵੇਗੀ ਸਗੋਂ ਅਚਾਰ ਬੰਦੀ ਬਣ ਜਾਵੇਗੀ (ਹਾਸਾ)। ਜਿਸ ਤਰੀਕੇ ਨਾਲ ਅੰਮ੍ਰਿਤਸਰ ਵਿਚ ਮੁਰਬੇ ਬੰਦੀ ਦਾ ਕੰਮ ਹੋ ਰਿਹਾ ਹੈ ਅਤੇ ਮੁਰਬੇ ਬੰਦੀ ਜੋ ਕਿੰਨੇ ਸਾਲਾਂ ਤੋਂ ਤਹਿਸੀਲ ਤਰਨਤਾਰਨ ਵਿਚ ਜਾਰੀ ਹੈ ਇਸ ਤਰ੍ਹਾਂ ਕਦੇ ਵੀ ਖਤਮ ਨਹੀਂ ਹੋਵੇਗੀ। ਇਸ ਤਰ੍ਹਾਂ ਤਾਂ ਕਦੇ ਵੀ ਮੁਰਬੇ ਬੰਦੀ ਸਿਰੇ ਨਹੀਂ ਚੜ੍ਹ ਸਕੇਗੀ। ਪਿਛਲੇ ਪੰਜ ਸਾਲਾਂ ਵਿਚ ਕੀ ਕਰਦੇ ਰਹੇ ਹਨ ਅਤੇ ਹੁਣ ਇਹ ਸਰਕਾਰ ਕੀ ਕਰਨਾ ਚਾਹੁੰਦੀ ਹੈ ਇਹ ਕਿਸੇ ਤੋਂ ਕੋਈ ਲੁਕੀ ਛਿਪੀ ਗੱਲ ਨਹੀਂ। ਇਹ ਲੋਕਾਂ ਨੂੰ ਕਹਿੰਦੇ ਫਿਰਦੇ ਨੇ ਕਿ ਤੇਰੀ ਮੁਰਬੇ ਬੰਦੀ ਤੋੜ ਦਿਆਂਗੇ, ਤੇਰੀ ਠੀਕ ਕਰ ਦਿਆਂ ਗੇ; ਹਰ ਇਕ ਨੂੰ ਲਾਰੇ ਲਾਈ ਜਾਂਦੇ ਹਨ ਅਤੇ ਸਰਹਾਲੀ ਵਿਚ ਤਾਂ ਉਕਾ ਹੀ ਭੈੜੀ ਹਾਲਤ ਹੈ। ਪਿਛਲੇ ਪੰਦਰਾਂ ਸਾਲਾਂ ਤੋਂ ਇਹ ਮੁਰਬੇ ਬੰਦੀ ਸ਼ੁਰੂ ਹੈ ਅਤੇ

[ਕਾਮਰੇਡ ਮਖਣ ਸਿੰਘ ਤਰਸਿਕਾ]

ਜੋ ਚੰਗਾ ਕੰਮ ਇਸ ਮੁਰਬੇ ਬੰਦੀ ਦੇ ਮਹਿਕਮੇ ਨੇ ਇਨ੍ਹਾਂ ਸਾਲਾਂ ਵਿਚ ਕੀਤਾ ਹੈ ਉਸ ਨੂੰ ਰਦ ਕਰਨ ਲਈ ਇਹ ਤਜਵੀਜ਼ ਪੇਸ਼ ਕੀਤੀ ਗਈ ਹੈ। ਡੋਟੀਆਂ ਟੋਲਾ ਅਤੇ ਦੂਜੇ ਪਿੰਡਾਂ ਵਿਚ ਅਜ ਕੀ ਹਾਲਤ ਹੈ। ਇਸ ਤਰ੍ਹਾਂ ਹਾਲਾਤ ਹਨ। ਇਹ ਸਰਕਾਰ ਬਦਨਾਮੀ ਤੋਂ ਬਚਣ ਲਈ ਇਨ੍ਹਾਂ ਐਸ. ਓ. ਨੂੰ ਅਧਿਕਾਰ ਦੇ ਰਹੀ ਹੈ ਕਿ ਜੇਕਰ ਕਿਤੇ ਕੋਈ ਗੱਲ ਹੋ ਗਈ ਤਾਂ ਇਹ ਕਹਿ ਦਿਤਾ ਜਾਵੇਗਾ ਕਿ ਐਸ. ਓ. ਨੇ ਕਰ ਦਿਤਾ ਹੈ। ਇਹ ਕਿੰਨਾ ਸੌਖਾ ਤਰੀਕਾ ਇਨ੍ਹਾਂ ਨੇ ਕਢਿਆ ਹੈ ਕਿ ਅਪੀਲ ਜ਼ਬਾਨੀ ਹੀ ਕਰ ਦੇਵੇ। ਇਹ ਇਨ੍ਹਾਂ ਲਈ ਵੀ ਸੌਖਾ ਹੈ ਕਿ ਨਾ ਕਿਤੇ ਜਾਣਾ ਪਿਆ ਅਤੇ ਇਥੇ ਹੀ ਬੈਠੇ ਐਸ. ਓ. ਨੂੰ ਟੈਲੀਫੋਨ ਕਰ ਦਿਤਾ ਕਿ ਫਲਾਂ ਕੰਮ ਇਸ ਤਰ੍ਹਾਂ ਨਾਲ ਕੀਤਾ ਜਾਵੇ। ਨਾ ਲੋਕਾਂ ਨੂੰ ਇਥੇ ਆਣ ਦੀ ਲੋੜ ਪਈ। ਕੈਰੋਂ ਸਾਹਿਬ ਦੀ ਕੋਠੀ ਤੋਂ ਹੀ ਟੈਲੀਫੋਨ ਕਰ ਦਿਤੀ ਗਈ। ਹੁਕਮ ਇਨ੍ਹਾਂ ਵਲੋਂ ਦੇ ਦਿਤਾ ਗਿਆ ਕਿ ਫਲਾਂ ਦੀ ਮੁਰਬੇ ਬੰਦੀ ਤੋੜ ਦਿਉ ਜਾਂ ਫਲਾਂ ਦੀ ਬਣਾ ਦਿਉ। ਪਿਛਲੇ ਬਾਰਾਂ ਸਾਲਾਂ ਵਿਚ ਜੋ ਮੁਰਬੇ ਬੰਦੀ ਦਾ ਕੰਮ ਕੀਤਾ ਗਿਆ ਸੀ ਉਸ ਨੂੰ ਰਦ ਕੀਤਾ ਜਾ ਰਿਹਾ ਹੈ। ਇਸ ਨਾਲ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋਵੇਗਾ। ਮੈਂ ਆਪ ਵੇਖ ਕੇ ਆਇਆ ਹਾਂ ਕਿ ਕਿਸ ਤਰ੍ਹਾਂ ਤਲਵਾਰਾਂ ਲੈ ਕੇ ਐਸ. ਓ. ਦੇ ਦਫਤਰ ਵਿਚ ਬੈਠੇ ਰਹਿੰਦੇ ਹਨ ਕਿ ਇਹ ਕੰਮ ਕਰਨਾ ਹੈ ਫਿਰ ਉਸ ਦੇ ਆਣ ਤੋਂ ਪਹਿਲਾਂ ਹੀ 400 ਆਦਮੀਆਂ ਦੀਆਂ ਅਰਜ਼ੀਆਂ ਲੈ ਲਈਆਂ ਜਾਂਦੀਆਂ ਹਨ। ਕਿਸੇ ਦੀ ਘਟਾ ਦਿਉ, ਕਿਸੇ ਦੀ ਵਧਾ ਦਿਉ, ਉਸ ਆਦਮੀ ਦਾ ਕਿਲਾ ਤੋੜ ਦਿਉ, ਕਿਸੇ ਦਾ ਕਿੱਲਾ ਸ਼ਾਮਿਲ ਕਰ ਦਿਉ। ਇਸ ਤਰ੍ਹਾਂ ਨਾਲ ਅੰਮ੍ਰਿਤਸਰ ਵਿਚ ਹੋ ਰਿਹਾ ਹੈ ਤਾਂ ਇਹੋ ਬਾਕੀਆਂ ਥਾਵਾਂ ਤੇ ਵੀ ਹੋ ਸਕਦਾ ਹੈ। ਸਰਦਾਰ ਗੁਰਦਿਆਲ ਸਿੰਘ ਢਿਲੋਂ ਨੇ ਵੀ ਦਸਿਆ ਹੈ ਕਿ ਕੀ ਹਾਲਤ ਹੈ। ਸਰਹਾਲੀ ਦੇ ਲੋਕਾਂ ਦੀ ਕੀ ਹਾਲਤ ਹੈ। ਉਹ ਅਗੇ ਹੀ ਛਡਣ ਨੂੰ ਫਿਰਦੇ ਹਨ। Affidavits ਉਨ੍ਹਾਂ ਨੇ ਦਿਤੇ ਹਨ ਅਤੇ ਦੇਣ ਲਈ ਤਿਆਰ ਹਨ ਕਿ ਉਥੇ ਕੀ ਕੀਤਾ ਜਾ ਰਿਹਾ ਹੈ। ਉਥੇ ਭਾਵੇਂ ਇਨ੍ਹਾਂ ਦਾ ਆਪਣਾ ਆਦਮੀ ਹਾਰ ਗਿਆ ਹੈ ਪਰ ਉਹ ਕਹਿੰਦਾ ਫਿਰਦਾ ਹੈ ਕਿ ਮੈਂ ਆਪਣੀ ਮਰਜ਼ੀ ਕਰਾਵਾਂਗਾ। ਭਾਵੇਂ ਮੈਂ ਹਾਰ ਗਿਆ ਹਾਂ ਪਰ ਤੁਸੀਂ ਮੇਰੇ ਇਸ਼ਾਰੇ ਤੋਂ ਬਿਨਾ ਨਹੀਂ ਚਲ ਸਕਦੇ। (*Voices of Shame, Shame*) (ਵਿਘਨ) ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬਾ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ 34 ਵੋਟਾਂ ਦੀ ਜਿਤ ਤੇ ਮਾਣ ਨਹੀਂ ਕਰਨਾ ਚਾਹੀਦਾ। ਤੁਸੀਂ ਕੋਈ ਪੁਸ਼ਤਾਂ ਤਕ ਇਸ ਗੱਦੀ ਤੇ ਨਹੀਂ ਰਹਿਣਾ। ਇਸ ਲਈ ਇੰਤਜ਼ਾਮ ਨੂੰ ਕਿਉਂ ਖਰਾਬ ਕਰਦੇ ਹੋ। ਇਸ ਤਰ੍ਹਾਂ ਦਾ ਅਧਿਕਾਰ ਐਸ. ਓਜ਼. ਨੂੰ ਨਹੀਂ ਦੇਣਾ ਚਾਹੀਦਾ। ਅਗੇ ਹੀ ਜਿਹੜੇ ਐਸ. ਓਜ਼. ਚੰਗੇ ਸਨ ਅਤੇ ਜੋ ਇਨਸਾਫ ਕਰਦੇ ਸਨ ਉਨ੍ਹਾਂ ਨੂੰ ਤੁਸੀਂ ਦੂਰ ਦੂਰ ਤਬਦੀਲ ਕਰ ਦਿਤਾ ਹੈ। ਕਿਸੇ ਨੂੰ ਕੁਲੂ ਤੇ ਕਿਸੇ ਨੂੰ ਕਾਂਗੜੇ ਅਤੇ ਜਿੰਨੇ ਵੀ ਖਰਾਬ ਸਨ ਉਹ ਅੰਮ੍ਰਿਤਸਰ ਜ਼ਿਲੇ ਵਿਚ ਅਤੇ ਖਾਸ ਤੌਰ ਤੇ ਸਰਹਾਲੀ ਥਾਣੇ ਵਿਚ ਲਗਾ ਦਿਤੇ ਗਏ ਹਨ ਜੋ ਹਰ ਸਮੇਂ ਮੰਗ ਕਰਦੇ ਰਹਿਣ। ਮੈਂ ਤਾਂ, ਡਿਪਟੀ ਸਪੀਕਰ ਸਾਹਿਬਾ ਅੰਮ੍ਰਿਤਸਰ ਦੇ ਲੋਕਾਂ ਦਾ ਰੋਣਾ ਰੋਂਦਾ ਪਿਆ ਹਾਂ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਤੰਗ ਕੀਤਾ ਜਾ ਰਿਹਾ ਹੈ ਅਤੇ ਜੇਕਰ ਇਸ ਬਿਲ ਨੂੰ ਪਾਸ ਕਰ ਦਿਤਾ ਗਿਆ ਤਾਂ ਹੋਰ ਵੀ ਉਨ੍ਹਾਂ ਲੋਕਾਂ ਨੂੰ ਤੰਗ ਕੀਤਾ ਜਾਵੇਗਾ। (ਸਰਦਾਰ ਜੈਇੰਦਰ ਸਿੰਘ ਵਲੋਂ ਵਿਘਨ) ਇਹ ਪਤਾ ਨਹੀਂ ਕਿਉਂ ਵਿਘਨ ਪਾਉਂਦੇ ਹਨ। ਮੁਰਬੇ ਬੰਦੀ ਜ਼ਮੀਨ ਦੀ ਹੋਣੀ ਹੈ ਇਨ੍ਹਾਂ ਦੇ ਕਾਰਖਾਨਿਆਂ ਦੀ ਨਹੀਂ ਹੋਣੀ। ਮੈਂ, ਡਿਪਟੀ ਸਪੀਕਰ ਸਾਹਿਬਾ, ਤੁਹਾਡੇ ਰਾਹੀਂ ਇਨ੍ਹਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਜੇਕਰ ਇਹ ਅਧਿਕਾਰ ਦਿਤੇ ਗਏ

ਤਾਂ ਇਨ੍ਹਾਂ ਨੇ ਸਾਰੇ ਕੰਮ ਨੂੰ ਖਰਾਬ ਕਰ ਦੇਣਾ ਹੈ। ਟੈਲੀਫੋਨਾਂ ਤੇ ਇਨ੍ਹਾਂ ਨੇ S. Os. ਨੂੰ ਕਿਹਾ ਕਰਨਾ ਹੈ । ਅਤੇ ਜਿਨ੍ਹਾਂ ਨੂੰ ਜ਼ਮੀਨਾਂ ਮਿਲੀਆਂ ਸਨ ਅਤੇ 15 ਸਾਲ ਉਨ੍ਹਾਂ ਦਾ ਕਬਜ਼ਾ ਰਿਹਾ ਹੈ ਉਨ੍ਹਾਂ ਦੀ ਮੁਰਬੇਬੰਦੀ ਨੂੰ ਇਸ ਤਰ੍ਹਾਂ ਰਦ ਕਰਨ ਦੇ ਨਾਲ ਉਹ ਮਾਰੇ ਜਾਣਗੇ। ਤੁਹਾਡਾ ਰਾਜ ਹਮੇਸ਼ਾ ਨਹੀਂ ਰਹਿਣ ਲਗਾ। ਇਸ ਕਰਕੇ ਇਸ ਤਰਮੀਮੀ ਬਿਲ ਬਾਰੇ ਮੈਂ ਆਪ ਦੀ ਰਾਹੀਂ ਸਰਕਾਰ ਪਾਸ ਅਪੀਲ ਕਰਾਂਗਾ ਕਿ ਉਹ ਇਸ ਨੂੰ ਵਾਪਸ ਲੈ ਲੈਣ। ਇਹ ਕਿਸਾਨ ਦੀ ਭਲਾਈ ਲਈ ਨਹੀਂ ਬਣਾਇਆ ਜਾ ਰਿਹਾ ਸਗੋਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਣ ਲਈ ਅਤੇ ਸਿਆਸੀ ਮਕਾਸਦ ਨੂੰ ਪੂਰਾ ਕਰਨ ਲਈ ਪਾਸ ਕਰਵਾਇਆ ਜਾ ਰਿਹਾ ਹੈ।

पंडित चिरंजी लाल शर्मा (गनौर) : डिप्टी स्पीकर साहिबा, जो तरमीम हमारे Revenue Minister साहिब ने Consolidation of Holdings Act में पेश की है मैं उसका विरोध करने के लिए खड़ा नहीं हुआ हूं। अलबत्ता मैं यह कहूंगा कि यह तरमीम बहुत late stage पर की गई है। पंजाब वह सूबा था जिसे अपने landlords पर नाज़ हुआ करता था। Tenancy Act और Land Revenue Act सन 1887 में बने और वह आज तक चले आ रहे हैं। लेकिन Partition के बाद ना मालूम administration पर क्या आपत्ति आ गई कि जब जब कोई नया कानून वजूद में आया उसके हर 7 महीने या साल साल के बाद उसमें तरामीम लाई जाती रही। खास तौर पर Land laws के सम्बन्ध में तो यही हालत रही है। Security of Land Tenures Act सन् 1953 में बना और मेरा ख्याल है इसमें अब तक दस बीस दफा amendments आ चुकी हैं। इसी तरह से East Punjab Consolidation of Holdings Act गालबन 1948 में बनाया गया। और उसमें कितनी तरामीम हुई यह तो आप जानते ही हैं। बड़े दुख से कहना पड़ता है कि legislative business जो कि असेम्बली का primary aim है, काम है उसको at the fag end of the Session लाया जाता है और जल्दी में rush through करने की कोशिश की जाती है। Members को ample opportunities नहीं दी जातीं कि उन bills पर अच्छी तरह से सोच विचार कर सकें, जो त्रुटियां रह गई हैं उनपर रौशनी डाल सकें जिसका नतीजा यह होता है कि हर Session में इन laws में तबदीली करने के लिए कोई न कोई amending bill लाया जाता है।

यह जो तरमीम है यह अच्छी है बुरी नहीं है। मगर इह बात को भी सभी जानते हैं कि पंजाब में करीबन 70 फीसदी consolidation का काम खत्म हो चुका है बल्कि 80 फीसदी के करीब है। इस तरह से जब यह काम पूरा होने वाला है तो हमारी हुकूमत जानती है कि ऐक्ट के अन्दर यह त्रुटियां हैं ? मेरा ख्याल है कि मुरब्बादन्दी का काम ऐसे वजीर साहिबान के पास रहा जो कि practising advocates हैं मगर अफसोस की बात है कि ठोकरें खाने के बाद, जमींदारों को बेहद तक्लीफात में डालने के बाद हमारी हुकूमत जागती है और यह तरमीम लाती है। फिर पंजाब

[पंडित चिरंजी लाल शर्मा]

Security of Land Tenures Act और पैप्सू के ऐक्ट को भी यह सरकार इस सैशन के खातमें पर लाई है । शायद हकूमत इस सैशन को extend करे मगर सैशन के आखरी दिनों एक एक दिन में छै, छै बिल पास कराए जाते हैं । इस वजह से जो उन को शक्ल दी जाती है वह यह है कि आए सैशन में सरकार एक amending bill लाती है कि इस में यह कमी रह गई थी इस को दूर किया जाए । मैं उन वज़ीर साहबिान से यह कहना चाहता हूं कि यह कोई creditable बात नहीं है कि हर दूसरे रोज amendment आए । आप के पास Legal remembrancer है और बड़े बड़े दिमाग हैं, Sub-committees बनाई जाती हैं और यहां पर काफी जमींदार तबका भी है हाउस में और उन को पता है कि routine में क्या क्या दिक्कतें पेश आती हैं । उन से सबक ले कर Laws बनाए जाने चाहिएं ताकि बार बार उन में तरामीम करने की ज़रूरत न पड़े । इन अलफाज के साथ मैं आप का शुक्रिया अदा कर के बैठ जाता हूं ।

ਬਾਬੂ ਬਚਨ ਸਿੰਘ (ਲੁਧਿਆਣਾ-ਉਤਰ) : ਡਿਪਟੀ ਸਪੀਕਰ ਸਾਹਿਬਾ, ਇਹ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਕੁਝ ਵਿਉਪਾਰੀ ਐਸੇ ਹੁੰਦੇ ਹਨ ਜਿਨ੍ਹਾਂ ਦੇ ਲੈਣ ਦੇ ਵਟੇ ਹੋਰ ਹੁੰਦੇ ਹਨ ਅਤੇ ਦੇਣ ਦੇ ਵਟੇ ਹੋਰ ਹੁੰਦੇ ਹਨ ਏਸੇ ਤਰ੍ਹਾਂ ਇਸ ਰਾਜ ਵਿਚ ਵੀ ਇਸ ਸਰਕਾਰ ਦੇ ਲੈਣ ਦੇ ਵੱਟੇ ਹੋਰ ਹਨ । ਅਤੇ ਇਨ੍ਹਾਂ ਦੇ ਦੇਣ ਦੇ ਵਟੇ ਹੋਰ ਹਨ । ਮੈਂ ਤੁਹਾਡੀ ਤਵੱਜੁਹ, ਡਿਪਟੀ ਸਪੀਕਰ ਸਾਹਿਬਾ, ਸਰਕਾਰ ਦੀ ਇਕ ਐਸੀ ਕਾਰਵਾਈ ਵਲ ਦਵਾਉਣੀ ਚਾਹੁੰਦਾ ਹਾਂ । ਜਿਸ ਵੇਲੇ Land Consolidation Act ਪਹਿਲੀ ਦਫਾ ਪੇਸ਼ ਹੋਇਆ ਸੀ ਤਾਂ ਦਫਾ 42 ਦੇ ਸਿਲਸਿਲੇ ਵਿਚ ਕੁਝ ਮੈਂਬਰ ਸਾਹਿਬਾਨ ਵੱਲੋਂ ਇਹ ਕੋਸ਼ਸ਼ ਕੀਤੀ ਗਈ ਸੀ ਕਿ ਦਫਾ 42 ਦੀਆਂ ਅਰਜ਼ੀਆਂ ਸੁਣਨ ਵਾਸਤੇ ਵੀ ਸਰਕਾਰ ਕੋਈ ਮਿਆਰ ਰੱਖੇ । ਗਿਆਨੀ ਕਰਤਾਰ ਸਿੰਘ ਜੀ ਜੋ ਉਸ ਵੇਲੇ Select Committee ਦੇ ਚੇਅਰਮੈਨ ਸਨ ਉਨ੍ਹਾਂ ਨੇ ਹੀ ਇਸ ਬਿਲ ਨੂੰ ਹਾਊਸ ਵਿਚ pilot ਕੀਤਾ ਸੀ । ਉਨ੍ਹਾਂ ਨੇ ਭਰੋਸਾ ਦਵਾਇਆ ਸੀ ਕਿ ਇਸ ਵਿਚ ਮਿਆਰ ਰੱਖਿਆ ਜਾਵੇਗਾ ਪਰ ਇਹ ਨਾ ਹੋਇਆ । ਮੈਂ ਇਹ ਕਹਾਂਗਾ ਕਿ aggrieved party ਨੂੰ ਕੋਈ ਮੌਕਾ ਮਿਲੇ ਅਤੇ ਇਸ ਦੇ grievances ਦੂਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ । ਪਰ ਇਸ ਸਰਕਾਰ ਨੇ ਇਤਨਾ ਤਜਰਬਾ ਕਰਨ ਤੋਂ ਬਾਦ ਵੀ ਅੱਜ ਉਨ੍ਹਾਂ ਨੂੰ ਖੁਲ੍ਹੀ ਛੁਟੀ ਦੇ ਦਿੱਤੀ ਹੈ ਜਿਸ ਦੇ ਨਤੀਜੇ ਅੱਛੇ ਨਿਕਲਦੇ ਨਜ਼ਰ ਨਹੀਂ ਆਉਂਦੇ । ਡਿਪਟੀ ਸਪੀਕਰ ਸਾਹਿਬਾ, ਦਫਾ 42 ਦੀਆਂ applications ਸੁਣਨ ਲਈ ਜੋ ਮਿਆਦ ਹੈ ਇਹ 6 ਮਹੀਨੇ ਤੋਂ ਵਧ ਨਹੀਂ ਹੋਵੇਗੀ ਜੇ ਹੁਣ ਸਕੀਮ ਨੂੰ ਅਲਹਿਦਾ ਕਰਨ ਦਾ ਸਵਾਲ ਪੈਦਾ ਹੋਵੇ ਤਾਂ ਇਸ ਦੇ ਲਈ ਵੀ ਕੋਈ limit ਮੁਕਰਰ ਕਰਨ ਲਈ ਆਇਆ ਉਹ ਮਜਬੂਰ ਹੋਣਗੇ? ਇਸ ਲਈ ਕਿਸੇ ਤਕਸੀਮ ਲਈ ਵੀ ਸਰਕਾਰ ਨੂੰ ਕੋਈ limit ਜ਼ਰੂਰ ਮੁਕਰਰ ਕਰਨੀ ਚਾਹੀਦਾ ਹੈ । ਹੁਣ ਇਕ ਗੱਲ ਹੋਰ ਜਿਹੜੀ ਕਿ ਮੈਂ ਏਥੇ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਸ ਨੂੰ ਵੀ ਕੋਈ ਸ਼ਕਾਇਤ ਹੋਵੇ ਉਸ ਨੂੰ ਕੋਈ ਨਾ ਕੋਈ reasonable opportunity ਜ਼ਰੂਰ ਮਿਲਣੀ ਚਾਹੀਦੀ ਹੈ ਜਿਸ ਵਿਚ ਕਿ ਉਹ ਆਪਣੇ disputes

ਤੇ ਅਪੀਲ ਕਰ ਸਕੇ। ਜੇਕਰ ਉਹ ਇਹ ਮੰਨਦੇ ਹਨ ਕਿ ਮਹਿਜ਼ 1-2 ਮਹੀਨੇ ਦੀ ਹੀ ਮਿਆਦ reasonable ਹੈ ਜਿਹੜੀ ਕਿ ਕਰਨੀ ਉਨ੍ਹਾਂ ਦੇ ਆਪਣੇ ਹੱਥ ਵਿਚ ਹੈ ਮੈਂ ਸਮਝਦਾ ਹਾਂ ਕਿ ਉਹ ਇਹ ਮਿਆਦ ਘਟਾ ਵੀ ਸਕਦੇ ਹਨ। ਜੇ 30 ਦਿਨ ਕਰ ਸਕਦੇ ਹਨ ਤਾਂ ਇਸ ਦੀ ਬਜਾਏ 40 ਦਿਨ ਵੀ ਕਰ ਸਕਦੇ ਹਨ, ਜੇ 40 ਵੀ ਕਰ ਸਕਦੇ ਹਨ ਤਾਂ ਇਸ ਦੀ ਬਜਾਏ 50 ਵੀ ਕਰ ਸਕਦੇ ਹਨ ਅਤੇ 50 ਦੀ ਬਜਾਏ 60 ਵੀ ਕਰ ਸਕਦੇ ਹਨ। ਪਰ ਜਿਹੜੀ ਸਿਆਣੀ ਗਵਰਨਮੈਂਟ ਹੋਇਆ ਕਰਦੀ ਹੈ ਉਹ ਇਕ limited period ਪਹਿਲਾਂ ਹੀ ਸੋਚ ਕੇ ਰੱਖਿਆ ਕਰਦੀ ਹੈ ਇਸ ਤਰ੍ਹਾਂ ਮਿਆਦ ਵਧਾਉਂਦੇ ਵਧਾਉਂਦੇ ਵਧਾਈ ਜਾਣਾ ਮੈਂ ਸਮਝਦਾ ਹਾਂ ਇਹ ਕੋਈ ਸਿਆਣਪ ਦੀ ਗੱਲ ਨਹੀਂ। ਇਸ ਲਈ restriction ਦਾ ਲਾਉਣਾ ਜ਼ਰੂਰੀ ਹੈ। ਮੈਂ ਪਹਿਲਾਂ ਵੀ ਇਸ ਗੱਲ ਦਾ ਹਾਮੀ ਸੀ, ਅਜ ਵੀ ਇਸ ਗੱਲ ਦਾ ਹਾਮੀ ਹਾਂ ਕਿ ਕਿਸੇ ਵੀ ਕੇਸ ਵਿਚ ਕੋਈ unlimited ਇਖਤਿਆਰਾਤ ਨਹੀਂ ਹੋਣੇ ਚਾਹੀਦੇ। ਜੇਕਰ ਗਵਰਨਮੈਂਟ ਨੇ ਦਫਾ 42 ਦੇ ਮਾਤਹਿਤ 6 ਮਹੀਨੇ ਦੀ ਮਿਆਦ ਮੁਕਰਰ ਕੀਤੀ ਹੈ ਤਾਂ ਅੱਜ ਵੀ ਇਸ ਚੀਜ਼ ਤੇ ਗਵਰਮੈਂਟ ਨੂੰ ਸੋਚਣਾ ਚਾਹੀਦਾ ਸੀ। ਪਰ ਜਦੋਂ ਗਵਰਮੈਂਟ ਨੇ ਕੋਈ ਪਾਬੰਦੀ ਲਾਉਣੀ ਹੋਵੇ ਤਾਂ ਦਲੀਲਾਂ ਦਿਤੀਆਂ ਜਾਂਦੀਆਂ ਹਨ ਕਿ ਅਸੀਂ ਅਮੀਰਾਂ ਨੂੰ ਠੀਕ ਕਰਦੇ ਹਾਂ, ਜੇ ਕੋਈ ਹਟਾਉਣੀ ਹੋਵੇ ਤਾਂ ਇਹ ਗਰੀਬਾਂ ਦਾ ਨਾਉਂ ਲੈਂਦੇ ਹਨ-ਅਸੀਂ ਹਰੀਜਨਾਂ ਦੀ ਇਮਦਾਦ ਵਾਸਤੇ ਇਹ ਸਭ ਕੁਝ ਕੀਤਾ ਹੈ। ਜਦੋਂ ਹਰੀਜਨਾਂ ਦੀ ਸ਼ਕਾਇਤ ਸੁਣਨ ਵਾਸਤੇ ਸਵਾਲ ਆਵੇ ਤਾਂ ਇਹ ਕਹਿੰਦੇ ਹਨ ਕਿ oral objection ਕਰਨ ਤੇ ਹੀ ਸ਼ਕਾਇਤ ਮੰਨ ਲਈ ਜਾਵੇਗੀ। ਪਰ ਨਾਲ ਦੀ ਨਾਲ ਇਹ ਐਸ. ਓ. ਨੂੰ written ਇਖਤਿਆਰ ਦੇ ਰਹੇ ਹਨ ਕਿ ਉਹ ਕਿਸੇ ਵੀ ਕੇਸ ਤੇ ਆਪਣੀ discretion ਵਰਤ ਲਵੇ। ਇਸ ਦਾ ਨਤੀਜਾ ਵੀ ਅਸੀਂ ਸਾਰੇ ਜਾਣਦੇ ਹਾਂ ਕਿ ਜਦੋਂ S. O. ਆਪਣੀ discretion ਵਰਤਦਾ ਹੈ ਤਾਂ ਇਸ ਦਾ ਫ਼ਾਇਦਾ ਵੱਡਿਆਂ ਵੱਡਿਆਂ ਨੂੰ ਹੁੰਦਾ ਹੈ ਜਾਂ ਉਨ੍ਹਾਂ ਨੂੰ ਹੁੰਦਾ ਹੈ ਜਿਹੜੇ ਉਸ ਦੇ ਆਪਣੇ ਹਲਕੇ ਦੇ ਹੀ ਆਦਮੀ ਹੁੰਦੇ ਹਨ। ਇਹ unlimited ਇਖਤਿਆ-ਰਾਤ ਦਿਤੇ ਜਾ ਰਹੇ ਹਨ ਅਤੇ ਕੋਈ ਬੰਦਸ਼ ਨਹੀਂ ਲਗਾਈ ਜਾ ਰਹੀ। ਵਕਤ ਦੀ ਬੰਦਸ਼ ਨੂੰ ਖਤਮ ਕਰਕੇ ਅਤੇ unlimited ਇਖਤਿਆਰਾਤ ਦੇ ਕੇ ਇਨ੍ਹਾਂ ਨੇ ਬੇਕਾਇਦਗੀ ਫੈਲਾਉਣ ਦੀ ਕੋਸ਼ਸ਼ ਕੀਤੀ ਹੈ। ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਜਿਨ੍ਹਾਂ ਦਾ ਕਿ ਕੋਈ ਫਾਇਦਾ ਨਹੀਂ ਹੈ, ਸਿਰਫ ਕਹਿ ਦੇਣਾ ਕਿ ਇਹ ਜੋ ਕੁਝ ਵੀ ਕੀਤਾ ਜਾ ਰਿਹਾ ਹੈ ਗਰੀਬਾਂ ਦੇ ਲਈ ਹੀ ਹੈ ਠੀਕ ਨਹੀਂ। ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਤੇ ਮੈਂ ਸਮਝਦਾ ਹਾਂ ਕਿ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਇਸ ਵੇਲੇ ਗ਼ਰੀਬਾਂ ਤੇ ਜ਼ੁਲਮ ਕੀਤਾ ਜਾ ਰਿਹਾ ਹੈ। ਹਿੰਦੁਸਤਾਨ ਵਿਚ ਖਾਸ ਕਰਕੇ ਪੰਜਾਬ ਵਿਚ Agricultural Labour ਇਕ ਐਸੀ ਕਲਾਸ ਹੈ ਜਿਸ ਦੀ ਆਮਦਨ ਪਿਛਲੇ ਸਾਲਾਂ ਤੋਂ ਵਧੀ ਨਹੀਂ ਬਲਕਿ ਘਟਦੀ ਹੀ ਜਾ ਰਹੀ ਹੈ। ਅਗਰ ਸਰਕਾਰ ਕੋਲ ਕੋਈ ਐਸੀ ਗੱਲ ਦਾ ਸਬੂਤ ਹੋਵੇ ਕਿ ਆਮਦਨ ਵਧੀ ਹੈ ਤਾਂ ਮੈਂ ਇਨ੍ਹਾਂ ਦੇ ਸਾਹਮਣੇ ਸਿਰ ਝੁਕਾਉਣ ਲਈ ਤਿਆਰ ਹਾਂ। ਪਲੈਨਿੰਗ ਕਮਿਸ਼ਨ ਦੀਆ ਰਪੋਰਟਾਂ ਮੌਜੂਦ ਹਨ (ਇਕ ਮਾਨਯੋਗ ਮੈਂਬਰ: ਕਿਹੜੀਆਂ ਰਪੋਰਟਾਂ ਕਹਿੰਦੇ ਹੋ?) ਪਲੈਨਿੰਗ ਕਮਿਸ਼ਨ ਦੀਆਂ। ਉਨ੍ਹਾਂ ਦਾ ਕਹਿਣਾ ਹੈ ਕਿ agricultural Labour ਦੀ ਆਮਦਨ 104 ਤੋਂ ਘਟ ਕੇ 98 ਰਹਿ ਗਈ ਹੈ। ਜਨਾਬੇ ਆਲੀ, ਇਹ ਕਹਿੰਦੇ ਹਨ ਕਿ ਅਸੀਂ ਗਰੀਬਾਂ ਦਾ ਫਾਇਦਾ ਕਰਦੇ ਹਾਂ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ amending Bill ਦੇ ਵਿਚ ਇਨ੍ਹਾਂ ਨੇ ਗਰੀਬਾਂ ਲਈ ਕੀ

[ਬਾਬੂ ਬਚਨ ਸਿੰਘ]

safeguards ਰਖੇ ਹਨ । ਉਹ ਕਿਹੜੀ ਐਸੀ ਦਫ਼ਾ ਹੈ ਜਿਸ ਦੇ ਵਿਚ ਇਹ specify ਕੀਤਾ ਗਿਆ ਹੈ ਕਿ ਅਸੀਂ ਗਰੀਬਾਂ ਲਈ ਇਹ ਕੁਝ ਕਰਾਂਗੇ । ਇਹ ਤਾਂ ਆਪਣੀ ਮਨ ਮਾਨੀ ਕਰਨ ਲਈ ਸਭ ਕੁਝ ਕੀਤਾ ਜਾ ਰਿਹਾ ਹੈ । ਮੈਂ ਕਹਿੰਦਾ ਹਾਂ ਕਿ ਐਸ. ਓਜ਼ ਨੂੰ ਇਹ ਅਖਤਿਆਰ ਦੇ ਕੇ ਉਨ੍ਹਾਂ ਨੂੰ tool ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ । ਜਦੋਂ ਕੋਈ ਇਤਰਾਜ਼ ਵਾਲੀ ਗਲ ਹੋਵੇਗੀ ਤਾਂ ਇਨ੍ਹਾਂ ਵਜ਼ੀਰਾਂ ਨੇ ਇਹ ਕਹਿ ਕੇ ਲਾਂਭੇ ਹੋ ਜਾਣਾ ਹੈ ਕਿ ਸਾਨੂੰ ਕੀ ਪਤਾ ਹੈ ਜੀ, ਇਹ ਤਾਂ ਸਭ ਕੁਝ ਐਸ. ਓ. ਸਾਹਿਬ ਨੇ ਕੀਤਾ ਹੈ । ਤੇ ਜੇ ਕੋਈ ਮੌਕਾ ਆਇਆ ਤਾਂ ਇਹ ਕਿਸੇ ਐਸ. ਓ. ਨੂੰ ਕੁਰਬਾਨੀ ਦਾ ਬਕਰਾ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕਰਨਗੇ । ਫਾਇਦਾ ਸਰਕਾਰ ਨੇ ਆਪਣੇ ਆਦਮੀਆਂ ਦਾ ਕਰਨਾ ਹੈ ਅਤੇ ਮਾਰਿਆ ਗਰੀਬ ਐਸ. ਓ. ਨੇ ਜਾਣਾ ਹੈ । ਡਿਪਟੀ ਸਪੀਕਰ ਸਾਹਿਬਾਂ, ਵਜ਼ੀਰ ਸਾਹਿਬ ਨੂੰ courage ਹੋਣਾ ਚਾਹੀਦਾ ਹੈ ਕਿ ਉਹ ਇਸ ਬਿਲ ਨੂੰ ਵਾਪਿਸ ਲੈ ਲੈਣ । ਜੇਕਰ ਉਹ ਵਾਪਿਸ ਲੈਣ ਲਈ ਤਿਆਰ ਨਹੀਂ ਹਨ ਤਾਂ ਮੈਂ ਹਾਉਸ ਨੂੰ ਕਹਾਂਗਾ ਕਿ ਉਹ ਇਸ ਨੂੰ ਪਾਸ ਨਾ ਹੋਣ ਦੇਵੇ ।

(At this stage Mr. Speaker occupied the Chair.)

ਪੰਡਿਤ ਮੋਹਨ ਲਾਲ ਦੱਤ (ਅੰਬ) : ਸਪੀਕਰ ਸਾਹਿਬ, ਮੈਂ ਦੋ ਤਿੰਨ ਮਿੰਟ ਥੋੜੀ ਜਿਹੀ ਅਰਜ਼ ਕਰਨੀ ਚਾਹੁੰਦਾ ਹਾਂ । ਇਸ ਬਿਲ ਦੇ ਪਿੱਛੇ ਜਿਹੜਾ ਅਸੂਲ ਹੈ ਕਿ ਕੰਮ ਜਲਦੀ ਜਲਦੀ ਹੋਣ ਉਹ ਚੰਗਾ ਹੈ ਕਿਉਂਕਿ ਪਹਿਲੇ Consolidation ਦਾ ਕੰਮ ਕਈ ਕਈ ਮਹੀਨੇ ਤਕ ਲੰਮਕਦਾ ਰਹਿੰਦਾ ਸੀ । ਲੇਕਿਨ ਮੈਨੂੰ ਇਤਰਾਜ਼ ਇਸ ਗਲ ਦਾ ਹੈ ਕਿ ਇਹ ਅਖਤਿਆਰ ਜਿਹੜੇ ਦਿਤੇ ਜਾ ਰਹੇ ਹਨ ਇਨ੍ਹਾਂ ਦਾ ਸਹੀ ਇਸਤੇਮਾਲ ਨਹੀਂ ਹੋਣਾ । ਹੁਣ ਥੋੜੇ ਦਿਨ ਹੋਏ ਮੇਰੇ ਨੋਟਿਸ ਵਿਚ ਇਕ ਬੜੀ ਭਾਰੀ ਗੱਲ ਆਈ ਹੈ ਜਿਹੜੀ ਕਿ ਮੈਂ ਹਾਉਸ ਨੂੰ ਦਸਣਾ ਚਾਹੁੰਦਾ ਹਾਂ । ਇਕ Consolidation ਦੇ ਪਟਵਾਰੀ ਦੇ ਖਿਲਾਫ ਕੁਝ ਲੋਕਾਂ ਨੇ ਏਥੇ ਆ ਕੇ ਇਕ ਵਜ਼ੀਰ ਸਾਹਿਬ ਕੋਲ ਸ਼ਿਕਾਇਤ ਕੀਤੀ ਕਿ ਇਸ ਦਾ ਤਬਾਦਲਾ ਹੋਣਾ ਚਾਹੀਦਾ ਹੈ । ਚੁਨਾਚੇ ਉਸ ਦੇ ਤਬਾਦਲੇ ਦਾ ਹੁਕਮ ਹੋ ਗਿਆ ਲੇਕਿਨ ਉਸ ਦੇ ਬਾਅਦ ਏਥੇ ਦੂਸਰੀ ਪਾਰਟੀ ਆ ਗਈ ਔਰ ਉਨ੍ਹਾਂ ਨੇ ਦੂਸਰੇ ਵਜ਼ੀਰ ਨੂੰ ਕਹਿ ਕੇ ਉਸ ਹੁਕਮ ਨੂੰ ਮਨਸੂਖ ਕਰਵਾ ਦਿੱਤਾ । ਇਸ ਤਰ੍ਹਾਂ ਦੇ ਜਿਹੜੇ ਹਾਲਾਤ ਹਨ ਇਹ ਬੜੇ ਖਤਰਨਾਕ ਹਨ । ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਬਿਲ ਵੀ ਬਹੁਤ ਖਤਰਨਾਕ ਸਾਬਤ ਹੋਵੇਗਾ । ਹੁਣ ਸਾਡੀ ਤਹਿਸੀਲ ਊਨਾ ਦੇ ਵਿਚ ਹੀ ਮੁਰਬੇ-ਬੰਦੀ ਹੋਣੀ ਹੈ । ਇਸ ਕਰਕੇ ਇਸ ਦੀ ਬਿਪਤਾ ਉਥੋਂ ਦੇ ਲੋਕਾਂ ਤੇ ਹੀ ਪੈਣੀ ਹੈ । ਇਸ ਕਰਕੇ ਮੈਂ ਇਸ ਬਿਲ ਦੀ ਸਖਤ ਵਿਰੋਧਤਾ ਕਰਦਾ ਹਾਂ ।

ਸਰਦਾਰ ਤਾਰਾ ਸਿੰਘ ਲਾਇਲਪੁਰੀ (ਨਾਗੋਕੇ ਐਸ. ਸੀ.) : ਇਹ ਜਿਹੜਾ ਬਿਲ ਅਜ ਪੇਸ਼ ਕੀਤਾ ਗਿਆ ਹੈ ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਮੁਰਬੇਬੰਦੀ ਦਾ ਤਅੱਲੁਕ ਹੈ ਇਸ ਦੇ ਨਾਲ ਹਰੀਜਨਾਂ ਦਾ ਬੜਾ ਗਹਿਰਾ ਸਬੰਧ ਹੈ । ਜਦੋਂ ਮੁਰਬੇਬੰਦੀ ਦਾ ਮਹਿਕਮਾ ਨਹੀਂ ਸੀ ਬਣਿਆ ਤਾਂ ਅਸੀਂ ਮਹਿਸੂਸ ਕਰਦੇ ਸੀ ਕਿ ਪੈਦਾਵਾਰ ਦੇ ਵਿਚ ਘਾਟਾ ਹੋ ਰਿਹਾ ਹੈ ਅਗਰ ਮੁਰਬੇਬੰਦੀ ਹੋ ਜਾਵੇ ਤਾਂ ਪੈਦਾਵਾਰ ਵਧ ਸਕਦੀ ਹੈ । ਲੇਕਿਨ ਜਿਸ ਵੇਲੇ Consolidation ਦਾ

ਮਹਿਕਮਾ ਸਰਕਾਰ ਨੇ ਬਣਾ ਦਿੱਤਾ ਤਾਂ ਅਸੀਂ ਇਹ ਵੇਖਿਆ ਹੈ ਕਿ ਇਸ ਦੇ ਨਾਲ ਬਜਾਏ ਫਾਇਦੇ ਦੇ ਉਲਟਾ ਲੋਕਾਂ ਨੂੰ ਨੁਕਸਾਨ ਹੋਇਆ ਹੈ ਕਿਉਂਕਿ ਇਸ ਦੇ ਕਾਰਨ ਲੋਕਾਂ ਦੇ ਵਿਚ ਕਈ ਝਗੜੇ ਪੈਦਾ ਹੋਏ ਹਨ। ਸਰਕਾਰ ਖੁਦ ਝਗੜੇ ਕਰਵਾਉਂਦੀ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਹੁਣ ਏਸ ਬਿਲ ਰਾਹੀਂ ਜਿਹੜਾ ਐਸ. ਓ. ਸਾਹਿਬ ਨੂੰ ਅਖਤਿਆਰ ਦਿੱਤਾ ਜਾ ਰਿਹਾ ਹੈ ਇਸ ਦੇ ਨਾਲ ਇਹ ਉਨ੍ਹਾਂ ਆਦਮੀਆਂ ਦਾ ਨੁਕਸਾਨ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਇਨ੍ਹਾਂ ਦੀ ਚੋਣਾਂ ਦੇ ਵਿਚ ਮੁਖਾਲਫਤ ਕੀਤੀ ਹੈ ਅਤੇ ਜਿਨ੍ਹਾਂ ਨੇ ਇਨ੍ਹਾਂ ਦੀ ਮਦਦ ਕੀਤੀ ਹੈ ਉਨ੍ਹਾਂ ਨੂੰ ਏਸ ਕਾਨੂੰਨ ਦਾ ਫਾਇਦਾ ਉਠਾ ਕੇ ਨਵੇਂ ਕੁੱਰੇ ਦੇਣਗੇ। ਇਨ੍ਹਾਂ ਨੇ ਕਿਹਾ ਹੈ ਕਿ ਇਹ ਬਿਲ ਲਿਆ ਕੇ ਅਸੀਂ ਹਰੀਜਨਾਂ ਦਾ ਫਾਇਦਾ ਕਰਨਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਹਰੀਜਨਾਂ ਦਾ ਇਹ ਬਿਲਕੁਲ ਫਾਇਦਾ ਨਹੀਂ ਕਰ ਰਹੇ। ਹਰੀਜਨ ਸਾਰੇ ਪਿੰਡਾਂ ਦੇ ਵਿਚ ਆਪਣੇ ਰਸੂਖ ਦੇ ਨਾਲ ਜਾਂ ਆਪਣੀ ਹਿੰਮਤ ਦੇ ਨਾਲ ਹੀ ਰਹਿੰਦੇ ਹਨ। ਸਰਕਾਰ ਨੇ ਇਹ ਕਾਨੂੰਨ ਬਣਾਇਆ ਹੈ ਕਿ ਪਿੰਡਾਂ ਦੇ ਵਿਚ ਜੇ ਪੰਚਾਇਤ ਵਾਲੇ ਚਾਹੁਣ ਤਾਂ ਹਰੀਜਨਾਂ ਨੂੰ ਘਰਾਂ ਲਈ ਜ਼ਮੀਨ ਦੇਣ ਤੇ ਜੇਕਰ ਉਹ ਨਾ ਚਾਹੁਣ ਤਾਂ ਨਾ ਦੇਣ, ਸਰਕਾਰ ਨੇ ਆਪਣੇ ਸਿਰ ਤੇ ਜ਼ਿਮੇਵਾਰੀ ਨਹੀਂ ਲਈ ਕਿ ਖੁਦ ਜ਼ਮੀਨ ਲੈ ਕੇ ਹਰੀਜਨਾਂ ਨੂੰ ਦੇਵੇ। ਲੇਕਿਨ ਇਹ ਐਸਾ ਨਹੀਂ ਕਰਦੇ। ਪਿੰਡਾਂ ਦੇ ਵਿਚ ਜਿਹੜੇ ਹਰੀਜਨ ਵਸਦੇ ਹਨ ਉਨ੍ਹਾਂ ਨੂੰ ਸਰਕਾਰ ਨਹੀਂ ਜ਼ਮੀਨ ਦਿੰਦੀ ਬਲਕਿ ਲੋਕ ਦਿੰਦੇ ਹਨ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਹ ਸਰਕਾਰ ਹਰੀਜਨਾਂ ਦਾ ਨਾਮ ਲੈ ਕੇ ਠਗੀ ਮਾਰਨ ਦੀ ਕੋਸ਼ਿਸ਼ ਕਰਦੀ ਹੈ। ਇਨ੍ਹਾਂ ਨੇ ਤਾਂ consolidation ਕਰਕੇ ਹਰੀਜਨਾਂ ਨੂੰ ਦੋਬਾਰਾ ਉਜਾੜਨ ਦੀ ਪਾਲੀਸੀ ਬਣਾਈ ਹੋਈ ਹੈ। ਅਜ ਏਸ ਬਿਲ ਨੂੰ ਪਾਸ ਕਰਕੇ ਜਿਹੜੇ ਇਹ ਅਖਤਿਆਰ ਐਸ. ਓ. ਸਾਹਿਬਾਨ ਨੂੰ ਦੇਣਾ ਚਾਹੁੰਦੇ ਹਨ ਉਨ੍ਹਾਂ ਦੇ ਨਾਲ ਲਾਜ਼ਮੀ ਤੌਰ ਤੇ ਲੜਾਈ ਝਗੜੇ ਪੈਦਾ ਹੋਣਗੇ। ਇਨ੍ਹਾਂ ਨੇ ਨਾਜਾਇਜ਼ ਤੌਰ ਤੇ ਲੋਕਾਂ ਦੇ ਕੁੱਰੇ ਤੋੜ ਕੇ ਆਪਣੇ ਨੇੜੇ ਤੇੜੇ ਵਾਲੇ ਆਦਮੀਆਂ ਨੂੰ ਦੇਣੇ ਹਨ। ਇਸ ਕਰਕੇ ਮੈਂ ਇਸ ਬਿਲ ਦੀ ਸਖਤ ਮੁਖਾਲਫਤ ਕਰਦਾ ਹਾਂ। ਅਜ ਦੁਨੀਆਂ ਚੰਦ ਤਕ ਪਹੁੰਚ ਚੁਕੀ ਹੈ। ਇਸ ਕਰਕੇ ਤੁਸੀਂ ਇਹ ਨਾ ਖਿਆਲ ਕਰੋ ਕਿ ਹਰੀਜਨ ਬੇਵਕੂਫ ਹੀ ਹਨ। ਤੁਸੀਂ ਹੁਣ ਹਰੀਜਨਾਂ ਨੂੰ ਝੁਠਲਾ ਨਹੀਂ ਸਕਦੇ। ਤੁਸੀਂ ਹਰੀਜਨਾਂ ਦਾ ਨਾਮ ਲੈ ਕੇ ਨਾਜਾਇਜ਼ ਫਾਇਦਾ ਉਠਾਉਣ ਦੀ ਕੋਸ਼ਸ਼ ਨਾ ਕਰੋ। ਆਪੋਜ਼ੀਸ਼ਨ ਵਾਲੇ ਪੰਜਾਬ ਦੇ ਵਿਚ ਤੁਹਾਡੇ ਨਾਲੋਂ ਜ਼ਿਆਦਾ ਵੋਟਾਂ ਲੈ ਕੇ ਜਿਤ ਕੇ ਆਏ ਹਨ ਇਸ ਕਰਕੇ ਤੁਹਾਨੂੰ ਇਹ ਚਾਹੀਦਾ ਸੀ ਕਿ ਤੁਸੀਂ ਸਾਡੀਆਂ ਵੀ ਕੁਝ ਤਰਮੀਮਾਂ ਮੰਨ ਕੇ ਬਿਲ ਵਗੈਰਾ ਪਾਸ ਕਰਦੇ ਤਾਂ ਅਸੀਂ ਸਮਝਦੇ ਕਿ ਇਹ ਜਨਤਾ ਦੀ ਸਾਂਝੀ ਸਰਕਾਰ ਹੈ। ਲੇਕਿਨ ਤੁਸੀਂ ਆਪਣੀ ਥੋੜੀ ਜਿਹੀ majority ਦੇ ਸਿਰ ਤੇ ਸਾਨੂੰ ਪਿਛੇ ਸੁਟ ਰਹੇ ਹੋ। ਇਹ ਗੱਲ ਤੁਹਾਡੇ ਵਾਸਤੇ ਠੀਕ ਨਹੀਂ। ਇਸ ਦਾ ਹਿਸਾਬ ਤੁਹਾਨੂੰ ਜਨਤਾ ਨੂੰ ਦੇਣਾ ਪਵੇਗਾ। ਸਰਦਾਰ ਅਜਮੇਰ ਸਿੰਘ ਹੋਰੀ ਖੁਦ ਜੱਟ ਹਨ ਇਸ ਕਰਕੇ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇ ਕਿਸੇ ਜੱਟ ਦੀ ਥੋੜੀ ਜਿਹੀ ਜ਼ਮੀਨ ਦੀ ਹੇਰਾ ਫੇਰੀ ਹੋ ਜਾਵੇ ਤਾਂ ਉਹ ਮਰਨ ਮਾਰਨ ਤਕ ਆ ਜਾਂਦੇ ਹਨ। ਇਸ ਕਰਕੇ ਤੁਸੀਂ ਝਗੜੇ ਪੈਦਾ ਨਾ ਕਰਵਾਉ ਅਤੇ ਇਸ ਬਿਲ ਨੂੰ ਵਾਪਿਸ ਲੈ ਲਉ।

ਬਾਬੂ ਅਜੀਤ ਕੁਮਾਰ (ਸਿਧਵਾਂ ਬੇਟ ਐਸ. ਸੀ.) : ਸਪੀਕਰ ਸਾਹਿਬ, ਇਹ ਜੋ amending Bill ਸਰਦਾਰ ਅਜਮੇਰ ਸਿੰਘ ਜੀ ਨੇ ਪੇਸ਼ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ S. O. ਨੂੰ ਹੋਰ ਅਖਤਿਆਰਾਤ ਦੇ ਰਹੇ ਹਾਂ ਇਸ ਬਾਰੇ Treasury Benches

[ਬਾਬੂ ਅਜੀਤ ਕੁਮਾਰ]

ਵਲੋਂ ਕਿਹਾ ਗਿਆ ਹੈ ਕਿ ਇਹ ਹਰੀਜਨਾਂ ਦੀ ਭਲਾਈ ਲਈ ਲਿਆਂਦਾ ਗਿਆ ਹੈ। ਮੈਨੂੰ ਸਮਝ ਨਹੀਂ ਆਈ ਕਿ ਕਿਤਨੇ ਅਰਸੇ ਤੋਂ ਇਨ੍ਹਾਂ ਦੇ ਦਿਲ ਵਿਚ ਹਰੀਜਨਾਂ ਦੀ ਭਲਾਈ ਦਾ ਖਿਆਲ ਆਇਆ ਹੈ। ਸਾਡੇ ਮਾਲ ਮੰਤਰੀ ਸਾਹਿਬ ਜਦੋਂ ਵਜ਼ੀਰ ਨਹੀਂ ਸਨ ਤਾਂ ਇਨ੍ਹਾਂ ਦੇ ਆਪਣੇ ਪਿੰਡ ਵਿਚ ਹਰੀਜਨਾਂ ਨੂੰ ਮਕਾਨ ਬਣਾਉਣ ਲਈ ਜ਼ਮੀਨ ਨਹੀਂ ਦਿਤੀ ਗਈ (*noise*)

Revenue Minister : Mr. Speaker, is it proper to say like this ?

Mr. Speaker : The hon. Member should not be personal. He should confine himself to the Bill under discussion.

ਬਾਬੂ ਅਜੀਤ ਕੁਮਾਰ : ਸਪੀਕਰ ਸਾਹਿਬ, ਮੈਂ personal ਗੱਲ ਨਹੀਂ ਕਰ ਰਿਹਾ ਹਾਂ, ਮੈਂ ਆਪਣੇ ਤਜਰਬੇ ਦੀ ਬਿਨਾ ਤੇ ਬਿਲਕੁਲ ਸਹੀ ਗੱਲ ਦੱਸ ਰਿਹਾ ਹਾਂ। ਜੇਕਰ ਤੁਸੀਂ ਕਹਿੰਦੇ ਹੋ ਤਾਂ ਮੈਂ ਇਹ ਗੱਲ ਨਹੀਂ ਕਰਦਾ। ਇਹ ਕਹਿੰਦੇ ਹਨ ਕਿ ਇਹ ਬਿਲ ਹਰੀਜਨਾਂ ਦੇ ਭਲੇ ਲਈ ਹੈ ਲੇਕਿਨ ਅਸਲੀਅਤ ਇਹ ਹੈ ਕਿ ਇਹ ਜੋ ਅਖਤਿਆਰਾਤ ਲੈਣਾ ਚਾਹੁੰਦੇ ਹਨ ਇਨ੍ਹਾਂ ਦੀ ਵਰਤੋਂ ਮੈਂ ਦਾਅਵੇ ਨਾਲ ਪਿਛਲੇ ਤਜਰਬੇ ਦੀ ਬਿਨਾ ਤੇ ਕਹਿ ਸਕਦਾ ਹਾਂ ਹਰੀਜਨਾਂ ਦੀ ਭਲਾਈ ਲਈ ਕਰਨ ਦੀ ਸਰਕਾਰ ਦੀ ਨੀਅਤ ਨਹੀਂ ਹੈ ਬਲਕਿ ਆਪਣੇ ਆਦਮੀਆਂ ਨੂੰ ਫਾਇਦਾ ਪਹੁੰਚਾਉਣ ਦੀ ਹੈ। ਮੇਰੇ ਪਾਸ ਇਸ ਦੇ ਸਬੂਤ ਹਨ। ਪੰਜਾਬ ਦੇ ਕੋਨੇ ਕੋਨੇ ਤੋਂ ਹਜ਼ਾਰਾਂ ਦਰਖਾਸਤਾਂ Director Consolidation ਕੋਲ ਆਈਆਂ ਹੋਈਆਂ ਹਨ ਕਿ ਉਨ੍ਹਾਂ ਲਈ ਇਸ਼ਤਮਾਲ ਵੇਲੇ ਕੋਈ ਜ਼ਮੀਨ ਮਕਾਨਾਂ ਲਈ ਨਹੀਂ ਰਖੀ ਗਈ। ਪਿੰਡਾਂ ਵਿਚ ਹਾਲ ਇਹ ਹੈ ਕਿ ਉਥੇ ਪੰਚਾਇਤਾਂ ਦੀਆਂ ਕਮੇਟੀਆਂ ਬਣਾ ਦਿੰਦੇ ਹਨ ਅਤੇ ਪੰਚਾਇਤਾਂ ਦੀ ਮਰਜ਼ੀ ਤੋਂ ਬਗੈਰ ਜ਼ਮੀਨ ਨਹੀਂ ਮਿਲ ਸਕਦੀ। ਕੀਤਾ ਇਹ ਜਾਂਦਾ ਹੈ ਕਿ 10/20 ਘਰ ਪਿੰਡ ਵਿਚ ਜੋ ਹੁੰਦੇ ਹਨ ਜਿਨ੍ਹਾਂ ਨੂੰ ਇਹ ਗੁਲਾਮ ਬਣਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਪਲਾਟ ਦੇ ਦਿੰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਲੜਾਂਦੇ ਰਹਿੰਦੇ ਹਨ। ਇਸ amendment ਵਿਚ ਇਹ ਲਿਆਂਦਾ ਗਿਆ ਹੈ ਕਿ ਜਿਸ ਕੋਲ ਜ਼ਮੀਨ ਨਹੀਂ ਹੈ ਉਸਨੂੰ ਪੰਚਾਇਤੀ ਸ਼ਾਮਲਾਤ ਵਿਚੋਂ ਜ਼ਮੀਨ ਦਿਤੀ ਜਾਵੇਗੀ। ਲੇਕਿਨ ਇਹ ਅਖਤਿਆਰ ਲੈਕੇ ਜੋ ਲੋਕ ਅਪੋਜ਼ੀਸ਼ਨ ਨਾਲ ਹਨ ਉਨ੍ਹਾਂ ਨੂੰ ਰਗੜਨਗੇ ਅਤੇ ਜੋ ਇਨ੍ਹਾਂ ਦੇ ਨਾਲ ਹਨ ਉਨ੍ਹਾਂ ਨੂੰ ਖੁਲ੍ਹੀ ਛੁਟੀ ਹੋਵੇਗੀ ਕਿ ਉਹ ਹਰੀਜਨਾਂ ਦਾ ਕੱਦੂਕਸ਼ ਕਰਦੇ ਰਹਿਣ। ਮੈਂ ਕਹਿੰਦਾ ਹਾਂ ਕਿ ਜੇਕਰ ਇਸ ਸਰਕਾਰ ਨੇ ਪਿਛਲੇ 15 ਸਾਲਾਂ ਵਿਚ ਹਰੀਜਨਾਂ ਦਾ ਭਲਾ ਕੀਤਾ ਹੁੰਦਾ ਤਾਂ ਇਨ੍ਹਾਂ ਅਪੋਜ਼ੀਸ਼ਨ ਬੈਂਚਾਂ ਤੇ reserved ਸੀਟਾਂ ਦੇ ਇਤਨੇ ਮੈਂਬਰ ਨਾ ਬੈਠੇ ਹੁੰਦੇ। ਜੇਕਰ ਸਰਕਾਰ ਦੀ ਇਹ ਨੀਤੀ ਰਹੀ ਤਾਂ ਮਾਸਟਰ ਗੁਰਬੰਤਾ ਸਿੰਘ ਜੀ ਬਾਹਰ ਜਾਕੇ ਬੇਸ਼ਕ ਜਿਤਨਾ ਮਰਜ਼ੀ ਆਦ ਧਰਮ ਮੰਡਲ ਵਿਚ ਕਹਿਣ ਕਿ "ਅਸੀਂ ਬਹੁਤ ਕੁਝ ਹਰੀਜਨਾਂ ਲਈ ਕਰ ਰਹੇ ਨੇ" ਲੇਕਿਨ ਇਨ੍ਹਾਂ ਦੀ ਕੋਈ ਨਹੀਂ ਸੁਣੇਗਾ ਅਤੇ ਅਗੇ ਨੂੰ ਇਕ ਵੀ ਹਰੀਜਨ ਉਨ੍ਹਾਂ ਬੈਂਚਾਂ ਤੇ ਨਹੀਂ ਰਹੇਗਾ। ਮੈਂ ਕਹਿੰਦਾ ਹਾਂ ਕਿ ਜੇਕਰ ਇਨ੍ਹਾਂ ਨੇ ਹਰੀਜਨਾਂ ਦੇ ਸੁਧਾਰ ਦੀ ਗੱਲ ਨਾ ਕੀਤੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਰੇ ਪੰਜਾਬ ਦੇ ਸ਼ੈਡੂਲਡ ਕਾਸਟਸ ਇਸ ਸਰਕਾਰ ਦੇ ਖਿਲਾਫ ਬਗਾਵਤ ਕਰ ਦੇਣਗੇ। ਜੇਕਰ ਸਰਕਾਰ ਇਸ ਸੂਬੇ ਦਾ ਭਲਾ ਚਾਹੁੰਦੀ ਹੈ ਅਤੇ ਜਿਨ੍ਹਾਂ ਹਰੀਜਨਾਂ ਦੇ ਨਾਮ ਤੇ ਇਹ ਤਰਮੀਮ ਲਿਆਂਦੀ

ਜਾ ਰਹੀ ਹੈ ਉਨ੍ਹਾਂ ਦਾ ਭਲਾ ਜੇਕਰ ਸਰਕਾਰ ਚਾਹੁੰਦੀ ਹੈ ਤਾਂ ਵਜ਼ੀਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਇਸ ਨੂੰ ਵਾਪਸ ਲੈ ਲੈਣ ।

Revenue Minister : Mr. Speaker, I can only pity some of my hon. friends who have spoken on this innocent Bill which provides for a minor amendment of the Consolidation Act. If I just ask my hon. Friend, Babu Ajit Kumar, as to what this amendment is I don't think he will be able to reply to it.

Babu Ajit Kumar : I know better than what the hon. Minister does.

Revenue Minister : Then the hon. Member should tell the House what is the purport of this amending Bill.

ਬਾਬੂ ਅਜੀਤ ਕੁਮਾਰ : ਮੈਂ ਵਜ਼ੀਰ ਸਾਹਿਬ ਦਾ challenge accept ਕਰਦਾ ਹਾਂ ਅਤੇ ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਇਸ ਬਿਲ ਵਿਚ ਕੀ ਹੈ (*noise and interruptions*)

श्री मंगल सैन : On a point of order, Sir. जनाब, मैं आप का ruling चाहता हूं कि क्या कोई वज़ीर यहां पर किसी माननीय सदस्य को challenge कर सकता है ?

आवाज़ें : (From Treasury Benches) कर सकता है ।

बाबू अजीत कुमार : मैं वज़ीर साहिब की समझ को challenge करता हूं ।

ਮਾਲ ਮੰਤਰੀ : ਸਪੀਕਰ ਸਾਹਬ, ਜੇਕਰ ਇਹ ਦੋਸਤ ਇਹ ਕਹਿਕੇ ਖੁਸ਼ ਹੋ ਸਕਦੇ ਹਨ ਕਿ ਬਾਬੂ ਅਜੀਤ ਕੁਮਾਰ ਜੀ ਬਹੁਤ ਕਾਬਲ ਤੇ ਲਾਇਕ ਹਨ ਤਾਂ ਉਹ ਕਹਿ ਲੈਣ ਅਤੇ ਮੈਂ ਵੀ ਕਹਿ ਦਿੰਦਾ ਹਾਂ ਕਿ ਉਹ ਬਹੁਤ ਸਿਆਣੇ ਹਨ । ਜੇਕਰ ਮੈਂ ਕੋਈ ਉਲਟ ਲਫ਼ਜ਼ ਕਹੇ ਹਨ ਤਾਂ ਮੈਂ ਵਾਪਸ ਲੈ ਲੈਂਦਾ ਹਾਂ ਲੇਕਿਨ ਇਹ ਹਾਊਸ ਖੁਦ ਹੀ ਸਮਝ ਲਵੇਗਾ ਕਿ ਉਨ੍ਹਾਂ ਵਿਚ ਕਿਤਨੀ ਸਿਆਣਪ ਹੈ (*noise and interruptions*)

Mr. Speaker : Order Order.

ਬਾਬੂ ਅਜੀਤ ਕੁਮਾਰ : On a point of order, Sir. ਕੀ ਉਨ੍ਹਾਂ ਬੈਂਚਾਂ ਤੇ ਬੈਠਾ ਹੋਇਆ ਕੋਈ ਵਜ਼ੀਰ ਜਾਂ ਮੈਂਬਰ ਇਧਰ ਬੈਠੇ ਮੈਂਬਰਾਂ ਨੂੰ ਮੁੱਕਾ ਵਿਖਾ ਸਕਦਾ ਹੈ ? ਮਾਸਟਰ ਗੁਰਬੰਤਾ ਸਿੰਘ ਮੈਨੂੰ ਮੁੱਕਾ ਵਿਖਾ ਰਹੇ ਹਨ (*noise*)

ਮਾਲ ਮੰਤਰੀ : ਮੈਨੂੰ ਤਾਂ ਅਸਲ ਗੱਲ ਇਹ ਜਾਪਦੀ ਹੈ ਕਿ ਇਨ੍ਹਾਂ ਦੋਸਤਾਂ ਨੂੰ phobia ਹੋ ਗਿਆ ਹੈ । ਇਨ੍ਹਾਂ ਨੂੰ ਸਾਡੇ ਮੁੱਕੇ ਵੀ ਨਜ਼ਰ ਆਉਂਦੇ ਹਨ ਅਤੇ ਸਾਡੀ majority ਵੀ ਨਜ਼ਰ ਆਉਂਦੀ ਹੈ । ਇਹ ਗੱਲਾਂ ਜਦੋਂ ਅਸੀਂ 5 ਸਾਲ ਬਾਅਦ ਜਨਤਾ ਦੇ ਸਾਹਮਣੇ ਜਾਵਾਂਗੇ ਤਾਂ ਕਰ ਲਵਾਂਗੇ ਲੇਕਿਨ ਹੁਣ ਹਾਊਸ ਵਿਚ ਤਾਂ ਕੋਈ ਠੋਸ ਗੱਲ ਕਰੋ (*noise*) ਇਸ ਹਾਊਸ ਵਿਚ ਬੈਠ ਕੇ ਤਾਂ ਕੋਈ constructive ਗੱਲ ਕਰੋ । ਖੈਰ ਮੈਂ ਅਰਜ਼ ਕਰਦਾ ਹਾਂ ਕਿ ਬਾਬੂ ਜੀ ਨੇ ਦਫ਼ਾ 42 ਦਾ ਜ਼ਿਕਰ ਕੀਤਾ ਹੈ ।

[ਮਾਲ ਮੰਤਰੀ]

He has tried to be a lawyer. But lawyer, I should say, with very old knowledge of law.

ਮੈਂ ਅਰਜ਼ ਕਰਦਾ ਹਾਂ ਕਿ ਦਫ਼ਾ 42 ਦੀ ਮਿਆਦ ਇਸ ਕਰਕੇ curtail ਕੀਤੀ ਹੈ ਕਿ ਅਗੇ ਹੀ ਵਧੇਰੇ ਮੌਕੇ ਦਿਤੇ ਹੋਏ ਹਨ ਇਸ ਲਈ ਇਹ ਮਿਆਦ ਕਰਟੇਲ ਹੋਣੀ ਹੀ ਚਾਹੀਦੀ ਹੈ । ਕੋਈ ਵੀ ਆਦਮੀ partition ਤੋਂ ਬਾਅਦ ਸੈਕਸ਼ਨ 15 (2) ਹੇਠ C.O. ਕੋਲ ਅਪੀਲ ਕਰ ਸਕਦਾ ਹੈ, ਸੈਕਸ਼ਨ 15 (3) ਹੇਠ S. O. ਕੋਲ ਅਪੀਲ ਕਰ ਸਕਦਾ ਹੈ, ਸੈਕਸ਼ਨ 15 (4) ਹੇਠ Assistant Director ਕੋਲ ਅਪੀਲ ਕਰ ਸਕਦਾ ਹੈ ਅਤੇ ਫੇਰ ਦਫ਼ਾ 42 ਦੇ ਤਹਿਤ ਅਪੀਲ ਕਰ ਸਕਦਾ ਹੈ । ਜਿਸ ਆਦਮੀ ਨੂੰ ਚਾਰ ਮੌਕੇ ਮਿਲ ਚੁਕੇ ਹੋਣ ਇਤਰਾਜ਼ ਕਰਨ ਦੇ ਉਸਨੂੰ ਖੁਲ੍ਹੀ ਛੁਟੀ ਨਹੀਂ ਹੋਣੀ ਚਾਹੀਦੀ ਕਿ ਜਿਸ ਵਕਤ ਉਸਦਾ ਦਿਲ ਚਾਹੇ ਇਤਰਾਜ਼ ਕਰ ਦੇਵੇ । ਇਸ ਲਈ ਦਫ਼ਾ 42 ਵਿਚ ਜੋ limitation ਮਿਆਦ ਦੀ ਮੁਕਰਰ ਕੀਤੀ ਹੈ ਉਸ ਵਿਚ ਕੋਈ ਖਾਸ ਗੱਲ ਨਹੀਂ । ਮੇਰੇ ਦੋਸਤ ਨੇ ਕਿਹਾ ਹੈ ਕਿ ਹਰੀਜਨਾਂ ਦੇ ਮੁਤੱਲਕ ਇਸ ਵਿਚ ਕੁਝ ਨਹੀਂ ਹੈ । ਮੈਂ ਕਹਿੰਦਾ ਹਾਂ ਕਿ ਹਰੀਜਨਾਂ ਲਈ ਸਭ ਕੁਝ ਹੈ, ਇਸ ਐਕਟ ਵਿਚ ਵੀ ਹੈ ਅਤੇ instructions ਵੀ ਸਰਕਾਰ ਵਲੋਂ ਹਨ ਕਿ ਹਰੀਜਨਾਂ ਵਾਸਤੇ ਵਸਣ ਲਈ ਵੀ ਤੇ ਕੂੜਾ ਕਰਕਟ ਲਈ ਵੀ ਜਗ੍ਹਾ ਰਖੀ ਜਾਵੇ ਅਤੇ ਇਸ ਗੱਲ ਤੇ ਅਮਲ ਵੀ ਹੋ ਰਿਹਾ ਹੈ । ਅਸੀਂ ਸਭ ਕੁਝ ਕਰ ਰਹੇ ਹਾਂ ਅਤੇ ਇਹ ਦੋਸਤ ਮੰਨਣ ਜਾਂ ਨਾ ਮੰਨਣ ਇਹ ਇਨ੍ਹਾਂ ਦੀ ਮਰਜ਼ੀ ਹੈ । ਹਾਂ ਜਿਥੇ ਕੋਈ ਕਮੀ ਹੈ ਬਜਾਏ ਚੈਲੰਜਬਾਜ਼ੀ ਕਰਨ ਕਰਾਨ ਦੇ ਸਾਨੂੰ ਦਸੋ, ਲਿਖ ਕੇ ਦਸੋ, ਮਿਲ ਕੇ ਦਸੋ ਅਸੀਂ ਉਨ੍ਹਾਂ ਦੀ ਸ਼ਿਕਾਇਤ ਦੂਰ ਕਰਾਂਗੇ provided they tell us something constructive.

12.00 Noon

But instead of that they play to the galleries and go on saying that the Government does this or that with motives. This won't do. There should be some substance in what they say.

ਇਸ ਦੇ ਮੁਤੱਲਿਕ ਅਗਰ ਇਸ ਤਰ੍ਹਾਂ ਕਿਹਾ ਜਾਏ ਕਿ ਹਰੀਜਨਾਂ ਨੂੰ ਨੀਵਾਂ ਕਰਨ ਦਾ ਮਨਸ਼ਾ ਹੈ, ਦੂਜਿਆਂ ਨੂੰ ਫਾਇਦਾ ਪਹੁੰਚਾਉਣ ਦਾ ਮਨਸ਼ਾ ਹੈ, ਇਹ ਸਚ ਨਹੀਂ । ਜਿਥੇ ਕਿਤੇ ਖਰਾਬੀ ਹੁੰਦੀ ਹੈ । ਤਕਸੀਮ ਨਾਲ ਹੁੰਦੀ ਹੈ ਜਾਂ ਸਕੀਮ ਦੇ ਵਿਚ ਖਰਾਬੀਆਂ ਹਨ, ਅਗਰ ਐਸ. ਓ. ਤੋਂ ਉਸ ਦੇ ਵਿਚ ਨੁਕਸ ਰਹਿ ਗਿਆ ਹੈ ਤਾਂ correct ਕਰ ਸਕੇਗਾ । ਮੇਰੇ ਨੋਟਿਸ ਵਿਚ ਇਹੋ ਜਿਹੇ cases ਹਨ । ਇਕ ਪਿੰਡ ਸੀ ਜਿਥੇ ਸੇਮ permanently ਹੋ ਗਈ । ਉਥੇ ਬਹੁਤ ਸਾਰੇ ਆਦਮੀਆਂ ਦਾ major share ਬਣ ਗਿਆ । ਸਾਰਾ ਹੀ ਰਕਬਾ ਸੇਮ ਵਿਚ ਹੋਵੇ ਤਾਂ ਉਥੇ ਕੁਦਰਤੀ ਤੌਰ ਤੇ ਕਰਨਾ ਪੈਂਦਾ ਹੈ । ਉਹ ਜ਼ਮੀਨਾਂ ਦੂਜੇ ਪਾਸੇ ਜਾਂਦੀਆਂ ਹਨ, valuation ਵਿਚ ਫਰਕ ਕੀਤਾ ਜਾ ਸਕਦਾ ਹੈ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹ provision ਇਸਤੇਮਾਲ ਕਰਨ ਦੀ ਬਜਾਏ ਜਿਹੜਾ ਨੁਕਸ ਹੋਵੇ, ਜਿਹੜੀ ਕਮੀ ਹੋਵੇ ਉਸ ਨੂੰ ਪੂਰਾ ਕੀਤਾ ਜਾਵੇ । ਇਸ ਚੀਜ਼ ਦਾ ਖਦਸ਼ਾ ਨਾ ਜ਼ਾਹਰ ਕੀਤਾ ਜਾਵੇ । ਤਰਸਿੱਕਾ ਸਾਹਿਬ ਨੇ ਤਾਂ ਤਵਾ ਹੀ ਹੋਰ ਚਾੜ੍ਹ ਦਿਤਾ । Consolidation ਦੀ ਤਾਂ ਗੱਲ ਹੀ ਨਹੀਂ ਕਹੀ । ਇਕੋ ਹੀ ਤਵਾ ਲਾਇਆ । ਜਿਹੜੀ ਚੀਜ਼ ਹੋਵੇ ਉਸ ਬਾਰੇ ਮੁਕਦੀ ਗੱਲ ਕਰਨੀ ਚਾਹੀਦੀ ਹੈ । ਇਸ ਵਾਸਤੇ ਇਹ ਬਿਲ ਪਾਸ ਹੋਣਾ ਚਾਹੀਦਾ ਹੈ ।

Mr. Speaker : Question is—

That the East Punjab Holdings (Consolidation and Prevention of Fragmentation) Amendment Bill be passed.

The House then divided :

Ayes .. 77

Noes .. 46

The motion was declared carried.

AYES

1. Ajmer Singh, Sardar.
2. Amar Nath Sharma, Shri.
3. Babu Dayal Sharma, Shri.
4. Bal Krishan, Dr.
5. Baloo Ram, Chaudhri.
6. Balwant Singh, Sardar.
7. Banarsi Dass, Shri.
8. Bhag Singh, Lieut.
9. Bhagwat Dayal, Shri.
10. Brish Bhan, Shri.
11. Chandi Ram Verma, Shri.
12. Chandrawati, Shrimati.
13. Darshan Singh, Chaudhri.
14. Dasondhi Ram, Chaudhri.
15. Dilbagh Singh, Sardar.
16. Dina Nath Agarwal, Shri.
17. Gian Chand, Shri.
18. Gian Singh Rarewala, Sardar.
19. Gulab Singh, Sardar.
20. Gurmej Singh, Sardar (Gumanpura).
21. Guran Dass Hans, Bhagat.
22. Gurbanta Singh, Sardar.
23. Gurdarshan Singh, Sardar.
24. Gurcharan Singh, Sardar.
25. Gurdial Singh Dhillon, Sardar.
26. Harbans Lal, Shri.
27. Harcharan Singh Brar, Sardar.
28. Harchand Singh, Sardar.
29. Hardwari Lal, Chaudhri.
30. Jagat Ram, Chaudhri.
31. Jagir Singh Dard, Sardar.
32. Jai Inder Singh, Sardar.
33. Jasdev Singh Sandhu, Sardar.
34. Jaswant Singh, Guru.
35. Kanhiya Lal Poswal, Shri.
36. Karam Singh 'Kirti', Sardar.
37. Kesara Ram, Shri.
38. Khurshed Ahmed, Chaudhri.
39. Mehar Singh, Thakur.
40. Mohan Lal, Shri.
41. Multan Singh, Shri.
42. Narain Singh Shahbazpuri, Sardar.
43. Nihal Singh, Shri (Mahindergarh).
44. Niranjan Singh Talib, Sardar.
45. Om Prabha Jain, Shrimati.
46. Parkash Kaur, Dr. Shrimati.
47. Partap Singh Kairon, Sardar.
48. Partap Singh Bakshi, Shri.
49. Piara Singh, Sardar.
50. Prem Singh 'Prem', Sardar.

[Mr. Speaker]

51. Pritam Singh Sahoke, Sardar.
52. Rala Ram, Principal.
53. Ram Chandra, Comrade.
54. Ram Dhari Gaur, Pandit (Gohana).
55. Ram Kishan, Shri.
56. Ram Pal Singh, Kanwar.
57. Ram Partap Garg, Shri.
58. Ram Piara, Comrade.
59. Ram Parkash, Chaudhri.
60. Ram Rattan, Chaudhri.
61. Ram Saran Chand Mittal, Shri.
62. Ranbir Singh, Chaudhri.
63. Ran Singh, Chaudhri.
64. Rattan Singh, Capt.
65. Rizaq Ram, Chaudhri.
66. Roop Lal Mehta, Shri.
67. Sagar Ram Gupta, Shri.
68. Sarla Devi, Shrimati.
69. Satnam Singh Bajwa, Sardar.
70. Sita Ram Bagla, Shri.
71. Sunder Singh, Chaudhri.
72. Tirlochan Singh 'Riasti', Sardar.
73. Tayyub Hussain Khan, Chaudhri.
74. Ujagar Singh, Sardar.
75. Yash Paul, Shri.
76. Yusuf Zaman Begum, Her Highness
77. Zail Singh Giani, Sardar,

NOES

1. Ajaib Singh, Sardar.
2. Ajit Kumar, Baboo.
3. Amar Singh, Shri.
4. Bachan Singh, Babu.
5. Baldev Parkash, Dr.
6. Bansi Ram, Lala.
7. Banwari Lal, Shri.
8. Bhan Singh Bhaura, Comrade.
9. Dalip Singh, Sardar.
10. Devi Lal, Chaudhri.
11. Fakiria, Shri.
12. Fateh Chand Vij, Shri.
13. Gurmej Singh, Sardar (Fatehgarh).
14. Gurbakhsh Singh, Sardar (Dhariwal).
15. Gurbakhshish Singh, Sardar.
16. Gurcharan Singh, Sardar.
17. Gurnam Singh, Sardar.
18. Hardit Singh, Sardar.
19. Hardit Singh Bhathal, Comrade.
20. Hari Singh, Sardar.
21. Har Kishan, Chaudhri.
22. Inder Singh Malik, Chaudhri.
23. Jagan Nath, Shri.
24. Jangir Singh, Comrade.
25. Jagjit Singh, Tikka (Naraingarh).
26. Jagjit Singh, Sardar (Zira).
27. Kartar Singh Dhillon, Sardar.
28. Kulbir Singh, Sardar.
29. Kultar Singh, Sardar.
30. Lachhman Singh Gill, Sardar.
31. Makhan Singh Tarsikka, Comrade.
32. Makhan Singh, Sardar (Haruwal).
33. Mangal Sein, Shri.
34. Mohan Lal Dutt, Pandit.

35. Mukhtiar Singh Malik, Chaudhri.
36. Net Ram, Chaudhri.
37. Nihal Singh, Shri.
38. Om Parkash Agnihotri, Shri.
39. Ram Dhari Balmiki, Shri.
40. Ram Singh, Chaudhri.
41. Satya Dev, Chaudhri.
42. Shamsher Singh Josh, Comrade.
43. Shamsher Singh, Sardar (Ludhiana).
44. Tara Singh Lyalpuri, Sardar.
45. Tej Singh, Sardar.
46. Tek Ram, Chaudhri.

THE PUNJAB NEW CAPITAL (PERIPHERY) CONTROL (AMENDMENT) BILL, 1962

Capital and Health Minister (Shri Brish Bhan) : Sir, I beg to move—

That the Punjab New Capital (Periphery) Control (Amendment) Bill, be taken into consideration at once.

मिस्टर स्पीकर, यह एक बहुत छोटा सा और सादा बिल है। इस के जरिए हम चंडीगढ़ की हुदूद को 5 मील की बजाए 10 मील तक करना चाहते हैं क्योंकि इस शहर की बहुत ज्यादा तरक्की हो रही है। यहां पर cantonment आ गई, Air Force का Station बन गया है इस लिए इस के इर्दगिर्द जो भद्दी किस्म की बस्तियां बन रही हैं उन को रोकने के लिए यह बिल लाया गया है। मैं उम्मीद करता हूं कि हाउस इसे पास कर देगा।

Mr. Speaker : Motion moved—

That the Punjab New Capital (Periphery) Control (Amendment) Bill be taken into consideration at once.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ) : ਸਪੀਕਰ ਸਾਹਿਬ, ਇਹ ਜਿਹੜਾ ਬਿਲ Capital Periphery ਦਾ ਲਿਆਂਦਾ ਜਾ ਰਿਹਾ ਹੈ ਇਹ ਕੋਈ ਛੋਟਾ ਜਿਹਾ ਅਤੇ ਮਾਸੂਮ ਬਿਲ ਨਹੀਂ ਜਿਸ ਤਰ੍ਹਾਂ ਕਿ ਵਜ਼ੀਰ ਸਾਹਿਬ ਨੇ ਦਸਿਆ ਹੈ। ਇਹ ਇਕ ਬਹੁਤ ਖਤਰਨਾਕ ਬਿਲ ਹੈ। ਇਸ ਦੇ ਪਿਛੇ ਇਕ ਲੰਬੀ ਚੌੜੀ ਹਿਸਟਰੀ ਹੈ ਅਤੇ ਇਸ ਦਾ ਸਬੰਧ ਚੰਡੀਗੜ੍ਹ ਵਿਚ ਰਾਜਧਾਨੀ ਤੇ ਬਨਾਣ ਨਾਲ ਹੈ। ਜਦੋਂ ਪੰਜਾਬ ਸਰਕਾਰ ਨੇ ਚੰਡੀਗੜ੍ਹ ਵਿਖੇ ਰਾਜਧਾਨੀ ਬਨਾਣ ਦਾ ਫੈਸਲਾ ਕੀਤਾ ਤਾਂ ਆਪ ਸਾਰਿਆਂ ਨੂੰ ਯਾਦ ਹੋਵੇਗਾ ਕਿ ਇਸ ਇਲਾਕੇ ਦੇ ਲੋਕਾਂ ਨੇ ਭਾਰੀ ਮੁਖਾਲਫਤ ਕੀਤੀ। ਮੈਂ ਜਿਸ ਹਲਕੇ ਵਿਚੋਂ ਇਸ ਅਸੈਂਬਲੀ ਵਿਚ ਚੁਣ ਕੇ ਆਇਆ ਹਾਂ ਅਤੇ ਜਿਨ੍ਹਾਂ ਦੀ ਮੈਂ ਇਥੇ ਇਸ ਹਾਊਸ ਵਿਚ ਨੁਮਾਇੰਦਗੀ ਕਰਦਾ ਹਾਂ ਉਸ ਇਲਾਕੇ ਦੇ ਲੋਕਾਂ ਨੇ ਇਸ ਗਲ ਦੀ ਵਿਰੋਧਤਾ ਕੀਤੀ। ਇਕ ਭਾਰੀ agitation ਚਲਾਈ। ਸਰਕਾਰ ਦੇ ਖਿਲਾਫ ਇਸ agitation ਨੂੰ ਚਲਾਇਆ ਸੀ। ਸਰਕਾਰ ਪਹਿਲੀ ਸਕੀਮ ਦੇ ਮੁਤਾਬਿਕ 62 ਪਿੰਡਾਂ ਨੂੰ ਉਜਾੜਨਾ ਚਾਹੁੰਦੀ ਸੀ ਅਤੇ ਜਿਨ੍ਹਾਂ ਕਿਸਾਨਾਂ ਨੇ ਉਜੜਨਾ ਸੀ ਉਨ੍ਹਾਂ ਨੂੰ ਜ਼ਮੀਨ ਦੇ ਬਦਲੇ ਜ਼ੀਮਨ ਦੇਣ ਦੀ ਬਜਾਏ ਰੁਪਿਆ ਦੇਣਾ ਚਾਹੁੰਦੀ ਸੀ। ਰੁਪਏ ਦੀ ਸ਼ਕਲ ਵਿਚ ਉਹ ਇਵਜ਼ਾਨਾ ਨਹੀਂ ਸਨ ਲੈਣਾ ਚਾਹੁੰਦੇ। ਇਸ ਫੈਸਲੇ ਦੇ ਖਿਲਾਫ ਇਸ ਹਲਕੇ ਦੇ ਲੋਕਾਂ ਨੇ ਇਕ ਤਾਰੀਖੀ agitation ਚਲਾਈ ਜਿਸ ਵਿਚ ਇਕ ਹਜ਼ਾਰ ਆਦਮੀ ਜੇਲ੍ਹਾਂ ਵਿਚ ਗਏ, ਲਾਠੀ ਚਾਰਜ ਹੋਇਆ ਅਤੇ ਗੋਲੀ ਵੀ ਚਲਾਈ ਗਈ। ਮੈਂ ਇਸ ਰਾਜਧਾਨੀ ਵਿਰੁਧ ਕਮੇਟੀ ਦਾ ਸੈਕਟਰੀ ਸਾਂ ਅਤੇ ਸਾਡੀਆਂ ਮੰਗਾਂ ਇਹ ਸਨ ਕਿ ਜੋ ਰਾਜਧਾਨੀ ਬਣਾਈ ਜਾਵੇ ਉਹ ਘਟ ਤੋਂ ਘਟ ਪਿੰਡਾਂ ਵਿਚ ਬਣਾਈ ਜਾਵੇ। ਦੂਜੀ ਮੰਗ ਇਹ ਸੀ ਕਿ ਜਿੰਨੇ ਜ਼ਿਮੀਦਾਰਾਂ ਨੂੰ ਇਨ੍ਹਾਂ ਪਿੰਡਾਂ ਤੋਂ ਉਜੜਨਾ ਪਏ ਉਨ੍ਹਾਂ ਨੂੰ ਜ਼ਮੀਨਾਂ ਦੇ ਬਦਲੇ ਜ਼ਮੀਨ ਦਿਤੀ ਜਾਵੇ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਅਤੇ ਇਵਜ਼ਾਨਾ ਰੁਪਏ ਦੀ ਸ਼ਕਲ ਵਿਚ ਨਾ ਦਿਤਾ ਜਾਵੇ । ਅਤੇ ਤੀਜੀ ਮੰਗ ਇਹ ਸੀ ਕਿ ਰਾਜਧਾਨੀ ਵਧਾਣ ਲਈ ਸੁਖਨਾ ਨਦੀ ਤੋਂ ਉਤਾਂਹ ਵਲ ਰੁਖ ਕੀਤਾ ਜਾਵੇ, ਹੇਠਾਂ ਵਲ ਇਸ ਨੂੰ ਨਾ ਵਧਾਇਆ ਜਾਵੇ। ਇਹ ਤਿੰਨ ਮੰਗਾਂ ਸਨ ਜਿਨ੍ਹਾਂ ਨੂੰ ਸਾਹਮਣੇ ਰੱਖ ਕੇ ਤਹਿਰੀਕ ਚਲਾਈ ਗਈ ਸੀ। ਸਰਕਾਰ ਨੇ ਇਸ ਵਿਚੋਂ 2 ਗਲਾਂ ਮੰਨ ਲਈਆਂ ਸਨ ਕਿ—62 ਦੀ ਥਾਂ ਪਿੰਡਾਂ ਨੂੰ ਘਟਾ ਕੇ 17 ਕਰ ਦਿਤਾ ਸੀ ਅਤੇ ਇਵਜ਼ਾਨਾ ਲੋਕਾਂ ਨੂੰ ਰੁਪਿਆ ਨਹੀਂ ਜ਼ਮੀਨ ਦਿਤੀ ਗਈ ਸੀ। ਸਾਡੇ ਲੋਕਾਂ ਨੇ ਇਨ੍ਹਾਂ ਤਿੰਨਾਂ ਗੱਲਾਂ ਲਈ ਘੋਲ ਕੀਤਾ ਸੀ। ਅਤੇ ਮੈਨੂੰ ਵੀ ਇਸੇ ਸਿਲਸਿਲੇ ਵਿਚ ਤਿੰਨ ਵੇਰ ਜੇਲ੍ਹ ਜਾਣ ਦਾ ਮੌਕਾ ਮਿਲਿਆ ਸੀ। ਇਸ ਦੇ ਨਾਲ ਇਕ ਹਜ਼ਾਰ ਲੋਕ ਹੋਰ ਵੀ ਸਨ। ਇਹ ਇਕ ਭਾਰੀ ਅੰਦੋਲਨ ਸੀ ਜੋ ਚਲਾਇਆ ਗਿਆ ਸੀ। ਰਾਜਧਾਨੀ ਦੇ ਵਧਣ ਲਈ ਕੋਈ ਗਲ ਨਹੀਂ ਸੀ ਮੰਨੀ ਗਈ। ਰਾਜਧਾਨੀ ਨੇ ਕਿਉਂਕਿ ਜ਼ਰੂਰ ਬਣਨਾ ਸੀ ਅਤੇ ਸ਼ਹਿਰ ਨੇ ਉਸਰਨਾ ਸੀ ਇਸ ਲਈ ਸੈਂਕੜੇ ਘਰਾਂ ਨੂੰ ਉਜੜਨਾ ਪਿਆ। ਅਤੇ ਪਿਛਲੇ 2 ਤਿੰਨ ਵਰ੍ਹੇ ਤਾਂ ਇਸ ਦੀ periphery 5 ਮੀਲ ਤਕ ਕਰ ਦਿਤੀ ਗਈ ਸੀ ਕਿ 5 ਮੀਲ ਦੇ ਰਕਬੇ ਦੇ ਅੰਦਰ ਅੰਦਰ ਕੋਈ ਜਟ ਖੇਤ ਵਿਚ ਮਕਾਨ ਨਹੀਂ ਬਣਾ ਸਕਦਾ, ਨਾ ਹੀ ਕੋਈ ਹਰੀਜਨ ਨਵੇਂ ਸਿਰਿਉਂ ਮਕਾਨ ਪਾ ਸਕਦਾ ਸੀ, ਕੋਠਾ ਨਹੀਂ ਬਣਾ ਸਕਦਾ ਸੀ, 5 ਮੀਲ ਦਾ ਰਕਬਾ ਪਾਸ ਕੀਤਾ ਗਿਆ ਸੀ। ਇਸ ਦੇ ਵਿਰੁਧ ਵਡੀ ਆਵਾਜ਼ ਉਠਾਈ ਗਈ ਸੀ ਅਤੇ ਇਨ੍ਹਾਂ ਨੇ ਵਾਹਦਾ ਕੀਤਾ ਸੀ ਕਿ ਅਸੀਂ ਇਸ ਹੱਦ ਨੂੰ ਘਟਾ ਦਿਆਂਗੇ। 1957 ਦੀਆਂ ਚੋਣਾਂ ਵਿਚ ਅਤੇ ਹੁਣ ਦੀਆਂ ਚੋਣਾਂ ਵਿਚ ਵੀ ਇਸ ਹਲਕੇ ਦੇ ਵਜ਼ੀਰ ਸ੍ਰੀਮਾਨ ਤਾਲਿਬ ਸਾਹਿਬ ਨੇ ਲੋਕਾਂ ਨੂੰ ਇਹ ਖੁਲੇ ਆਮ ਕਿਹਾ ਸੀ ਕਿ ਅਸੀਂ ਇਸ ਹਦ ਨੂੰ ਘਟਾ ਦਿਆਂਗੇ। (ਸਰਦਾਰ ਨਿਰੰਜਨ ਸਿੰਘ ਤਾਲਿਬ : ਮੈਂ ਤਾਂ ਕੋਈ ਨਹੀ ਕਿਹਾ) ਇਨ੍ਹਾਂ ਦੀ ਤਾਂ ਆਦਤ ਬਣ ਗਈ ਹੈ ਕਿ ਜਦੋਂ ਚੋਣਾਂ ਆਉਣ ਤਾਂ ਇਹ ਆਪਣੀਆਂ ਜੇਬਾਂ ਵਿਚ ਸਕੂਲ, ਪਰਮਿਟ, ਕੋਟੇ, ਹਦ ਬੰਦੀ ਨੂੰ ਘਟਾਣਾ, ਮੁਜ਼ਾਰਿਆਂ ਦਾ ਕਾਨੂੰਨ ਆਦਿ ਚੁਕੀ ਫਿਰਦੇ ਹਨ ਪਰ ਜਦੋਂ election ਖਤਮ ਹੋ ਜਾਂਦੀ ਹੈ ਤਾਂ ਇਹ ਸਾਰੀਆਂ ਗੱਲਾਂ ਤੋਂ ਮੁੱਕਰ ਜਾਂਦੇ ਹਨ ਕਿ ਅਸੀਂ ਤਾਂ ਇਹ ਗਲ ਨਹੀਂ ਕਹੀ। ਜਿਸ ਵੇਲੇ 5 ਮੀਲ ਦੀ ਹੱਦ ਦੇ ਅੰਦਰ Periphery Act ਬਣਾਇਆ ਗਿਆ ਸੀ ਉਸ ਵੇਲੇ ਕਿਸਾਨਾਂ ਨੇ ਇਸ ਦੇ ਖਿਲਾਫ ਬੜੀ ਜੱਦੋ-ਜਹਿਦ ਕੀਤੀ ਸੀ। ਹੁਣ ਮੈਂ ਹੈਰਾਨ ਹਾਂ ਕਿ ਸਰਕਾਰ 5 ਮੀਲ ਦੀ ਬਜਾਏ 10 ਮੀਲ ਦਾ ਰਕਬਾ ਲੈ ਰਹੀ ਹੈ। ਇਸ ਦਾ ਮਤਲਬ ਇਹ ਹੋਵੇਗਾ ਕਿ ਕਮ ਅਜ਼ ਕਮ 150 ਪਿੰਡ ਇਸ ਦੇ ਅੰਦਰ ਆ ਜਾਣਗੇ। ਇਨ੍ਹਾਂ ਵਿਚ ਉਹ ਲੋਕ ਵਸਦੇ ਹਨ ਜਿਹੜੇ ਰੋਜ਼ਾਨਾ ਕਿਰਤ ਕਰਕੇ ਆਪਣਾ ਪੇਟ ਪਾਲਦੇ ਹਨ। ਇਸ ਦਾ ਕੀ ਅਸਰ ਹੋਣਾ ਹੈ ਕਿ ਏਥੋਂ ਜਿਸਤਰਾਂ 8 ਮੀਲ ਦੀ ਵਿਥ ਦੇ ਅੰਦਰ ਕੋਈ ਪਿੰਡ ਹੋਵੇ, ਮਿਸਾਲ ਦੇ ਤੌਰ ਤੇ ਪਿੰਡ ਕੰਬਾਲਾ ਹੈ, ਬੜੈਲ ਹੈ, ਜੇਕਰ ਕੋਈ ਮਕਾਨ ਬਣਾ ਲੈਂਦਾ ਹੈ ਤਾਂ ਉਸ ਨੂੰ ਰਾਜਧਾਨੀ ਦੇ ਫੇਰੇ ਪਾਉਣੇ ਪੈਂਦੇ ਹਨ; ਉਸ ਦਾ ਬੜਾ ਨੁਕਸਾਨ ਹੁੰਦਾ ਹੈ। ਇਹ ਇਕ ਖਾਹਮਖਾਹ ਦੀ ਦਿੱਕਤ ਆਲੇ ਦੁਆਲੇ ਦਿਹਾਤ ਲਈ ਪੈਦਾ ਕੀਤੀ ਜਾ ਰਹੀ ਹੈ। ਇਹ ਏਥੇ ਕਿਉਂ ਐਸਾ ਅਸੂਲ ਵਰਤਿਆ ਜਾ ਰਿਹਾ ਹੈ ਜਦੋਂ ਕਿ ਦਿੱਲੀ ਦੀ ਸਰਕਾਰ ਨੇ ਕੋਈ ਐਸਾ ਐਕਟ ਨਹੀਂ ਬਣਾਇਆ, ਕਲਕੱਤੇ ਦੀ ਸਰਕਾਰ ਨੇ ਕੋਈ ਐਸਾ ਐਕਟ ਨਹੀਂ ਬਣਾਇਆ, ਬੰਗਾਲ ਦੀ ਸਰਕਾਰ ਨੇ ਕੋਈ ਐਸਾ ਐਕਟ ਬਣਾ ਕੇ ਪਾਬੰਦੀ ਨਹੀਂ ਲਗਾਈ। ਫੇਰ ਕੀ ਵਜਾਹ ਹੈ ਕਿ ਇਹ Noble prize ਲੈਣ ਦਾ ਹੱਕ ਪੰਜਾਬ ਦੀ ਸਰਕਾਰ ਨੂੰ ਹੀ ਹੈ। ਸਮਝ ਨਹੀਂ ਪੈਂਦੀ ਇਹ ਹਰ ਕੰਮ ਵਿਚ ਨਵੀਂ ਤੋਂ ਨਵੀਂ ਚੀਜ਼ ਲਿਆਉਂਦੇ ਹਨ। ਪਰ ਸਰਕਾਰ ਨੂੰ ਇਸ ਗੱਲ ਦੀ ਸਮਝ ਚਾਹੀਦੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਦਿਹਾਤੀ ਲੋਕਾਂ ਦਾ ਬੜਾ ਨੁਕਸਾਨ ਹੁੰਦਾ ਹੈ। ਇਹ ਉਨ੍ਹਾਂ

ਦਿਹਾਤੀਆਂ ਦੇ ਕਾਰੋਬਾਰ ਉਪਰ ਛਾਪਾ ਮਾਰਨ ਲਈ ਸਾਰਾ ਜ਼ੋਰ ਲਾਇਆ ਜਾ ਰਿਹਾ ਹੈ । ਇਸ ਤਰ੍ਹਾਂ ਦੇ ਕਾਨੂੰਨ ਬਣਾਕੇ ਹਰੀਜਨਾਂ, ਗਰੀਬ ਕਿਸਾਨਾਂ ਦੀ ਰੋਟੀ ਖੋਹਣ ਦਾ ਯਤਨ ਕੀਤਾ ਜਾ ਰਿਹਾ ਹੈ । ਜਿਤਨਾ ਚਿਰ ਅਮੀਰਾਂ ਨੂੰ ਪਲਾਟ ਦੇਣੇ ਸੀ ਤਾਂ allotment ਕਰਦੇ ਰਹੇ ਜਦੋਂ ਉਨ੍ਹਾਂ ਨੂੰ ਦੇ ਕੇ ਰੱਜ ਗਏ ਤਾਂ ਉਨ੍ਹਾਂ ਦੀ auction ਸ਼ੁਰੂ ਕਰ ਦਿੱਤੀ । ਚਾਹੀਦਾ ਇਹ ਸੀ ਕਿ ਗਰੀਬਾਂ ਦੀ ਇਮਦਾਦ ਕੀਤੀ ਜਾਂਦੀ ਅਤੇ ਉਨ੍ਹਾਂ ਨੂੰ ਸੁਖ ਦਾ ਸਾਹ ਲੈਣ ਦਿੱਤਾ ਜਾਂਦਾ ਪਰ ਅੱਜ ਉਨ੍ਹਾਂ ਦੀ ਰੋਜ਼ੀ ਛੀਨਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ । ਜੇ ਕਿਸੇ ਕੰਮ ਲਈ ਗ਼ਰੀਬ ਆਦਮੀ ਆ ਕੇ ਕੋਈ ਦਰਖਾਸਤਾਂ ਦਿੰਦੇ ਹਨ ਤਾਂ ਉਨ੍ਹਾਂ ਤੇ ਗ਼ੌਰ ਹੀ ਨਹੀਂ ਹੁੰਦਾ । ਇਸ ਸਰਕਾਰ ਦਾ ਰਾਜ ਐਸਾ ਹੈ । Registered letters ਦਾ ਜਵਾਬ ਹੀ ਨਹੀਂ ਦਿੱਤਾ ਜਾਂਦਾ । ਅੱਜ ਜਦੋਂ ਇਹ ਹੱਦ ਵਧਾ ਕੇ 5 ਦੀ ਬਜਾਏ 10 ਮੀਲ ਕਰ ਰਹੇ ਹਨ ਤਾਂ ਲਾਜ਼ਮੀ ਤੌਰ ਤੇ ਲੋਕਾਂ ਲਈ ਬੜੀ ਹੀ ਮੁਸ਼ਕਲ ਪੈਦਾ ਹੋ ਜਾਵੇਗੀ । ਇਹ ਇਤਨੀ ਵੱਡੀ ਮੁਸ਼ਕਲ ਹੋਵੇਗੀ ਕਿ ਇਸ ਦਾ ਅਸਰ ਸਾਡੇ ਦਿਹਾਤੀ ਲੋਕਾਂ ਦੇ ਕਾਰੋਬਾਰ ਤੇ ਪਵੇਗਾ, ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜੀ Periphery Act ਰਾਹੀਂ ਕੋਈ ਪਾਬੰਦੀ ਲਾਉਣੀ ਚਾਹੁੰਦੇ ਹਨ ਇਹ ਜਾਇਜ਼ ਨਹੀਂ ਹੈ । ਇਹ ਸਾਡੇ ਲੋਕਾਂ ਨਾਲ ਇਕ ਬੜਾ ਭਾਰੀ ਧੱਕਾ ਹੈ । ਇਹ ਧਰਤੀ ਜਿਹੜੀ ਕਿ ਰਾਜਧਾਨੀ ਲਈ ਰੋਕੀ ਜਾ ਰਹੀ ਹੈ ਉਹ ਹੈ ਜਿਥੇ ਕਿ 18 ਫੁਟ ਦਾ ਗੰਨਾ ਹੁੰਦਾ ਹੈ, ਚਾਉਲ ਆਲ੍ਹਾ ਕਿਸਮ ਦੇ ਹੁੰਦੇ ਹਨ, ਦਾਲਾਂ ਹੁੰਦੀਆਂ ਹਨ । ਅਜ ਇਸ ਮਿਹਨਤ ਦਾ ਫਲ ਉਨ੍ਹਾਂ ਲੋਕਾਂ ਨੂੰ ਇਹ ਮਿਲ ਰਿਹਾ ਹੈ ਕਿ ਉਹ ਲੋਕ ਉਜਾੜੇ ਜਾ ਰਹੇ ਹਨ । ਜਿਹੜੀ ਧਰਤੀ ਸੋਨਾ ਉਗਲਦੀ ਸੀ ਅੱਜ ਉਹ ਕਿਸੇ ਹੋਰ ਸ਼ਕਲ ਵਿਚ ਤਬਦੀਲ ਕੀਤੀ ਜਾ ਰਹੀ ਹੈ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਹਾਲੇ ਵੀ ਇਨ੍ਹਾਂ ਦੀ ਹਾਲਤ ਤੇ ਰਹਿਮ ਕਰੋ । ਤੁਸੀਂ ਰਾਜਧਾਨੀ ਬਣਾਉਣੀ ਹੈ ਤਾਂ ਬਣਾਓ ਪਰ ਉਨ੍ਹਾਂ ਦੇ ਕਾਰੋਬਾਰ ਤਾਂ ਕੋਈ ਰੁਕਾਵਟ ਨਾ ਬਣੇ, ਉਨ੍ਹਾਂ ਦੇ ਉਤੇ ਕੋਈ ਪਾਬੰਦੀ ਨਾ ਲਾਓ । ਤੁਸੀਂ ਆਪਣਾ ਪੂਰਾ ਜ਼ੋਰ ਲਾ ਕੇ ਪੰਜ ਮੀਲ ਦੇ ਅੰਦਰ ਅੰਦਰ ਆਪਣੀ ਮਨ ਮਰਜ਼ੀ ਦੀ ਰਾਜਧਾਨੀ ਆਬਾਦ ਕਰ ਲਈ ਹੈ ਪਰ ਜਿਹੜੀ ਹੋਰ ਕਰਨੀ ਹੈ ਉਸ ਨੂੰ ਲੋਕਾਂ ਨੂੰ ਆਪਣੀ ਮਰਜ਼ੀ ਨਾਲ ਕਰਨ ਦਿਓ । ਇਸ ਲਈ ਮੈਂ ਤਾਂ Project Minister ਨੂੰ ਇਹੋ ਕਹਾਂਗਾ ਕਿ ਉਹ ਆਪਣੇ ਇਸ ਬਿਲ ਨੂੰ ਵਾਪਸ ਲੈ ਲੈਣ । ਇਹ ਵਾਪਸ ਲੈਣਾ ਇਸ ਲਈ ਵੀ ਜ਼ਰੂਰੀ ਹੈ ਕਿ ਇਸ ਦੇ ਨਾਲ ਲੋਕਾਂ ਦਾ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ । ਤੁਸੀਂ ਅੱਜ ਹਰ ਗੱਲ ਵਿਚ ਕਹਿੰਦੇ ਹੋ ਕਿ ਅਸੀਂ ਹਰੀਜਨਾਂ ਦਾ ਭਲਾ ਸੋਚਦੇ ਹਾਂ, ਸਰਕਾਰ ਨੇ ਹਰੀਜਨਾਂ ਦੀ development ਵਾਸਤੇ ਬੜੇ ਪ੍ਰੋਗਰਾਮ ਬਣਾਏ ਹੋਏ ਹਨ । ਮੈਂ ਅਰਜ਼ ਕਰਾਂ ਕਿ ਇਸ ਤੋਂ ਹਰੀਜਨਾਂ ਦਾ ਹੋਰ ਕੋਈ ਭਲੇ ਦਾ ਕੰਮ ਨਹੀਂ ਕਿ ਜਿਹੜੇ ਇਕ ਇਕ ਵਿਘਾ 2, 2 ਵਿਘੇ ਤੇ ਆਪਣਾ ਹਲ ਵਾਹ ਕੇ ਗੁਜ਼ਾਰਾ ਕਰਦੇ ਹਨ ਉਨ੍ਹਾਂ ਨੂੰ ਤਾਂ ਰੋਟੀ ਖਾਣ ਦਿਓ, ਉਨ੍ਹਾਂ ਨੂੰ ਦਫਤਰਾਂ ਦੇ ਗੇੜਿਆਂ ਤੋਂ ਬਚਾਓ, ਨਹੀਂ ਤਾਂ ਇਨ੍ਹਾਂ ਲੋਕਾਂ ਲਈ ਜਿਹੜਾ ਥੋੜਾ ਬਹੁਤ ਰੋਜ਼ਗਾਰ ਹੈ ਉਹ ਵੀ ਖਤਮ ਹੋ ਜਾਵੇਗਾ ।

(The hon. member was still on his legs when the House adjourned)

12.30 P.M.

(*The Sabha then adjourned till* 8.00 *A.M. on Wednesday, the 9th May,* 1962).

17504 PVS—380—26-9-62—C.,P. & S., Pb., Chandigarh.

Published under the authority of the Punjab Vidhan Sabha and printed by the Controller, Printing & Stationery, Punjab, Chandigarh.

Punjab Vidhan Sabha Debates

9th May, 1962.

Vol. I—No. 34

OFFICIAL REPORT



CONTENTS

Wednesday , the 9th May, 1962.

Price : Rs. 6.00 nP.

ERRATA

PUNJAB VIDHAN SABHA DEBATES VOL. I, NO. 34,
DATED THE 9TH MAY, 1962

Read	*For*	*on Page*	*Line*
Acquisition	Acqusition	Title Page	2nd from below
Assistant Registrar	Assistant Register	(34)12	5
गिराया	गिराय	(34)29	15
Delete "upon" between	"cause" and "as"	(34)33	21
complaint	conplaint	(34)35	30
again	against	(34)37	Last
advisable	advisible	(34)38	18
ever	every	(34)38	9th from below
com.	coml	(34)39	2
impersonated	impresonated	(34)39	10
complain	complaint	(34)39	36
because	becuase	(34)39	58
cannot	carnot	(34)40	20
सरकार	रकार	(34)41	3rd from below
an insult	aninsult	(34)42	6
Shri Dayal Singh	Shri Dyalingh	(34)47	S.No. 102
all	al	(34)81	15
Tool	Too	(34)82	26
Land Acquisition	Punjab Acquisition	(34)89	Heading
Deputy Speaker	Mr. Speaker	(34)117	6

PUNJAB VIDHAN SABHA

Wednesday , the 9th May, 1962.

The Vidhan Sabha met in the Assembly Chamber, Sector 1, *Chandigarh, at* 8.00 *a.m. of the clock. Mr. Speaker (Shri Prabodh Chandra) in the Chair.*

STARRED QUESTIONS AND ANSWERS

LAND PURCHASED FOR HARIJANS IN DISTRICT AMRITSAR

*629. **Sardar Tara Singh, Lyalpuri :** Will the Minister for Planning be pleased to state—

(a) whether the Committee appointed by Government in Amritsar District for the purchase of land for Harijans and its distribution to them purchased any land from 1957 up to now ; if so, the area of land purchased and the price paid for it ;

(b) the names of the parties from whom the said land was purchased from time to time ;

(c) the area of land mentioned above given to each Harijan Society, with the names of the Members thereof, their permanent addresses and the places where they are cultivating the land at present ;

(d) the amount of loan advanced to each of the Societies referred to in part (c) above and the amount of loan repaid by each of them together with the procedure for advancing and repayment of loans ;

(e) whether Government propose to remit the said loan, if so ; when ?

Sardar Harchand Singh (Deputy Minister) :

(a)
(b)
(c) } The requisite information. is laid on the Table of the House.
(d)
(e)

STATEMENT

PURCHASE OF LAND IN AMRITSAR DISTRICT SINCE* 1957

Area purchased	Price paid	Name of the party from whom purchased	Places where the beneficiaries are cultivating the land	Date of possession of land	Names of Harijan beneficiaries with their permanent addresses	Amount advanced as loan	Amount of loan repaid	REMARKS
1	2	3	4	5	6	7	8	9
	Rs nP.					Rs	Rs	
1956-57								
291 acres	1,12,500 ·00	Col. Sir Buta Singh, village Amarkot (Rakh Devi Dass pura), tehsil Amritsar	Amar Kot, tehsil Amritsar	24-12-57	1. Mohinder Singh, son of Harnam Singh, village Verka, tehsil Amritsar	62,500	Nil	
					2. Ram Singh, son of Wadhawa Singh, village Sahnewal, tehsil Amritsar			
					3. Darshan Singh, son of Rur Singh, village Amritsar			
					4. Jawand Singh, son of Kesar Singh, Fatehpur Rajputan, tehsil Amritsar			
					5. Kartar Singh, son of Gurdit Singh, Balsarai, tehsil Amritsar		Harijan Agricultural and Thrift Co-operative Socity, Amarkot, tehsil Amritsar	
					6. Puran Singh, son of Sadha Singh, Sham Nagar, tehsil Amritsar			
					7. Banta Singh, son of Jawala Singh, Chogawan, tehsil Amritsar			

8. Isher Singh, son of Bal Singh, village Sabhra, tehsil Patti

9. Bur Singh, son of Pira Singh, village Chuslewad, tehsil Patti

10. Shingara Singh, son of Mehenga Singh, Rajoke, tehsil Patti

11. Tara Singh, son of Surain Singh, village Asal, tehsil Patti

12. Hazara Singh, son of Jamit Singh, village Jindawala, tehsil Patti

13. Santa Singh, son of Labh Singh, village Asalautar, tehsil Patti

14. Dalip Singh, son of Phuman Singh, village Malia, tehsil Tarn Taran

15. Sucha Singh, son of Inder Singh, village Sairon, tehsil Tarn Taran

16. Bakhashish Singh, son of Sohan Singh, village Baserke, tehhsil Amritsar

17. Teja Singh, son of Achhar Singh, village Khadur Sahib, tehsil Tarn Tarn

18. Mohinder Singh, son of Mota Singh, village Bharowal, tehsil Tarn Taran

[Deputy Minister]

Area purchased	Price paid	Name of the party from whom purchased	Places where the beneficiaries are cultivating the land	Date of possession of land	Name of Harijan beneficiaries with their permanent addresses	Amount advanced as loan	Amount of of loan repaid	REMARKS
1	2	3	4	5	6	7	8	9
	Rs nP.					Rs	Rs	
					19. Ranga Singh, son of Narayan Singh, village Tarn Taran			
					20. Puran Singh, son of Labh Singh, village Kot Dharam Chand, tehsil Tarn Taran			
					21. Teja Singh, son of Atma Singh, village Maura, tehsil Ajnala			
					22. Mohinder Singh, son of Nihal Singh, village Chetan pura, tehsil Ajnala			
					23. Bhagat Singh, son of Mangal Singh, village Rokhe, tehsil Ajnala			
					24. Sher Singh, son of Khushhal Singh, village Kohali, tehsil Ajnala			
					25. Udhem Singh, son of Jagat Singh, village Isa Pur, tehsil Ajnala			

45 acres	31,500·00	1. Lal Singh, son of Pritam Singh 2. Umaroa Singh, son of Pritam Singh 3. Attar Singh, son of Nihal Singh, of Jodha Nagri, tehsil Amritsar	Village JodhaNagri, tehsil Amritsar	January, 1958	1. Gurmej Singh, son of Asa Singh, village Gumanpura, tehsil Amritsar 2. Tara Singh, son of Sher Singh, village Shahbazpur, tehsil Tarn Taran 3. Sardul Singh, son of Bharosa Singh, village Khaba Rajputana, tehsil Tarn Taran 4. Mangal Singh, son of Labh Singh, village Jagdev Kalan, tehsil Ajnala 5. Rur Singh, son of Chande Singh, village Kot Khera, tehsil Amritsar 6. Ujjagar Singh, son of Tota Singh, village Bagga, tehsil Amritsar 7. Natha Singh, son of Harnam Singh, village Gunowal, tehsil Amritsar	17,500	Nil
1957-58							
45 acres	40,500·00	Subedar Atma Singh village Khadur Sahib tehsil Tarn Taran	Village Khadur Sahib, tehsil Tarn Taran	6-11-59	1. Balwant Singh, son of Piara Singh, village Pandori Gola, tehsil Tarn Taran 2. Piara Singh, son of Chattar Singh, village Sarhali Kalan, tehsil Tarn-Taran 3. Bhula Singh, son of Mangal Singh, village Kaseal, tehsil Tarntaran		Harijan Agricultural and Thrift Co-operative Society, Jodha Nagri tehsil Amritsar

Area purchased	Price paid	Name of the party from whom purchased	Places where the beneficiaries are cultivating the land	Date of possession of land	Names of Harijan beneficiaries with their permanent addresses	Amount advanced as loan	Amount of loan repaid	REMARKS
1	2	3	4	5	6	7	8	9
	Rs nP.					Rs	Rs	
					4. Shingara Singh, son of Inder Singh, Goindwal, tehsil Tarn Taran			
					5. Budh Singh, son of Gobind Singh, village Naushehra Panwan, tehsil Tarn Taran			
					6. Inder Singh, son of Dewa Singh, village Dhotian, tehsil Tarn Taran			
					7. Banta Singh, son of Khazan Singh, village Chamba Khurd, tehsil Tarn Taran			
					8. Tarlok Singh, son of Tara Singh, village Fatehbad, tehsil Tarn Taran			
					9. Lalu, son of Mangal, village Naushehra Panwan tehsil Tarn Taran			
242 acres	72,000·00	1. Baljit Singh, son of Raghbir Singh 2. Rajinder Singh, son of Jagbir Singh	Kotla Dal Singh, tehsil Amritsar	27-1-1960	1. Prem Singh, son of Muni Lal, village Jandiala, tehsil Amritsar	Nil	Nil	

3. Balbir Singh, son of Karam Singh, village -Kotla Dal Singh, tehsil Amritsar

2. Narain Singh, son of Bahadur Singh, village Vapal, tehsil Amritsar

3. Bhan Singh, son of Pal Singh, village Bhangali Kalan, tehsil Amritsar

4. Bishan Singh, son of Jiwan Singh, village Gilwali, tehsil Amritsar

5. Bara Singh, son of Hakam Singh, village Hamidpura, tehsil Amritsar

6. Teja Singh, son of Labh Singh, village Chetanpura, tehsil Ajnala

7. Piara Singh, son of Wadawa Singh, village Klomahal, tehsil Ajnala

8. Vir Singh, son of Balwant Singh, village Ghukewali, tehsil Ajnala

9. Jhanda Singh, son of Jethu Ram, village Gaggo Mahal, tehsil Ajnala

10. Pritam Singh, son of Gurumukh Singh, village Kohali, tehsil Ajnala

11. Chanan Singh, son of Sohan, Singh, village Bagga Kalan tehsil Ajnala

12. Piara Singh, son of Budha Singh, village Isa Pur, tehsil Ajnala

[Deputy Minister]

Area purchased	Price paid	Name of the party from whom purchsed	Places where the beneficiaries are cultivating the land	Date of possession of land	Names of Harijan beneficiaries with their permanent Addresses	Amount advanced as loan	Amount of loan repaid	REMARKS
1	2	3	4	5	5	7	8	9
	Rs nP.					Rs	Rs	
					13. Teja Singh, son of Asa Singh, village Daburji, tehsil Tarn Taran 14. Gian Chand, son of Chuhar Mal, of Amritsar 15. Bantu, son of Tiru, village Lola, tehsil Amritsar 16. Rodu, son of Nanak, village Urdan, tehsil Ajnala			
A K M 16 7 0	13,500·00	1. Attar Singh, son of Nihal Singh 2. Sardul Singh, son of Attar Singh 3. Gurcharan Singh son of Attar Singh Surrinderpal Singh, son of Amrik Singh, of Jodha Nagri, tehsil Amritsar	Jodha Nagri, tehsil Amritsar	20-3-61	1. Teja Singh, son of Dogar Singh, village Jallowal tehsil Amrisar 2. Gurmej Singh, son of Naurang Singh, village Akal Garh Dhapai, tehsil Amritsar 3. Arjan Singh, son of Santa Singh, village Saido Lehal, tehsil Amritsar	Nil	Nil	

26½ acres	22,500·00	1. Jasmer Kaur, widow of Kehar Singh	Village Kulah, tehsil Patti	7-12-59	1. Harnam Singh, son of Jiwan Singh, village Valtoha, tehsil Patti	Nil	Nil
		2. Kanwar Raj Singh, son of Kehar Singh			2. Teja Singh, son of Mohan Singh, village Talwandi tehsil Patti		
		3. Kanwar Jaspartap Singh, son of Kehar Singh, village Kulah, tehsil Patti			3. Kishan Singh, son of Sunder Singh, village Thakarpura, tehsil Patti		
					4. Kundan Singh, son of Nihal Singh, village Saidpura, tehsil Patti		
					5. Joginder Singh, son of Rur Singh, villge Burj Deva Singh, tehsil Patti		
5 acres	4,500.00	Smt. Dayal Kaur, widow of Lal Singh, village Usman, tehsil Tarntaran	Village Usman tehsil Tarntaran	22-3-61	Gurdit Singh, son of Maghar Singh, village Ungarh, tehsil Amritsar	Nil	Nil
1958-59							
15 acres	4,500.00	1. Baljit Singh, son of Raghbir Singh	Village Kotla Dal Singh, tehsil Amritsar	27-1-60	Ladha Ram, son of Faqir Chand, village Nawankot, tehsil Amritsar	Nil	Nil
		2. Rajinder Singh, son of Jagbir Singh					
यह इस में लिखा है कि वह refuse नहीं करेगा। मैं यह बात इस लिए कह रहा हूं कि यह कहते हैं कि ज़मींदार को इजाज़त है मगर मैं इन को बता रहा हूं कि इस के लिये उन बेचारों को डिप्टी कमिश्नर का दरवाज़ा खटखटाना पड़ेगा । अर्ज़ी देनी पड़ेगी, वक्त लगाना पड़ेगा energy खर्च करनी पड़ेगी और इस सरकार की जो red-tapism है उस का शिकार होना पड़ेगा। हम यह बात तो समझ गए कि इन की खाहिशें बड़ी नेक हैं और यह हर एक शहर को एक planned तरीके से develop करना चाहते हैं। मगर इस का इस्तेमाल चंद लोगों की जेबें गर्म करने के लिये न किया जाए। आपोजीशन का point यह है कि इस शहर को अच्छी तरह से आबाद होने दिया

जाए और जब यह thickly populated हो जाए तो जैसी चाहें पाबन्दी लगा लें। अभी तो चंडीगढ़ की यह हालत है कि यहां आ कर पता नहीं चलता कि हम किसी पंजाबी शहर में हैं या कि फरांस के शहर में। चोरों को किसी भी मंजिल पर जाने के लिये मकान के साथ सीढ़ी लगाने की जरूरत नहीं। ऐसी अजीब २ चीजें इस में बना रहे हैं। पता नहीं इस की development यह किस ढंग से करना चाहते हैं। हमें इस बात की खुशी है कि सरकार सोनीपत, फरीदाबाद वगैरह शहरों की तरक्की चाहती है और उन की जो, प्रगति haphazard हुई है उस को सुधारने के लिये इस ने improvement trusts बनाए हैं। नीयत बेशक अच्छी हैं मगर इन trusts के चेयरमैन लगाते वक्त वही बात की जाती है जो कि सब रजिस्ट्रारों के केस में की गई है। इन जगहों पर पुलीटीकल तौर पर disgruntled लोगों को accommodate किया जाता है ताकि वह मालामाल हो सकें और ruling पार्टी की नाजायज़ मदद करें। मैं कहता हूं कि development जरूर होनी चाहिए मगर ऐसी बातों से परहेज़ करना चाहिए। इस periphery बिल का असर कोई 150 या 200 गांवों पर पड़ने वाला है। उन लोगों को बिला वजह काफी तकलीफें पेश आने वाली हैं। यह कहना गलत है कि यह बिना डिप्टी कमिशनर को apply किए अपने काम कर सकेंगे, अपने लिये कोई छोटा मोटा रास्ता बना पायेंगे या और छोटे मोटे काम कर सकेंगे। इस लिये मैं उम्मीद करता हूं कि मन्त्री महोदय इस क्लाज़ को वापिस ले लेंगे ताकि यह इतने ज्यादा लोगों की परेशानी का बाइस न बने।

Mr. Speaker : Motion moved—

In line 2, for "ten" substitute "five miles and one furlong".

ਸਰਦਾਰ ਗੁਰਬਖਸ਼ੀਸ਼ ਸਿੰਘ (ਬਰਨਾਲਾ) : ਸ੍ਰੀਮਾਨ ਸਪੀਕਰ ਸਾਹਿਬ, ਇਸ ਬਿਲ ਰਾਹੀਂ ਚੰਡੀਗੜ ਦੇ ਆਲੇ ਦਆਲੇ 5 ਮੀਲ ਦੀ ਬਜਾਏ 10 ਮੀਲ ਦਾ ਇਲਾਕਾ ਰਾਖਵਾਂ ਕੀਤਾ ਜਾ ਰਿਹਾ ਹੈ। ਜਦੋਂ ਕੁਹਾੜਾ ਵਜਦਾ ਹੈ ਤਾਂ ਜ਼ਿਮੀਂਦਾਰਾਂ ਤੇ ਵਜਦਾ ਹੈ। ਸਾਡੀ ਤਾਂ ਇਹ ਹਾਲਤ ਹੈ। ਮੈਂ ਇਹ ਬੇਨਤੀ ਕਰਦਾ ਹਾਂ ਕਿ ਅੱਜ ਅਗਰ ਕਿਸੇ ਜ਼ਿਮੀਂਦਾਰ ਨੇ ਆਪਣੇ ਮੁੰਡੇ ਯਾ ਕੁੜੀ ਨੂੰ ਵਿਆਹੁਣ ਵਾਸਤੇ ਜ਼ਮੀਨ ਵੇਚਣੀ ਹੋਵੇ ਤਾਂ ਉਹ ਨਹੀਂ ਵੇਚ ਸਕਦਾ। ਇਸ ਹੱਕ ਨੂੰ ਖਤਮ ਕਰ ਦਿੱਤਾ। ਦੂਜੇ ਲਫਜ਼ਾਂ ਵਿਚ ਉਹ ਉਸ ਦਾ ਵਿਆਹ ਨਹੀਂ ਕਰ ਸਕਦਾ। ਇਹ ਇਤਨੀ ਸਸਤੀ ਜ਼ਮੀਨ ਲੈ ਕੇ ਮਹਿੰਗੀ ਵੇਚਦੇ ਹਨ। ਜ਼ਿਮੀਂਦਾਰ ਤੋਂ ਸਸਤੀ ਜ਼ਮੀਨ ਲੈ ਕੇ 50 ਫੀ ਸਦੀ ਉਸ ਨੂੰ ਦਿਓ। ਉਸ ਨੂੰ ਇਹ option ਦਿਓ ਕਿ ਉਹ ਆਪਣੇ ਵਾਸਤੇ ਵੱਡੇ ਤੋਂ ਵੱਡਾ ਪਲਾਟ ਰਖੇ ਤਾਕਿ ਉਹ ਆਪਣਾ ਮਕਾਨ ਬਣਾ ਸਕੇ, ਘਰ ਬਣਾ ਸਕੇ। ਜੇ ਘਰ ਨਾ ਬਣਾ ਸਕੇ ਤਾਂ ਇਹ ਹੋਣਾ ਚਾਹੀਦਾ ਹੈ ਕਿ ਉਸ ਵੇਲੇ ਦੀ ਪਰਚਲਤ price ਤੇ ਵੇਚ ਸਕੇ। ਜਿੰਨੇ ਪਿੰਡ ਏਥੋਂ ਉਜੜਨਗੇ ਉਹ ਕਿਥੇ ਵਸਾਓਗੇ? ਜ਼ਿਮੀਂਦਾਰ ਖੇਤੀ ਬਾੜੀ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਕਰ ਸਕਦਾ। ਵਪਾਰ ਨਹੀਂ ਕਰ ਸਕਦਾ। ਇਕ ਆਦਮੀ ਜਾਂ ਇਕ ਪਸ਼ੂ ਇਕ ਥਾਂ ਬੈਠਾ ਹੈ, ਉਸ ਨੂੰ ਉਸ ਥਾਂ ਨਾਲ ਪਿਆਰ ਹੈ। ਜ਼ਿਮੀਂਦਾਰ ਆਪਣੀ ਜ਼ਮੀਨ ਦਾ ਮੋਹ ਛਡੇ ਤੇ ਦੂਜੇ ਥਾਂ ਉਸ ਨੂੰ ਵਸਾਇਆ ਨਾ ਜਾਵੇ, ਉਹ ਨਾ ਘਰ ਦਾ ਤੇ ਨਾ ਘਾਟ ਦਾ। ਦੋਵੇਂ ਪਾਸਿਓਂ ਬਰਬਾਦ ਹੋ ਗਿਆ। ਸਰਕਾਰ plan ਬਣਾਵੇ। ਜਿਹੜੇ ਨਕਸ਼ੇ ਤੇ ਕਾਗਜ਼ ਹਨ ਉਨ੍ਹਾਂ ਮੁਤਾਬਕ ਉਨ੍ਹਾਂ ਜ਼ਿਮੀਂਦਾਰਾਂ ਨੂੰ offer ਦਿਤੀ ਜਾਵੇ ਕਿ ਉਹ ਆਪਣੀ ਮਰਜ਼ੀ ਦੇ ਮੁਤਾਬਕ ਜਿਹੜੇ ਜਿਹੜੇ ਖਰੀਦਦਾਰ ਆਉਣ ਉਨ੍ਹਾਂ ਨੂੰ ਵੇਚੀ ਜਾਏ।

[ਸਰਦਾਰ ਗੁਰਬਖਸ਼ੀਸ਼ ਸਿੰਘ]

ਨਕਸ਼ੇ ਦੇ ਮੁਤਾਬਕ ਫੈਕਟਰੀਆਂ ਬਣਾਉਣ ਵਾਲੇ ਤੇ ਹੋਰ ਇਮਾਰਤਾਂ ਬਣਾਉਣ ਵਾਲੇ ਜ਼ਮੀਨ ਲਈ ਜਾਣ। ਇਸ ਤਰ੍ਹਾਂ ਜ਼ਿਮੀਂਦਾਰ ਨੂੰ ਵੀ ਫਾਇਦਾ ਤੇ ਜ਼ਮੀਨ ਲੈਣ ਵਾਲੇ ਨੂੰ ਵੀ ਫਾਇਦਾ। ਇਹ ਇਸ ਤਰ੍ਹਾਂ ਕਰ ਕੇ ਬਦਨਾਮ ਨਾ ਹੋਣ। (ਵਿਘਨ)

ਬਾਬੂ ਬਚਨ ਸਿੰਘ : Development charges ਲੈ ਸਕਦੇ ਹਨ।

ਸਰਦਾਰ ਗੁਰਬਖਸ਼ੀਸ਼ ਸਿੰਘ : ਹੋਰ ਕਿਸੇ ਸ਼ਹਿਰ ਵਿਚ ਇਹ ਕਾਨੂੰਨ ਅਜੇ ਲਾਗੂ ਨਹੀਂ ਹੋਇਆ। ਸਮਝ ਵਿਚ ਨਹੀਂ ਆਇਆ ਕਿ ਇਹ ਚੰਡੀਗੜ੍ਹ ਵਾਸਤੇ ਕਿਉਂ ਬਣਾਇਆ ਹੈ। ਜੋ ਕੁਛ ਇਸ ਵਾਸਤੇ ਬਣਾਇਆ ਹੈ ਇਹ ਠੀਕ ਨਹੀਂ। ਸਰਕਾਰ ਆਪਣੇ ਕੋਲੋਂ ਖਰਚ ਕਰ ਲਏ ਤੇ ਉਨ੍ਹਾਂ ਨੂੰ ਜ਼ਮੀਨ ਦੇਵੇ। ਐਨੀ ਬੇਨਤੀ ਕਰਦਾ ਹੋਇਆ ਮੈਂ ਬੈਠਦਾ ਹਾਂ।

ਸਰਦਾਰ ਕਰਤਾਰ ਸਿੰਘ ਢਿੱਲੋਂ (ਬਿਆਸ) : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਸ੍ਰੀ ਬ੍ਰਿਸ਼ ਭਾਨ ਜੀ ਦੀ ਸੇਵਾ ਵਿਚ ਬੇਨਤੀ ਕਰਨੀ ਹੈ। ਉਨ੍ਹਾਂ ਨੇ ਇਹ ਬਿਲ ਨਿਹਾਇਤ ਮਾਸੂਮਾਨਾ ਅੰਦਾਜ਼ ਵਿਚ ਹਾਊਸ ਦੇ ਸਾਹਮਣੇ ਪੇਸ਼ ਕੀਤਾ ਹੈ ਅਤੇ ਇਹ ਕਿਹਾ ਹੈ ਕਿ ਹਾਊਸ ਇਸ ਨੂੰ ਬਗੈਰ ਕਿਸੇ ਬਹਿਸ ਦੇ ਮੰਨ ਲਏ। ਇਨ੍ਹਾਂ ਨੇ ਕੇਵਲ ਇਸ ਦੇ ਇਕ ਪਹਿਲੂ ਵਲ ਖਿਆਲ ਰਖਿਆ ਹੈ, ਦੂਜੇ ਪਹਿਲੂ ਵਲ ਸੋਚਣ ਦਾ ਖਿਆਲ ਨਹੀਂ ਕੀਤਾ। ਸਪੀਕਰ ਸਾਹਿਬ, ਇਸ ਬਿਲ ਦੇ ਪਾਸ ਹੋਣ ਨਾਲ 200 ਪਿੰਡਾਂ ਤੇ ਅਸਰ ਪਏਗਾ। 200 ਜਾਂ 150 ਪਿੰਡਾਂ ਦੇ ਲੋਕਾਂ ਨੂੰ ਇਹ ਖਿਆਲ ਹੋਵੇਗਾ ਕਿ ਸਾਨੂੰ ਸਰਕਾਰ ਨੇ ਏਥੋਂ ਉਠਾ ਦੇਣਾ ਹੈ, ਉਹ ਆਪਣੇ ਕੰਮ ਵਲ ਕਿਸ ਤਰ੍ਹਾਂ ਖਿਆਲ ਕਰ ਸਕਦੇ ਹਨ। ਕੀ ਦੋ, ਚਾਰ ਜਾਂ ਪੰਜ ਸਾਲ ਉਨ੍ਹਾਂ ਦੇ ਦਿਲ ਤੇ ਦਿਮਾਗ ਠੀਕ ਢੰਗ ਨਾਲ ਕੰਮ ਕਰ ਸਕਦੇ ਹਨ ਜਦੋਂ ਉਨ੍ਹਾਂ ਨੂੰ ਪਤਾ ਹੀ ਨਾ ਹੋਵੇ ਕਿ ਅਸੀਂ ਕਿਥੇ ਚਲੇ ਜਾਣਾ ਹੈ ? ਅਗਰ ਕੋਈ agriculture ਲਈ building ਬਣਾਵੇ ਤਾਂ ਉਸ ਦੇ ਉਤੇ ਕੋਈ ਪਾਬੰਦੀ ਨਹੀਂ। ਜਿਸ ਤਰ੍ਹਾਂ ਮੈਂ ਅਗੇ ਬੇਨਤੀ ਕੀਤੀ ਹੈ ਜਦ ਉਸ ਕਿਸਾਨ ਨੂੰ ਪਤਾ ਹੀ ਨਾ ਹੋਵੇ ਕਿ ਮੇਰੀ ਜ਼ਮੀਨ ਮੇਰੇ ਪਾਸ ਰਹਿਣੀ ਹੈ ਕਿ ਨਹੀਂ ਇਹ ਜਗਾਹ ਮੇਰੀ ਮਲਕੀਅਤ ਰਹਿਣੀ ਹੈ ਯਾ ਨਹੀਂ ਉਹ ਕਿਸ ਤਰ੍ਹਾਂ ਅਜਿਹੀ ਬਿਲਡਿੰਗ ਬਣਾਉਣ ਦਾ ਹੌਸਲਾ ਕਰ ਸਕਦਾ ਹੈ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਇਨ੍ਹਾਂ ਨੇ ਆਖਿਆ ਹੈ ਕਿ ਧਾਰਮਕ ਬਿਲਡਿੰਗਾਂ ਤੇ ਇਹ ਲਾਗੂ ਨਹੀਂ ਹੋਏਗਾ। ਜਿਸ ਵੇਲੇ ਚੰਡੀਗੜ੍ਹ ਸ਼ਹਿਰ ਵਸਾਇਆ ਗਿਆ ਸੈਂਕੜੇ ਪਿੰਡ ਉਜਾੜੇ ਗਏ। ਉਨ੍ਹਾਂ ਪਿੰਡਾਂ ਦੀਆਂ ਧਾਰਮਕ ਬਿਲਡਿੰਗਾਂ ਏਥੇ ਨਜ਼ਰ ਨਹੀਂ ਆਈਆਂ ਜਿਨ੍ਹਾਂ ਦਾ ਖਿਆਲ ਰਖਿਆ ਹੋਵੇ। ਏਸੇ ਤਰ੍ਹਾਂ ਜਦ ਇਹ ਪਿੰਡ ਉਠਾਏ ਜਾਣਗੇ ਤਾਂ ਇਨ੍ਹਾਂ ਦੀਆਂ ਧਾਰਮਕ ਬਿਲਡਿੰਗਾਂ ਉਠਾ ਦਿੱਤੀਆਂ ਜਾਣਗੀਆਂ ਜਿਸ ਤਰ੍ਹਾਂ ਪਹਿਲਾਂ ਉਠਾਈਆਂ ਗਈਆਂ। ਇਹ ਤਾਂ ਕੇਵਲ ਗੌਰਮੈਂਟ ਦੀ ਕਹਿਣ ਦੀ ਗਲ ਹੈ ਕਿ ਇਸ ਵਿਚ ਕੋਈ ਖਾਸ ਗੱਲ ਨਹੀਂ। ਇਹ ਤਾਂ, ਸਪੀਕਰ ਸਾਹਿਬ, ਮਹਿਜ਼ ਦਿਖਾਵੇ ਦੀਆਂ ਗਲਾਂ ਹਨ ਅਸਲੀਅਤ ਕੁਝ ਹੋਰ ਹੈ। ਜਿਸ ਤਰ੍ਹਾਂ ਸਰਦਾਰ ਗੁਰਬਖਸ਼ੀਸ਼ ਸਿੰਘ ਹੋਰਾਂ ਨੇ ਗਲ ਕਹੀ ਹੈ ਮੈਂ ਉਸ ਨਾਲ ਇਤਫਾਕ ਕਰਦਾ ਹਾਂ ਕਿ ਗੌਰਮੈਂਟ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਦੀਆਂ ਜ਼ਮੀਨਾਂ ਲਈਆਂ ਜਾਣ ਉਨ੍ਹਾਂ ਨੂੰ ਕੀਮਤ ਲੈਣ ਦਾ ਹੱਕ ਦਿੱਤਾ ਜਾਵੇ ਅਤੇ ਗੌਰਮੈਂਟ ਕੇਵਲ development charge ਲੈ ਲਏ ਇਸ ਤਰ੍ਹਾਂ ਜਿਨ੍ਹਾਂ ਲੋਕਾਂ ਦੀਆ ਜ਼ਮੀਨਾਂ ਲਈਆਂ ਜਾਣਗੀਆਂ ਜਿਨ੍ਹਾਂ ਦੀ ਜਾਇਦਾਦ ਲਈ ਜਾਵੇ ਗੀ ਉਨ੍ਹਾਂ ਨੂੰ ਇਸ ਗਲ ਦਾ ਅਹਿਸਾਸ ਹੋਵੇਗਾ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਜਾਇਦਾਦ ਦਾ ਪੂਰਾ ਹੱਕ ਮਿਲ ਰਿਹਾ ਹੈ ਅਤੇ ਕਿਸੇ ਨਾਲ ਕਿਸੇ ਕਿਸਮ ਦੀ ਬੇਇਨਸਾਫੀ ਨਹੀਂ ਹੋ ਸਕੇ ਗੀ। ਸਰਕਾਰ ਨੇ ਜੇਕਰ ਇਸ periphery ਨੂੰ ਲਾਗੂ ਕਰਨਾ ਹੀ ਹੈ ਤਾਂ ਚੰਡੀਗੜ੍ਹ ਸ਼ਹਿਰ ਨੂੰ ਵਸਣ ਤਾਂ ਦੇਣ ਅਜੇ ਤਕ ਤਾਂ ਇਹ ਪੂਰਾ ਆਬਾਦ ਵੀ ਨਹੀਂ ਹੋਇਆ। ਜਦੋਂ ਇਹ ਸ਼ਹਿਰ ਪੂਰਾ ਆਬਾਦ ਹੋ ਜਾਵੇਗਾ ਅਤੇ ਕੋਈ ਇਲਾਕਾ ਅਜਿਹਾ ਨਹੀਂ ਰਹਿ

ਜਾਵੇਗਾ develop ਨਾ ਕੀਤਾ ਗਿਆ ਹੋਵੇ ਤਾਂ ਇਸ ਬਿਲ ਨੂੰ ਹਾਊਸ ਦੇ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ ਅਤੇ ਮਨਜ਼ੂਰੀ ਲਈ ਕਹਿਣਾ ਚਾਹੀਦਾ ਹੈ। ਹੁਣ ਤਾਂ ਖਾਹ ਮਖਾਹ ਇਸ ਬਿਲ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਅਜੇ ਤਾਂ ਚੰਡੀਗੜ੍ਹ ਸ਼ਹਿਰ ਵਿਚ ਕਾਫੀ ਰਕਬਾ ਖਾਲੀ ਪਿਆ ਹੋਇਆ ਹੈ ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਇਸ ਬਿਲ ਨੂੰ ਵਾਪਸ ਲੈਣ ਅਤੇ ਜਦੋਂ ਸ਼ਹਿਰ ਪੂਰਾ develop ਹੋ ਗਿਆ ਤਾਂ ਇਸ ਬਿਲ ਨੂੰ ਲਿਆਉਣ। ਇਸ ਤੋਂ ਪਹਿਲਾਂ ਇਸ ਬਿਲ ਨੂੰ ਲਿਆਕੇ ਲੋਕਾਂ ਦੇ ਦਿਲਾਂ ਵਿਚ, ਉਨ੍ਹਾਂ ਦੇ ਦਿਮਾਗ ਵਿਚ, ਇੰਨਾ ਚਿਰ ਪਹਿਲਾਂ ਹੀ ਸਹਿਮ ਬਿਠਾ ਦੇਣਾ ਮੁਨਾਸਬ ਨਹੀਂ। ਨਹੀਂ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਫਿਕਰ ਪੈ ਜਾਵੇਗਾ। ਇਸ ਲਈ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ ਅਤੇ ਖਾਸ ਕਰ ਇਸ ਕਲਾਜ਼ ਦੀ।

Mr. Speaker : Now I will put the amendment to the vote of the House.

Mr. Speaker : Question is—

In line 2, *for* "ten" *substitute* "five miles and one furlong".

The motion was lost.

Mr. Speaker : Question is—

That clause 2 stand part of the Bill.

The motion was carried.

CLAUSE 1

Mr. Speaker : Question is—

That clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Minister for Health and Capital (Shri Brish Bhan) : Sir, I beg to move—

That the Punjab New Capital(Periphery) Control (Amendment) Bill be passed.

Mr. Speaker : Motion moved—

That the Punjab New Capital (Periphery) Control (Amendment) Bill be passed.

Mr. Speaker : Question is—

That the Punjab New Capital (Periphery) Control (Amendment) Bill be passed.

The motion was carried.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਜਨਾਬ ਸਪੀਕਰ ਸਾਹਿਬ, ਮੈਂ ਇਸ ਖਾਸ ਗਲ ਵਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਬਿਲ ਜੋ ਹੁਣੇ ਹੀ ਇਸ ਹਾਊਸ ਨੇ ਪਾਸ ਕਰ ਦਿਤਾ ਹੈ ਇਹ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਸਾਡੀ constitution ਦੇ Article 15 ਦੀ ਜੋ ਸਫਾ 8 ਤੇ ਹੈ ਉਲੰਘਣਾ ਕਰਦਾ ਹੈ Article ਇਸ ਤਰ੍ਹਾਂ ਹੈ

"The State shall not discriminate against any citizen on grounds only of religion, race, caste, sex, place of birth or any of them".

ਮੈਂ ਇਹ ਸਮਝ ਦਾ ਹਾਂ ਕਿ ਜਿਹੜੀ periphery ਚੰਡੀਗੜ੍ਹ ਦੇ ਦਸ ਮੀਲ ਦੇ ਆਲੇ ਦੁਆਲੇ ਮੁਕੱਰਰ ਕੀਤੀ ਗਈ ਹੈ ਇਹ ਉਨ੍ਹਾਂ ਲੋਕਾਂ ਨਾਲ ਜੋ ਇਸ ਇਲਾਕੇ ਦੇ ਜੰਮ ਪਲ ਹਨ ਅਤੇ ਜਿਨ੍ਹਾਂ ਦੀ ਇਹ birth place ਹੈ discriminatory ਸਲੂਕ ਕਰਨ ਦੇ ਬਰਾਬਰ ਹੈ। ਇਨ੍ਹਾਂ ਨੂੰ ਸੰਵਿਧਾਨ ਦਾ Article 15 ਇਸ ਗਲ ਦੀ ਇਜਾਜ਼ਤ ਦਿੰਦਾ ਹੈ ਕਿ ਇਹ ਜਿਥੇ ਚਾਹੁਣ ਰਹਿ ਸਕਦੇ ਹਨ ਅਤੇ ਵਸ ਸਕਦੇ ਹਨ ਅਤੇ ਕੰਮ ਧੰਦਾ ਕਰ ਸਕਦੇ ਹਨ ਫਿਰ ਇਨ੍ਹਾਂ ਲੋਕਾਂ ਵਿਰੁੱਧ ਕਾਰਵਾਈ ਕਰਨ ਲਈ, ਸੰਵਿਧਾਨ ਦੀ ਉਲੰਘਣਾ ਕਰਦਿਆਂ ਹੋਇਆਂ ਇਹ ਬਿਲ ਪਾਸ ਕੀਤਾ ਗਿਆ ਹੈ and this bill is an act of discrimination against the inhabitants of a particular area in comparison with the other areas of the state।

श्री अध्यक्ष . अब तो यह बिल पास हो चुका है । (But now this bill has been passed).

THE LAND ACQUISITION (PUNJAB AMENDMENT) BILL, 1962.

Minister for Revenue (Sardar Ajmer Singh) : Sir, I beg to introduce the Land Acquisition (Punjab Amendment) Bill, 1962.

Minister for Revenue (Sardar Ajmer Singh) : Sir, I beg to move—

That the Land Acquisition (Punjab Amendment) Bill be taken into consideration at once.

ਸਪੀਕਰ ਸਾਹਿਬ, ਇਹ ਬਿਲ ਬਹੁਤ ਮੁਖਤਸਰ ਜਿਹਾ ਬਿਲ ਹੈ, ਇਸ ਵਿਚ ਦੋ ਤਿੰਨ ਚੀਜ਼ਾਂ ਰਖੀਆਂ ਗਈਆਂ ਹਨ। ਇਸ ਦੀ ਦਫਾ ਤਿੰਨ ਵਿਚ ਇਹ ਗਲ ਹੈ ਕਿ award ਦੇਣ ਲਗਿਆਂ ਖਾਸ ਕਿਸਮ ਦਾ ਹਿਸਾਬ ਕਿਤਾਬ ਕੀਤਾ ਜਾਂਦਾ ਹੈ, ਕਈ ਤਰ੍ਹਾਂ ਦੇ ਰੇਟ ਕਢੇ ਜਾਂਦੇ ਹਨ ਅਤੇ ਵੇਖਣਾ ਹੁੰਦਾ ਹੈ ਕਿ ਰਕਬਾ ਕਿੰਨਾ ਹੈ ਇਸ ਤਰ੍ਹਾਂ ਦੇ ਹਿਸਾਬ ਕਰਦਿਆਂ ਕਿਉਂ ਕਿ ਮੁਖਤਲਿਫ ਤਰ੍ਹਾਂ ਦਾ ਹਿਸਾਬ ਹੁੰਦਾ ਹੈ, ਕੋਈ ਗਲਤੀ ਹੋ ਜਾਵੇ ਜਾਂ total ਕਰਦਿਆਂ ਕੋਈ ਗਲਤੀ ਹੋ ਜਾਵੇ ਕਿਤੇ ਕਮ ਜਾਂ ਜ਼ਿਆਦਾ ਰਕਮ ਲਗ ਗਈ ਹੋਵੇ ਤਾਂ ਪਹਿਲਾਂ ਇਹ ਪ੍ਰਬੰਧ ਸੀ ਕਿ ਜੇਕਰ ਕੁਲੈਕਟਰ ਇਕ ਵੇਰ award announce ਕਰ ਦੇਵੇ ਤਾਂ ਉਹ ਦੁਬਾਰਾ ਦਰੁਸਤ ਨਹੀਂ ਸੀ ਹੋ ਸਕਦਾ ਪਰ ਹੁਣ ਇਹ ਤਜਵੀਜ਼ ਕੀਤਾ ਗਿਆ ਹੈ ਕਿ ਜੇਕਰ ਕਿਸੇ ਵੇਲੇ ਵੀ ਕੁਲੈਕਟਰ ਸਾਹਿਬ ਨੂੰ ਇਸ ਗਲ ਦਾ ਪਤਾ ਲਗੇ ਜਾਂ ਉਨ੍ਹਾਂ ਦਾ ਧਿਆਨ ਦਿਵਾਇਆ ਜਾਵੇ ਤਾਂ ਉਨ੍ਹਾਂ ਨੂੰ ਇਖਤਿਆਰ ਹੋਵੇ ਕਿ ਉਹ clerical or arithmetical mistake ਨੂੰ ਦਰੁਸਤ ਕਰ ਸਕੇ। ਇਸ ਦੇ ਨਾਲ ਹੀ ਨਾਲ ਇਹ ਵੀ provision ਕੀਤਾ ਗਿਆ ਹੈ ਕਿ ਅਜਿਹੀ ਦਰੁਸਤੀ ਦੇ ਕਰਨ ਦੀ ਇਤਲਾਹ ਨੋਟਿਸ ਦੇ ਰੂਪ ਵਿਚ ਸਾਰੇ interested persons ਨੂੰ ਦਿਤੀ ਜਾਵੇ ਅਤੇ ਤੀਜਾ ਇਹ ਪ੍ਰਬੰਧ ਕਰਨ ਦੀ ਤਜਵੀਜ਼ ਹੈ ਕਿ ਜੇਕਰ ਇਸ ਤਰ੍ਹਾਂ ਦੀ ਦਰੁਸਤੀ ਕਰਨ ਦੇ ਫਲ ਸਰੂਪ ਕਿਸੇ ਆਦਮੀ ਨੂੰ ਵਧ ਰਕਮ ਅਦਾ ਕਰ ਦਿਤੀ ਗਈ ਹੋਵੇ ਤਾਂ ਉਹ ਵਾਧੂ ਰਕਮ ਵਾਪਸ ਕਰਨ ਲਈ ਕਿਹਾ ਜਾਵੇ ਅਤੇ ਜੇਕਰ ਉਹ ਅਦਾ ਨਾ ਕਰੇ ਤਾਂ ਉਸ ਵਿਰੁਧ ਐਕਸ਼ਨ

ਲਿਆ ਜਾਵੇ ਉਹ ਕਿਸੇ ਸ਼ਕਲ ਵਿਚ ਵੀ ਲਿਆ ਸਕਦਾ ਹੈ ਅਤੇ ਉਸ ਰਕਮ ਦੀ ਵਸੂਲੀ as arrears of land revneue ਦੇ ਤੌਰ ਤੇ ਕੀਤੀ ਜਾ ਸਕੇ ।

ਕਲਾਜ਼ ਚਾਰ ਵਿਚ ਇਸ ਗਲ ਦੀ ਤਰਮੀਮ ਕੀਤੇ ਜਾਣ ਦੀ ਤਜਵੀਜ਼ ਹੈ ਕਿ ਕਈ ਦਫਾ ਐਸਾ ਵੀ ਹੁੰਦਾ ਹੈ ਕਿ ਕੋਈ ਅਫਸਰ ਗਲਤੀ ਕਰ ਦਿੰਦਾ ਹੈ ਅਤੇ ਇਸ ਗਲਤੀ ਦੀ ਵਜ੍ਹਾ ਕਾਰਨ ਇਕ ਗਲਤ award ਦੇ ਦਿੰਦਾ ਹੈ ਤਾਂ ਇਸ ਦਾ ਨਤੀਜਾ ਸਰਕਾਰ ਦੇ ਖਿਲਾਫ ਹੋ ਸਕਦਾ ਹੈ। ਇਸ ਵੇਲੇ ਹਾਲਤ ਇਹ ਹੈ ਕਿ ਜੋ award ਦਿਤਾ ਜਾਵੇ ਉਹ ਸਰਕਾਰ ਲਈ ਵੀ final ਹੈ ਅਤੇ ਸਰਕਾਰੀ ਕਰਮਚਾਰੀ ਜੋ ਇਸ award ਤੇ ਇਤਰਾਜ਼ ਕਰਨ ਕਿ ਇਹ excessive ਹੈ ਤਾਂ ਉਸ ਦੀ ਕੋਈ ਦਲੀਲ ਜਾਂ ਬਹਿਸ ਨਹੀਂ ਸੁਣੀ ਜਾ ਸਕਦੀ ਕਈ ਵੇਰ ਰਕਮ ਕੁਲੈਕਟਰ ਬਹੁਤ excessive ਮੁਕੱਰਰ ਕਰ ਦਿੰਦੇ ਹਨ ਅਤੇ ਸਰਕਾਰ ਨੂੰ ਕੋਈ ਇਖਤਿਆਰ ਨਹੀਂ ਕਿ ਉਹ ਇਸ award ਨੂੰ amend ਕਰਵਾ ਸਕੇ ਜਾਂ ਇਸ ਦੇ ਖਿਲਾਫ ਅਪੀਲ ਕਰ ਸਕੇ ਜਾਂ ਕੋਈ ਨਿਗਰਾਨੀ ਕੋਰਟ ਵਿਚ ਦਾਇਰ ਕਰ ਸਕੇ । ਸਰਕਾਰ ਕਾਨੂੰਨੀ ਤੌਰ ਤੇ ਕੋਈ ਚਾਰਾ ਜੋਈ ਨਹੀਂ ਕਰ ਸਕਦੀ। ਕਿਸੇ ਗਲਤੀ ਦੀ ਵਜਹ ਕਰਕੇ ਜੇਕਰ award ਗਲਤ ਦਿਤਾ ਗਿਆ ਹੋਵੇ ਜਾਂ excessive ਹੋਵੇ ਤਾਂ ਸਰਕਾਰ ਇਸ ਬਿਲ ਰਾਹੀਂ ਇਖਤਿਆਰ ਲੈਣਾ ਚਾਹੁੰਦੀ ਹੈ ਕਿ ਉਹ ਵੀ ਅਪੀਲ ਕਰ ਸਕੇ । ਜੇਕਰ ਸਰਕਾਰੀ ਕਰਮਚਾਰੀ ਦੀ ਗਲਤੀ ਨਾਲ ਕੋਈ award excessive ਹੈ ਅਤੇ ਇਹੋ ਜਿਹੇ ਕੇਸ ਥੋੜੇ ਹਨ ਪਰ ਸਰਕਾਰ ਦੇ ਨੋਟਿਸ ਵਿਚ ਆਏ ਨੇ ਕਿ ਜਿਥੇ award 20 ਹਜ਼ਾਰ, 30 ਹਜ਼ਾਰ ਜਾਂ 40 ਹਜ਼ਾਰ ਤਕ ਦੇ ਦਿਤਾ ਗਿਆ ਹੈ ਉਸ ਦੇ ਵਿਰੁਧ ਅਪੀਲ ਕਰਨ ਲਈ authority ਲਈ ਜਾਵੇ। ਇਹ ਅਧਿਕਾਰ ਲਿਆ ਜਾ ਰਿਹਾ ਹੈ ਕਿ ਐਸੀ ਹਾਲਤ ਵਿਚ ਇਸ ਦੇ ਖਿਲਾਫ ਅਪੀਲ ਕੀਤੀ ਜਾ ਸਕੇ ਜਾਂ ਨਿਗਰਾਨੀ ਦਾਇਰ ਕੀਤੀ ਜਾ ਸਕੇ। ਬਾਕੀ ਜੋ amendments ਹਨ ਇਹ consequential ਹਨ ਵਕਤ ਲਿਆ ਗਿਆ ਹੈ ਇਸ ਵਿਚ ਇਕ provision ਵੀ ਰਖੀ ਗਈ ਹੈ ਕਿ ਜੇਕਰ ਕਿਸੇ ਕੰਪਨੀ ਵਾਸਤੇ ਜ਼ਮੀਨ ਨੂੰ acquire ਕੀਤਾ ਗਿਆ ਹੈ ਤਾਂ ਕੰਪਨੀ ਦੇ ਕਹਿਣ ਤੇ ਸਰਕਾਰ ਉਸ ਕੰਪਨੀ ਵਲੋਂ ਅਪੀਲ ਦਾਇਰ ਕਰ ਸਕਦੀ ਹੈ। ਇਹ ਸਾਰੀਆਂ ਗਲਾਂ ਇਸ Amending Bill ਵਿਚ ਰਖੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਇਸ ਵਿਚ ਕਿਸੇ ਨੂੰ ਇਤਰਾਜ਼ ਨਹੀਂ ਹੋਵੇਗਾ ਅਤੇ ਇਸ ਬਿਲ ਤੇ ਵਿਚਾਰ ਕੀਤਾ ਜਾਵੇ ।

Mr. Speaker : Motion moved—

That the Land Acquisition (Punjab Amendment) Bill be taken into consideration at once.

श्री मंगल सैन (रोहतक) : बात बड़ी साधारण सी है, और मंत्री महोदय ने जो संशोधन पेश किया है, वह कोई आपत्ति वाली बात नहीं है लेकिन गवर्नमेंट ने assess करने के बारे में जो procedure lay out किया हुआ है उस के खिलाफ जा कर अफसर लोग ज्यादा रुपया assess करते हैं यह बात नहीं होनी चाहिए। स्पीकर साहिब मैं यह बात कहना चाहता हूं कि कुछ आदमी इन मिनिस्टर साहिबान के लाडले हैं,....

10.a.m.

Mr. Speaker : The hon. Member has pet words and phrases to suit all occasions and all circumstances.

Shri Mangal Sein : No, Sir. These are hard facts.

Mr. Speaker : If the hon. Member uses them frequently, they will lose weight.

[Mr. Speaker]

आप एक दफा नहीं कई दफा इस तरह करते हैं। मैं आप को आप की speeches निकलवा कर दिखा सकता हूं (If the hon. Member uses them frequently, they will lose weight. He has said such things not once but very often. I can show him the record of his own speeches which clearly prove this fact.)

श्री मंगल सैन : मैं निवेदन कर रहा था कि जो सरकारी मुलाज़म हैं, या सरकारी अफसर हैं; उन्हें आदत पड़ी हुई है रिश्वत लेने की, आदत पड़ी हुई है किसी के खिलाफ जाने की, और जो ऐसे भ्रष्ट लोग हैं और जिन की protection बड़े बड़े लोग करते हैं उन के खिलाफ मजबूर हो कर मिनिस्टर साहब को यह legislation लानी पड़ी है ताकि अब उन के लिये रिश्वत का दरवाज़ा खुला न रह सके। इन के इस बिल लाने से हमारी बात की तसदीक होती है कि सरकारी मुलाज़मों और सरकारी अफसरों में यह आदत पाई जाती है। यह एक बहुत बड़ी बात है जो मिनिस्टर साहब ने बड़ी दलेरी की है और हिम्मत से काम लिया है जो यह बिल लाये हैं और इन्होंने खुद स्वीकार किया है और पंजाब में और कम से कम इस Assembly के इतिहास के अन्दर एक दलेरी की बात तो हमेशा के लिये याद रखी जायेगी।

मैं अर्ज़ करना चाहता हूं कि इस amending बिल के द्वारा, जहां इस ने यह किया है कि आगे चल कर छः महीने के अन्दर अन्दर वह court of law में जा सकता है या court को refer कर सकता है वहां इसे यह भी करना चाहिये कि जो अफसर ऐसा करता है या रिश्वत ले कर किसी को फायदा पहुंचा देता है या किसी के साथ कोई बेइनसाफी करता है तो उसे भी सज़ा देने की provision हो। मैं इस सिलसिले में रोहतक की एक मिसाल जानता हूं। वहां पर एक सरमायेदार है...

श्री अध्यक्ष : आप relevant रहें और बिल पर बोलें। (The hon. Member should be relevant and confine himself to the Bill under consideration.)

श्री मंगल सैन : स्पीकर साहिब, मैं बिल्कुल relevant हूं और मैं यह बता रहा हूं कि मिनिस्टर साहिब ने यह बात इस amending बिल में ला कर के हमारी बात की ताईद कर दी है। मैं गवर्नमेंट से कहना चाहता हूं कि आज तक तो यह अपने अफसरों को गलत defend करती आई है और अब यह amending bill लाया गया है। मैं जानता हूं कि गवर्नमेंट machinery में बहुत लोग ऐसे हैं जो अपनी मन मानी करते हैं। मैं जानता हूं कि रोहतक में एक technical institute के लिये ज़मीन acquire की गई है। उस ज़मीन के साथ वाली ज़मीन की कीमत और थी लेकिन उस ज़मीन के बदले में, जिस का मालक एक सरमायेदार है और जो आजकल वहां की Municipal Committee का President भी है,

(*At this stage the Deputy Speaker occupied the Chair*)

उस आदमी को उस की ज़मीन की कीमत ज्यादा दे कर उसे निहाल कर दिया गया है क्योंकि

वह ruling party का आदमी है। यहां पर यह बात की गई है कि उन की wrong assessment के खिलाफ और उन की गलत judgement के खिलाफ court को refer करने के लिए सरकार अधिकार चाहती है वहां मैं यह कहता हूं कि उन नालायक और corrupt officers के खिलाफ जो इस तरह से गलत assessment करें उन को सज़ा देने की बात भी इस बिल में लानी चाहिए।

उपाध्यक्षा : नालायक और corrupt इलफाज़ parliamentary नहीं हैं। (The words'nalaik and corrupt' are unparliamentary.) He should avoid using such words.

श्री मंगल सैन : मैं नालायक की जगह पर नासमझ कह देता हूं और अगर मैं corrupt की जगह पर बेईमान कहूं तो भी आप कहेंगे यह ठीक नहीं है। इस लिए मैं बेईमान नहीं कहता।

उपाध्यक्षा : आपने कह भी लिया है और कह रहे हैं कि नहीं कहेंगे। मैं ने आप को ऐसा करने से कई बार रोका है। जो चीज़ मैं आप को कहने की इजाज़त नहीं देती वह आप फिर भी कह लेते हैं। (The hon. Member has actually used the same words, which he says that he would not use. I have many a time checked him from doing so. He persists in saying certain things which I have advised him to avoid.)

श्री मंगल सैन : मैं यह निवेदन करना चाहता हूं......

बाबू बचन सिंह : On a point of order, Madam. क्या corrupt और inefficient के अलफाज़ इस्तेमाल किये जा सकते हैं या नहीं ? किसी अफसर के सिलसिले में यह कहे जा सकते हैं कि नहीं ?

उपाध्यक्षा : अच्छा तो यह होगा कि न कहे जायें। (It would be better if the hon. Member avoids using these words.)

बाबू बचन सिंह : Corrupt भी न कहें और inefficient भी न कहें ?

श्री मंगल सैन : यह जो amending बिल है इस का Original Land Acquisition Act 1894 में पास हुआ था। इतने साल यहां अंग्रेज़ सरकार की हकूमत चलती रही और अब 14, 15 साल से कांग्रेस की सरकार भी चलती आ रही है लेकिन इस चीज़ की तरफ पहले कभी किसी का ध्यान नहीं गया। आखिर अब गया है चलो यह तो अच्छी बात है। मैंने इस के बारे में दो बातें कहनी हैं। एक तो यह कि 6 महीने का अर्सा बहुत लम्बा अर्सा है और दूसरी यह कि जो अफसर ईमानदार नहीं हैं ऐसे आदमियों के खिलाफ notice लेकर सरकार को उन्हें सजा देनी चाहिये। वैसे, मैं इस amending Bill के लाने के लिए मुबारिकबाद देता हूं क्योंकि इन्होंने इस में इस बात को स्वीकार किया है कि इन की सरकारी machinery में ऐसे लोग मौजूद हैं जो कानून के मुताबिक काम करना नहीं चाहते। ऐसे जो ना समझ हैं और बुरे आदमी हैं जिन्होंने गवर्नमेंट को बदनाम कर रखा है, इन को protection नहीं दी जानी चाहिये।

इतने शब्द कह कर मैं अपनी speech समाप्त करता हूं।

ਸਰਦਾਰ ਗੁਰਨਾਮ ਸਿੰਘ (ਰਾਏਕੋਟ) : ਡਿਪਟੀ ਸਪੀਕਰ ਸਾਹਿਬਾ, amendment ਬੜੀ ਹੀ innocent ਹੈ । ਮੈਂ ਸਮਝਦਾ ਹਾਂ ਇਸ ਦੇ ਵਿਚ ਹਰਜ ਵੀ ਕੋਈ ਨਹੀਂ ਜੇਕਰ ਇਹ ਪਾਸ ਹੋ ਜਾਵੇ । ਪਰ ਜਿਸ ਮਕਸਦ ਲਈ ਇਹ amendment ਲਿਆਂਦੀ ਗਈ ਹੈ ਇਸ ਦੇ ਨਾਲ ਇਹ ਹਲ ਵੀ ਨਹੀਂ ਹੋਣਾ। ਅਸਲੀਅਤ ਇਹ ਹੈ ਕਿ Land Acquisition ਦੇ ਜਿਤਨੇ ਵੀ cases ਹੁੰਦੇ ਹਨ, ਕਿਉਂਕਿ ਮੈਨੂੰ ਇਸ ਪਾਸੇ ਦਾ ਤਜਰਬਾ ਹੈ, ਇਨ੍ਹਾਂ ਵਿਚ ਸਰਕਾਰੀ ਮਸ਼ੀਨਰੀ ਵਿਚ laxity ਹੋ ਜਾਂਦੀ ਹੈ। ਜੇਕਰ ਡਿਪਟੀ ਕਮਿਸ਼ਨਰ ਜਾਂ ਦੂਸਰੇ ਅਫਸਰ ਇਸ ਪਾਸੇ ਕੋਈ ਦਿਲਚਸਪੀ ਲੈਣਾ ਚਾਹੁਣ ਤਾਂ ਮੈਂ ਸਮਝਦਾ ਹਾਂ original section ਨਾਲ ਹੀ ਕੰਮ ਚਲ ਸਕਦਾ ਹੈ, ਇਸ amendment ਦੇ ਲਿਆਉਣ ਦੀ ਹੀ ਲੋੜ ਨਹੀਂ । ਮੈਂ ਇਸ ਦੀ ਮੁਖਾਲਫਤ ਨਹੀਂ ਕਰਦਾ ਜੇ ਇਹ ਵੀ ਹੋ ਜਾਵੇ ਤਾਂ ਇਸ ਵਿਚ ਵੀ ਕੋਈ ਹਰਜ ਨਹੀਂ। ਪਰ ਦੋਨਾਂ ਹਾਲਤਾਂ ਵਿਚ Government Machinery ਦੀ laxity ਦੂਰ ਕਰਨ ਦਾ ਸਵਾਲ ਹੈ। Revenue Minister ਸਾਹਿਬ ਖੁਦ ਜਾਣਦੇ ਹਨ ਕਿ land acquisition ਦੇ ਸਿਲਸਿਲੇ ਵਿਚ ਸਾਰੀ ਜ਼ੁਮੇਵਾਰੀ ਪਟਵਾਰੀਆਂ ਕੋਲ ਹੀ ਹੁੰਦੀ ਹੈ, ਉਹ ਸ਼ਹਾਦਤਾਂ ਭੁਗਤਾਉਣ ਨਾ ਭੁਗਤਾਉਣ । ਇਸ ਕਿਸਮ ਦੀਆਂ ਬੜੀਆਂ ਬੇਇਨਸਾਫੀਆਂ ਹੁੰਦੀਆਂ ਹਨ, ਪਟਵਾਰੀ ਯਾ ਤਾਂ ਵੇਚਣ ਵਾਲਿਆਂ ਨੂੰ ਕਾਬੂ ਕਰ ਲੈਂਦਾ ਹੈ ਜੇ ਉਹ ਕਾਬੂ ਨਹੀਂ ਆਉਂਦਾ ਤਾਂ ਉਹ ਸਰਕਾਰ ਨੂੰ ਫਾਇਦਾ ਪਹੁੰਚਾਉਂਦਾ ਹੈ। ਇਸ ਲਈ amendment ਦਾ ਕੋਈ ਸਵਾਲ ਨਹੀਂ, ਸਵਾਲ ਤਾਂ ਇਹ ਹੈ ਕਿ ਸਰਕਾਰੀ ਮਸ਼ੀਨਰੀ tighten ਕਰਨ ਵਾਲੀ ਹੈ। ਮੈਂ ਅਰਜ਼ ਕਰਾਂ ਐਸੇ cases ਮੇਰੇ ਨੋਟਿਸ ਵਿਚ ਆਏ ਹਨ ਕਿ ਲੋਕਾਂ ਦੀਆਂ ਜ਼ਮੀਨਾਂ acquire ਕੀਤਿਆਂ 12, 12 ਸਾਲ ਹੋ ਗਏ ਹਨ ਪਰ ਉਨ੍ਹਾਂ ਨੂੰ ਅਜੇ ਤੱਕ ਕੋਈ compensation ਨਹੀਂ ਮਿਲਿਆ। ਜਦੋਂ ਕਿਸੇ ਨੂੰ ਸਰਕਾਰ ਪਾਸੋਂ ਹੀ ਇਨਸਾਫ ਨਾ ਮਿਲੇ ਤਾਂ ਫੇਰ ਇਸ ਦਾ ਕੀ ਇਲਾਜ । ਸਰਕਾਰ ਦਾ ਮਤਲਬ ਹੀ ਇਹ ਹੈ ਕਿ ਹਰ ਇਕ ਨਾਲ ਇਨਸਾਫ ਕੀਤਾ ਜਾਵੇ। ਇਹ ਇਨਸਾਫ ਇਸ ਤਰ੍ਹਾਂ ਹੀ ਹੋ ਸਕਦਾ ਹੈ ਜੇ ਸਰਕਾਰੀ ਮਸ਼ੀਨਰੀ ਅੱਛੀ ਤਰ੍ਹਾਂ work ਕਰੇ। ਜਿਥੇ ਕਿਤੇ ਵੀ 10 ,12 ਸਾਲ ਦੇ cases ਹਨ ਉਨ੍ਹਾਂ ਨੂੰ ਇਸ ਦਾ ਮੁਆਵਜ਼ਾ ਦਿੱਤਾ ਜਾਵੇ, ਇਸ ਤਰ੍ਹਾਂ ਇਹ ਬੇਇਨਸਾਫੀ ਦੂਰ ਹੋ ਜਾਵੇਗੀ। ਮੈਂ ਸਮਝਦਾ ਹਾਂ ਕਿ ਇਹ ਪਬਲਿਕ ਦਾ ਵਕਤ ਬਚਾਉਣ ਦੀ ਗਲ ਹੈ। ਸਰਕਾਰ ਨੂੰ ਆਪਣੇ ਡਿਪਟੀ ਕਮਿਸ਼ਨਰਾਂ ਨੂੰ ਅਤੇ collectors ਨੂੰ instructions ਦੇਣੀਆਂ ਚਾਹੀਦੀਆਂ ਹਨ ਕਿ ਜਿਹੜੀ ਜ਼ਮੀਨ ਦੀ ਜਿਤਨੀ ਸਹੀ ਕੀਮਤ ਹੋਵੇ ਉਹ ਉਸ ਦੇ ਨੇੜੇ ਹੀ ਦੇਣ ਦੀ ਕੋਸ਼ਿਸ਼ ਕਰਿਆ ਕਰਨ। ਲੇਕਿਨ ਹੁੰਦਾ ਇਹ ਹੈ ਕਿ ਜੇ ਕਿਸੇ ਦੀ 10 ਹਜ਼ਾਰ ਰੁਪਏ ਦੀ ਕੀਮਤ ਦੀ ਜ਼ਮੀਨ ਹੋਵੇ ਤਾਂ ਇਹ ਉਸ ਨੂੰ 5 ਹਜ਼ਾਰ ਦਿੰਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਲੋਕ ਤੰਗ ਆ ਕੇ ਹਾਈ ਕੋਰਟ ਵਿਚ ਇਨਸਾਫ ਲਈ ਜਾਂਦੇ ਹਨ। ਇਸ ਤਰੀਕੇ ਨਾਲ ਖਾਮਖਾਹ ਮੁਕਦਮੇਬਾਜ਼ੀ ਵਧਦੀ ਹੈ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਜੇ ਤੁਸੀਂ 10 ਹਜ਼ਾਰ ਦੀ ਬਜਾਏ ਉਨ੍ਹਾਂ ਨੂੰ 8 ਹਜ਼ਾਰ ਦੇਣ ਲਈ ਆਖੋ ਤਾਂ ਉਹ ਆਦਮੀ ਉਸ ਨੂੰ ਲੈ ਲਏਗਾ ਅਤੇ litigation ਤੋਂ ਬਚਣ ਦੀ ਕੋਸ਼ਿਸ਼ ਕਰੇਗਾ। ਇਹ amendment ਬੇਸ਼ਕ ਪਾਸ ਹੋ ਜਾਵੇ ਮਗਰ ਮੈਂ ਮਾਲ ਮੰਤ੍ਰੀ ਸਾਹਿਬ ਨੂੰ ਕਹਾਂਗਾ ਕਿ ਜਿਤਨੀ ਦੇਰ ਤਕ ਤੁਸੀਂ ਆਪਣੀ ਮਸ਼ੀਨਰੀ ਨੂੰ working gear ਵਿਚ ਨਹੀਂ ਕਰੋਗੇ ਉਤਨੀ ਦੇਰ ਤਕ ਇਸ amendment ਦਾ ਕੋਈ ਖਾਸ ਫਾਇਦਾ ਨਹੀਂ ਪਹੁੰਚ ਸਕਦਾ। ਸ਼ੁਕਰੀਆ।

चौधरी रिजक राम (राए) : प्रधान जी, 1894 के ऐक्ट के दफा 18 के मातहत private पार्टी को हक़ हासिल है कि वह collector के award के खिलाफ उज़रदारी दाखिल कर के civil court से फैसला हासिल करने की प्रार्थना करे और दीवानी के फैसले के खिलाफ भी हाई कोर्ट या सुप्रीम कोर्ट में जाने का उस को हक़ हासिल है। अगर गवर्नमेंट भी इसी तरह से यह ख्याल करती है कि collector ने assessment गलत की है तो

उस को भी यही हक हासिल होना चाहिये । इस में किसी को एतराज़ नहीं होना चाहिए । गवर्नमेंट की मशीनरी को improve करने की ज़रूरत है और बाज़ औकात ऐसा होता है कि पटवारियों और गिरदावरों की गलती की वजह से award गलत मिल जाता है और गवर्नमेंट को बड़ा भारी नुक्सान उठाना पड़ता है । उस के खिलाफ गवर्नमेंट को उज़रदारी दाखिल करने का हक हासिल होना चाहिये । दूसरी बात यह है कि collector के सामने कार्रवाई के दौरान गवर्नमेंट की तरफ से तो पूरी सफाई पेश नहीं होती लेकिन जिस पार्टी की ज़मीन गवर्नमेंट acquire करना चाहती है उस की तरफ से पूरे परिश्रम से केस लड़ा जाता है और award गवर्नमेंट के खिलाफ चला जाता है । मेरा सुझाव है कि यह कामगिरदावरों और पटवारियों पर नहीं छोड़ना चाहिये । इस का मुनासिब इन्तज़ाम होना चाहये । अभी अभी श्री मंगल सेन जी ने कहा है कि जो ज़मीन technical instituteके लिये ली गई उस के लिये बड़ा भारी award दिया गया । इस का जल्दी और मुनासिब इलाज होना चाहिये । चाहे कितनी ही amendments आप करें जब तक नीचे की मशीनरी को improve नहीं किया जाता आप को कामयाबी नहीं हो सकती ।

1894 के ऐक्ट के दफा 18 के तहत मयाद उज़रदारी उन लोगों के लिए हैं जो कि award में फरीक हैं और जो पार्टी न हों उन को collector की तरफ से नोटिस जाए तो उन को 6 मास तक उज़रदारी का हक हासिल है । अब गवर्नमेंट भी अपने लिए छ: महीने का हक दर्ज करती है । इस से पेचीदगी पैदा होने का इमकान है । क्योंकि जिस पार्टी के हक में award है वह छ: महीने में रुपया अदालत से हासिल कर लेती है उस रुपए को वापस लेने में मुश्किलात पेश आ सकती है । इस लिये गवर्नमेंट को इस बात पर भी गौर करना चाहिए । एक और बात मैं यह कहना चाहता हूं कि जहां प्राईवेट कम्पनी की तरफ से गवर्नमेंट जिम्मेदारी लेती है कि वह award के खिलाफ litigation करे, दरखास्त दे । इस ऐक्ट में कम्पनी की तरफ से भी जिम्मेदारी लेने के लिए provision है । यह लिखा है कि अगर प्राईवेट कम्पनी under take कर लेती है कि खर्चा बरदाश्त कर लेगी मैं समझता हूं कि under take करने का ही सवाल नहीं है । एक पार्टी खर्चा बरदाश्त करने की जिम्मेदारी तो ले लेती है लेकिन रुपया अदा करने में देरी हो जाती है । इस लिये मैं निहायत अदब से सुझाव देना चाहता हूं कि गवर्नमेंट यह जिम्मेदारी ले और खर्च कर दे । उन की undertaking पर recovery में मुश्किलात पैदा नहीं होंगी । इन शब्दों के साथ मैं आप का धन्यवाद करता हूं ।

ਸਰਦਾਰ ਲਛਮਣ ਸਿੰਘ ਗਿਲ (ਜਗਰਾਉਂ) : ਡਿਪਟੀ ਸਪੀਕਰ ਸਾਹਿਬਾ, ਮਾਲ ਮੰਤ੍ਰੀ ਸਾਹਿਬ ਨੇ ਜਿਹੜਾ amending bill ਹਾਊਸ ਦੇ ਸਾਹਮਣੇ ਰਖਿਆ ਹੈ ਉਸ ਦੇ ਵਿਚ ਇਨ੍ਹਾਂ ਨੇ ਦਸਿਆ ਹੈ ਕਿ ਕੁਲੈਕਟਰ ਦੇ ਫੈਸਲੇ ਤੋਂ 6 ਮਹੀਨੇ ਬਾਅਦ ਤਕ ਵੀ ਕੁਲੈਕਟਰ ਫੇਰ ਆਪਣੇ ਫੈਸਲੇ ਦੀ ਨਜ਼ਰਸਾਨੀ ਕਰ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਕਈ ਦਫਾ clerical mistake ਹੋ ਜਾਣ ਨਾਲ ਜਾਂ ਹਿਸਾਬ ਕਿਤਾਬ ਦੇ ਵਿਚ ਗਲਤੀ ਹੋ ਜਾਣ ਨਾਲ ਰੁਪਿਆ ਬਹੁਤਾ ਦਿੱਤਾ ਜਾਂਦਾ ਹੈ। ਉਸ ਰੁਪਏ ਨੂੰ ਵਾਪਿਸ ਲੈਣ ਦੇ ਵਾਸਤੇ ਸਰਕਾਰ ਦੇ ਕੋਲ ਕੋਈ ਜ਼ਰੀਆ ਨਹੀਂ। ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿੱਥੋਂ ਤਕ ਹਿਸਾਬ ਕਿਤਾਬ ਦਾ ਤਅੱਲੁਕ ਹੈ ਉਹ ਤਾਂ ਇਨ੍ਹਾਂ ਦਾ ਫਰਜ਼ ਹੈ ਕਿ ਇਹ ਪਹਿਲੇ ਹੀ ਪੂਰਾ ਅਤੇ ਸਹੀ ਕਰਨ। ਇਸ ਦੇ ਵਿਚ ਮੈਂ ਜਿਹੜਾ ਖਦਸ਼ਾ ਮਹਿਸੂਸ ਕਰਦਾ ਹਾਂ

[ਸਰਦਾਰ ਲਛਮਣ ਸਿੰਘ ਗਿਲ]

ਉਹ ਇਹ ਹੈ ਕਿ ਸਰਕਾਰ ਇਹ ਚਾਹੁੰਦੀ ਹੈ ਕਿ ਇਕ ਆਦਮੀ award ਮਿਲਣ ਤੋਂ ਬਾਅਦ ਵੀ 6 ਮਹੀਨੇ ਤਕ ਸਾਡੀ mercy ਤੇ ਰਹੇ। ਡਿਪਟੀ ਸਪੀਕਰ ਸਾਹਿਬਾ, ਜਦੋਂ ਕੋਈ ਆਦਮੀ ਇਨ੍ਹਾਂ ਨੂੰ ਪੁਲੀਟੀਕਲ ਤੌਰ ਤੇ suit ਨਹੀਂ ਕਰੇਗਾ ਅਤੇ ਉਹ ਰੁਪਿਆ ਲੈ ਕੇ ਖਰਚ ਕਰ ਚੁਕਾ ਹੋਵੇਗਾ ਇਹ ਉਸ ਨੂੰ ਛੇ ਮਹੀਨਿਆਂ ਲਈ ਆਪਣੀ ਗਰਿਫਤ ਵਿਚ ਰਖ ਕੇ ਉਸ ਨੂੰ ਤੰਗ ਕਰਨ ਦੀ ਕੋਸ਼ਿਸ਼ ਕਰੇਗਾ। ਜਿਹੜਾ ਆਦਮੀ ਇਨ੍ਹਾਂ ਨੂੰ politically suit ਕਰੇਗਾ ਉਸ ਦਾ award ਇਹ ਕੁਲੈਕਟਰ ਨੂੰ ਕਹਿ ਕੇ ਜ਼ਿਆਦਾ ਕਰਵਾ ਦਿਆ ਕਰਨਗੇ ਅਤੇ ਜਿਹੜਾ ਆਦਮੀ ਇਨ੍ਹਾਂ ਦਾ ਮੁਖਾਲਿਫ ਹੋਵੇਗਾ ਉਸ ਨੂੰ ਇਹ ਨੁਕਸਾਨ ਪਹੁੰਚਾਉਣ ਗੇ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਤਰਮੀਮ ਲਿਆ ਕੇ ਕਾਨੂੰਨ ਦੇ ਨਾਲ ਮਜ਼ਾਕ ਕੀਤਾ ਜਾ ਰਿਹਾ ਹੈ। ਇਹ ਮਹਿਜ਼ ਤਾਕਤ ਆਪਣੇ ਹਥ ਵਿਚ ਲੈਣ ਲਈ ਸਾਰਾ ਕੁਝ ਕੀਤਾ ਜਾ ਰਿਹਾ ਹੈ। ਇਸ ਕਰਕੇ ਇਨ੍ਹਾਂ ਦਾ ਮੁੱਦਾ ਨੇਕ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਕੁਲੈਕਟਰ ਪਹਿਲੇ ਹੀ ਚੰਗੀ ਤਰ੍ਹਾਂ ਦੇਖ ਭਾਲ ਕੇ ਫੈਸਲਾ ਦੇਵੇ ਉਸ ਦੇ ਬਾਅਦ ਸਰਕਾਰ ਵੱਲੋਂ ਨਜ਼ਰ ਸਾਨੀ ਕਰਨ ਦਾ ਸਵਾਲ ਨਹੀਂ ਪੈਦਾ ਹੋਣਾ ਚਾਹੀਦਾ। ਡਿਪਟੀ ਸਪੀਕਰ ਸਾਹਿਬਾ, ਕੁਲੈਕਟਰ ਦੀ ਜ਼ਿੰਮੇਵਾਰੀ ਇਤਨੀ ਵਡੀ ਹੈ ਕਿ ਉਸ ਦੇ ਕੋਲੋਂ ਇਹ ਤਵੱਕੋ ਨਹੀਂ ਕੀਤੀ ਜਾਣੀ ਚਾਹੀਦੀ ਕਿ ਉਹ ਕੋਈ ਗਲਤੀ ਕਰੇ। ਜੇ ਉਹ ਬੇਈਮਾਨੀ ਕਰਕੇ ਜਾਂ ਰਿਸ਼ਵਤ ਲੈ ਕੇ ਕੋਈ ਇਸ ਤਰ੍ਹਾਂ ਦੀ ਗਲ ਕਰਨੀ ਚਾਹੇ ਤਾਂ ਮੈਂ ਸਮਝਦਾ ਹਾਂ ਕਿ ਉਹ ਹੁਣ ਵੀ ਕਰ ਸਕਦਾ ਹੈ। ਲੇਕਿਨ ਇਹ ਤਰਮੀਮ ਜਿਹੜੀ ਹੈ ਇਹ ਸਾਫ ਨਜ਼ਰ ਆਉਂਦੀ ਹੈ ਕਿ ਪੁਲੀਟੀਕਲ ਕੰਮਾਂ ਲਈ ਵਰਤੀ ਜਾਣੀ ਹੈ। ਇਸ ਦੇ ਨਾਲ ਇਨ੍ਹਾਂ ਨੇ ਆਪਣੇ ਪੁਲੀਟੀਕਲ ਮੁਖਾਲਫਾਂ ਦਾ ਨੁਕਸਾਨ ਕਰਨਾ ਹੈ। ਇਸ ਲਈ ਮੈਂ ਇਸ ਦੀ ਸਖਤ ਵਿਰੋਧਤਾ ਕਰਦਾ ਹਾਂ ਔਰ ਹਾਊਸ ਨੂੰ ਅਪੀਲ ਕਰਦਾ ਹਾਂ ਕਿ ਇਸ ਨੂੰ ਪਾਸ ਨਾ ਕੀਤਾ ਜਾਵੇ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ): ਡਿਪਟੀ ਸਪੀਕਰ ਸਾਹਿਬਾ, ਇਹ ਜਿਹੜਾ ਤਰਮੀਮੀ ਬਿਲ ਪੇਸ਼ ਕੀਤਾ ਗਿਆ ਹੈ ਇਹ ਉਸੇ series ਦੀ ਕੜੀ ਹੈ ਜਿਸ ਨਾਲ ਇਹ ਪੰਜਾਬ ਸਰਕਾਰ ਆਪਣੇ ਹਥ ਵਿਚ unlimited powers ਲੈਣਾ ਚਾਹੁੰਦੀ ਹੈ। ਜਿਹੜਾ ਪਹਿਲਾਂ ਐਕਟ ਬਣਿਆ ਹੈ ਉਸ ਵਿਚ ਕੁਝ safeguards ਦਿੱਤੇ ਹੋਏ ਹਨ। ਜਿਨ੍ਹਾਂ ਦੀ ਜ਼ਮੀਨ ਸਰਕਾਰ ਲੈਂਦੀ ਹੈ, ਉਨ੍ਹਾਂ ਨੂੰ ਉਸ ਵਿਚ ਦੋ safegaurds ਹਨ। ਇਕ ਇਹ ਕਿ ਜੇਕਰ collector ਕੀਮਤ ਘਟ assess ਕਰੇ ਤਾਂ ਉਹ civil ਕੋਰਟ ਵਿਚ ਅਪੀਲ ਕਰ ਸਕਦਾ ਹੈ ਅਤੇ ਦੂਜੇ civil court ਤੇ ਵੀ ਇਹ binding ਕੀਤਾ ਹੋਇਆ ਹੈ ਕਿ ਉਹ ਉਸ ਕੀਮਤ ਜਾਂ ਮੁਆਵਜ਼ੇ ਨੂੰ ਵਧਾ ਤਾਂ ਸਕਦੀ ਹੈ ਲੇਕਿਨ ਘਟਾ ਨਹੀਂ ਸਕਦੀ। ਐਕਟ ਵਿਚ ਇਹ ਦੋ safegaurds ਹਨ ਜਿਨ੍ਹਾਂ ਰਾਹੀਂ ਜਿਨ੍ਹਾਂ ਦੀ ਜ਼ਮੀਨ ਲਈ ਜਾਂਦੀ ਹੈ ਉਨ੍ਹਾਂ ਦੇ ਹਕੂਕ ਦੀ ਰਾਖੀ ਹੁੰਦੀ ਹੈ। ਲੇਕਿਨ ਹੁਣ ਪੰਜਾਬ ਸਰਕਾਰ ਇਸ ਬਿਲ ਰਾਹੀਂ ਇਹ ਚਾਹੁੰਦੀ ਹੈ ਕਿ ਜਿਸ ਤਰ੍ਹਾਂ ਇਕ ਪਰਾਈਵੇਟ ਪਾਰਟੀ ਸਿਵਲ ਕੋਰਟ ਵਿਚ ਜਾ ਸਕਦੀ ਹੈ ਉਸੇ ਤਰ੍ਹਾਂ ਸਰਕਾਰ ਨੂੰ ਵੀ ਇਹ ਹੱਕ ਮਿਲੇ ਕਿ ਉਹ ਵੀ ਆਪਣੇ ਅਫਸਰਾਂ ਦੀ ਕੀਤੀ ਹੋਈ assessment ਦੇ ਖਿਲਾਫ ਸਿਵਲ ਕੋਰਟ ਵਿਚ ਜਾ ਸਕੇ। ਇਸ ਤੋਂ ਇਲਾਵਾ ਇਹ ਸਰਕਾਰ ਸਿਵਲ ਕੋਰਟ ਨੂੰ ਵੀ ਇਹ ਇਖਤਿਆਰ ਦੇ ਰਹੀ ਹੈ ਕਿ ਉਹ ਮੁਆਵਜ਼ੇ ਨੂੰ ਘਟਾ ਵੀ ਸਕਦੀ ਹੈ। ਮੈਂ ਸਮਝਦਾ ਹਾਂ ਕਿ ਇਹ ਤਰਮੀਮ ਬੜੀ damaging ਹੈ ਕਿਉਂਕਿ ਇਸ ਰਾਹੀਂ ਇਹ ਸਰਕਾਰ ਲੋਕਾਂ ਦੇ constitutional ਹਕਾਂ ਤੇ ਛਾਪਾ ਮਾਰ ਰਹੀ ਹੈ। ਅੱਜ ਅਸੀਂ ਵੇਖਦੇ ਹਾਂ ਕਿ ਪੰਜਾਬ ਵਿਚ ਲੱਖਾਂ ਵਿਘੇ ਜ਼ਮੀਨ ਬਿਆਸ ਡੈਮ ਪੌਂਗ ਡੈਮ, ਚੰਡੀਗੜ੍ਹ ਵਗੈਰਾ ਲਈ acquire ਕੀਤੀ ਜਾ ਰਹੀ ਹੈ। ਉਹ ਛੋਟੇ ਜ਼ਿਮੀਂਦਾਰ ਹਨ, ਕਿਸੇ ਕੋਲ 10 ਕਿਸੇ ਕੋਲ 20 ਵਿਘੇ ਜ਼ਮੀਨ ਹੈ। ਫੇਰ ਮੇਰੇ ਇਲਾਕੇ ਵਿਚ ਇਕ ਨਹਿਰ ਪੁੱਟੀ ਹੈ ਜਿਸ ਵਿਚ

40/50 ਹਜ਼ਾਰ ਏਕੜ ਜ਼ਮੀਨ ਆਉਂਦੀ ਹੈ । ਅੱਜ ਜੋ ਸਰਕਾਰ ਵਲੋਂ ਉਨ੍ਹਾਂ ਦੀਆਂ ਕੀਮਤਾਂ ਮੁਕਰਰ ਕੀਤੀਆਂ ਜਾ ਰਹੀਆਂ ਹਨ ਉਹ ਬਹੁਤ ਘਟ ਹਨ । ਉਥੇ ਲੋਕ ਇਸ ਦੇ ਖਿਲਾਫ protest ਕਰ ਰਹੇ ਹਨ ਅਤੇ ਮੇਰੇ ਇਲਾਕੇ ਵਿਚ ਮਲੋਟ ਤੇ ਤੀੜੀ ਵਿਚ ਬਹੁਤ ਘਟ ਮੁਆਵਜ਼ਾ ਦਿੱਤਾ ਹੈ । ਉਨ੍ਹਾਂ ਲੋਕਾਂ ਨੇ ਹੁਣ ਸਿਵਲ ਕੋਰਟ ਵਿਚ ਜਾਣਾ ਹੈ । ਲੇਕਿਨ ਹੁਣ ਇਹ ਸਰਕਾਰ ਤਰਮੀਮ ਲਿਆ ਰਹੀ ਹੈ ਕਿ ਜੇ ਕਰ ਸਿਵਲ ਕੋਰਟ ਉਨ੍ਹਾਂ ਦੀ ਗੱਲ ਮੰਨ ਕੇ ਮੁਆਵਜ਼ਾ ਵਧਾ ਦੇਵੇ ਤਾਂ ਸਰਕਾਰ Higher authority ਕੋਲ ਜਾ ਕੇ ਆਪਣੀ ਗੱਲ ਮੰਨਵਾ ਸਕੇ । ਇਸ ਦਾ ਮਤਲਬ ਹੈ ਕਿ ਇਹ litigation ਨੂੰ ਵਧਾਣਾ ਚਾਹੁੰਦੇ ਹਨ । ਕਿਸਾਨਾਂ ਨੂੰ ਨਾ ਸਿਰਫ ਮੁਆਵਜ਼ਾ ਹੀ ਘਟ ਮਿਲੇਗਾ ਬਲਕਿ litigation ਵਧਾ ਕੇ ਉਨ੍ਹਾਂ ਨੂੰ ਤਬਾਹ ਕੀਤਾ ਜਾਏ ਗਾ। ਉਨ੍ਹਾਂ ਦੇ ਸਿਰ ਤੇ ਨਾ ਸਿਰਫ ਕੁਲੈਕਟਰ ਦੀ ਤਲਵਾਰ ਲਟਕੇਗੀ ਬਲਕਿ ਸਰਕਾਰ ਦੀ ਤਲਵਾਰ ਵੀ ਲਟਕਦੀ ਰਹੇ ਗੀ । ਇਸ ਤੋਂ ਇਲਾਵਾ ਜੋ ਕੁਝ acquire ਕੀਤਾ ਗਿਆ ਹੈ ਉਸਦਾ ਮੁਆਵਜ਼ਾ ਸਮੇਂ ਸਿਰ ਨਹੀਂ ਦਿੱਤਾ ਗਿਆ ਹੈ। ਭਾਖੜਾ ਨਹਿਰ ਬਣੀ ਨੂੰ 8 ਸਾਲ ਹੋ ਗਏ ਹਨ ਲੇਕਿਨ ਰੋਪੜ ਦੇ ਇਲਾਕੇ ਵਿਚ ਜੋ ਹਜ਼ਾਰਾਂ ਏਕੜ ਜ਼ਮੀਨ ਲਈ ਹੈ ਜ਼ਿਸ ਦਾ ਮੁਆਵਜ਼ਾ ਅਜ ਤਕ ਨਹੀਂ ਦਿੱਤਾ ਗਿਆ ਹੈ । ਉਲਟਾ land revenue ਉਨ੍ਹਾਂ ਕੋਲੋਂ ਵਸੂਲ ਕੀਤਾ ਜਾ ਰਿਹਾ ਹੈ । ਇਸੇ ਤਰ੍ਹਾਂ ਜਿਹੜੀ ਮੇਰੇ ਇਲਾਕੇ ਵਿਚ ਨਹਿਰ ਪੁੱਟੀ ਜਾ ਰਹੀ ਹੈ ਉਸ ਵਿਚ ਜੋ ਜ਼ਮੀਨ ਆਈ ਹੈ ਉਸ ਦਾ ਬਹੁਤ ਥੋੜਾ ਮੁਆਵਜ਼ਾ ਮੁਕਰਰ ਕੀਤਾ ਗਿਆ ਹੈ । ਮੁਆਵਜ਼ਾ ਅੱਜ ਤੱਕ ਨਹੀਂ ਮਿਲਿਆ ਪਰ ਲੋਕ 2 ਸਾਲਾਂ ਤੋਂ ਮੁਆਮਲਾ ਦੇ ਰਹੇ ਹਨ । ਇਹ ਜਿਹੜੀ ਸਰਕਾਰੀ ਮਸ਼ੀਨਰੀ ਇਤਨੀ ਨਾਕਸ ਹੋ ਗਈ ਹੈ ਬਜਾਏ ਇਸ ਦੇ ਸੋਧਣ ਲਈ ਬਿਲ ਲਿਆਇਆ ਜਾਂਦਾ ਉਲਟਾ unlimited powers ਲੈ ਰਹੇ ਹਨ । ਇਹ ਇਸ ਲਈ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਨੇ ਕੁਝ political obligations ਪੂਰੀਆਂ ਕਰਨੀਆਂ ਹਨ । ਮੈਂ ਇਨ੍ਹਾਂ ਕਾਰਨਾਂ ਕਰ ਕੇ ਇਸ ਬਿਲ ਦੀ ਮੁਖਾਲਫਤ ਕਰਦਾ ਹਾਂ ਜੋ ਪਹਿਲਾਂ safeguards ਮਿਲੇ ਹੋਏ ਸਨ ਇਸ ਸਰਕਾਰ ਨੇ ਉਨ੍ਹਾਂ ਨੂੰ ਖਤਮ ਕਰ ਦਿੱਤਾ ਹੈ ਅਤੇ ਲੋਕਾਂ ਦੇ ਜਾਇਜ਼ ਹੱਕਾਂ ਵਿਚ ਦਸਤ ਅੰਦਾਜ਼ੀ ਕੀਤੀ ਹੈ ।

ਕਾਮਰੇਡ ਮੱਖਣ ਸਿੰਘ ਤਰਸਿਕਾ (ਜੰਡਿਆਲਾ) : ਡਿਪਟੀ ਸਪੀਕਰ ਸਾਹਿਬਾ, ਮੈਂ ਆਪਦੀ ਰਾਹੀਂ ਵਜ਼ੀਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਤਰਮੀਮ ਜੋ ਤੁਸੀਂ Land Acquisition Act ਵਿਚ ਰੱਖੀ ਹੈ ਇਸ ਨਾਲ ਸੰਬੰਧਤ ਕਿਸਾਨ ਬਿਲਕੁਲ ਤਬਾਹ ਹੋ ਜਾਣਗੇ ਕਿਉਂਕਿ ਇਸ ਦਾ ਅਸਰ ਉਨ੍ਹਾਂ ਕਿਸਾਨਾਂ ਤੇ ਜਿਨ੍ਹਾਂ ਦੀਆਂ ਜ਼ਮੀਨਾਂ ਬਿਆਸ ਡੈਮ, ਪੌਂਗ ਡੈਮ, ਨਹਿਰਾਂ ਵਗੈਰਾ ਲਈ ਲਈਆਂ ਜਾਂਦੀਆਂ ਹਨ ਬਹੁਤ ਬੁਰਾ ਪਵੇਗਾ । ਮੈਂ ਆਪਣੀ ਗੱਲ ਇਨ੍ਹਾਂ ਨੂੰ ਇਕ ਠੋਸ ਮਿਸਾਲ ਪੇਸ਼ ਕਰ ਕੇ ਸਪਸ਼ਟ ਕਰ ਦਿੰਦਾ ਹਾਂ । ਮੈਨੂੰ ਯਕੀਨ ਹੈ ਕਿ ਜੇ ਕਰ ਉਨ੍ਹਾਂ ਨੇ ਇਹੋ ਜੇਹੀਆਂ ਮਿਸਾਲਾਂ ਤੇ ਧਿਆਨ ਦਿਤਾ ਹੁੰਦਾ ਤਾਂ ਉਹ ਇਹ ਤਰਮੀਮ ਨਾ ਲਿਆਂਉਂਦੇ । ਮੇਰੇ ਜ਼ਿਲੇ ਵਿਚ ਅਪਰ ਬਾਰੀ ਦੁਆਬ ਦੇ ਕੁਝ ਨਵੇਂ ਰਜਵਾਹੇ, ਤਿਪੌਵਾਲ ਰਜਵਾਹਾ ਤੇ ਖਖ ਮਾਈਨਰ ਕਢੇ ਗਏ ਹਨ । ਇਨ੍ਹਾਂ ਦੀ ਜ਼ਮੀਨ ਕਈਆਂ ਤੋਂ ਲੈ ਕੇ ਟਾਂਗੜਾ ਤਕ ਜਾਂਦੀ ਹੈ ਜਿਹੜੀ ਕਿ G. T. ਰੋਡ ਦੇ ਨਾਲ ਨਾਲ ਹੈ । ਇਨ੍ਹਾਂ ਪਹਿਲਾਂ ਤਾਂ ਉਸ ਜ਼ਮੀਨ ਦੇ ਮੁਆਵਜ਼ੇ ਦਾ award ਦੇਣ ਵਿਚ ਬਹੁਤ ਦੇਰ ਕਰ ਦਿੱਤੀ ਜਦੋਂ 3/4 ਸਾਲ ਬਾਅਦ award ਦਿੱਤਾ ਤਾਂ ਨਹਿਰ ਦੇ ਮਹਿਕਮੇ ਨੇ ਸਿਵਲ ਕੋਰਟ ਵਿਚ ਅਪੀਲ ਕਰ ਦਿਤੀ । ਇਸ ਅਪੀਲ ਦਾ ਅਸਰ 1,700 ਕਿਸਾਨ families ਤੇ ਹੋਇਆ। ਇਹ ਕੇਸ ਲਗਾਤਾਰ $1\frac{1}{2}$ ਸਾਲ ਤਕ ਚਲਦਾ ਰਿਹਾ ਅਤੇ ਹਰ ਮਹੀਨੇ ਵਿਚ 3/4 ਤਾਰੀਖਾਂ ਪੈਂਦੀਆਂ ਸਨ । ਇਨ੍ਹਾਂ ਦੀ ਅਪੀਲ ਇਹ ਸੀ ਕਿ ਮੁਆਵਜ਼ਾ ਵਧਾ ਦਿੱਤਾ ਗਿਆ ਹੈ ਇਸ ਲਈ ਇਹ ਘਟਣਾ ਚਾਹੀਦਾ ਹੈ । ਤੁਸੀਂ ਅੰਦਾਜ਼ਾ

[ਕਾਮਰੇਡ ਮੱਖਣ ਸਿੰਘ ਤਰਸਿਕਾ]

ਲਾਉ ਕਿ $1\frac{1}{2}$ ਸਾਲ ਤਕ ਹਰ ਮਹੀਨੇ 3/4 ਵਾਰ 1,700 ਕਿਸਾਨ ਜ਼ਿਲਾ ਹੈਡ ਕੁਆਟਰ ਵਿਚ ਜਾਂਦੇ ਰਹੇ । ਇਕ ਰੁਪਿਆ ਜਾਣ ਦਾ ਇਕ ਰੁਪਿਆ ਆਉਣ ਦਾ ਤੇ ਰੋਟੀ ਪਾਣੀ ਦਾ ਖਰਚ ਇਤਨਾ ਖਰਚ 1,700 ਕਿਸਾਨਾਂ ਨੂੰ ਕਰਨਾ ਪਿਆ । ਦੂਜੇ ਪਾਸੇ ਕਿਸੇ ਕਿਸਾਨ ਦਾ ਮੁਆਵਜ਼ਾ 150 ਰੁਪਏ ਬਣਦਾ ਸੀ ਤੇ ਕਿਸੇ ਦਾ 200 ਰੁਪਏ ਬਣਦਾ ਸੀ ਲੇਕਿਨ ਉਨ੍ਹਾਂ ਨੇ ਹਜ਼ਾਰਾਂ ਰੁਪਏ ਇਹ ਤਾਰੀਖਾਂ ਭੁਗਤਣ ਲਈ ਖਰਚ ਕਰ ਦਿੱਤੇ । ਤੁਸੀਂ ਦਸੋ ਉਨ੍ਹਾਂ ਗਰੀਬ ਕਿਸਾਨਾਂ ਦੇ ਪੱਲੇ ਕੀ ਪਿਆ ? ਆਖਰ $1\frac{1}{2}$ ਸਾਲ ਬਾਅਦ ਕੇਸ ਤਾਂ file ਹੋ ਗਿਆ ਲੇਕਿਨ ਗਰੀਬ ਕਿਸਾਨ ਤਬਾਹ ਹੋ ਗਏ ਕਿਉਂਕਿ ਉਨ੍ਹਾਂ ਦਾ ਇਕ ਇਕ ਪੈਸਾ ਤਰੀਕਾਂ ਭੁਗਤਣ ਵਿਚ ਲਗ ਗਿਆ। ਹੁਣ ਉਨ੍ਹਾਂ ਨੂੰ 10 ਸਾਲਾਂ ਬਾਅਦ ਜਾ ਕੇ ਮੁਆਵਜ਼ਾ ਮਿਲਿਆ ਹੈ । ਉਹ ਜ਼ਮੀਨ ਬਹੁਤ ਚੰਗੀ ਸੀ ਅਤੇ G.T. ਰੋਡ ਦੇ ਨਾਲ ਲਗਦੀ ਸੀ । ਮਾਲ ਅਫਸਰ ਨੇ ਤਾਂ $2\frac{1}{2}$ ਹਜ਼ਾਰ ਰੁਪਏ ਫੀ ਏਕੜ ਮੁਆਵਜ਼ਾ ਪਾਇਆ ਸੀ ਲੇਕਿਨ ਨਹਿਰ ਦੇ ਮਹਿਕਮੇ ਵਾਲੇ 4/5 ਸੌ ਰੁਪਿਆ ਹੀ ਦੇਣਾ ਚਾਹੁੰਦੇ ਸਨ । ਤੇ ਮੈਂ ਅਰਜ਼ ਕਰਦਾ ਹਾਂ ਕਿ ਵਜ਼ੀਰ ਸਾਹਿਬ ਜ਼ਰਾ ਠੰਡੇ ਦਿੱਲ ਨਾਲ ਸੋਚਣ ਕਿ ਕਿਸ ਤਰ੍ਹਾਂ ਗਰੀਬ ਕਿਸਾਨਾਂ ਨਾਲ ਧੱਕਾ ਹੁੰਦਾ ਹੈ ਅਤੇ ਇਹ ਜੋ ਨਵੀਂ ਤਰਮੀਮ ਲਿਆਂਦੀ ਗਈ ਹੈ ਉਸ ਨਾਲ ਕਿਤਨੇ ਲੋਕਾਂ ਤੇ ਅਸਰ ਪਵੇਗਾ । ਕਿਸ ਤਰ੍ਹਾਂ ਹਜ਼ਾਰਾਂ ਕਿਸਾਨ ਤਰੀਕਾਂ ਭੁਗਤਣ ਲਈ ਜ਼ਿਲਾ ਹੈਡ ਕੁਆਟਰਜ਼ ਵਿਚ ਜਾਇਆ ਕਰਨ ਗੇ ਅਤੇ ਕਿਤਨਾ ਖਰਚ ਹੋਵੇਗਾ । Awards ਦੇ ਖਿਲਾਫ ਜੇ ਸਰਕਾਰ ਅਪੀਲ ਕਰੇ ਗੀ ਤਾਂ ਇਸ ਨਾਲ ਲੋਕਾਂ ਦਾ ਹੀ ਨੁਕਸਾਨ ਹੋਏਗਾ ਕਿਉਂਕਿ Awards ਵੀ ਸਰਕਾਰੀ ਅਫਸਰ ਨੇ ਦੇਣਾ ਹੈ ਤੇ ਅਪੀਲ ਵੀ ਸਰਕਾਰ ਦੇ ਅਫਸਰਾਂ ਨੇ ਹੀ ਕਰਨੀ ਹੈ ਲੇਕਿਨ ਦੂਜੇ ਪਾਸੇ ਹਜ਼ਾਰਾਂ ਕਿਸਾਨ ਤਾਰੀਖਾਂ ਤੇ ਜਾ ਕੇ ਤਬਾਹ ਹੋਇਆ ਕਰਨਗੇ । ਇਸ ਲਈ ਮੈਂ ਇਹ ਠੋਸ ਮਿਸਾਲ ਪੇਸ਼ ਕਰਦਾ ਹੋਇਆ ਵਜ਼ੀਰ ਸਾਹਿਬ ਤੇ ਸਰਕਾਰੀ ਬੈਂਚਾਂ ਤੇ ਬੈਠੇ ਦੋਸਤਾਂ ਨੂੰ ਕਹਿੰਦਾ ਹਾਂ ਕਿ ਇਸ ਤਰਮੀਮ ਦਾ ਅਸਰ ਤੁਹਾਡੇ ਹਲਕਿਆਂ ਵਿਚ ਵੀ ਪੈਣਾ ਹੈ ਇਸ ਲਈ ਵਿਚਾਰ ਕਰੋ । ਮੈਂ ਵਜ਼ੀਰ ਸਾਹਿਬਾਨ ਨੂੰ ਵੀ ਕਹਿੰਦਾ ਹਾਂ ਕਿ ਜੇਕਰ ਤੁਸੀਂ ਇਨ੍ਹਾਂ ਕੁਰਸੀਆਂ ਤੇ ਬੈਠਣਾ ਹੈ ਤਾਂ ਇਸ ਬਿਲ ਨੂੰ ਵਾਪਸ ਲਉ ਇਹ ਕਲੰਕ ਨਾ ਖੱਟੋ । ਜਿਹੜੀ ਤਰਮੀਮ ਹੈ ਇਸ ਨੂੰ ਵਾਪਸ ਲਓ । ਇਸ ਦਾ ਅਸਰ ਗਲਤ ਅਤੇ ਬਹੁਤ ਬੁਰਾ ਪਵੇਗਾ । ਇਸ ਨਾਲ ਸਰਕਾਰ ਐਨੀ ਤਾਕਤ ਲੈਣ ਲਗੀ ਹੈ । ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਮੁੱਖ ਮੰਤ੍ਰੀ ਸਾਹਿਬ ਨੂੰ ਕਹਾਂਗਾ ਕਿ ਇਸ ਬਿਲ ਨੂੰ ਮੁਲਤਵੀ ਕਰ ਕੇ ਠੰਡਾ ਪਾਣੀ ਪੀ ਕੇ ਸੋਚਣ । ਇਸ ਦਾ ਲੋਕਾਂ ਤੇ ਕਿੰਨਾ ਅਸਰ ਹੋਏਗਾ । ਇਹ ਠੀਕ ਹੈ ਕਿ ਇਸ ਨਾਲ ਵਕੀਲਾਂ ਨੂੰ ਬੜਾ ਫਾਇਦਾ ਹੋਏਗਾ । 1,700 ਕਿਸਾਨ ਜਾਇਆ ਕਰਨਗੇ, 1,700 ਅਪੀਲ ਕਰਿਆ ਕਰਨਗੇ, ਵਕੀਲਾਂ ਨੂੰ ਫਾਇਦਾ ਹੋਏਗਾ । ਅੱਜ ਵਕੀਲ ਹੀ ਇਸ ਨੂੰ ਪਾਸ ਕਰਨ ਲਗੇ ਹਨ । ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਸ ਤਰਮੀਮ ਦੀ ਪੁਰਜ਼ੋਰ ਮੁਖਾਲਫਤ ਕਰਦਾ ਹੋਇਆ ਬੇਨਤੀ ਕਰਦਾ ਹਾਂ ਕਿ ਇਸ ਨੂੰ ਵਾਪਸ ਲਿਆ ਜਾਵੇ ਕਿਉਂਕਿ ਇਸ ਦਾ ਲੋਕਾਂ ਤੇ ਬੜਾ ਬੁਰਾ ਅਸਰ ਪੈਣਾ ਹੈ ।

ਸਰਦਾਰ ਗੁਰਦਿਆਲ ਸਿੰਘ ਢਿਲੋਂ (ਤਰਨ ਤਾਰਨ): ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਬਿਲ ਦੇ ਸਬੰਧ ਵਿਚ ਕੁਝ ਕਹਿਣਾ ਨਹੀਂ ਸੀ ਚਾਹੁੰਦਾ । ਤਰਸਿਕਾ ਸਾਹਿਬ ਦੇ ਜੋਸ਼ ਨੇ ਥੋੜਾ ਜਿਹਾ ਮੈਨੂੰ ਵੀ ਮਤਵੱਜੁਹ ਕੀਤਾ । ਮੈਂ ਸਮਝ ਨਹੀਂ ਸਕਿਆ ਕਿ ਠੰਡੇ ਪਾਣੀ ਦੀ ਕਿਸ ਲਈ ਲੋੜ ਪੈ ਗਈ । ਮੈਂ ਤਾਂ ਠੰਢਾ ਪਾਣੀ ਪੀ ਕੇ ਆਇਆ ਹਾਂ । ਮਨਿਸਟਰ ਸਾਹਿਬ ਵੀ ਸ਼ਾਇਦ ਪੀ ਕੇ ਆਏ ਹੋਣ । ਇਸ ਬਿਲ ਵਿਚ ਦੋ ਸਿਧੀਆਂ ੨ ਗਲਾਂ ਹਨ । ਇਕ ਤਾਂ ਇਹ ਕਿ ਕੋਈ clerical mistake ਹੋ ਜਾਏ ਯਾ arithmetical mistake ਹੋ ਜਾਏ ਤਾਂ

ਉਸ ਨੂੰ ਠੀਕ ਕੀਤਾ ਜਾ ਸਕੇ । ਯਾ ਕੋਈ ਹੋਰ inherent mistake ਹੋ ਜਾਏ, ਬਜਾਏ ਉਸ ਨੂੰ vague ਛਡਿਆ ਜਾਏ, ਅਦਾਲਤਾਂ ਵਿਚ ਤੁਰੇ ਫਿਰਨ, ਵਕੀਲ ਕਰਦੇ ਫਿਰਨ, ਉਸ ਨੂੰ ਆਪਣੇ ਆਪ ਦਰੁਸਤ ਕਰ ਦਿੱਤਾ ਜਾਏ । ਮੈਂ ਨਹੀਂ ਸਮਝਦਾ ਇਸ ਵਿਚ ਕਿਹੜੀ ਮੁਸ਼ਕਲ ਹੈ ।

ਇਸ ਤੋਂ ਅਗਲੀ ਗਲ ਇਹ ਹੈ ਕਿ ਕੁਲੈਕਟਰ ਦੇ ਅਖਤਿਆਰਾਤ ਵਿਚ ਇਜ਼ਾਫਾ ਕੀਤਾ ਜਾਏ । ਪਾਰਟੀ ਨੂੰ ਅਖਤਿਆਰ ਦਿੱਤਾ ਜਾਏ ਕਿ ਉਹ reference ਵਾਪਸ ਕਰਿਆ ਕਰਨਗੇ, ਫਿਰ ਕੋਰਟ ਵਿਚ ਜਾਏ । ਇਸ ਦੇ ਵਿਚ ਦੋਵੇਂ ਹੀ ਗਲਾਂ ਆ ਸਕਦੀਆਂ ਸਨ । ਜਿਥੇ excess ਹੋ ਜਾਏ ਓਥੇ ਮੇਰਾ ਖਿਆਲ ਹੈ ਤੁਸੀਂ ਵੀ ਮੁਤਫਿਕ ਹੋਵੋਗੇ ਕਿ ਉਸ ਨੂੰ ਠੀਕ ਕਰਨਾ ਚਾਹੀਦਾ ਹੈ । ਕੁਛ ਸ਼ਖਸ ਆਪਣਾ ਨਾਜਾਇਜ਼ ਅਸਰ ਵਰਤ ਕੇ ਫਾਇਦਾ ਉਠਾਉਂਦੇ ਹਨ । ਇਸ ਵਾਸਤੇ ਬਗੈਰ ਇਸ ਦੇ ਕਿ ਐਸੀ ਸੂਰਤ ਵਿਚ amendment ਰਾਹੀਂ ਇਸ ਨੂੰ ਠੀਕ ਕੀਤਾ ਜਾਏ, ਹੋਰ ਕੋਈ ਚਾਰਾ ਨਹੀਂ ਕਿ ਉਸ ਦਾ ਕਿਸੇ ਸ਼ਕਲ ਵਿਚ ਹਲ ਕਢਿਆ ਜਾਏ ਉਸ ਦੀ ਦਰੁਸਤੀ ਕਰਨ ਲਈ । ਉਸ ਸਬੰਧ ਵਿਚ ਦਰੁਸਤੀ ਹੋ ਸਕਦੀ ਹੈ । ਉਸ ਦੇ ਉਪਰ ਅਗਰ ਗੌਰਮੈਂਟ ਨੂੰ ਕਿਸੇ ਕਿਸਮ ਦਾ ਇਤਰਾਜ਼ ਹੈ ਤਾਂ ਉਹ ਵਾਪਸ ਭੇਜ ਸਕਦੀ ਹੈ । ਅਦਾਲਤ ਉਸ ਦੀ assessment ਕਰ ਸਕਦੀ ਹੈ । ਇਕੋ ਹੀ ਚੀਜ਼ ਅਜਿਹੀ ਹੈ ਜਿਸ ਤੇ ਇਤਰਾਜ਼ ਕਰਨਾ ਚਾਹੀਦਾ ਹੈ । ਕਰਨਾ ਤਾਂ ਇਨ੍ਹਾਂ ਨੂੰ ਚਾਹੀਦਾ ਸੀ ਪਰ ਇਨ੍ਹਾਂ ਦੀ ਜਗਾਹ ਮੈਂ ਕਰ ਦਿੰਦਾ ਹਾਂ । ਇਸ ਦੇ ਵਿਚ ਇਕ ਪਾਰਟੀ ਲਈ ਹੱਕ ਰਖ ਦਿੱਤਾ ਗਿਆ ਹੈ । ਅਗਰ ਕਿਸੇ ਦੀ assessment ਉਸ ਦੀ value ਤੋਂ ਥਲੇ ਹੋਏ ਤਾਂ ਉਸ ਮਾਲਕ ਨੂੰ ਅਖਤਿਆਰ ਦੇਣਾ ਚਾਹੀਦਾ ਹੈ ਇਸ ਬਿਲ ਹੇਠ ਜਿਸ ਨੂੰ ਵਧ ਮੁਨਾਫਾ ਹੋਇਆ ਹੋਵੇ ਉਸ ਨੂੰ ਘਟਾਇਆ ਜਾ ਸਕਦਾ ਹੈ ।

ਇਕ ਮਾਨਯੋਗ ਮੈਂਬਰ : ਇਸ ਦਾ provision ਹੈ।

ਸਰਦਾਰ ਗੁਰਦਿਆਲ ਸਿੰਘ ਢਿਲੋਂ : ਇਹ ਚੀਜ਼ ਹੈ ਕਿ ਇਸ ਦੀ ਅਪੀਲ ਕੀਤੀ ਜਾ ਸਕਦੀ ਹੈ। ਇਕੋ ਗਲ ਜਿਹੜੀ ਇਨ੍ਹਾਂ ਨੇ ਕਹੀ ਮੈਂ ਉਸ ਨਾਲ ਸੌ ਫੀ ਸਦੀ ਮੁਤਫਿਕ ਹਾਂ । ਇਹ ਵਕੀਲਾਂ ਦੀ ਆਮਦਨੀ ਦਾ ਬੜਾ ਭਾਰੀ ਜ਼ਰੀਆ ਬਣ ਜਾਏਗਾ । ਜਦੋਂ ਸਿਵਲ ਕੋਰਟ ਨੂੰ ਕੇਸ ਦਿੱਤਾ ਜਾਏਗਾ ਤਾਂ ਕੁਦਰਤੀ ਤੌਰ ਤੇ ਗੌਰਮੈਂਟ ਆਪਣਾ Legal Adviser ਭੇਜੇਗੀ । ਮਾਲਕ ਨੂੰ ਵੀ ਵਕੀਲ ਕਰਨਾ ਪਏਗਾ । ਕਈ ਦਫਾ ਤਾਂ ਜ਼ਮੀਨ ਦੀ ਕੀਮਤ ਐਨੀ ਥੋੜੀ ਹੁੰਦੀ ਹੈ ਕਿ ਸਾਰੀ ਫੀਸ ਵਿਚ ਹੀ ਵਕੀਲ ਕੋਲ ਚਲੀ ਜਾਂਦੀ ਹੈ । ਮਨਿਸਟਰ ਸਾਹਿਬ ਇਸ ਗਲ ਲਈ ਵੀ ਕੁਛ ਨਾ ਕੁਛ provide ਕਰ ਦਿੰਦੇ, ਇਸ ਵਿਚੋਂ ਵਕੀਲਾਂ ਕੋਲ ਆਉਣਾ ਜਾਣਾ ਬੰਦ ਕਰ ਦਿੰਦੇ । ਹੁਣ ਉਹ ਇਸ ਪਾਸੇ ਬਹੁਤ ਜ਼ਿਆਦਾ interested ਨਹੀਂ ਰਹੇ । ਇਸ ਲਈ ਕੋਈ ਨਾ ਕੋਈ ਐਸਾ ਤਰੀਕਾ ਕਢਦੇ । ਤਰਸਿਕਾ ਸਾਹਿਬ ਬਾਰੇ ਮੈਂ ਕਹਿੰਦਾ ਹਾਂ ਉਹ ਬੜੇ forceful ਵਕੀਲ ਹਨ । ਇਹ ਚੀਜ਼ ਕਹਿਣੀ ਚਾਹੀਦੀ ਹੈ ਕਿ ਇਹ ਸ਼ਾਇਦ litigation ਦੀ ਸ਼ਕਲ ਅਖਤਿਆਰ ਕਰ ਜਾਏ । ਮੇਰਾ ਮਤਲਬ ਐਨਾ ਕਹਿਣ ਦਾ ਹੈ ਕਿ ਇਕ ਲੰਮੇ ਚੌੜੇ procedure ਵਿਚ ਪੈ ਕੇ ਉਸ ਦਾ ਐਨਾ ਖਰਚ ਨਾ ਹੋਵੇ ਕਿ ਉਸ ਦਾ ਕੋਈ ਫਾਇਦਾ ਹੀ ਨਾ ਹੋਵੇ । ਵਕੀਲਾਂ ਤੋਂ ਕਿਸੇ ਤਰ੍ਹਾਂ ਬਚਾਇਆ ਜਾ ਸਕਦਾ ਹੈ ਤਾਂ ਬਚਾਉਣਾ ਚਾਹੀਦਾ ਹੈ ਯਾ ਹੋਰ ਕੋਈ ਰਸਤਾ ਦਸਿਆ ਜਾਵੇ

ਮਾਲ ਮੰਤਰੀ (ਸਰਦਾਰ ਅਜਮੇਰ ਸਿੰਘ) : ਡਿਪਟੀ ਸਪੀਕਰ ਸਾਹਿਬਾ, ਜਿੰਨੇ ਮੁਅਜ਼ਜ਼ ਮੈਂਬਰ ਸਾਹਿਬਾਨ ਬੋਲੇ ਹਨ ਮੈਂ ਉਨ੍ਹਾਂ ਦੀਆਂ ਤਕਰੀਰਾਂ ਨੂੰ ਬੜੇ ਗੌਰ ਨਾਲ ਸੁਣਿਆ ਹੈ । ਇਹ ਬਿਲ ਜ਼ਮੀਨ ਰਖਣ ਵਾਲੇ ਇਕ ਆਮ ਆਦਮੀ ਨਾਲ, ਛੋਟੇ ਤੇ ਵੱਡੇ ਨਾਲ ਤਅੱਲੁਕ ਰਖਦਾ ਹੈ।

[ਮਾਲ ਮੰਤਰੀ]

ਸਰਕਾਰ ਦਾ ਮਨਸ਼ਾ ਅਤੇ ਮੇਰਾ ਮਨਸ਼ਾ ਇਹ ਹੈ ਕਿ ਉਸ ਦੇ ਨਾਲ ਕਿਸੇ ਕਿਸਮ ਦੀ ਸਖਤੀ ਯਾ ਕਿਸੇ ਕਿਸਮ ਦਾ ਅਨਿਆ ਨਾ ਹੋਵੇ । ਇਨ੍ਹਾਂ ਦੋ ਤਿੰਨ ਕਲਾਜ਼ਾਂ ਨੂੰ ਇਸ ਸ਼ਕਲ ਵਿਚ ਪੇਸ਼ ਕੀਤਾ ਹੈ । ਇਹ ਕਹਿਣਾ ਕਿ ਇਸ ਨਾਲ ਸਰਕਾਰ ਬਹੁਤ unlimited powers ਲੈਣ ਲਗੀ ਹੈ, ਇਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਦੇ ਖਿਆਲ ਦੇ ਮੁਤਾਬਕ ਸਰਕਾਰ ਦੀ ਹਰ ਗਲ, ਹਰ ਬਿਲ, ਤੇ ਬਜਟ ਦੀ ਹਰ ਮਦ ਜੋ ਹੁੰਦੀ ਹੈ ਉਸ ਦੇ ਨਾਲ ਕੋਈ ਆਪਣੇ ਆਦਮੀਆਂ ਨੂੰ ਫਾਇਦਾ ਪਹੁੰਚਾਉਣਾ ਯਾ ਪੁਲੀਟੀਕਲ advantage ਲੈਣਾ ਆਖ ਕੇ ਸਰਕਾਰ ਨੂੰ ਕੋਸਣਾ, ਇਹ ਸਾਡੀ ਆਪੋਜ਼ੀਸ਼ਨ ਦਾ, ਖਾਸ ਕਰ ਚੰਦ ਸਜਣਾਂ ਦਾ criticism ਦਾ ਇਕ plan ਹੈ । ਹਰ ਇਕ ਚੀਜ਼ ਨੂੰ ਇਸ ਤਰ੍ਹਾਂ ਦੇਖਦੇ ਹਨ । (ਸਰਦਾਰ ਲਛਮਣ ਸਿੰਘ ਵਲੋਂ ਵਿਘਨ) ਗਿਲ ਸਾਹਿਬ ਇਹ ਗਲ ਨਹੀਂ । ਤੁਸੀਂ ਆਪਣੀ ਸੋਚ ਦਰੁਸਤ ਕਰੋ । ਜਿਹੜੀ ਚੀਜ਼ ਕਹਿਣ ਵਾਲੀ ਹੈ ਉਹ ਜੀ ਸਦਕੇ ਕਹੋ । ਜੇ ਕੋਈ ਆਦਮੀ ਹਰ ਗਲ ਨੂੰ ਇਕੋ ਤਰ੍ਹਾਂ ਆਖੇ ਉਸ ਦੇ ਕਹਿਣ ਵਿਚ ਵਜ਼ਨ ਨਹੀਂ ਹੁੰਦਾ, ਤੇ ਸੁਣਨ ਵਾਲੇ ਤੇ ਅਸਰ ਨਹੀਂ ਹੁੰਦਾ ।

Deputy Speaker : Please address the Chair.

ਮਾਲ ਮੰਤਰੀ : ਜਿਨ੍ਹਾਂ ਸਜਣਾਂ ਨੇ ਗਹੁ ਨਾਲ ਪੜ੍ਹ ਕੇ ਆਖਿਆ ਹੈ ਉਨ੍ਹਾਂ ਵਿਚੋਂ ਸਰਦਾਰ ਸ਼ਮਸ਼ੇਰ ਸਿੰਘ ਜੋਸ਼ ਹੈ ਜਿਸ ਨੇ ਸਾਰੀਆਂ ਤਰਮੀਮਾਂ ਪੜ੍ਹੀਆਂ ਹਨ । ਆਪਣੇ ਖਿਆਲ ਦੇ ਮੁਤਾਬਕ ਮੈਂ ਉਨ੍ਹਾਂ ਦੀ criticism ਨੂੰ welcome ਕਰਦਾ ਹਾਂ । ਜੋ ਖਾਮੀ ਪਾਈ ਜਾਵੇ, award ਦੇਣ ਤੋਂ ਬਾਅਦ ਕੋਈ clerical ਯਾ arithmetical ਗਲਤੀਆਂ ਹੋਣ ਅਤੇ ਇਹ ਸਮਝਿਆ ਜਾਵੇ ਕਿ ਗਲਤੀ ਕਰ ਬੈਠੇ ਹਾਂ, ਇਹ ਉਸ ਦੀ ਦਰੁਸਤੀ ਕਰਨ ਲਈ ਹੈ । ਇਹ ਗਲਤ award ਨੂੰ ਦਰੁਸਤ ਕਰਨ ਵਾਸਤੇ ਹੈ । ਜੇ ਸਰਕਾਰ ਦੇ ਖਿਲਾਫ ਹੋਵੇ ਤਾਂ ਕੋਈ bar ਨਹੀਂ ਸੀ । ਕੋਈ ਰਕਮ ਜਿਹੜੀ ਕਿ ਵਧ ਮਿਲਣੀ ਚਾਹੀਦੀ ਹੈ, ਜ਼ਿਮੀਂਦਾਰ ਦੇ ਹੱਕ ਵਿਚ ਹੈ, ਤਾਂ ਉਸ ਦੇ ਬਾਅਦ ਉਸ ਨੂੰ ਕੋਈ ਅਖਤਿਆਰ ਨਹੀਂ । ਇਕੋ ਅਖਤਿਆਰ ਸੀ ਕਿ ਦੀਵਾਨੀ ਅਦਾਲਤ ਵਿਚ ਚਾਰਾ ਕਰੇ, ਵਕੀਲ ਕਰੇ, ਮੁਕਦਮਾ ਕਰੇ award ਦੀ ਦਰੁਸਤੀ ਕਰਾਉਣ ਵਾਸਤੇ ਕਾਨੂੰਨਨ ਮੇਰੇ ਖਿਆਲ ਵਿਚ ਇਸ ਦੇ ਵਿਚ ਕੋਈ ਗਲਤੀ ਨਹੀਂ ਹੈ । ਇਹ amendment ਨਾ ਵੀ ਲਿਆਂਦੀ ਜਾਵੇ ਤਾਂ ਦੀਵਾਨੀ ਅਦਾਲਤ ਨੂੰ ਦਫਾ 152 C.P. C. ਹੇਠ inherent power ਹੈ ਕਿ ਅਗਰ clerical ਗਲਤੀ ਹੋਵੇ ਤਾਂ ਹਰ ਇਕ ਦਰੁਸਤੀ ਕਰ ਸਕਦੀ ਹੈ ।ਪਿਛੇ ਵੀ ਸਾਡੀ ਹਾਈ ਕੋਰਟ ਵਿਚ ਇਸੇ ਸਵਾਲ ਨੂੰ ਬਹੁਤ ਗਹੁ ਨਾਲ ਸੋਚ ਕੇ Full Bench ਨੂੰ ਕੇਸ refer ਹੋਇਆ । ਜਿਸ ਵਿਚ ਮਿਸਟਰ ਜਸਟਿਸ ਦੁਲਤ, ਮਿਸਟਰ ਜਸਟਿਸ ਮਿਹਰ ਸਿੰਘ ਤੇ ਮਿਸਟਰ ਜਸਟਿਸ ਆਰ. ਪੀ. ਖੋਸਲਾ ਸਨ । ਜਦੋਂ ਕਿਤੇ provision ਨਹੀਂ ਹੈ ਮਗਰ ਫਿਰ ਉਸ ਦੀ ਦਰੁਸਤੀ ਯਾ ਨਾ ਦਰੁਸਤੀ ਕਰਨ ਦਾ ਸਵਾਲ ਹੈ ਉਸ ਦੇ ਬਾਰੇ ਇਹ ਤਿੰਨੇ Judges Full Bench ਦੇ ਫੈਸਲੇ ਵਿਚ ਫਰਮਾਉਂਦੇ ਹਨ ।

> "That every tribunal has inherent power to correct its own error, provided, of course, the circumstances are such that the correction of that error is necessary in the interest of justice. Such inherent power is necessarily implied in the setting up of any authority on whom the responsibility of deciding any matter rests and to deny such power to any tribunal would render that tribunal incapable of properly deciding the matters entrusted to it."

ਇਸ ਤਰ੍ਹਾਂ ਦੇ ਫੈਸਲੇ ਦੇ ਸਾਹਮਣੇ ਇਸ amendment ਦੀ ਕੋਈ ਲੋੜ ਤਾਂ ਨਹੀਂ ਰਹਿ ਜਾਂਦੀ ਪਰ ਇਸ ਬਿਲ ਵਿਚ ਦਿੱਤੀ ਹੋਈ ਹੈ ਤਾਂ ਇਸ ਵਿਚ ਹਰਜ ਨਹੀਂ ਅਤੇ ਇਸ ਨਾਲ fault find ਨਹੀਂ ਕਰਨਾ ਚਾਹੀਦਾ । ਇਸ ਦੇ ਬਾਰੇ ਵਿਚ ਗਿਲ ਸਾਹਿਬ ਨੇ ਖਾਸ ਤੌਰ ਤੇ ਇਹ

ਗਲ ਕਹੀ ਕਿ ਇਸ ਮਦ ਹੇਠ ਤੁਸੀਂ political motives ਨੂੰ ਸਾਹਮਣੇ ਰਖ ਕੇ ਬਹੁਤ vast powers ਆਪਣੇ ਪਾਸ ਲੈ ਰਹੇ ਹੋ ਅਤੇ ਇਹ ਗਲ ਸਰਕਾਰ ਦੇ ਹੱਥ ਵਿਚ ਨਹੀਂ ਹੋਣੀ ਚਾਹੀਦੀ ਕਿ award ਦੇ ਖਿਲਾਫ ਕਿਸੇ ਕੋਰਟ ਵਿਚ ਜਾ ਸਕੇ ਜਾਂ ਹਾਈ ਕੋਰਟ ਨੂੰ ਉਸ ਦੇ ਖਿਲਾਫ move ਕਰ ਸਕੇ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਨੁਕਤਾਚੀਨੀ one sided ਹੈ। ਸਾਡੇ ਨੋਟਿਸ ਵਿਚ ਕਈ ਅਜਿਹੇ ਕੇਸ ਆਏ ਨੇ ਅਤੇ ਇਹ ਵੀਰ ਮੇਰੇ ਨਾਲ ਇਤਫਾਕ ਕਰਨਗੇ ਕਿ ਇਹ powers ਜ਼ਰੂਰ ਲੈਣੀਆਂ ਚਾਹੀਦੀਆਂ ਹਨ । ਕਿਸੇ ਆਦਮੀ ਦੀ ਜ਼ਮੀਨ ਸ਼ਹਿਰ ਵਿਚ ਅਸੀਂ acquire ਕਰਦੇ ਹਾਂ ਕਿਸੇ ਸੜਕ ਲਈ ਕਿਸੇ ਇਮਾਰਤ ਲਈ, ਤਾਂ ਥੋੜਾ ਥੋੜਾ compensation ਉਨ੍ਹਾਂ ਨੂੰ ਨਹੀਂ ਮਿਲਦਾ ਸਗੋਂ ਬਹੁਤ ਹੀ ਮਿਲ ਜਾਂਦਾ ਹੈ ਇਸ ਬਾਰੇ ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਹਾਊਸ ਦਾ ਧਿਆਨ ਦਿਵਾਇਆ ਹੈ ਕਿ compensation ਜਲਦੀ ਤੋਂ ਜਲਦੀ ਦਿਵਾਇਆ ਜਾਵੇ, ਕਈ ਕੇਸਾਂ ਵਿਚ ਇੰਨਾ ਜਲਦੀ ਨਹੀਂ ਦਿੱਤਾ ਜਾਂਦਾ । ਮੈਂ ਹਾਊਸ ਵਿਚ ਉਨ੍ਹਾਂ ਨੂੰ ਯਕੀਨ ਦਿਵਾਂਦਾ ਹਾਂ ਕਿ ਜਿਥੇ ਥੋੜੀ ਥੋੜੀ ਜ਼ਮੀਨ acquire ਕੀਤੀ ਜਾਵੇ ਉਥੇ ਸਰਕਾਰ ਇਸ ਗਲ ਦਾ ਯਤਨ ਕਰੇਗੀ ਕਿ compensation ਜਲਦੀ ਤੋਂ ਜਲਦੀ ਦਿਵਾਇਆ ਜਾ ਸਕੇ। ਜੇਕਰ ਉਹ ਮੇਰੇ ਨੋਟਿਸ ਵਿਚ ਕੋਈ ਖਾਸ ਕੇਸ ਲਿਆਉਣ ਤਾਂ ਮੈਂ ਇਸ ਸਬੰਧੀ ਜ਼ਰੂਰ ਕਾਰਵਾਈ ਕਰਾਂਗਾ। (ਵਿਘਨ) ਸ਼ਹਿਰਾਂ ਦੇ ਨੇੜੇ, ਆਮ ਤੌਰ ਤੇ ਜ਼ਮੀਨਾਂ ਮਹਿਗੀਆਂ ਮਿਲਦੀਆਂ ਹਨ ਤੇ ਜਦੋਂ ਜ਼ਮੀਨਾਂ ਨੂੰ acquire ਕੀਤਾ ਜਾਂਦਾ ਹੈ ਤਾਂ ਇਨ੍ਹਾਂ ਦਾ award ਹਜ਼ਾਰਾਂ ਲੱਖਾਂ ਦਾ ਹੁੰਦਾ ਹੈ । ਜਿਹੜੇ ਲੋਕ ਰਸਾਈ ਵਾਲੇ ਹੁੰਦੇ ਹਨ ਜਾਂ ਅਸਰ ਵਾਲੇ ਹੁੰਦੇ ਹਨ ਉਹ ਅਸਰਅੰਦਾਜ਼ ਹੋ ਕੇ award ਵਿਚ ਹਜ਼ਾਰਾਂ ਲੱਖਾਂ ਦਾ ਫਰਕ ਪੁਆ ਲੈਂਦੇ ਹਨ । ਪਰ ਇਸ award ਨੂੰ challenge ਕਰਨ ਦੀ power ਸਾਡੇ ਪਾਸ ਪਹਿਲਾਂ ਨਹੀਂ ਸੀ । ਹੁਣ ਜੇਕਰ ਇਹ ਤਰਮੀਮ ਨਾ ਲਿਆਂਦੀ ਜਾਵੇ ਤਾਂ ਕੀ State ਵਲੋਂ ਇੰਨੀ ਮਿਹਨਤ ਨਾਲ ਇਕੱਠੇ ਕੀਤੇ ਮਾਲੀਏ ਨੂੰ, ਇਕ ਆਦਮੀ ਨੂੰ ਦੇ ਦਿੱਤਾ ਜਾਵੇ ? ਇਹ ਬਿਲਕੁਲ ਮੁਨਾਸਿਬ ਨਹੀਂ ਅਤੇ ਤੁਸੀਂ ਮੇਰੇ ਨਾਲ ਇਸ ਗਲ ਵਿਚ agree ਕਰੋਗੇ ਕਿ State ਦਾ ਰੁਪਿਆ ਇਕ ਆਦਮੀ ਦੀ ਜੇਬ ਵਿਚ ਨਹੀਂ ਜਾਣਾ ਚਾਹੀਦਾ। ਇਸ ਲਈ ਕੋਈ power ਹੋਣੀ ਲਾਜ਼ਮੀ ਹੈ ਜਿਸ ਨਾਲ ਇਸ ਤਰ੍ਹਾਂ ਦੇ award ਨੂੰ ਚੈਲੰਜ ਕੀਤਾ ਜਾ ਸਕੇ । ਇਸ ਲਈ ਮੈਂ ਕਿਹਾ ਹੈ ਕਿ ਜੋ criticism ਇਨ੍ਹਾਂ ਨੇ ਕੀਤਾ ਹੈ ਉਹ one-sided ਹੈ । ਅਤੇ State ਦੀ earning ਨੂੰ ਬਚਾਉਣ ਲਈ ਅਤੇ State ਦੇ exchequer ਨੂੰ ਨੁਕਸਾਨ ਤੋਂ ਬਚਾਉਣ ਲਈ ਇਹ power ਲਈ ਜਾ ਰਹੀ ਹੈ । (ਵਿਘਨ) ਮੇਰੇ ਦੋਸਤ, ਡਾਕਟਰ ਸਾਹਿਬ ਨੇ ਹਸਬ-ਆਦਤ ਇਸ ਦੇ ਖਿਲਾਫ ਕਿਹਾ ਹੈ ਜਿਸ ਤਰ੍ਹਾਂ ਕਿ ਉਹ ਪਹਿਲਾਂ ਹੀ ਕਰਦੇ ਹਨ ਕਿ ਸਰਕਾਰ ਨੇ ਮੰਨ ਲਿਆ ਹੈ ਕਿ ਅਫਸਰ corrupt ਹਨ ਅਤੇ ਉਹ ਗਲਤ award ਦਿੰਦੇ ਹਨ ਉਨ੍ਹਾਂ ਇਹ ਕਿਹਾ ਹੈ ਕਿ ਅਫਸਰ ਬਦਨੀਅਤ ਹਨ ਅਤੇ corrupt ਹਨ ਇਸ ਲਈ ਉਹ award ਗਲਤ ਦਿੰਦੇ ਹਨ। ਇਸ ਲਈ ਇਹ ਤਰਮੀਮ ਨਹੀਂ ਲਿਆਣੀ ਚਾਹੀਦੀ। ਪਰ ਅਸਲ ਗਲ ਇਹ ਨਹੀਂ। ਕਈ ਵੇਰ award ਦੇਣ ਲਗਿਆਂ ਗਲਤੀ ਲਗ ਸਕਦੀ ਹੈ ; ਅਤੇ ਆਮ ਕੇਸਾਂ ਵਿਚ ਇਸ ਤਰ੍ਹਾਂ ਨਹੀਂ ਹੁੰਦਾ ; ਹੋ ਸਕਦਾ ਹੈ ਕਿ ਕਿਤੇ 5 ਫੀ ਸਦੀ ਜਾਂ 4 ਫੀ ਸਦੀ ਕੋਈ ਇਸ ਤਰ੍ਹਾਂ ਦੀ ਗਲ ਹੋ ਗਈ ਹੋਵੇ ਪਰ ਆਮ ਹਾਲਤਾਂ ਵਿਚ ਇਸ ਤਰ੍ਹਾਂ ਦੀ ਗਲਤੀ ਲਗ ਸਕਦੀ ਹੈ ਜਿਸ ਨਾਲ ਕਿ ਗਲਤ award ਦਿਤਾ ਜਾਵੇ । ਕਿਉਂਕਿ ਹਰ award ਦੇਣ ਤੋਂ ਪਹਿਲਾਂ ਕਿਸੇ ਅਫਸਰ ਦੀ ਮਨ ਮਰਜ਼ੀ ਨਾਲ award ਨਹੀਂ ਦਿਤਾ ਜਾਂਦਾ। ਇਸ ਵਿਚ ਇਹ ਵੇਖਿਆ ਜਾਂਦਾ ਹੈ ਕਿ evidence ਕੀ ਹੈ ਫਿਰ ਉਸ ਇਲਾਕੇ ਦੀ ਜ਼ਮੀਨ ਦੀ ਕੀਮਤ ਦੀ average ਲਈ ਜਾਂਦੀ ਹੈ ਕਿ ਵਧ ਕੀਮਤ ਤੇ ਲਿਆ ਹੈ, ਜਾਂ ਘਟ ਅਤੇ ਕਈ ਤਰ੍ਹਾਂ ਦੇ factors ਨੂੰ ਸਾਹਮਣੇ ਰਖਿਆ ਜਾਂਦਾ ਹੈ ਫਿਰ ਜੇਕਰ ਕਿਤੇ ਗਲਤੀ ਹੋ ਜਾਵੇ ਤਾਂ ਕੇਸ ਸਬ-ਜੱਜ ਕੋਲ ਜਾਂਦੇ ਨੇ। ਇਸ ਲਈ ਕਿੰਨੇ cases ਹਨ ਜਿਨ੍ਹਾਂ ਦੇ ਮੁਤੱਲਿਕ

[ਮਾਲ ਮੰਤਰੀ]

ਇਹ ਕਹਿ ਸਕਦੇ ਹਨ ਕਿ ਕਿਸੇ ਨੇ ਬਦ ਦਿਆਨਤੀ ਨਾਲ ਇਹ ਫੈਸਲਾ ਦਿਤਾ ਹੈ ਜਾਂ award ਦਿਤਾ ਹੈ? ਅਤੇ ਫਿਰ ਇਹ ਗੱਲ fairness of the Judges ਤੇ base ਕਰਦੀ ਹੈ ਪਰ ਕਿਤੇ error of justice ਵੀ ਹੋ ਸਕਦੀ ਹੈ। ਉਸ ਦਾ ਨਤੀਜਾ ਕੀ ਨਿਕਲੇਗਾ, ਉਸ ਦਾ ਨਤੀਜਾ ਸਾਫ ਤੌਰ ਤੇ ਇਹ ਹੈ ਕਿ ਸਰਕਾਰੀ ਖਜ਼ਾਨੇ ਵਿਚ ਜਿਹੜਾ ਜਨਤਾ ਦਾ ਆਪਣਾ ਖ਼ਜ਼ਾਨਾ ਹੈ ਉਨ੍ਹਾਂ ਨਾਜਾਇਜ਼ ਭਾਰ ਪੈ ਜਾਵੇਗਾ ਅਤੇ ਇਸ ਤਰ੍ਹਾਂ ਕਿਸੇ ਗਲਤ award ਦਾ ਰੁਪਿਆ ਕਿਸੇ ਇਕ ਆਦਮੀ ਦੀ ਜੇਬ ਵਿਚ ਚਲਾ ਜਾਏਗਾ। ਇਸ ਗਲ ਨੂੰ ਰੋਕਣ ਲਈ ਇਹ ਤਰਮੀਮ ਕੀਤੀ ਜਾ ਰਹੀ ਹੈ ਕਿ ਸਰਕਾਰ ਨੂੰ ਗਲਤ award ਦੇ ਖਿਲਾਫ ਅਪੀਲ ਕਰਨ ਜਾਂ ਨਿਗਰਾਨੀ ਕਰਨ ਦਾ ਹਕ ਦਿਤਾ ਜਾਵੇ।

ਸਰਦਾਰ ਗੁਰਨਾਮ ਸਿੰਘ ਹੋਰਾਂ ਨੇ compensation ਦੀ ਅਦਾਇਗੀ ਵਿਚ ਦੇਰ ਦਾ ਜ਼ਿਕਰ ਕੀਤਾ ਹੈ। ਮੈਂ ਇਸ ਗਲ ਨੂੰ ਮਹਿਸੂਸ ਕਰਦਾ ਹਾਂ ਪਰ ਇਹੋ ਜਿਹੇ ਅਨੇਕਾਂ ਕੇਸ ਨਹੀਂ। ਜੇਕਰ ਸਰਕਾਰ ਤੇ ਯਕੀਨ ਕਰਦੇ ਹੋ, ਤਾਂ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਕੇਸ ਘਟੇ ਨੇ, ਵਧੇ ਨਹੀਂ ਅਤੇ ਸਰਕਾਰ ਨੇ steps ਲਏ ਨੇ ਕਿ ਇਸ ਤਰ੍ਹਾਂ ਦੀ ਦੇਰ ਦੇ ਕੇਸ ਬਹੁਤ ਘਟ ਹੋਣ। ਇਕ ਲੱਖ ਡੇਢ ਲਖ ਰੁਪਿਆ ਅਸੀਂ ਇਸ ਨੂੰ ਵੰਡ ਦਿਤਾ ਹੈ। ਬਾਕੀ Land Acquisition Officer ਦੀ ਤਾਦਾਦ ਘਟਾ ਕੇ 5 ਸਤ ਤਕ ਲੈ ਆਂਦੀ ਗਈ ਹੈ, ਪਹਿਲਾਂ ਇਨ੍ਹਾਂ ਦੀ ਕਾਫੀ ਤਾਦਾਦ ਸੀ। ਫਿਰ ਇਨ੍ਹਾਂ ਨੂੰ ਕਈ ਮਹਿਕਮਿਆਂ ਨਾਲ attach ਕੀਤਾ ਗਿਆ ਸੀ, ਕੋਈ B. and R. ਨਾਲ ; ਕੋਈ ਕਿਸੇ ਹੋਰ ਮਹਿਕਮੇ ਨਾਲ attach ਕੀਤਾ ਗਿਆ ਸੀ ਫਿਰ ਇਨ੍ਹਾਂ ਦਾ control ਵਖ ਵਖ ਥਾਣਿਆਂ ਵਿਚ ਸੀ, ਮੈਂ ਵੀ ਇਕ ਵੇਰ ਗਿਆ ਤੇ ਪੁਛਿਆ ਕਿ L.A.O. ਕਿਥੇ ਹੈ। ਤਾਂ ਪਤਾ ਲਗਾ ਕਿ ਉਹ ਤਾਂ ਇਸ ਥਾਣੇ ਵਿਚ ਨਹੀਂ ਲਗਿਆ ਹੋਇਆ। ਇਸ ਲਈ ਅਸੀਂ ਇਸ ਸਾਰੀ ਚੀਜ਼ ਤੋਂ ਜਾਣੂ ਹਾਂ ਅਤੇ ਕੋਸ਼ਿਸ਼ ਕਰ ਰਹੇ ਹਾਂ ਕਿ ਦੇਰ ਘਟ ਤੋਂ ਘਟ ਲਗੇ।

ਸਰਦਾਰ ਗੁਰਨਾਮ ਸਿੰਘ : ਕੋਈ time limit ਮੁਕੱਰਰ ਕਰ ਦਿਉ।

ਮਾਲ ਮੰਤਰੀ : Time limit ਤਾਂ ਪਹਿਲਾਂ ਹੀ ਮੁਕੱਰਰ ਹੈ ਅਤੇ ਅਸੀਂ ਇਸ ਤਰ੍ਹਾਂ ਦੀ ਦੇਰ ਨੂੰ ਘਟਾਣ ਦਾ ਯਤਨ ਕਰਾਂਗੇ। ਇਸ ਲਈ ਡਿਪਟੀ ਸਪੀਕਰ ਸਾਹਿਬਾ, ਮੈਂ ਅਪੀਲ ਕਰਾਂਗਾ ਕਿ ਇਸ ਬਿਲ ਵਿਚ fault find ਨਹੀਂ ਕਰਨੇ ਚਾਹੀਦੇ, ਤੇ ਨਾ ਹੀ ਕੋਈ vast power ਲੈਣ ਦਾ ਸਵਾਲ ਇਸ ਬਿਲ ਵਿਚ ਹੈ ਸਿਰਫ ਵਿਰੋਧ ਕਰਨ ਲਈ ਕੋਈ ਗਲ ਨਹੀਂ ਕਹਿਣੀ ਚਾਹੀਦੀ। ਇਹ ਤਾਂ ਇਕ ਜਾਇਜ਼ ਗਲ ਹੈ ਜਿਸ ਨੂੰ ਹਾਊਸ ਸਾਹਮਣੇ ਰਖਿਆ ਗਿਆ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਹਾਊਸ ਇਸ ਨੂੰ ਪਾਸ ਕਰੇਗਾ।

Deputy Speaker : Question is—

That the Land Acquisition (Punjab Amendment) Bill, be taken into consideration at once.

After ascertaining the votes of the Members present by voices, Deputy Speaker gave an opinion. The opinion was challenged. The bells were sounded. The question was put again and carried by a voice vote.

The motion was declared carried.

Deputy Speaker : The House will now take up the Bill Clause by Clause.

CLAUSE 2

Deputy Speaker : Question is—

That Clause 2 stand part of the Bill.

The motion was carried.

CLAUSE 3.

Deputy Speaker : Question is—

That Clause 3 stand part of the Bill.

The motion was carried.

CLAUSE 4

ਕਾਮਰੇਡ ਮੱਖਣ ਸਿੰਘ ਤਰਸਿੱਕਾ (ਜੰਡਿਆਲਾ) : ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰਾਂਗਾ ਕਿ ਮੰਤਰੀ ਜੀ ਨੇ ਇਸ ਕਲਾਜ਼ ਦੇ ਸਬੰਧ ਵਿਚ ਕੋਈ ਠੀਕ ਜਵਾਬ ਨਹੀਂ ਦਿੱਤਾ। ਸਾਨੂੰ ਇਸ ਗੱਲ ਦਾ ਸ਼ਕ ਹੈ ਕਿ ਇਨਸਾਫ ਬਾਕਾਇਦਾ ਹੋਵੇਗਾ ਜਾਂ ਨਹੀਂ ਕਿਉਂਕਿ ਅਪੀਲ ਸੁਣਨ ਦੇ ਸਾਰੇ ਇਖਤਿਆਰਾਤ settlement Officer ਨੂੰ ਹੀ ਹਨ। Award ਦੇਣ ਦਾ ਜਿਹੜਾ ਤਰੀਕਾ ਇਖਤਿਆਰ ਕੀਤਾ ਗਿਆ ਹੈ, ਇਸ ਦਾ ਵੀ ਬਹੁਤ ਬੁਰਾ ਅਸਰ ਪਿੰਡਾਂ ਤੇ ਹੀ ਪੈਣਾ ਹੈ ਜਿਸ ਤਰ੍ਹਾਂ ਕਿ ਪਾਂਗ ਡੈਮ ਏਰੀਆ ਹੈ। ਉੱਥੋਂ ਦੇ ਛੋਟੇ ਛੋਟੇ land holders ਗੁਜ਼ਾਰਾ ਕਿਵੇਂ ਕਰ ਸਕਦੇ ਹਨ। ਇਸ ਦਾ ਅਸਰ ਇਨ੍ਹ ਥੋੜੀਆਂ ਥੋੜੀਆਂ ਜ਼ਮੀਨਾਂ ਦੇ ਮਾਲਕਾਂ ਤੇ ਬਹੁਤ ਹੀ ਬੁਰਾ ਪੈਣਾ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਇਹ ਜਿਹੜੀ ਸੈਕਸ਼ਨ 4 ਹੈ ਇਹ ਵਾਪਸ ਲੈ ਲਈ ਜਾਵੇ। ਪਹਿਲਾਂ ਜਿਹੜੀਆਂ ਤਿੰਨ ਸੈਕਸ਼ਨਾਂ ਪਾਸ ਹੋ ਚੁੱਕੀਆਂ ਹਨ, ਉਹ ਹੀ ਕਾਫੀ ਹਨ ਅਤੇ ਇਹ ਲੋਕ-ਮਾਰੂ ਸੈਕਸ਼ਨ 4 ਜਿਹੜੀ ਹੈ ਇਹ ਪਾਸ ਨਾ ਕੀਤੀ ਜਾਵੇ।

श्री मंगल सैन (रोहतक) : डिप्टी स्पीकर साहिबा, इस clause के बारे में मैं ने आप के द्वारा मिनिस्टर साहिब का ध्यान दिलाया था और कहा था कि इस से litigation शुरू हो जायेगी और award के खिलाफ जब कोई court में जायेगा तो उस पर सम्बन्धित parties के पैसे खर्च हुआ करेंगे और उन्हें कई तरह की परेशानी उठानी पड़ेगी। मिनिस्टर साहिब की ओर से उन लोगों को कोई ऐसी assurance नहीं दी गई कि उन्हें इस परेशानी से निजात दिलाई जाएगी। दूसरी बात जो मैं ने इस clause के बारे में कही थी कि यह जो court को refer करने के लिए 6 महीने का अर्सा रखा है यह बहुत लम्बा है। मिनिस्टर साहिब ने इस के बारे में भी कुछ नहीं कहा हालांकि इन्होंने इस बात को खुद confess किया है कि इन के अफसर चाहे उन की percentage थोड़ी क्यों न हो, ऐसे भी हैं जो कई चालाक और ruling party से सम्बन्ध रखने वाले व्यक्तियों के influence में आ कर उन की नाजायज मदद करते हैं......

Deputy Speaker : No aspersions please.

श्री मंगल सैन : मैं ने तो यह कहा है कि मंत्री महोदय ने खुद इस बात को माना है। मैं उन से पूछना चाहता हूं कि क्या उन्होंने इस बात का कोई प्रबन्ध कर लिया है कि जिन लोगों के cases court को refer होंगे उन्हें बार बार तारीखें दे कर परेशान नहीं किया जायेगा या उन्हें वहां ज्यादा खर्च तो नहीं करना पड़ेगा। इस के साथ ही मैं ने यह निवेदन किया

[श्री मंगल सैन]

था जो मैं अब दोबारा कहना चाहता हूं कि 6 महीने का अर्सा बहुत लम्बा है इस लिये इस अर्से को थोड़ा कर दीजिए ताकि गवर्नमेंट जल्दी से court of law में जाकर जो ऐसे award है जिन लोगों ने अपनी ज़मीनों के ज्यादा पैसे लगवा लिये हैं, उन के पैसे कम कराये जायें ताकि कहीं ऐसा न हो कि वे Treasury से पैसे draw कर लें और बाद में गवर्नमेंट उन से recover करती फिरे ।

Sardar Gurnam Singh (Raikot) : Madam, Deputy Speaker, through you I just want to point out to the hon. Minister that the explanation after the proposed sub-section (2-A) of section 18 is wholly irrelevant. It does not relate to that sub-section or section at all. Section 18(2) of the principal Act relates to reference to be made to Courts, which reference at present could only be made by an interested person. Of course the Government, through this amending Bill now wants to take power also for making a reference to the Courts themselves. But this explanation proposed to be added is wholly irrelevant as it refers to requisition, if any, to be made under this sub-section 18(2A) at the request of a company and the expression on 'company' does not find place in this section. Therefore, Madam, I feel that this explanation has no relevancy to the Section where it is being added. However, I have no serious objection, if the hon. Minister wants to keep an irrelevant explanation in this section, but I think it may cause some complications later. I hope that he must have thought over the matter.

Then, Madam, we have got the proposed sub-section(2-B) after this explanation which also has no reference to this explanation, i.e., the explanation comes in between sub-section (2-A) and sub-section (2-B) and it has no relevancy to both of these sub-sections. Therefore, I would request the hon. Minister to consider this matter and if he agrees that the explanation is irrelevant, then the explanation may be dropped.

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜਿਹੜੀ 6 ਮਹੀਨੇ ਦੀ ਮਿਆਦ ਦੇ ਮੁਤੱਲਿਕ ਆਖਿਆ ਗਿਆ ਹੈ ਇਹ ਠੀਕ ਹੀ ਹੈ। ਜਦੋਂ ਗੌਰਮੈਂਟ ਨੇ ਕੋਈ ਫੈਸਲਾ ਕਰਨਾ ਹੈ ਤਾਂ ਉਸ ਦੇ ਖਿਲਾਫ ਕਿਸੇ ਅਦਾਲਤ ਵਿਚ ਜਾਣਾ ਪੈਣਾ ਹੈ ਤਾਂ ਉਸ ਸੂਰਤ ਵਿਚ ਕਈ ਦਫਾ move ਹੁੰਦੇ ਹੁੰਦੇ, ਉਸ ਨੂੰ finalise ਕਰਨ ਲੱਗਿਆਂ ਕੁਝ ਨਾ ਕੁਝ ਵਕਤ ਲੱਗ ਹੀ ਜਾਣਾ ਹੈ। ਜੇ 6 ਹਫਤੇ ਦੀ ਮਿਆਦ ਰੱਖ ਦਿੱਤੀ ਜਾਵੇ ਤਾਂ ਇਸ ਅਰਸੇ ਵਿਚ ਭਾਵੇਂ ਕਿਤਨੀ ਜਲਦੀ ਭੀ ਕੀਤੀ ਜਾਵੇ finalisation ਵਿਚ ਮਿਆਦ ਖਤਮ ਹੀ ਹੋ ਜਾਣੀ ਹੈ। ਇਸ ਲਈ ਜੇ 6 ਮਹੀਨੇ ਦੀ ਮਿਆਦ ਰੱਖ ਦਿੱਤੀ ਜਾਵੇ ਤਾਂ ਇਹੋ ਹੀ ਠੀਕ ਹੈ। ਬਾਕੀ ਜਿੱਥੋਂ ਤਕ award ਦਾ

11-a.m.

ਤਅੱਲੁਕ ਹੈ ਉਹਦੇ ਲਈ ਤਾਂ ਪਹਿਲਾਂ ਹੀ provision ਹੈ, ਕਿ ਕੁਲੈਕਟਰ ਦੇ ਸਾਹਮਣੇ ਪੇਸ਼ ਹੋ ਕੇ ਦੋਵੇਂ ਫਰੀਕ ਆਪਣਾ ਸਬੂਤ ਦੇਣ ਔਰ ਉਸ ਦੇ ਬਾਅਦ ਸਾਰਾ ਫੈਸਲਾ ਕੀਤਾ ਜਾਵੇ। Award ਤੋਂ ਬਾਅਦ ਜੇ ਕਿਸੇ ਫਰੀਕ ਨੂੰ ਤਸੱਲੀ ਨਾ ਹੋਵੇ ਤਾਂ ਉਸ ਨੇ ਕੋਰਟ ਦੇ ਵਿਚ ਜਾਣਾ ਹੈ। ਜਿੱਥੋਂ ਤਕ ਸਰਕਾਰ ਦਾ ਸਬੰਧ ਹੈ ਇਹ ਸ਼ਾਇਦ ਕਿਸੇ ਇਕ ਅਧ ਕੇਸ ਦੇ ਵਿਚ ਕਿਸੇ ਵੇਲੇ ਸਿਵਲ ਕੋਰਟ ਦੇ ਵਿਚ ਜਾਵੇ ਨਹੀਂ ਤਾਂ ਸਾਨੂੰ ਜ਼ਰੂਰਤ ਨਹੀਂ ਪੈਣੀ। ਇਸ ਕਰਕੇ ਇਸ ਤਰਮੀਮ ਦੇ ਵਿਚ ਕੋਈ ਖਦਸ਼ੇ ਵਾਲੀ ਗਲ ਨਹੀਂ ਸਮਝਣੀ ਚਾਹੀਦੀ। ਇਸ ਤੋਂ ਇਲਾਵਾ ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ; ਇਹ ਜਿਹੜਾ ਇਸ ਦੇ ਵਿਚ explanation ਦਿੱਤਾ ਹੋਇਆ

ਹੈ, ਉਸ ਵਲ ਮੇਰੀ ਤਵੱਜੋ ਦਵਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਵਿਚ ਇਹ ਲਿਖਿਆ ਹੈ।

"In any case of land under Chapter VII, the requisition under this sub-section may be made by the State Government at the request of the company on the undertaking to pay all the cost consequent upon such requisition."

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਕਿਸੇ ਕੰਪਨੀ ਦੀ ਤਰਫੋਂ ਸਾਨੂੰ ਕਿਸੇ ਵੇਲੇ request ਆਵੇ ਤਾਂ ਉਸ ਵੇਲੇ ਸਾਨੂੰ ਇਸ ਚੀਜ਼ ਦੀ ਲੋੜ ਪੈਣੀ ਹੈ। ਇਸ ਵਾਸਤੇ ਜੇ ਇਸ ਨੂੰ ਰਹਿਣ ਦਿੱਤਾ ਜਾਵੇ ਤਾਂ ਇਸ ਦਾ ਕੋਈ ਹਰਜ ਨਹੀਂ ਹੈ। ਇਸ ਤੋਂ ਇਲਾਵਾ ਇਹ ਕਿਹਾ ਗਿਆ ਹੈ ਕਿ ਲੋਕਾਂ ਨੂੰ ਰਕਮ ਬਹੁਤ ਦੇਰ ਤਕ ਨਹੀਂ ਦਿੱਤੀ ਜਾਂਦੀ ਔਰ ਜੇ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਨਾਲ ਸੂਦ ਨਹੀਂ ਦਿੱਤਾ ਜਾਂਦਾ। ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਵੱਲੋਂ ਦੇਰ ਹੋਈ ਹੋਵੇ ਤਾਂ ਅਸੀਂ ਉਨ੍ਹਾਂ ਨੂੰ ਉਸ period ਦਾ 4% ਦੇ ਹਿਸਾਬ ਦੇ ਨਾਲ ਸੂਦ ਦਿੰਦੇ ਹਾਂ। ਇਸ ਕਰਕੇ ਮੈਂ ਹਾਊਸ ਨੂੰ ਕਹਾਂਗਾ ਕਿ ਇਸ ਬਿਲ ਨੂੰ ਪਾਸ ਕਰਨਾ ਚਾਹੀਦਾ ਹੈ।

Deputy Speaker : Question is—

That Clause 4 stand part of the Bill.

The motion was carried.

CLAUSE 5.

Deputy Speaker : Question is —

That Clause 5 stand part of the Bill.

The motion was carried.

CLUASE 1

Deputy Speaker : Question is—

That Clause 1 stand part of the Bill.

The motion was carried.

TITLE

Deputy Speaker : Question is—

That the Title be the Title of the Bill.

The motion was carried.

Minister for Revenue (Sardar Ajmer Singh) : I beg to move, Madam,—

That the Land Acquisition (Punjab Amendment) Bill be passed.

Deputy Speaker : Motion moved—

That the Land Acquisition (Punjab Amendment) Bill be passed.

ਬਾਬੂ ਬਚਨ ਸਿੰਘ (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬਾ, ਮੈਂ ਹਾਊਸ ਨੂੰ ਕਹਾਂਗਾ ਕਿ ਇਸ ਬਿਲ ਨੂੰ ਪਾਸ ਨਹੀਂ ਕਰਨਾ ਚਾਹੀਦਾ। ਇਹ ਸਰਕਾਰ ਜਿਸ ਮਕਸਦ ਲਈ ਬਣਾਈ ਗਈ ਸੀ ਉਸ ਦੇ ਵਿਚ ਇਹ ਬਹੁਤ ਬੁਰੀ ਤਰ੍ਹਾਂ ਨਾਲ ਫੇਲ੍ਹ ਹੋਈ ਹੈ। ਇਸ ਸਰਕਾਰ ਦਾ ਅਸਲੀ ਮਕਸਦ ਇਹ

[ਬਾਬੂ ਬਚਨ ਸਿੰਘ]

ਸੀ ਕਿ ਇਹ ਲੋਕਾਂ ਦੀ service ਕਰੇ ਲੇਕਿਨ ਅਸੀਂ ਦੇਖ ਰਹੇ ਹਾਂ ਕਿ ਇਸ ਨੇ ਲੋਕਾਂ ਦੀ service ਕਰਨ ਦੀ ਬਜਾਏ ਆਪਣੀ ਹੀ service ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਬਿਲ ਵੀ ਇਨ੍ਹਾਂ ਨੇ ਆਪਣੀ service ਲਈ ਹੀ ਲਿਆਂਦਾ ਹੈ, ਲੋਕਾਂ ਦੀ service ਲਈ ਨਹੀਂ ਲਿਆਂਦਾ। ਇਸ ਸੂਬੇ ਦੇ ਵਿਚ ਸਰਕਾਰ ਨੇ ਬੇਅੰਤ ਜ਼ਮੀਨਾਂ acquire ਕੀਤੀਆਂ ਹਨ ਅਤੇ ਉਹ ਜ਼ਿਆਦਾ-ਤਰ ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਹਨ। ਸਰਕਾਰ ਨੇ ਉਨ੍ਹਾਂ ਨੂੰ ਪੰਜ ਪੰਜ ਸਾਲ ਤਕ ਕੋਈ ਮੁਆਵਜ਼ਾ ਨਹੀਂ ਦਿੱਤਾ। ਡਿਪਟੀ ਸਪੀਕਰ ਸਾਹਿਬਾ, ਕਿਸਾਨ ਦੇ ਕੋਲ ਸਿਵਾਏ ਜ਼ਮੀਨ ਦੇ ਹੋਰ ਕੋਈ ਰੋਜ਼ਗਾਰ ਦਾ ਸਾਧਨ ਨਹੀਂ ਹੁੰਦਾ। ਜੇ ਸਰਕਾਰ ਉਸ ਦੀ ਜ਼ਮੀਨ acquire ਕਰ ਲਏ ਔਰ ਉਸ ਨੂੰ ਮੁਆਵਜ਼ਾ ਨਾ ਦੇਵੇ ਤਾਂ ਉਹ ਰੋਟੀ ਕਿੱਥੋਂ ਖਾ ਸਕਦਾ ਹੈ। ਜਿਸ ਆਦਮੀ ਦੀ ਸਰਕਾਰ ਜ਼ਮੀਨ ਲੈਂਦੀ ਹੈ ਉਸ ਨੂੰ reasonable time ਦੇ ਅੰਦਰ compensation ਮਿਲਣਾ ਚਾਹੀਦਾ ਹੈ। ਅਸੀਂ ਦੇਖਿਆ ਹੈ ਅਤੇ ਵਜ਼ੀਰ ਸਾਹਿਬ ਵੀ ਜਾਣਦੇ ਹਨ ਕਿ ਇਥੇ ਸਾਲਹਾਸਾਲ ਲੋਕਾਂ ਨੂੰ ਪੈਸੇ ਨਹੀਂ ਦਿੱਤੇ ਜਾਂਦੇ। ਹੁਣ ਸਰਕਾਰ ਨੇ ਲੋਕਾਂ ਨੂੰ ਡਰ ਪਾਉਣ ਲਈ ਇਹ ਤਰਮੀਮ ਲਿਆਂਦੀ ਹੈ ਕਿ ਤੁਹਾਡੇ ਵਿਚੋਂ ਜੇ ਕੋਈ ਸਾਡਾ ਮੁਕੱਰਰ ਕੀਤਾ ਹੋਇਆ compensation ਲੈਣਾ ਮਨਜ਼ੂਰ ਨਹੀਂ ਕਰੇਗਾ ਤਾਂ ਅਸੀਂ ਉਸ ਨੂੰ ਕਚਹਿਰੀਆਂ ਦੇ ਵਿਚ ਘਸੀਟ ਘਸੀਟ ਕੇ ਮਾਰ ਦੇਵਾਂਗੇ। ਡਿਪਟੀ ਸਪੀਕਰ ਸਾਹਿਬਾ, ਕਰਨਾਲ ਦੇ ਵਿਚ ਇਨ੍ਹਾਂ ਨੇ ਗੈਰਮੁਮਕਿਨ ਜ਼ਮੀਨ ਦਾ award ਛੇ ਰੁਪਏ ਮੁਕਰਰ ਕੀਤਾ ਸੀ ਲੇਕਿਨ ਹਾਈ ਕੋਰਟ ਨੇ ਉਸ ਨੂੰ ਵਧਾ ਕੇ ਛੇ ਸੌ ਰੁਪਿਆ ਕੀਤਾ ਸੀ। ਇਸ ਤਰ੍ਹਾਂ ਦਾ ਧੱਕਾ ਇਸ ਸਰਕਾਰ ਦੇ ਰਾਜ ਦੇ ਵਿਚ ਹੁੰਦਾ ਹੈ। ਇਸ ਬਿਲ ਵਿਚ ਜਿਹੜਾ ਅਖਤਿਆਰ ਸਰਕਾਰ ਲੈਣਾ ਚਾਹੁੰਦੀ ਹੈ ਮੈਂ ਇਸ ਦੀ ਮੁਖਾਲਫਤ ਕਰਦਾ ਹਾਂ ਕਿਉਂਕਿ ਇਸ ਦੇ ਵਿਚ ਇਨ੍ਹਾਂ ਦੀ ਨੀਅਤ ਸਾਫ ਨਹੀਂ ਹੈ। ਡਿਪਟੀ ਸਪੀਕਰ ਸਾਹਿਬਾ, ਜੇ ਸਰਕਾਰ ਨੇ ਆਪਣੀ ਬਹੁ-ਗਿਣਤੀ ਦੇ ਬਲ ਤੇ ਏਸ ਬਿਲ ਨੂੰ ਪਾਸ ਕਰਨਾ ਹੀ ਹੈ ਤਾਂ ਮੈਂ ਇਹ ਕਹਾਂਗਾ ਕਿ ਇਨ੍ਹਾਂ ਨੂੰ ਇਕ reasonable limit ਮੁਕਰਰ ਕਰਨੀ ਚਾਹੀਦੀ ਹੈ ਜਿਸ ਦੇ ਅੰਦਰ ਅੰਦਰ ਜਿਸ ਦੀ ਜ਼ਮੀਨ acquire ਕੀਤੀ ਜਾਵੇ ਉਸ ਨੂੰ compensation ਦਿਤਾ ਜਾਵੇ। ਜੇ ਸਰਕਾਰ ਇਸ ਗਲ ਦਾ ਯਕੀਨ ਦਿਵਾਉਣ ਲਈ ਤਿਆਰ ਹੈ ਕਿ ਛੇ ਮਹੀਨੇ ਦੇ ਅੰਦਰ ਅੰਦਰ ਉਸ ਨੂੰ ਮੁਆਵਜ਼ਾ ਦੇ ਦੇਵੇਗੀ ਤਾਂ ਇਹ ਬਿਲ ਪਾਸ ਕਰ ਦਿੱਤਾ ਜਾਵੇ ਔਰ ਜੇਕਰ ਸਰਕਾਰ ਇਹ ਯਕੀਨ ਦਿਵਾਉਣ ਲਈ ਤਿਆਰ ਨਹੀਂ ਹੈ ਤਾਂ ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ।

ਪੰਡਤ ਮੋਹਨ ਲਾਲ ਦਤ(ਅੰਬ) : ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦੇ ਰਾਹੀਂ ਇਸ ਸਰਕਾਰ ਦੀ ਮੁਕਦਮੇਬਾਜ਼ੀ ਦੀ ਆਦਤ ਦੀ ਤਰਫ ਇਸ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਰਕਾਰ ਨੇ ਨੰਗਲ ਫਰਟੀਲਾਈਜ਼ਰ ਫੈਕਟਰੀ ਲਈ ਬਹੁਤ ਸਾਰੀ ਜ਼ਮੀਨ acquire ਕੀਤੀ ਸੀ, ਔਰ ਉਸ ਦਾ ਕੁਲੈਕਟਰ ਸਾਹਿਬ ਨੇ ਬਹੁਤ ਘਟ ਮੁਆਵਜ਼ਾ ਦਿੱਤਾ ਸੀ। ਉਸ ਦੇ ਖਿਲਾਫ ਲੋਕਾਂ ਨੇ ਸੀਨੀਅਰ ਸਬ ਜੱਜ ਦੇ ਅਪੀਲ ਕੀਤੀ ਔਰ ਉਨ੍ਹਾਂ ਦਾ ਮੁਆਵਜ਼ਾ ਵਧਾ ਦਿੱਤਾ ਗਿਆ। ਸਰਕਾਰ ਨੂੰ ਚਾਹੀਦਾ ਸੀ ਕਿ ਉਸ ਫੈਸਲੇ ਦੇ ਬਾਅਦ ਲੋਕਾਂ ਨੂੰ ਪੈਸੇ ਦੇ ਦਿੰਦੀ ਮਗਰ ਇਨ੍ਹਾਂ ਨੇ ਅਗੇ ਜਾ ਕੇ ਹਾਈਕੋਰਟ ਦੇ ਵਿਚ ਅਪੀਲ ਕਰ ਦਿੱਤੀ। ਦੋ ਸਾਲ ਮੁਕਦਮਾ ਚਲਦਾ ਰਿਹਾ ਔਰ ਅਖੀਰ ਹਾਈ ਕੋਰਟ ਨੇ ਵੀ ਲੋਕਾਂ ਦੇ ਹਕ ਵਿਚ ਹੀ ਫੈਸਲਾ ਦੇ ਦਿੱਤਾ। ਇਸ ਚੀਜ਼ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਸਰਕਾਰ ਜਾਣ ਬੁਝ ਕੇ ਲੋਕਾਂ ਨੂੰ ਮੁਕਦਮੇਬਾਜ਼ੀ ਦੇ ਵਿਚ ਪਾਉਣਾ ਚਾਹੁੰਦੀ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਜਿਹੜੀ ਤੁਸੀਂ ਤਰਮੀਮ ਲਿਆਂਦੀ ਹੈ ਇਹ ਲੋਕਾਂ ਨੂੰ ਤੰਗ ਕਰਨ ਲਈ ਹੈ ਅਤੇ ਇਹ ਪਾਸ ਨਹੀਂ ਹੋਣੀ ਚਾਹੀਦੀ। ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬਾ, ਜ਼ਮੀਨ acquire ਕਰਨ ਲਗਿਆਂ ਇਹ ਨਹੀਂ ਦੇਖਿਆ ਜਾਂਦਾ ਕਿ ਜ਼ਮੀਨ ਚਾਹੀਦੀ ਕਿਤਨੀ ਕੁ ਹੈ। ਨੰਗਲ ਫੈਕਟਰੀ ਵਾਸਤੇ ਇਨ੍ਹਾਂ ਨੇ

ਬਗੈਰ ਕਿਸੇ ਹਿਸਾਬ ਦੇ ਜ਼ਮੀਨ acquire ਕਰ ਲਈ ਔਰ ਅਜ ਵੀ ਉਥੇ ਕੋਈ ਦੋ ਹਜ਼ਾਰ ਏਕੜ ਦੇ ਕਰੀਬ ਜ਼ਮੀਨ ਵੈਸੇ ਹੀ ਪਈ ਹੋਈ ਹੈ, ਉਹ ਨਾ ਕਿਸਾਨਾਂ ਨੂੰ ਵਾਪਿਸ ਕਰਦੇ ਹਨ ਅਤੇ ਨਾ ਹੀ ਫੈਕਟਰੀ ਦੇ ਕੰਮ ਆ ਰਹੀ ਹੈ। ਉਹ ਲੋਕ ਇਤਨੇ ਅਰਸੇ ਤਕ ਮੁਆਵਜ਼ੇ ਤੋਂ ਵੀ ਮਹਰੂਮ ਰਹੇ ਅਤੇ ਜ਼ਮੀਨ ਤੋਂ ਵੀ ਮਹਰੂਮ ਰਹੇ। ਜੇਕਰ ਜ਼ਰੂਰਤ ਤੋਂ ਵਧ ਜ਼ਮੀਨ acquire ਕੀਤੀ ਗਈ ਸੀ ਤਾਂ ਜਿਹੜੀ ਫਾਲਤੂ ਸੀ ਉਹ ਕਿਸਾਨਾਂ ਨੂੰ ਵਾਪਸ ਕਰ ਦੇਣੀ ਚਾਹੀਦੀ ਸੀ ਲੇਕਿਨ 3 ਸਾਲ ਹੋ ਗਏ ਹਨ ਉਹ ਜ਼ਮੀਨ ਖ਼ਾਲੀ ਪਈ ਹੈ। ਇਕ ਪਾਸੇ ਤਾਂ ਇਹ ਕਿਹਾ ਜਾਂਦਾ ਹੈ ਕਿ ਅਨਾਜ ਵਧ ਪੈਦਾ ਕਰੋ ਅਤੇ ਕੋਈ ਜ਼ਮੀਨ ਖਾਲੀ ਨਾ ਪਈ ਰਹੇ ਅਤੇ ਦੂਜੇ ਪਾਸੇ ਇਹ ਗਲ ਹੈ ਕਿ ਉਹ ਜ਼ਮੀਨ ਜਿਹੜੀ ਕਿ ਦੋ ਫਸਲੀ ਸੀ 3/4 ਸਾਲਾਂ ਤੋਂ ਖਾਲੀ ਪਈ ਹੈ। ਕਿਸਾਨਾਂ ਨੇ ਕਈ ਜਲਸੇ ਕੀਤੇ ਹਨ ਅਤੇ ਕਈ ਵਾਰ ਮੰਗ ਕੀਤੀ ਹੈ ਕਿ ਜੇਕਰ ਜ਼ਮੀਨ ਫਾਲਤੂ ਹੈ ਤਾਂ ਸਾਨੂੰ ਵਾਪਸ ਕਰ ਦਿਉ ਤਾਕਿ ਰੋਟੀ ਪੈਦਾ ਕਰ ਲਈਏ ਲੇਕਿਨ ਨਾ ਖਾਦ ਫੈਕਟਰੀ ਵਾਲੇ ਉਨ੍ਹਾਂ ਦੀ ਗੱਲ ਸੁਣਦੇ ਹਨ ਅਤੇ ਨਾ ਹੀ ਇਹ ਸਰਕਾਰ ਸੁਣਾਈ ਕਰਦੀ ਹੈ। ਹੁਣ ਜਦੋਂ ਲੋਕਾਂ ਸਤਿਆਗਰਿਹ ਕਰਨ ਦਾ ਫੈਸਲਾ ਕੀਤਾ ਤਾਂ ਪਤਾ ਲਗਿਆ ਹੈ ਅਤੇ ਅਖਬਾਰਾਂ ਵਿਚ ਨਿਕਲਿਆ ਹੈ ਕਿ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਇਕ ਹਜ਼ਾਰ ਏਕੜ ਜ਼ਮੀਨ ਵਾਪਸ ਕਰ ਦੇਣੀ ਹੈ। ਪਤਾ ਲਗਾ ਹੈ ਕਿ ਵਾਪਸ ਕਰਨ ਦਾ ਫੈਸਲਾ ਵੀ ਕਾਫੀ ਅਰਸੇ ਤੋਂ ਹੋ ਗਿਆ ਹੈ ਲੇਕਿਨ ਅਜੇ ਤਕ ਜ਼ਮੀਨਾਂ ਵਾਪਸ ਨਹੀਂ ਕਰ ਰਹੇ ਹਨ। ਇਸ ਵਿਚ ਮੈਨੂੰ ਇਕ ਹੋਰ ਡਰ ਹੈ ਕਿ ਇਹ ਜ਼ਮੀਨ ਮੁਸਤਹਿਕ ਆਦਮੀਆਂ ਨੂੰ ਵਾਪਸ ਨਹੀਂ ਹੋਵੇਗੀ। ਮੈਂ ਬੇਨਤੀ ਕਰਦਾ ਹਾਂ ਕਿ ਇਸ ਜ਼ਮੀਨ ਦੀ ਵਾਪਸੀ ਲਈ ਇਕ ਕਮੇਟੀ ਬਣਾਈ ਜਾਵੇ ਜਿਹੜੀ ਕਿ ਮੁਸਤਹਿਕ ਆਦਮੀਆਂ ਨੂੰ ਜ਼ਮੀਨ ਦੇਵੇ। ਉਸ ਕਮੇਟੀ ਵਿਚ ਮਾਲਕਾਂ ਦੇ ਨੁਮਾਇੰਦੇ ਵੀ ਲਉ, ਸਰਕਾਰ ਵੀ ਆਪਣੇ ਨੁਮਾਇੰਦੇ ਰਖੇ ਅਤੇ ਉਨ੍ਹਾਂ ਪਿੰਡਾਂ ਦੇ ਸਰਪੰਚਾਂ ਨੂੰ ਵੀ ਰਖੋ।

ਮਾਲ ਮੰਤਰੀ : ਕਿਸ ਲਈ ਕਮੇਟੀ ਬਣਾਈਏ ?

ਪੰਡਤ ਮੋਹਨ ਲਾਲ ਦੱਤ : ਜੋ ਜ਼ਮੀਨ ਵਾਪਸ ਹੋਣੀ ਹੈ ਉਸਦੀ ਤਕਸੀਮ ਮੁਸਤਹਿਕ ਆਦਮੀਆਂ ਨੂੰ ਕਰਨ ਲਈ। ਮੈਂ ਅਸੂਲ ਦੀ ਗੱਲ ਕਰ ਰਿਹਾ ਹਾਂ ਕਿ ਜੋ ਜ਼ਮੀਨ ਫਾਲਤੂ ਹੈ ਉਸਨੂੰ ਛੇਤੀ ਵਾਪਸ ਕਰੋ ਅਤੇ ਕਮੇਟੀ ਬਣਾਕੇ, ਸਹੀ ਆਦਮੀਆਂ ਨੂੰ ਉਹ ਜ਼ਮੀਨ ਦਿਉ।

जहां तक कांगड़े के इलाके का ताल्लुक है देश आजाद होने के पश्चात् लोगों को काफी मुराआत और सहूलियात दी गई हैं। कांगड़े के अन्दर 71 Forest-Co-operative सोसाइटियां थीं। पहले जहां उनको 50 हज़ार रुपया सालाना मिलता था वहां अब सरकार ने सारी की सारी आमदन उन सोसाइटियों को देना मंजूर कर लिया। इसके अलावा वन मलकियत एरियाज़ में हज़ारों रुपए के दरख्त जो कि सरकार की मलकियत होते थे वह अब लोगों को दे दिये गए। "चहारम" का जितना रुपया पहले ज़िला कांगड़ा के अवाम को मिलता था, अब उसमें काफी इज़ाफा हो गया है और बहुत सारा मजीद इलाका इसमें शामिल करके यह आमदन पहले से कई गुना ज्यादा लोगों को दी जा रही है। यही नहीं, कांगड़ा ज़िले में 100 फीसदी ग्रांट ट्रेसिंग आपरेशन और वटबन्दी के सिलसिले में दे कर लोगों की सहायता की जा रही है। जिसका नतीजा यह हो रहा है कि वहां की उपज दिन प्रतिदिन बढ़ती जा रही है।

कुल्लू के इलाके का मैं ज़िक्र करूँ कि कुल्लु सब डिवीज़न development works के लिये मारकेट रेट की एक चौथाई कीमत वहां के लोगों से ली जाती है और इसके साथ ही उन लोगों को और भी सहूलियतें सरकार द रही है। करोड़ों रुपया पाम व भाखड़ा कैचमेंट एरिया में महकमा जंगलात के तहत खर्च हो रहा है। उससे वहां के लोगों को ज्यादा से ज्यादा वटबंदी, afforestation, चैक डैम और दूसरी बातों के लिये मदद दी जाती।

सन् 1927 का फारैस्ट ऐक्ट जब बना तो उस वक्त आज के मुकाबले में दरख्तों की कीमतें बहुत कम हुआ करती थीं लेकिन अब उनकी कीमतों में काफी इज़ाफा हो गया है। लोगों की तरफ कोई दरख्त काटे जाते थे और वह जब महकमा जंगलात के पास सुलहसफाई के लिये कम्पाउंड किये जाते थे, उस वक्त यह जो 50 रुपये की रकम थी वह जंगलात की मलकियत को देखते हुए बहुत कम थी। इससे सरकार को काफी घाटा होता था। अब चूंकि अपनी कौमी गवर्नमेंट है इस वक्त मैं समझता हूँ कि 500 रुपया कर देना अनुचित नहीं क्योंकि इसके ज़रिये सरकारी खज़ाने में ज्यादा रुपया आ जाएगा जो कि लोगों के ही welfare के लिये सर्फ होगा।

जहां तक, चेयरमन साहब, यह point रेज़ किया गया कि जंगलात के कर्मचारी तंग करते हैं उस सिलसिले में मैं यह बतलाना चाहता हूँ कि कर्मचारियों को अपनी ड्यूटी का पालन कायदे कानून के अन्दर करना होता है इसलिये उन पर यह आरोप लगाना अनुचित है।

आज जब हम development की ओर बढ़ रहे हैं तो मैं यह बतला देना चाहता हूँ, चेयरमैन साहब आपकी वसातत से, कि सैक्शन 32 में सिम्पल मैजारिटी की तरमीम कर देनी आज के हालात के मुताबिक उचित ही है। ऐसा हो जाने से अवाम की तरक्की होगी और महकमा जंगलात आगे बढ़ सकता है। लोगों का भविष्य सुधर जायेगा। इसलिये, चेयरमैन साहब, हाउस से मैं दरखास्त करूँगा कि यह तरमीमी बिल जो कि लोगों की भलाई के लिये हाउस में पेश किया गया है, Select Committee में ले जाने की निस्बत इसे सीधा ही पास किया जाना चाहिए ताकि लोगों की तरक्की में इसके ज़रिये ज्यादा से ज्यादा सहायता हो सके।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ) : ਅੱਜ ਸਪੀਕਰ ਸਾਹਿਬ ਇਸ ਤਰ੍ਹਾਂ ਦਾ ਬਿਲ House ਵਿੱਚ ਲਿਆ ਕੇ. ਅਸੀਂ ਇਸ ਬਿਲ ਦੀ ਜਿਹੜੀ ਦਫਾ 39 ਹੈ, ਉਸ ਰਾਹੀਂ, 80 ਪਿੰਡਾਂ ਦਾ area ਤੇ ਜੰਗਲਾਤ ਦਾ ਕਾਨੂੰਨ ਲਾਗੂ ਕਰ ਰਹੇ ਹਾਂ । ਇਹ ਲਕੜੀਆਂ ਕੱਟਣ ਵਾਲੇ ਲੋਕਾਂ ਤੇ ਇਕ ਤਰ੍ਹਾਂ ਨਾਲ ਨਵੀਂ ਸ਼ਕਲ ਵਿੱਚ Duty ਲਗਾਈ ਜਾ ਰਹੀ ਹੈ, ਮੈਂ ਸਮਝਦਾ ਹਾਂ ਕਿ ਜਿਹੜੀ ਇਹ clause ਰੱਖੀ ਗਈ ਹੈ, ਕਿ ਇਸ ਨਾਲ ਲੋਕਾਂ ਦੀਆਂ ਤਕਲੀਫਾਂ ਦੂਰ ਹੋਣ, ਇਸ ਦੇ ਨਾਲ ਉਨ੍ਹਾਂ ਦੀਆਂ ਤਕਲੀਫਾਂ ਬਾਕਾਇਦਾ ਕਾਇਮ ਰਹਿਣਗੀਆਂ । ਮੈਂ ਚਮਕ ਸਾਹਿਬ ਵੱਲੋਂ ਰੱਖੀਆਂ ਗਈਆਂ ਤਜਵੀਜ਼ਾਂ ਦਾ ਸਮਰਥਨ ਕਰਦਾ ਹੋਇਆ ਇਹੋ ਅਰਜ਼ ਕਰਾਂਗਾ, ਕਿ ਉਹ ਜੰਗਲਾਤ ਦੇ ਇਲਾਕੇ ਵਿੱਚ ਵਸਣ ਵਾਲੇ ਲੋਕਾਂ ਦੀਆਂ ਤਕਲੀਫਾਂ ਨੂੰ ਮਹਿਸੂਸ ਕਰਨ । ਮੇਰੇ ਹਲਕੇ ਦੇ ਲੋਕਾਂ ਨੇ ਇਕ ਸਾਲ ਹੋਇਆ ਸਰਕਾਰ ਤੋਂ ਮੰਗ ਕੀਤੀ ਸੀ ਕਿ ਇਨ੍ਹਾਂ ਦੇ ਬੱਚਿਆਂ ਨੂੰ ਦੁਧ ਪਿਆਉਣ ਵਾਸਤੇ ਇਕ ਇਕ ਬੱਕਰੀ ਰਖਣ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਇਸ ਜੰਗਲਾਤ ਦੇ area ਵਿੱਚ ਇਨ੍ਹਾਂ ਲੋਕਾਂ ਤੇ ਇਤਨੀ ਪਾਬੰਦੀ ਹੈ ਕਿ ਉਹ ਜਾਨਵਰ ਵੀ ਨਹੀਂ ਰੱਖ ਸਕਦੇ । ਖੁਦ ਇਸ ਹਲਕੇ ਦੇ M.L.A. ਨੇ ਮੰਗ ਕੀਤੀ ਪਰ ਉਨ੍ਹਾਂ ਦੀ ਗੱਲ ਨਹੀਂ ਮੰਨੀ ਗਈ । ਉਹ ਲੋਕ ਤਾਂ ਪਹਿਲਾਂ ਹੀ ਇਸ ਸਰਕਾਰ ਦੀ ਨੀਅਤ ਤੇ ਸ਼ਕ ਕਰਦੇ ਸੀ । ਅਜ ਇਸ ਤਰ੍ਹਾਂ ਦੀ ਇਕ ਦਬਾਊ ਪਖ ਦੀ ਜੁਰਮਾਨੇ ਦੀ Clause ਲਿਆ ਕੇ ਉਨ੍ਹਾਂ ਦਾ ਸ਼ਕ ਯਕੀਨ ਦੀ ਸ਼ਕਲ ਧਾਰਨ ਕਰ ਗਿਆ ਹੈ । ਅੰਗਰੇਜ਼ ਦੀ ਹਕੂਮਤ ਵਿੱਚ ਕਿਉਂਕਿ ਉਹ ਪਹਾੜੀ ਇਲਾਕੇ ਦੀਆਂ ਤਕਲੀਫਾਂ ਨੂੰ ਜਾਣਦੇ .ਸੀ, ਉਨ੍ਹਾਂ ਨੂੰ ਪਹਾੜੀ ਲੋਕਾਂ ਦੇ ਜਜ਼ਬਾਤ ਦੀ ਕਦਰ ਸੀ ਇਸ ਲਈ ਉਨ੍ਹਾਂ ਨੇ ਇਸ ਪਖ ਨੂੰ Human Touch ਦੇਈ ਰਖਿਆ ਜਿਥੋਂ ਤੱਕ ਇਸ Imperialist ਪਖ ਦਾ ਸਵਾਲ ਸੀ ਇਹ ਇਕ ਇਨਸਾਨੀ ਪਖ ਸੀ । ਪਰ ਸਾਡੀ ਆਪਣੀ ਸਰਕਾਰ ਦਾ ਦਾਵਾ ਕਰਨ ਵਾਲੀ ਸਰਕਾਰ ਨੇ ਇਸ ਇਨਸਾਨੀ ਪਖ ਨੂੰ ਇਸ ਸ਼ਕਲ ਵਿੱਚ ਤਬਦੀਲ ਕੀਤਾ ਹੈ ਕਿ ਜੇ ਇਸਨੂੰ ਨਿਰਦਈ ਪਖ ਕਹਿ ਦਿੱਤਾ ਜਾਵੇ ਤਾਂ ਕੋਈ ਬੇਜਾ ਗੱਲ ਨਹੀਂ ਹੋਵੇਗੀ । ਦਫਾ 5 ਜੋ ਇਸ ਐਕਟ ਵਿੱਚ ਹੈ ਮੈਂ ਇਸ ਬਾਰੇ ਅਰਜ਼ ਕਰਾਂ ਕਿ ਇਕ ਪਿੰਡ ਦਾ ਗਰੀਬ ਹਰੀਜਨ ਜਿਹੜਾ ਜੰਗਲਾਤ area ਦੇ ਵਿੱਚ ਵਸਦਾ ਹੈ ਅਤੇ ਲਕੜੀਆਂ ਵੇਚ ਕੇ ਪੇਟ ਪਾਲਦਾ ਹੈ, ਉਸ ਨੂੰ ਇਸ ਦਫਾ ਹੇਠ ਇਹ ਇਖਤਿਆਰ ਨਹੀਂ ਕਿ ਉਹ ਖੁਰੀ ਵਾਲੀ ਜੁਤੀ ਵੀ ਪਾਕੇ ਇਸ ਇਲਾਕੇ ਵਿੱਚ ਫਿਰ ਸਕੇ । (Voices of Shame-Shame from the Opposition) ਇਸ ਦਫਾ 5 ਵਿੱਚ ਇਤਨੀਆਂ ਜ਼ਬਰਦਸਤ ਪਾਬੰਦੀਆਂ ਹਨ ਕਿ ਉਹ ਆਪਣੀ ਜ਼ਰੂਰਤ ਵਾਸਤੇ ਕੋਈ ਉਠ ਵੀ ਨਹੀਂ ਰੱਖ ਸਕਦਾ । ਉਸ ਇਲਾਕੇ ਵਿੱਚ ਗੱਡਾ ਚਲ ਨਹੀਂ ਸਕਦਾ, ਜੀਪ ਚਲ ਨਹੀਂ ਸਕਦੀ, Truck ਚਲ ਨਹੀਂ ਸਕਦਾ ਉਸ ਨੂੰ ਜੇ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਉਠ ਮਿਲ ਸਕੇ ਤਾਂ ਇਹ ਕਾਰਆਮਦ ਸਾਬਤ ਹੋ ਸਕਦਾ ਹੈ ਪਰ ਇਸ ਜਾਨਵਰ ਦੇ ਰੱਖਣ ਦੀ ਸਰਕਾਰ ਵੱਲੋਂ ਕੋਈ ਇਜਾਜ਼ਤ ਨਹੀਂ । ਇਕ ਪਿੰਡ ਇਸ ਏਰੀਆ ਵਿੱਚ ਐਸਾ ਹੈ ਜਿਥੇ 1½ ਮੀਲ ਦੇ ਫਾਸਲੇ ਤੇ ਖੂਹ ਹੈ ਜਿਥੋਂ ਜੇ ਪੀਣ ਦੇ ਪਾਣੀ ਦੀ ਲੋੜ ਪਵੇ ਤਾਂ ਲਿਆਉਣਾ ਪੈਂਦਾ ਹੈ ਪਰ ਇਸ ਨੂੰ ਇਹ ਇਜਾਜ਼ਤ ਨਹੀਂ ਕਿ ਉਹ ਆਪਣੇ ਪੀਣ ਲਈ ਪਾਣੀ ਵੀ ਉਠ ਤੇ ਲੱਦ ਕੇ ਲਿਆ ਸਕੇ । ਉਹ ਨੂੰ ਆਪਣੀ ਜ਼ਿੰਦਗੀ ਤੇ ਨਿਰਭਰ ਸਾਮਾਨ ਰੱਖਣ ਦੀ ਇਜਾਜ਼ਤ ਨਹੀਂ ਇਹ ਇਸ ਦਫਾ 5 ਦਾ ਮਨਸ਼ਾ ਹੈ । ਪਰ ਸਰਕਾਰ ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਨੂੰ ਜਾਣਦਿਆਂ ਹੋਇਆਂ ਵੀ ਬਿਲਕੁਲ ਹੀ ਇਸ ਪਾਸੇ ਧਿਆਨ ਨਹੀਂ ਦੇਣਾ ਚਾਹੁੰਦੀ ਬਲਕਿ ਉਨ੍ਹਾਂ ਲਈ ਹੋਰ ਵੀ ਦਿਕਤਾਂ ਲਿਆਉਂਦੀ ਜਾ ਰਹੀ ਹੈ । ਅੰਗਰੇਜ਼ ਦੇ ਰਾਜ ਵਿੱਚ Forest Guard ਨੂੰ uncrowned king of the forest ਕਿਹਾ ਜਾਂਦਾ ਸੀ । ਇਹ ਆਪਣੇ ਹਲਕੇ ਦਾ ਬੇਤਾਜ ਬਾਦਸ਼ਾਹ ਕਹਾਉਂਦਾ ਹੁੰਦਾ ਸੀ ।

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਇਲਾਕੇ ਵਾਲ ਨੂੰ ਜਿਸਨੂੰ ਚਾਹੇ ਖੁਸ਼ ਕਰੇ ਅਤੇ ਜਿਸ ਤੋਂ ਜੋ ਮਰਜ਼ੀ ਚਾਹੇ ਲੈ ਕੇ ਖਾਵੇ । ਦੁਧ-ਮੱਖਣ ਤੱਕ ਉਸ ਨੂੰ ਆਲੇ ਦੁਆਲੇ ਦੇ ਪਿੰਡਾਂ ਤੋਂ ਪਹੁੰਚਦਾ ਰਹਿੰਦਾ ਸੀ ਅਤੇ Ranger ਵੀ ਇਸ Forest Guard ਦੀ ਮਾਰਫਤ ਜੋ ਚਾਹੁੰਦਾ ਸੀ ਖਾਂਦਾ ਪੀਂਦਾ ਸੀ । ਪਰ ਉਨ੍ਹਾਂ ਲੋਕਾਂ ਤੇ ਪਾਬੰਦੀਆਂ ਲਗਾਉਣ ਕਰਕੇ ਖਾਸ ਕਰਕੇ ਜੋ ਉਥੇ ਦੀ ਗੁਜਰ Community ਸੀ ਉਸ ਤੇ ਬਹੁਤ ਹੀ ਬੁਰਾ ਅਸਰ ਪਿਆ । ਉਹ ਲੋਕ ਭੇਡਾਂ, ਬਕਰੀਆਂ ਤੱਕ ਨਹੀਂ ਪਾਲ ਸਕਦੇ ਸੀ, ਜਿਸ ਕਰਕੇ ਉਨ੍ਹਾਂ ਨੂੰ meat ਵੀ ਇਤਨਾ ਮਹਿੰਗਾ ਮਿਲਦਾ ਹੈ ਕਿ ਉਹ ਸਹੀ ਤੌਰ ਤੇ ਖਾਣ ਲਈ ਵਰਤੋਂ ਵਿੱਚ ਨਹੀਂ ਲਿਆ ਸਕਦੇ । ਗੁਜਰ Community ਤੇ ਉਹ ਜ਼ਿਆਦਾ effected ਹੋਇਆ ਹੈ ਨਾ ਉਨ੍ਹਾਂ ਨੂੰ ਦੁਧ ਮਿਲਦਾ ਹੈ ਨਾ ਉਹ Meat ਵਗੈਰਾ ਖਾ ਸਕਦੇ ਹਨ, ਨਾ ਉਹ ਆਪਣਾ ਰੋਜ਼ਗਾਰ ਹੀ ਪੂਰੀ ਤਰਾਂ ਚਲਾ ਸਕਦੇ ਹਨ । ਉਨ੍ਹਾਂ ਲਈ ਇਕ ਬੜੀ ਭਾਰੀ complication ਪੈਦਾ ਹੋ ਗਈ ਹੈ । ਉਹ ਲੋਕ ਹਿੰਦੁਸਤਾਨ ਦੀ ਹਾਲਤ ਦੇ ਮੁਤਾਬਿਕ ਆਪਣਾ ਜੀਵਨ ਸਤਰ ਵੀ ਠੀਕ ਤਰ੍ਹਾਂ ਕਾਇਮ ਨਹੀਂ ਰਖ ਸਕਦੇ । ਉਨ੍ਹਾਂ ਦਾ ਜੋ democratic right ਹੈ ਜਾਂ ਉਨ੍ਹਾਂ ਦਾ ਆਪਣਾ ਹੱਕ ਬਣਦਾ ਹੈ ਇਸ ਆਜ਼ਾਦ ਹਿੰਦੁਸਤਾਨ ਵਿੱਚ ਉਸ ਦੇ ਮੁਤਾਬਿਕ ਉਹ ਆਪਣਾ ਜੀਵਨ ਸਤਰ ਵੀ ਕਾਇਮ ਨਹੀਂ ਰੱਖ ਸਕਦੇ। ਅੱਜ ਇਸਤਰ੍ਹਾਂ ਦਾ ਕਾਨੂੰਨ ਲਿਆਕੇ ਇਹ ਹਰ ਹਿੱਸੇ ਵਿੱਚ ਆਪਣਾ ਨਾਜਾਇਜ਼ ਛਾਪਾ ਮਾਰਨਾ ਚਾਹੁੰਦੇ ਹਨ । ਜਿਤਨੀਆ ਸੜਕਾਂ ਦੇ ਇਰਦ ਗਿਰਦ ਦਰੱਖਤ ਹਨ ਜਾਂ ਨਹਿਰਾਂ ਦੇ ਇਰਦ ਗਿਰਦ ਦਰਖਤ ਹਨ ਜਾਂ Railway lines ਦੇ ਇਰਦ ਗਿਰਦ ਦੇ ਦਰਖਤ ਹਨ ਇਨ੍ਹਾਂ ਨੂੰ ਜੰਗਲਾਤ ਦੇ area ਵਿੱਚ ਸ਼ਾਮਲ ਕਰਦੇ ਜਾ ਰਹੇ ਹਨ । ਇਨ੍ਹਾਂ ਸਰਹਦਾਂ ਦੇ ਲਾਗੇ ਜੇ ਇਨ੍ਹਾਂ ਦੀਆਂ ਮਝੀਆਂ ਗਾਈਆਂ ਵੀ ਆ ਜਾਣ ਤਾਂ ਇਹ ਕਰੜੀ ਸਜ਼ਾ ਦੀ ਸ਼ਰਤ ਵੀ ਇਨ੍ਹਾਂ ਤੇ ਵਰਤੀ ਜਾ ਸਕਦੀ ਹੈ । ਇਹ ਲੋਕ ਆਪਣੇ ਪਿੰਡ ਦੇ ਡੰਗਰ ਪਸ਼ੂ ਵੀ ਪੂਰੀ ਤਰ੍ਹਾਂ ਚਰਾ ਨਹੀਂ ਸਕਦੇ । ਇਨ੍ਹਾਂ ਦੇ Human ਪੱਖ ਨੂੰ ਸਾਹਮਣੇ ਰੱਖਿਆ ਜਾਵੇ ਜੇ ਜਮਹੂਰੀ right ਨੂੰ ਵੇਖਿਆ ਜਾਵੇ ਤਾਂ ਇਸਤਰਾਂ ਦੀਆਂ ਮਜਬੂਰੀਆਂ ਤੇ ਵੀ ਪਾਬੰਦੀਆਂ ਲਾਣ ਵਾਲੀਆਂ ਸ਼ਰਤਾ ਨਹੀਂ ਸਨ ਆਉਣੀਆਂ ਚਾਹੀਦੀਆਂ । ਐਸੀ ਗੱਲ ਹੁੰਦੀ ਜਿਹੜੀ ਉਨ੍ਹਾਂ ਨੂੰ ਇਮਦਾਦ ਦੇਣ ਵਾਲੀ, ਉਨ੍ਹਾਂ ਦੀ ਕੋਈ ਔਕੜ ਦੂਰ ਕਰਨ ਵਾਲੀ ਗੱਲ ਆਉਣੀ ਚਾਹੀਦੀ ਸੀ। ਇਥੋਂ ਤੱਕ ਦਿਨ ਬਦਿਨ ਇਸ ਪਾਸੇ ਸਖਤੀ ਕੀਤੀ ਜਾ ਰਹੀ ਹੈ ਕਿ ਜਿਹੜੇ ਲੋਕਾਂ ਦੇ ਖੇਤਾਂ ਵਿੱਚ private ਦਰਖਤ ਖੜੇ ਹਨ ਉਨ੍ਹਾਂ ਨੂੰ ਆਪਣੇ ਦਰਖਤ ਵੀ ਵੱਢਣ ਤੇ ਵੇਚਣ ਦੀ ਇਜਾਜ਼ਤ ਨਹੀਂ । ਮਿਸਾਲ ਦੇ ਤੌਰ ਤੇ ਸਾਡੇ ਹਲਕੇ ਵਿੱਚ ਤਹਿਸੀਲ ਖਰੜ ਹੈ, ਇਨ੍ਹਾਂ ਲੋਕਾਂ ਤੇ ਆਪਣੇ ਦਰਖਤ ਕਟਣ ਤੇ ਵੀ ਪਾਬੰਦੀ ਹੈ । ਆਪਣੇ ਲਈ ਅੱਗ ਬਾਲਣ ਵਾਸਤੇ ਉਹ ਲਕੜੀਆਂ ਵੀ ਕੱਟ ਕੇ ਨਹੀਂ ਲਿਆ ਸਕਦੇ ਹਨ । ਪਹਿਲਾਂ ਉਨ੍ਹਾਂ ਨੂੰ Ranger ਤੋਂ ਇਜਾਜ਼ਤ ਲੈਣੀ ਪੈਂਦੀ ਹੈ । ਮੈਨੂੰ ਇਸ ਗੱਲ ਦੀ ਪੂਰੀ ਪੂਰੀ ਵਾਕਫੀਅਤ ਹੈ ਕਿ ਸਾਡੇ ਇਲਾਕੇ ਦੇ ਲੋਕਾਂ ਨੂੰ ਕਿਤਨੀ ਤਕਲੀਫ ਹੈ । ਪਿੰਡਾਂ ਦੇ ਗਰੀਬ ਲੋਕਾਂ ਨੂੰ ਇਸਤਰਾਂ ਹੈਰਾਨ ਹੋਣਾ ਪੈਂਦਾ ਹੈ । ਅਸੀਂ ਚਾਹੁੰਦੇ ਹਾਂ ਕਿ ਜੇ ਇਹ ਇਨਸਾਨੀ ਪਖ ਦੇ ਤਰੀਕੇ ਨਾਲ ਇਸ ਸਾਰੀ ਚੀਜ਼ ਨੂੰ ਵੇਖਣ, ਉਨ੍ਹਾਂ ਲੋਕਾਂ ਦੀ ਤਕਲੀਫ ਨੂੰ ਦੂਰ ਕਰਨ ਦਾ ਯਤਨ ਕਰਨ । ਕੋਈ Mechanical ਤਰੀਕਾ ਯਾ ਕੋਈ Technical ਤਰੀਕਾ ਇਸ ਢੰਗ ਨਾਲ ਇਖਤਿਆਰ ਕਰਨ ਤਾਂ ਸਚ ਮੁਚ ਉਨ੍ਹਾਂ ਦੀ ਜ਼ਿੰਦਗੀ ਦਾ ਸੁਧਾਰ ਹੋ ਸਕਦਾ ਹੈ । ਇਸ ਲਈ ਮੈਂ ਇਹ ਗੱਲ ਕਹਾਂਗਾ ਕਿ ਬਜਾਏ ਇਸ Amending Bill ਦੇ ਕੋਈ ਸਰਵ-ਪੱਖੀ ਤਜਵੀਜ਼ ਲਿਆਂਦੀ ਜਾਂਦੀ ਜਿਸਤਰਾਂ ਕਿ ਚਮਕ ਸਾਹਿਬ ਨੇ ਤਜਵੀਜ਼ ਕੀਤਾ ਸੀ । ਜੇ ਹੋਰ ਕੁਝ ਨਹੀਂ ਤਾਂ ਕਮ ਅਜ਼ ਕਮ ਇਹ ਤਜ਼ਵੀਜ਼ ਜ਼ਰੂਰ ਕੀਤੀ ਜਾਂਦੀ ਕਿ ਅਸੀਂ

ਜੰਗਲਾਂ ਨੂੰ ਕਾਇਮ ਰੱਖਣਾ ਹੈ। ਇਸ ਪੱਖ ਨਾਲ ਹੀ ਵੇਖਿਆ ਜਾਂਦਾ ਕਿ ਇਹ ਜੰਗਲ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਹਨ ਤਾਂ ਅਸੀਂ ਇਨ੍ਹਾਂ ਦੀ ਇਸ ਗੱਲ ਤੇ ਸ਼ਲਾਘਾ ਕਰਦੇ। ਭਾਵੇਂ ਮੈਨੂੰ ਆਸ ਨਹੀਂ ਕਿ ਸ਼ਲਾਘਾ ਖਟਣ ਵਾਲਾ ਕੰਮ ਇਸ ਸਰਕਾਰ ਤੋਂ ਤਾਂ ਹੋਣਾ ਨਹੀਂ ਜੇ ਕੋਈ ਇਕ ਵੀ ਕੰਮ ਐਸਾ ਕਰਦੇ ਤਾਂ ਇਹ ਗੱਲ ਸਿਧ ਹੋ ਜਾਂਦੀ ਕਿ exception proves the rule ਪਰ ਇਨ੍ਹਾਂ ਦਾ ਇਕ ਇਕ ਐਕਟ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਦਿਨ ਬਦਿਨ ਇਹ bureaucracy ਨੂੰ decentralise ਕਰਨ ਦੀ ਕੋਸਿਸ਼ ਕੀਤੀ ਜਾ ਰਹੀ ਹੈ ਅਤੇ ਜਮਹੂਰੀ ਪੱਖ ਨੂੰ ਅੱਖੋਂ ਉਹਲੇ ਕੀਤਾ ਜਾ ਰਿਹਾ ਹੈ। ਜੇ ਹੋਰ ਕੁਝ ਨਹੀਂ ਤਾਂ ਇਹ ਘਟੋ ਘਟ ਪਹਾੜੀ ਲੋਕਾਂ ਦੀ ਤਕਲੀਫ ਨੂੰ ਹੀ ਮਹਿਸੂਸ ਕਰਦੇ, ਉਨ੍ਹਾਂ ਲੋਕਾਂ ਦੀ ਉੱਨਤੀ ਦਾ ਹੀ ਕੋਈ ਸਾਧਨ ਕਰਦੇ ਬਜਾਏ ਇਸਦੇ ਕਿ ਉਨ੍ਹਾਂ ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਹਨ। ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਹੁਣ ਸਿਰਫ ਇਹੋ ਕਹਾਂਗਾ ਕਿ ਉਹ ਪੰਜਾਬ ਦੇ ਲੋਕਾਂ ਦਾ ਭਲਾ ਸੋਚਣ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਗਰੀਬ ਲੋਕਾਂ ਦੇ ਸਹੀ ਜਜ਼ਬਾਤ ਹਾਊਸ ਦੇ ਸਾਹਮਣੇ ਰੱਖਣ ਦਾ ਮੌਕਾ ਦਿੱਤਾ ਹੈ, ਤਾਂ ਜੋ ਮੈਂ ਆਪਣੇ ਖਿਆਲਾਤ ਮਾਸਟਰ ਗੁਰਬੰਤਾ ਸਿੰਘ ਜੀ ਦੀ ਸੇਵਾ ਵਿੱਚ ਰੱਖ ਸਕਾਂ।

श्री मंगल सैन (रोहतक) : चैयरमैन साहिब, आज हाउस में मन्त्री महोदय ने Amending Bill पेश कर के इजाज़त मांगी है कि जो कानून 1927 में सरकार ने जंगलात के बारे में पास किया था उसमें कुछ संशोधन करके पैप्सू पर भी लागू किया जाए। बिल पेश करते समय मिनिस्टर साहिब ने अपनी तबियत के मुताबिक फरमाया कि यह controversial बिल नहीं है, बड़ा innocent सा बिल है इसलिये इसे बिना किसी बहस के पास कर देना चाहिए। चेयरमैन साहिब, इस बात से इनकार नहीं किया जा सकता कि किसी भी देश की डिवैल्पमेंट के लिये जंगलात का होना निहायत ज़रूरी है। Planning Commission ने अपनी Third Five-Year Plan के अंदर इस बात का ज़िक्र किया है कि देश में कम से कम बीस फीसदी ज़मीन में जंगलात का होना ज़रूरी है। हमारी बदकिस्मती है कि यहां पर केवल बारह फीसदी ज़मीन ही जंगलात के नीचे है। देश स्वतन्त्र होने के साथ साथ हमारी सरकार ने वनमहोत्सव प्रोग्राम चालू किया था (*Interruptions*) (*Noise*) मैं अर्ज़ करना चाहता हूँ कि इस बात में दो राए नहीं हो सकतीं कि हमारे सूबे में बीस फीसदी की जगह पर बारह फीसदी ज़मीन पर जंगलात हैं। यह हमारी बदकिस्मती है कि वन-महोत्सव प्रोग्राम के नीचे जो भी पौदा हमारे सूबे में लगाया जाता रहा भगवान जाने वह कहां जाता रहा, उसको क्या होता रहा। स्वतंत्रता प्राप्ति के समय हमारे पहले गवर्नर जनरल लार्ड माऊंट बेटन की पुत्री ने भी वृक्ष लगाए लेकिन वहां पर आज एक भी वृक्ष देखने को नहीं मिलता। (*Interruptions*) बात बहुत लम्बी हो जाएगी। मैं आपके द्वारा मन्त्री महोदय से कहना चाहता हूँ कि जंगलात 90 फीसदी पहाड़ पर ही हैं। और बाकी के दस फीसदी मैदानी इलाकों में हैं। क्या ही अच्छा हो कि जब हमारी सरकार प्लानिंग करती है तो मैदानी इलाकों में भी जंगलात लगाने की व्यवस्था कर दे। जब 1927 में यह कानून amend किया था तो उस वक्त तो विदेशियों का शासन था लेकिन अब तो हमारा देश स्वतन्त्र है। अब तो कानून इस प्रकार के बनाए जाने चाहिए जो कि देश के लिये लाभकारी हों। दुख की बात तो यह है कि मन्त्री महोदय इस प्रकार तो सोचते ही नहीं हैं।

[श्री मंगल सैन]

बड़ी मासूमियत के साथ कहते हैं कि यह तो बहुत ही innocent सा बिल है। बिल के द्वारा इतने बड़े अधिकार लेने जा रहे हैं और कहते हैं कि हमारे हाथ मज़बूत करो, हमारे हाथ में ताकत दो। किसी आदमी की प्राईवेट ज़मीन है उसमें वह दरख्त बोता है। कई पीढ़ियों तक उसको पानी देकर और देख भाल करके बड़ा किया जाता है लेकिन उसकी लकड़ी इस्तेमाल करने का उसको हक नहीं है। उसको यह भी अधिकार नहीं है कि उसे बेच कर अपनी गर्ज़ चला सके। इस सरकार ने जनता का काफिया तंग कर रखा है। लोग बहुत ज्यादा तंग हैं। (*Interruptions*)

श्री सभापति : जो बिल ज़ेरे बहस है उसी पर बोलिये। (The hon. Member should speak on the Bill under discussion.)

श्री मंगल सैन : उन दरख्तों को काटने और उनकी लकड़ी हासिल करने के लिये अधिकार सरकार के हाथ में देना मैं समझता हूँ कि बहुत नाजायज़ बात है, हमारा रोज़मर्रा का तजरुबा है कि जो काम भी सरकार के सुपुर्द किया गया उसमें सुस्ती आई, कुरप्शन आई क्योंकि जिन लोगों के हाथ में administration है, आप जानते हैं कि उनकी आदत ही delay करने की है। आपने सुना होगा कि छः सौ रुपये की पोस्ट मिनिस्टरों ने अपने हवारियों को दे दी। (*Interruptions*) (*Noise*) आपकी रूलिंग है कि हाउस में शोर नहीं मचाना चाहिए। इससे हाउस का decorum नहीं रहता लेकिन आप देख रहे हैं कि रूलिंग पार्टी के मैम्बर कितना शोर डाल रहे हैं। आप इनको मना करें कि हाउस में इतना शोर न डालें। (*Interruptions*) (*Noise*)

Mr. Chairman : Order please. No interruptions.

श्री मंगल सैन : यहां पर कहा गया कि मिनिस्टर साहिब का बड़ा स्वागत हुआ। यह स्वागत के नाम पर बड़ा खुश होते हैं। लेकिन स्वागत तो वे लोग करते हैं जिन्होंने इनसे कोटे लेने होते हैं और परमिट लेने होते हैं। (*Interruptions*) स्वागत करने का मतलब यह तो नहीं कि लोग इनकी हकूमत से खुश हैं। मैं इनको चेतावनी देना चाहता हूँ कि लोगों की बरदाश्त करने की शक्ति खत्म हो चुकी है। लोगों की हालत बहुत खराब हो रही है। पहले अगर आमदनी कम थी तो लोगों का खर्च भी बहुत कम था। अब आमदनी बढ़ी है तो खर्च भी पहले से दस गुना बढ़ गया है। वे गरीब पहाड़ी लोग हैं। वे अपने पांव पर खड़े होकर अपनी नेक कमाई से अपना और अपने बच्चों का पेट पालना चाहते हैं लेकिन (*Interruptions*) हमारी सरकार जान बूझ कर फ़िज़ा खराब करना चाहती है ताकि लोग इनके मुहताज़ रहें और बार बार इनका दरवाज़ा खटखटाएं। मैं मन्त्री महोदय से यह कहना चाहता हूँ कि यह हाउस लाखों और करोड़ों इनसानों की नुमाइंदगी करता है। दूर दराज़ पहाड़ों पर रहने वाले लोग इस बिल से बेखबर हैं। यह तो उनके गले पर तलवार लटकाने वाली बात है कि 50 रुपये को बढ़ा कर 500 रुपया कर दिया जाए। कहते हैं कि बड़ा innocent सा बिल है इसे सिर्फ Pepsu के इलाके पर

लागू करना है। लेकिन जनाब पैप्सू के राजे महाराजे और बड़े बड़े जागीरदारों ने जो ज़मीनें थोड़े थोड़े किराये पर lease पर दे रखी थीं, जो settlement जो सौदे कर रखे थे उस पर हमारी मुहर लगवाना चाहते हैं। हम बिल्कुल इसमें हिस्सेदार नहीं बन सकते आप इस सम्बन्ध में Select Committee बैठाएं उसमें इन सभी बातों पर और गौर हो फिर तो कोई बात भी बने। तो यह जो पिछले settlements को कानून के जरिये valid करार देना चाहते हैं, regulate कराना चाहते हैं, हम इसका सख्त विरोध करते हैं। यह इतना innocent बिल नहीं है जितना समझा जा रहा है। मैं सुझाव दूंगा कि वज़ीर साहिब इसे अच्छी फ़िज़ा में जाकर पढ़े तो महसूस करेंगे कि Treasury Benches पर बैठे हुए कांगड़ा से आए ठाकुर मेहर सिंह जी ने भी हमारी बात को support किया है। इसके अलावा वहां जो साथी बैलों की जोड़ी को हराकर अभी अभी आए हैं उन्होंने भी हमारी बात की ताईद की है। मैं समझता हूँ कि जो नेक मशविरा हमने दिया है, जो valuable suggestions हमने दी हैं मंत्री महोदय संजीदगी से उन पर विचार करेंगे और इस बिल को Select Committee के सुपुर्द कर देंगे ताकि सभी बातों पर विचार होने के बाद यह बिल House में लाया जाए। जो बात अच्छी होगी हम उसके लिये आपकी support करेंगे जो गलत बात होगी उसका विरोध करेंगे —यही तो democracy की spirit है। इन शब्दों के साथ मैं खत्म करता हूँ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ (ਸਰਦਾਰ ਗੁਰਬੰਤਾ ਸਿੰਘ) : ਚੇਅਰਮੈਨ ਸਾਹਿਬ, ਇਹ ਬਿਲ ਤਾਂ ਬਿਲਕੁਲ ਸਾਧਾਰਨ ਸੀ ਲੇਕਿਨ ਮੈਨੂੰ ਆਪਣੇ ਇਨ੍ਹਾਂ ਦੋਸਤਾਂ ਦੀਆਂ ਤਕਰੀਰਾਂ ਸੁਣ ਕੇ ਬਹੁਤ ਹੈਰਾਨੀ ਹੋਈ ਹੈ। ਮੇਰੇ ਇਕ ਬੜੇ ਕਾਬਲ ਦੋਸਤ ਜੋਸ਼ ਸਾਹਿਬ ਨੇ ਦਫਾ 5 ਦਾ ਜ਼ਿਕਰ ਕੀਤਾ ਹੈ। ਮੈਨੂੰ ਬੜੀ ਖੁਸ਼ੀ ਹੁੰਦੀ ਜੇਕਰ ਮੇਰੇ ਉਹ ਦੋਸਤ ਇਸ ਬਿਲ ਨੂੰ ਤੇ ਐਕਟ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਆਉਂਦੇ (noise and interruptions) ਚੇਅਰਮੈਨ ਸਾਹਿਬ, ਮੈਂ ਆਪਦੀ ਮਾਰਫਤ ਇਨ੍ਹਾਂ ਨੂੰ ਅਰਜ਼ ਕਰਦਾ ਹਾਂ ਕਿ ਸ਼ਾਂਤੀ ਨਾਲ ਸੁਣੋ। ਉਨ੍ਹਾਂ ਜੋ ਦਫਾ 5 ਦੀ ਗੱਲ ਕੀਤੀ ਉਹ ਇਸ ਬਿਲ ਦੀ ਦਫਾ 5 ਨਹੀਂ। ਉਹ ਇਕ ਹੋਰ ਬਿਲ ਹੈ ਜਿਸਦੀ ਦਫਾ 5 ਦੇ ਤਹਿਤ closure ਕੀਤੀ ਜਾਂਦੀ ਹੈ। ਮੈਨੂੰ ਤਾਂ ਇਨ੍ਹਾਂ ਦੀ ਸਮਝ ਤੇ ਅਕਲ ਤੇ ਹੈਰਾਨੀ ਹੁੰਦੀ ਹੈ.........(noise and interruptions)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਵਜ਼ੀਰ ਸਾਹਿਬ ਨੂੰ correct ਕਰਨਾ ਚਾਹੁੰਦਾ ਹਾਂ ਕਿ ਜਿਹੜਾ 1927 ਦਾ Forest Act ਹੈ ਉਸਦੀਆਂ ਦਫਾ 4 ਤੇ 5 ਬਾਰੇ ਮੈਂ ਗੱਲ ਕੀਤੀ ਸੀ ਅਤੇ ਉਹ ਇਸ ਕਰਕੇ ਕੀਤੀ ਸੀ ਕਿ ਚਾਹੀਦਾ ਤਾਂ ਇਨ੍ਹਾਂ ਨੂੰ ਇਹ ਸੀ ਕਿ ਉਸਦੀਆਂ ਜੋ ਖਾਮੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਲਈ ਬਿਲ ਲਿਆਇਆ ਜਾਂਦਾ ਲੇਕਿਨ ਇਹ ਇਕ ਹੋਰ ਮਾੜੀ ਗੱਲ ਕਰਨ ਲਗ ਪਏ ਹਨ। ਇਸ ਲਈ ਮੈਂ ਚਮਕ ਸਾਹਿਬ ਦੀ ਤਾਈਦ ਕੀਤੀ ਸੀ ਕਿ ਇਸ ਨੂੰ Select Committee ਦੇ ਸਪੁਰਦ ਕਰੋ ਅਤੇ ਇਸ ਤਰ੍ਹਾਂ ਦਾ ਲੰਗੜਾ ਬਿਲ ਪਾਸ ਨਾ ਕਰੋ।

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਇਕ ਹੋਰ ਬਿਲ ਲਿਆਏ ਹਾਂ ਜਿਹੜਾ conservation ਬਾਰੇ ਹੈ। ਉਹ ਸ਼ਾਇਦ ਜੋਸ਼ ਸਾਹਿਬ ਨੇ ਪੜ੍ਹਿਆ ਨਹੀਂ ਹੈ (interruptions by S. Lachhman Singh Gill) ਇਹ ਗਿਲ ਸਾਹਬ ਦਿੱਲੀ ਤੋਂ ਆਏ ਹਨ।

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਉਨ੍ਹਾਂ ਨੂੰ ਰੌਲਾ ਪਾਉਣਾ ਆਉਂਦਾ ਹੈ ਕਿਉਂਕਿ ਉਹ ਠੇਕੇਦਾਰ ਹਨ । ਲੇਕਿਨ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਇਥੇ ਕੋਈ ਠੇਕੇ ਦੀ ਨੀਲਾਮੀ ਨਹੀਂ ਹੋ ਰਹੀ ਹੈ ਅਤੇ ਕੋਈ tender ਨਹੀਂ ਹੋ ਰਹੇ ਹਨ ਜਿਸਦਾ ਰੌਲਾ ਪਾਉਣ ਦੀ ਲੋੜ ਹੈ । ਮੇਰਾ ਖਿਆਲ ਹੈ, ਚੇਅਰਮੈਨ ਸਾਹਬ, ਕਿ ਤੁਸੀਂ ਇਨ੍ਹਾਂ ਦੇ ਰੌਲੇ ਨੂੰ ਬੰਦ ਕਰੋਗੇ...... (noise)

ਸਰਦਾਰ ਲਛਮਣ ਸਿੰਘ ਗਿੱਲ : On a point of order, Sir. ਕੀ ਵਜ਼ੀਰ ਸਾਹਿਬ ਕਿਸੇ ਦੇ ਪੇਸ਼ੇ ਤੇ attack ਕਰ ਸਕਦੇ ਹਨ । ਜੇਕਰ ਮੈਂ ਵਜ਼ੀਰ ਸਾਹਿਬ ਦੇ ਪੇਸ਼ੇ ਦਾ ਜਿਕਰ ਕਰਾਂ ਤਾਂ ਉਨ੍ਹਾਂ ਨੂੰ ਮਿਰਚਾਂ ਲਗਣਗੀਆਂ । ਮੈਂ ਉਸ ਦਿਨ ਇਨ੍ਹਾਂ ਦੇ ਪੇਸ਼ੇ ਦਾ ਜ਼ਿਕਰ ਕੀਤਾ ਸੀ ਕਿ ਇਨ੍ਹਾਂ ਦਾ ਕੰਮ ਖਲਾਂ ਲਾਹਣਾ ਤੇ ਰੰਗਣਾ ਹੈ ਤਾਂ ਇਤਰਾਜ਼ ਹੋਇਆ ਸੀ ।

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਹਾਂ, ਠੀਕ ਹੈ ਜੋ ਮਾੜੇ ਆਦਮੀ ਹਨ ਮੈਂ ਉਨ੍ਹਾਂ ਦੀਆਂ ਖਲਾਂ ਲਾਹੁੰਦਾ ਅਤੇ ਜੋ ਮਾੜੇ ਆਦਮੀ ਹੋਣਗੇ ਉਨ੍ਹਾਂ ਦੀਆਂ ਖੱਲਾਂ ਲਾਹਵਾਂਗਾ (ਹਾਸਾ) ਸੋ ਮੈਂ ਅਰਜ਼ ਕਰਦਾ ਹਾਂ ਕਿ 1878 ਵਿਚ ਇਕ ਸੈਂਟਰਲ ਐਕਟ ਪਾਸ ਹੋਇਆ ਸੀ ਜਿਸਦੀ ਰੂ ਨਾਲ ਜੇਕਰ ਕੋਈ ਆਦਮੀ ਲਕੜੀ ਕਟਦਾ ਪਕੜਿਆ ਜਾਂਦਾ ਹੈ ਤਾਂ ਉਹ ਲਕੜੀ ਵਾਪਸ ਕਰਨੀ ਹੁੰਦੀ ਹੈ ਤੇ ਉਸ ਵਿਚ provided ਹੈ ਕਿ ਜੰਗਲਾਤ ਦਾ ਅਫਸਰ ਸਮਝੌਤਾ ਕਰਾ ਕੇ 50 ਰੁਪਏ ਲਕੜੀ ਦੀ ਕੀਮਤ ਦਿਲਾਵੇਗਾ । ਫੇਰ 1927 ਵਿਚ ਜੋ ਐਕਟ ਪਾਸ ਹੋਇਆ ਉਸ ਵਿਚ 50 ਰੁਪਏ ਕੀਮਤ ਰਖੀ ਸੀ ਜੇਕਰ ਉਸ ਵਕਤ ਦੀ ਲਕੜੀ ਦੀ ਕੀਮਤ ਵੇਖੀਏ ਤਾਂ ਉਸ ਵਕਤ ਵੀ ਸਮਝੌਤੇ ਨਾਲ 50 ਰੁਪਏ ਲਕੜੀ ਦੀ ਕੀਮਤ ਦੇਣੀ ਪੈਂਦੀ ਸੀ ।

5.00 P.m.

ਜ਼ਮਾਨਾ ਕਿਸ ਤਰੀਕੇ ਨਾਲ ਤਬਦੀਲ ਹੋਇਆ। ਚੇਅਰਮੈਨ ਸਾਹਿਬ, ਉਸ ਵੇਲੇ ਦੇ ਦਰਖਤ ਦੀ ਤੇ ਹੁਣ ਦੇ ਦਰਖਤ ਦੀ ਕੀਮਤ ਦਾ ਅੰਦਾਜ਼ਾ ਲਾਉ । ਜਿਹੜਾ ਦਰਖਤ ਉਸ ਵੇਲੇ 50 ਰੁਪਏ ਦਾ ਸੀ ਹੁਣ ਉਹ ਹਜ਼ਾਰ ਰੁਪਏ ਤੋਂ ਵੀ ਜ਼ਿਆਦਾ ਦਾ ਹੈ (ਵਿਘਨ) ਚੇਅਰਮੈਨ ਸਾਹਿਬ, ਬਹੁਤ ਸਾਰੇ ਅਜਿਹੇ ਲੋਕ ਹਨ ਜਿਹੜੇ ਇਹੋ ਜਿਹੀਆਂ ਗਲਾਂ ਕਰਦੇ ਹਨ। ਚੇਅਰਮੈਨ ਸਾਹਿਬ, ਪਹਾੜ ਵਿਚ ਕੁਝ ਲੋਕਾਂ ਦਾ ਪੇਸ਼ਾ ਇਹ ਹੈ ਕਿ ਉਹ ਚੋਰੀ ਤੇ ਡਾਕੇ ਨਾਲ ਲਕੜੀ ਕਟਦੇ ਹਨ । ਉਹ ਚੋਰੀ ਡਾਕੇ ਨਾਲ ਦਰਖਤ ਪੁਟਦੇ ਹਨ । ਇਸ ਨਾਲ ਸਰਕਾਰ ਦਾ ਜਾਂ ਮਾਲਕ ਦਾ ਹੀ ਨੁਕਸਾਨ ਨਹੀਂ ਹੁੰਦਾ ਕੌਮ ਦਾ ਨੁਕਸਾਨ ਹੁੰਦਾ ਹੈ । ਅਸੀਂ ਬੜੇ ਬੜੇ ਡੈਮ ਬਣਾਏ ਹਨ। ਭਾਖੜਾ ਡੈਮ ਬਣਾਇਆ ਹੈ ਤੇ ਬਿਆਸ ਡੈਮ ਬਣਾ ਰਹੇ ਹਾਂ। ਜੇ ਦਰਖਤ ਕਟ ਲਈਏ ਤਾਂ ਪਹਾੜ ਦੀ ਮਿੱਟੀ ਰੁੜ੍ਹ ਕੇ ਡੈਮ ਵਿਚ ਆ ਜਾਏ। ਜਿਹੜੀ ਮਿਹਨਤ ਕੀਤੀ ਹੈ, ਕਰੋੜਾਂ ਤੇ ਅਰਬਾਂ ਰੁਪਿਆ ਲਾ ਕੇ ਡੈਮ ਬਣਾਏ ਹਨ ਉਹ ਬਹੁਤ ਜਲਦੀ ਮਿੱਟੀ ਨਾਲ ਭਰ ਜਾਣੇ ਨੇ। ਦਰਖਤਾਂ ਦੇ ਕਟਣ ਨਾਲ ਸ਼ਰਕਾਰ ਜਾਂ ਲੋਕਾਂ ਨੂੰ ਹੀ ਨੁਕਸਾਨ ਨਹੀਂ ਹੁੰਦਾ, ਨੇਸ਼ਨ ਨੂੰ ਨੁਕਸਾਨ ਹੁੰਦਾ ਹੈ ਜਿਸ ਨਾਲ ਸਾਡਾ ਕਰੋੜਾਂ ਤੇ ਅਰਬਾਂ ਰੁਪਿਆ ਲਗਿਆ ਬਰਬਾਦ ਹੋਣ ਦਾ ਡਰ ਹੈ । ਬਹੁਤ ਸਾਰੇ ਲੋਕਾਂ ਦਾ ਕੰਮ ਇਹ ਹੈ, ਕਿਤਾ ਇਹ ਹੈ ਕਿ ਹਜ਼ਾਰ ਰੁਪਏ ਦੇ ਦਰਖਤ ਕਟ ਲਈਏ ਮਗਰੋਂ 50 ਰੁਪਏ ਦੇ ਕੇ ਸਮਝੌਤਾ ਕਰ ਲਵਾਂਗੇ ਫੈਸਲਾ ਕਰ ਲਵਾਂਗੇ । ਇਸ ਚੀਜ਼ ਨੂੰ ਦੂਰ ਕਰਨ ਵਾਸਤੇ ਜਿਹੜੇ ਲੋਕ ਪਹਾੜ ਦੇ ਦੁਸ਼ਮਣ ਹਨ, ਜਿਹੜੇ ਲੋਕਾਂ ਦੀ ਜ਼ਮੀਨ ਦਾ ਨੁਕਸਾਨ ਕਰਦੇ ਹਨ, ਜਿਹੜੇ ਪੰਜਾਬ ਸਰਕਾਰ ਦੀ property ਦਾ ਨੁਕਸਾਨ ਕਰਦੇ ਹਨ, ਚੇਅਰਮੈਨ ਸਾਹਿਬ, ਕੀ ਹੋਇਆ ਜੇ ਅਜ ਦੇ ਜ਼ਮਾਨੇ ਵਿਚ ਉਨ੍ਹਾਂ ਨੂੰ ਇਸ ਕੰਮ ਤੋਂ ਰੋਕਣ ਲਈ 50 ਰੁਪਏ ਦੀ ਬਜਾਏ 500 ਰੁਪਿਆ ਰਖ ਦਿਤਾ ਜਾਵੇ, ਸਗੋਂ ਇਸ ਗਲ ਦੀ ਤਾਰੀਫ ਕਰਨੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਇਸ ਚੀਜ਼ ਨਾਲ

ਜਿਹੜੇ ਪਹਾੜਾਂ ਦਾ ਨੁਕਸਾਨ ਕਰਦੇ ਹਨ, ਜਿਹੜੇ ਪਹਾੜ ਵਿਚ ਡਾਕੇ ਤੇ ਚੋਰੀਆਂ ਕਰਦੇ ਹਨ, ਜਿਨ੍ਹਾਂ ਦਾ ਪੇਸ਼ਾ ਇਹ ਬਣ ਗਿਆ ਹੈ ਕਿ ਪਹਾੜਾਂ ਦੀ ਲਕੜੀ ਕਟ ਕੇ ਆਪਣਾ ਗੁਜ਼ਾਰਾ ਕਰੀਏ, 50 ਰੁਪਏ ਦੇ ਕੇ ਰਾਜ਼ੀ ਨਾਮਾ ਕਰ ਲਈਏ, ਉਹ ਖਤਮ ਹੋਣਗੇ । ਚੇਅਰਮੈਨ ਸਾਹਿਬ, ਮੈਂ ਹੈਰਾਨ ਹਾਂ, ਮੈਨੂੰ ਦੁਖ ਹੈ ਮੇਰੇ ਉਧਰਲੀਆਂ ਪਾਰਟੀਆਂ ਦੇ ਦੋਸਤ ਇਸ ਚੋਰੀ ਤੇ ਡਾਕੇ ਵਿਚ ਪਹਾੜੀਆਂ ਦੀ ਮਦਦ ਕਰਦੇ ਹਨ, ਜਿਹੜੇ ਲੋਕ ਕਾਨੂੰਨ ਨੂੰ ਆਪਣੇ ਹਥ ਵਿਚ ਲੈਂਦੇ ਹਨ ਉਨ੍ਹਾਂ ਦੀ ਮਦਦ ਕਰਦੇ ਹਨ । ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਪਹਾੜ ਵਿਚ ਇਨ੍ਹਾਂ ਚੋਰੀਆਂ ਨੂੰ ਬੰਦ ਕਰੀਏ, ਇਨ੍ਹਾਂ ਨੂੰ ਰੋਕੀਏ । ਇਹ ਇਸ ਗੱਲ ਨੂੰ justify ਕਰਨ ਕਿ ਇਹ ਠੀਕ ਯਾ ਗਲਤ ਕਰਦੇ ਹਨ । ਇਨ੍ਹਾਂ ਦੋਸਤਾਂ ਨੇ ਜਿਹੜੀਆਂ ਗੱਲਾਂ ਕਹੀਆਂ ਹਨ ਗਲਤ ਕਹੀਆਂ ਹਨ । ਇਨ੍ਹਾਂ ਨੂੰ ਇਸ ਗਲ ਦੀ ਤਾਰੀਫ ਕਰਨੀ ਚਾਹੀਦੀ ਹੈ । ਇਸ ਤਰਮੀਮ ਲਿਆਉਣ ਨਾਲ ਪਹਾੜ ਤੇ ਇਹ ਚੋਰੀ ਖਤਮ ਹੋ ਜਾਏਗੀ । ਜਿਹੜੇ ਪਹਾੜ ਵਿਚੋਂ ਲਕੜੀ ਕਟਦੇ ਹਨ ਉਸ ਨੂੰ ਹਟਾ ਕੇ ਪਹਾੜ ਆਬਾਦ ਰਹੇਗਾ । ਸਾਡੇ ਦੇਸ਼ ਨੂੰ ਫਾਇਦਾ ਪਹੁੰਚੇਗਾ । ਦੋ ਤਿੰਨ ਦੋਸਤਾਂ ਨੇ ਕਿਹਾ ਹੈ ਕਿ simple majority ਕਰ ਦਿਤੀ ਹੈ । ਦਫਾ 38 ਹੇਠ ਲੋਕ ਇਕਠੇ ਹੋ ਕੇ ਦਰਖਾਸਤ ਲਿਖਦੇ ਸਨ ਕਿ ਸਾਡੇ ਪਿੰਡ ਦੇ ਜੰਗਲ ਦਾ ਸਰਕਾਰ ਇੰਤਜ਼ਾਮ ਕਰੇ, ਇਸ ਦੇ ਦੁਆਲੇ ਸਰਕਾਰ ਬਾੜ ਲਗਾਵੇ, ਤਾਰ ਲਾਵੇ । ਜੰਗਲ ਠੀਕ ਹੋ ਜਾਵੇ ਤਾਂ ਇਕ ਪਾਸਿਉਂ ਅਜਿਹਾ ਕਰਨਾ ਬੰਦ ਕਰ ਦੇਵੇ ਤੇ ਪੰਜ ਸਤ ਸਾਲ ਬਾਅਦ ਦੂਜਾ ਅਧਾ ਹਿਸਾ ਠੀਕ ਕਰ ਦੇਵੇ । ਅਗੇ ਇਹ ਸੀ ਕਿ ਜੇ ਪਿੰਡ ਵਿਚ ਉਨ੍ਹਾਂ ਲੋਕਾਂ ਦਾ ⅔ ਹਿਸਾ ਜਿਹੜੇ ਜ਼ਮੀਨ ਦੇ ਮਾਲਕ ਹਨ ਅਤੇ ਜਿਨ੍ਹਾਂ ਨੇ ਜੰਗਲ ਠੀਕ ਕਰਵਾਉਣਾ ਹੈ ਤੇ ਪਹਾੜ ਵਿਚ erosion ਵਗੈਰਾ ਠੀਕ ਕਰਾਉਣੀ ਹੈ ਕੁਲੈਕਟਰ ਨੂੰ ਲਿਖ ਕੇ ਦੇਵੇ ਤਾਂ ਕੁਲੈਕਟਰ ਨੋਟੀਫੀਕੇਸ਼ਨ ਕਰਦਾ ਸੀ ਅਤੇ ਸਰਕਾਰ ਉਸਦਾ ਇੰਤਜ਼ਾਮ ਕਰਦੀ ਸੀ । ਪਹਾੜ ਵਿਚ ਜਦੋਂ ਦਰਖਤ ਹੋ ਜਾਂਦੇ ਹਨ, ਘਾਹ ਪੈਦਾ ਹੋਣ ਲਗ ਜਾਂਦਾ ਹੈ ਅਸੀਂ ਲੋਕਾਂ ਦੇ ਸਪੁਰਦ ਕਰ ਦਿੰਦੇ ਹਾਂ । ਸਰਕਾਰ ਦਾ ਐਨਾ ਹਿਸਾ ਹੈ ਕਿ ਲੋਕਾਂ ਦੇ ਜੰਗਲਾਂ ਨੂੰ ਠੀਕ ਕਰਨਾ ਹੈ । ਪੰਚਾਇਤੀ ਰਾਜ ਆਉਣ ਕਰ ਕੇ ਗਰਾਮ ਸਭਾਵਾਂ ਬਣ ਗਈਆਂ ਹਨ । ਇਹ ਇੰਤਜ਼ਾਮ ਹੁਣ ਉਨ੍ਹਾਂ ਨੇ ਕਰਨਾ ਹੈ । ਗਰਾਮ ਸਭਾ ਨੇ ਲੋਕਾਂ ਦੇ ਜੰਗਲ ਦਾ ਇੰਤਜ਼ਾਮ ਕਰਨਾ ਹੈ । ਉਨ੍ਹਾਂ ਨੇ Collector ਨੂੰ ਦਰਖਾਸਤ ਦੇਣੀ ਹੈ । ਉਥੇ ਜਿੰਨੇ ਕੰਮ ਹੁੰਦੇ ਹਨ simple majority ਨਾਲ ਹੁੰਦੇ ਹਨ । ਅਸੀਂ ਪੰਚਾਇਤ ਐਕਟ ਪਾਸ ਕੀਤਾ ਹੈ । ਪੰਚਾਇਤ ਸੰਮਤੀ ਤੇ ਜ਼ਿਲਾ ਪਰਿਸ਼ਦ ਬਿਲ ਪਾਸ ਕੀਤਾ ਹੈ । ਜਿੰਨੇ ਅਜਿਹੇ ਐਕਟ ਬਣਾਏ ਹਨ, ਰਿਵਾਜ ਇਹ ਹੈ ਕਿ ਉਥੋਂ ਦੀਆਂ ਚੀਜ਼ਾਂ simple majority ਨਾਲ ਪਾਸ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਸਰਕਾਰ ਦਾ ਕੋਈ ਦਖਲ ਨਹੀਂ । ਸਰਕਾਰ ਨੇ ਪੈਸੇ ਖਰਚ ਕਰਕੇ ਇੰਤਜ਼ਾਮ ਕਰਨਾ ਹੈ ਤੇ ਲੋਕਾਂ ਲਈ ਇੰਤਜ਼ਾਮ ਕਰਕੇ ਜੰਗਲ ਵਿਚ ਦਰਖਤ ਲਾਉਣੇ ਹਨ । ਜੇ ਪਹਾੜ ਵਿਚ ਐਸੀ ਚੀਜ਼ ਪੈਦਾ ਨਹੀਂ ਹੋਵੇਗੀ ਤਾਂ ਪਹਾੜ ਡਿਗ ਪੈਣਗੇ, ਪਹਾੜ ਦਾ ਪਾਣੀ ਬਹਿ ਬਹਿ ਕੇ ਮੈਦਾਨਾਂ ਵਿਚ ਜਾਵੇਗਾ ਤੇ ਡੈਮਾਂ ਨੂੰ ਨੁਕਸਾਨ ਹੋਵੇਗਾ । ਇਹ ਮਾਮੂਲੀ ਗੱਲ ਸੀ । ਮੈਂ ਅਰਜ਼ ਕਰਾਂ ਕਿ ਪਿੰਡਾਂ ਵਿਚ ਐਸੇ ਲੋਕ ਵੀ ਹਨ ਜਿਹੜੇ ਲੋਕਾਂ ਦੀ ਤਰੱਕੀ ਚਾਹੁੰਦੇ ਹਨ, ਜਿਹੜੇ ਆਪਣੇ ਮੁਲਕ ਨੂੰ ਸੁਧਾਰਨਾ ਚਾਹੁੰਦੇ ਹਨ, ਜਿਹੜੇ ਆਪਣੇ ਖੇਤਾਂ ਨੂੰ ਅਛਾ ਬਨਾਉਣਾ ਚਾਹੁੰਦੇ ਹਨ । ਕੁਝ ਲੋਕ ਐਸੇ ਵੀ ਹਨ ਜੋ ਆਪ ਕੰਮ ਕਰਨਾ ਨਹੀਂ ਚਾਹੁੰਦੇ ਤੇ ਦੂਜਿਆਂ ਨੂੰ ਕਰਨ ਨਹੀਂ ਦੇਣਾ ਚਾਹੁੰਦੇ । ਕੁਝ ਅਜਿਹੇ ਹਨ ਜਿਨ੍ਹਾਂ ਨੂੰ ਚੰਗਾ ਕੰਮ ਦੇਖ ਕੇ ਖੁਸ਼ੀ ਹੁੰਦੀ ਹੈ। ਕੁਝ ਅਜਿਹੇ ਹਨ ਜਿਹੜੇ ਕੰਮ ਨਹੀਂ ਕਰਨ ਦਿੰਦੇ । ਇਹ ਕੋਈ ਐਸੀ ਤਰਮੀਮ ਨਹੀਂ ਜਿਸ ਨਾਲ ਅਸਮਾਨ ਢਹਿ ਜਾਣਾ ਹੈ । ਪਿੰਡਾਂ ਦੇ ਲੋਕ ਆਪਣੇ ਜੰਗਲ ਨੂੰ ਠੀਕ ਕਰਨ ਲਈ ਸਰਕਾਰ ਨੂੰ ਲਿਖ ਕੇ ਦਿੰਦੇ ਹਨ । Collector ਨੂੰ ਲਿਖ ਕੇ ਦਿੰਦੇ ਹਨ ਕਿ ਉਥੇ ਤਾਰ ਲਾਈ ਜਾਵੇ, ਦਰਖਤ ਬੀਜੇ ਜਾਣ । ਘਾਸ ਪੈਦਾ ਹੋਣ ਦਿਤਾ ਜਾਏ, ਇਸ ਨਾਲ ਪਹਾੜ ਸਰਸਬਜ਼ ਹੋ ਜਾਏਗਾ । ਫੇਰ ਦੂਜਾ

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਹਿਸਾ ਵਗਲ ਲਉ ਤੇ ਪਹਿਲੇ ਨੂੰ ਛਡ ਦਿਉ । ਇਹ ਤਾਂ ਲੋਕਾਂ ਦੀ ਭਲਾਈ ਵਾਸਤੇ ਹੈ । ਇਹ ਕੋਈ ਇਹੋ ਜਿਹੀ ਕਲਾਜ਼ ਨਹੀਂ ਜਿਸਤੇ ਇਤਰਾਜ਼ ਕੀਤਾ ਜਾਏ । ਇਹ ਕਿਹਾ ਗਿਆ ਕਿ ਅਸੀਂ ¾ ਹਿਸਾ ਕਿਉਂ ਨਹੀਂ ਕੀਤਾ । ਕੀ ਸਾਰਾ ਪਿੰਡ ਕਹੇ ? ਇਹ ਤਾਂ ਉਨ੍ਹਾਂ ਲਈ ਇੰਤਜ਼ਾਮ ਕਰਨਾ ਹੈ । ਇਸ ਲਈ ਤਾਂ ਰਿਵਾਜ ਇਹ ਹੈ ਕਿ ਅਜਿਹੇ ਕੰਮ simple majority ਨਾਲ ਕੀਤੇ ਜਾਂਦੇ ਹਨ । ਚਾਹੀਦਾ ਤਾਂ ਇਹ ਹੈ ਕਿ ਜਿਹੜੀ ਚੀਜ਼ ਅਛੀ ਕੀਤੀ ਜਾਵੇ ਉਸ ਦੀ ਸ਼ਲਾਘਾ ਕੀਤੀ ਜਾਏ । ਜਿਹੜੀ ਚੀਜ਼ ਲੋਕਾਂ ਦੀ ਭਲਾਈ ਲਈ ਹੈ ਉਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ । ਇਹ ਨਹੀਂ ਚਾਹੀਦਾ ਕਿ ਕਿਉਂਕਿ ਇਹ ਗੌਰਮੈਂਟ ਕਰ ਰਹੀ ਹੈ ਇਸ ਵਾਸਤੇ ਆਪੋਜ਼ੀਸ਼ਨ ਵਾਲਿਆਂ ਨੇ ਜ਼ਰੂਰ ਇਸ ਦੀ ਮੁਖਾਲਫਤ ਕਰਨੀ ਹੈ । ਮੈਂ ਇਕ ਗਲ ਹੋਰ ਕਹਿਣੀ ਹੈ । ਪੰਡਤ ਮੋਹਨ ਲਾਲ ਜੀ ਬੜੇ ਸਿਆਣੇ ਤੇ ਸੁਲਝੇ ਹੋਏ ਹਨ । ਉਨ੍ਹਾਂ ਨੇ ਕਿਹਾ ਹੈ ਕਿ ਇਸ ਨਾਲ ਪਹਾੜੀਆਂ ਨੂੰ ਸਹੂਲਤ ਨਹੀਂ । ਮੈਂ ਪੰਡਿਤ ਮੋਹਨ ਲਾਲ ਤੇ ਹੋਰ ਸਾਥੀਆਂ ਨੂੰ invite ਕਰਦਾ ਹਾਂ । ਮੈਂ ਨਾਲ ਚਲਦਾ ਹਾਂ । ਅਸੀਂ ਡੇਰਾ ਗੋਪੀ ਪੁਰ ਤੋਂ ਸ਼ੁਰੂ ਕਰ ਦਿੰਦੇ ਹਾਂ । ਉਹ ਵੇਖਣਗੇ ਕਿ ਜਿਥੇ ਜਿਥੇ Soil Conservation ਐਕਟ ਦੀ ਦਫਾ 4 ਤੇ 5 ਲਾਗੂ ਕੀਤੀ ਹੈ ਲੋਕਾਂ ਦੀ ਜ਼ਮੀਨ ਖਰਾਬ ਹੋਣ ਤੋਂ ਬਚਾਈ ਹੈ । ਜਿਥੇ ਘਾਹ ਨਹੀਂ ਸੀ ਹੁੰਦਾ ਉਥੇ ਹੁਣ ਸਰਸਬਜ਼ ਪਹਾੜ ਚਮਕਦੇ ਹਨ । ਜਿਥੇ ਕੋਈ ਸਬਜ਼ਾ ਨਹੀਂ ਸੀ ਨਜ਼ਰ ਆਉਂਦਾ, ਜਿਥੇ ਸਿਵਾਏ ਪਥਰਾਂ ਦੇ ਕੁਝ ਨਹੀਂ ਸੀ ਹੁਣ ਓਥੇ ਜਾਕੇ ਦੇਖੋ ਤਾਂ ਦਿਲ ਖੁਸ਼ ਹੁੰਦਾ ਹੈ। ਬੇਸ਼ੁਮਾਰ ਜੰਗਲ ਲਗਾਏ ਹਨ । ਜਿਹੜੇ ਦੋਸਤ ਨੂੰ ਸ਼ਕ ਹੋਵੇ ਮੇਰੇ ਨਾਲ ਆਵੇ, ਮੇਰੀ ਕਾਰ ਵਿਚ ਬੈਠੇ ਜੋ ਸਰਕਾਰ ਦੀ ਹੈ । (ਵਿਘਨ) ਚੇਅਰਮੈਨ ਸਾਹਿਬ, ਇਹ ਸਰਕਾਰ ਨੇ ਦਿਤੀ ਹੈ ਲੋਕਾਂ ਦੀ ਸੇਵਾ ਕਰਨ ਵਾਸਤੇ । ਮੈਂ ਅਰਜ਼ ਕਰਦਾ ਹਾਂ ਕਿ ਇਹ ਗਲ ਗਲਤ ਹੈ ਕਿ ਅਸੀਂ ਜਿਹੜੇ ਅਜਿਹੇ ਐਕਟ ਲਾਗੂ ਕੀਤੇ ਹਨ ਉਨ੍ਹਾਂ ਨਾਲ ਪਹਾੜਾਂ ਦਾ ਨੁਕਸਾਨ ਹੋਇਆ ਹੈ । ਅਗਰ ਪਹਾੜ ਨੂੰ ਇਸੇ ਤਰਾਂ ਰਹਿਣ ਦਿਤਾ ਜਾਵੇ, ਅਗਰ ਜੰਗਲ ਨੂੰ ਕਟਿਆ ਜਾਵੇ, ਅਗਰ ਦਰਖਤ ਨਾ ਬੀਜੇ ਜਾਣ, ਅਗਰ ਘਾਹ ਨਾ ਬੀਜਿਆ ਜਾਵੇ, ਜਿਸ ਤਰਾਂ ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਲਖਾਂ, ਕਰੋੜਾਂ ਤੇ ਅਰਬਾਂ ਰੁਪਏ ਲਾਕੇ ਜਿਹੜੇ ਡੈਮ ਬਣਾਏ ਹਨ ਜੋ ਉਹ ਦੋ ਸੌ ਸਾਲ ਵਿਚ ਪੂਰੇ ਜਾਣੇ ਹਨ ਤਾਂ ਸੌ ਸਾਲ ਵਿਚ ਪੂਰੇ ਜਾਣਗੇ । ਸਾਡੀ ਡਿਊਟੀ ਹੈ ਕਿ ਪਹਾੜ ਵਿਚ ਇੰਤਜ਼ਾਮ ਕਰੀਏ, ਦਰਖਤ ਲਾਈਏ, ਘਾਹ ਲਾਈਏ । ਪਹਾੜ ਵਿਚ ਮੀਂਹ ਵਰ੍ਹਦਾ ਹੈ । ਜੇ ਉਥੇ ਦਰਖਤ ਨਾ ਹੋਣ ਤਾਂ ਸਾਡੇ ਮੈਦਾਨ ਨੂੰ ਜ਼ਿਆਦਾ ਹੜ੍ਹਾਂ ਦੇ ਜ਼ਰੀਏ ਪਾਣੀ ਮਾਰ ਜਾਵੇਗਾ ਇਹ ਕੋਈ ਭੈੜੀ ਗਲ ਨਹੀਂ ਕੀਤੀ । ਚੰਗੀ ਗਲ ਤੇ ਇਤਰਾਜ਼ ਕਰਨ ਤੋਂ ਮੈਨੂੰ ਹੈਰਾਨੀ ਹੁੰਦੀ ਹੈ । ਪਹਾੜਾਂ ਵਿਚੋਂ ਚੋਰ ਖ਼ਤਮ ਕੀਤੇ ਹਨ, ਡਾਕੂ ਖਤਮ ਕੀਤੇ ਹਨ, ਲਕੜੀ ਵੇਚਣ ਵਾਲੇ ਖਤਮ ਕੀਤੇ ਹਨ । 50 ਰੁਪਏ ਤੋਂ 500 ਰੁਪਏ ਕੀਤਾ ਹੈ । ਮੈਂ ਹੈਰਾਨ ਹੁੰਦਾ ਹਾਂ ਇਸ ਲਈ ਕਿ ਮੇਰੇ ਦੋਸਤ ਨੇ ਇਕ ਗਲ ਹੋਰ ਕਹੀ ਹੈ । ਬੜਾ ਜ਼ੋਰ ਦਿਤਾ ਕਿ ਜਿਹੜੇ ਪਿਛਲੇ ਰਾਜੇ ਸਨ ਉਨ੍ਹਾਂ ਦੇ ਕੀਤੇ ਹੋਏ ਕੰਮਾਂ ਨੂੰ ਸਾਡੇ ਕੋਲੋਂ ਸਹੀ ਕਰਾਉਣ ਲਗੇ ਹਨ । ਚੇਅਰਮੈਨ ਸਾਹਿਬ, ਜਿਸ ਵੇਲੇ 1948 ਵਿਚ ਪੈਪਸੂ ਬਣਿਆ ਉਥੇ ਪਟਿਆਲੇ ਤੋਂ ਬਿਨਾ ਛੇ ਸਤ ਹੋਰ ਰਾਜੇ ਸਨ । ਪਟਿਆਲੇ ਨੂੰ ਛਡ ਕੇ ਬਾਕੀ ਪੰਜ ਸਤ ਛੋਟੀਆਂ ਛੋਟੀਆਂ ਰਿਆਸਤਾਂ ਸਨ ਜਿਨ੍ਹਾਂ ਤੇ ਪਟਿਆਲੇ ਦਾ ਐਕਟ ਸੰਮਤ ਬਿਕਰਮੀ 1999 ਲਾਗੂ ਸੀ । ਇਨ੍ਹਾਂ ਰਿਆਸਤਾਂ ਵਿਚ ਆਪਣੇ ਢੰਗ ਨਾਲ ਜੰਗਲ ਦਾ ਇੰਤਜ਼ਾਮ ਕੀਤਾ ਜਾਂਦਾ ਸੀ । 1947 ਤੋਂ ਪਹਿਲਾਂ ਇਸ ਤਰਾਂ ਦਾ ਪ੍ਰਬੰਧ ਸੀ ਕਿ ਕੋਈ ਸੈਟਲਮੈਂਟ ਨਹੀਂ ਸੀ ਕੀਤੀ ਗਈ ਅਤੇ ਨਾ ਹੀ ਕਿਤੇ ਕੋਈ ਸੈਟਲਮੈਂਟ ਅਫਸਰ ਮੁਕਰਰ ਕੀਤੇ ਗਏ ਹਨ । ਇਨ੍ਹਾਂ ਰਾਜਿਆਂ ਨੇ ਆਪਣੇ ਢੰਗ ਅਨੁਸਾਰ ਜੰਗਲ ਬਣਾਏ ਹੋਏ ਸਨ । ਇਨ੍ਹਾਂ ਵਿਚ ਕੁਝ reserve forests ਸਨ ਅਤੇ ਕੁਝ protected forests ਸਨ। ਇਸ

ਤਰ੍ਹਾਂ ਦੇ ਜੋ ਸਾਰੇ doubts ਸਨ ਉਨ੍ਹਾਂ ਨੂੰ ਇਸ ਬਿਲ ਰਾਹੀਂ, ਚੇਅਰਮੈਨ ਸਾਹਿਬ, ਅਸੀਂ remove ਕੀਤਾ ਹੈ ਤਾਂ ਜੋ ਇਹ ਨਾ ਕਹਿ ਸਕਣ ਕਿ ਸੈਟਲਮੈਂਟ ਨਹੀਂ ਹੋਈ ਜਾਂ ਸੈਟਲਮੈਂਟ ਅਫਸਰ ਨਹੀਂ ਮੁਕਰਰ ਕੀਤਾ ਗਿਆ ਜਾਂ ਫਲਾਣੀ ਚੀਜ਼ ਨਹੀਂ ਕੀਤੀ ਗਈ। ਜਿਸ ਤਰੀਕੇ ਨਾਲ ਉਹ ਇੰਤਜ਼ਾਮ ਕਰਦੇ ਸਨ ਉਸੇ ਤਰੀਕੇ ਨਾਲ ਇਸ ਬਿਲ ਰਾਹੀਂ ਅਸੀਂ ਇਨ੍ਹਾਂ ਪਾਸੋਂ ਇੰਤਜ਼ਾਮ ਲੈ ਲਿਆ ਹੈ ਅਤੇ ਇਸ ਗਲ ਵਿਚ ਕਿਸੇ ਕਿਸਮ ਦੀ ਲੁਟ ਦਾ ਸਵਾਲ ਨਹੀਂ ਤੇ ਨਾ ਹੀ ਕੋਈ ਮਾਰ ਮਾਰੀ ਗਈ ਹੈ। ਪਹਾੜ ਦਾ ਜੋ ਇੰਤਜ਼ਾਮ ਅਜ ਤੋਂ ਪੰਦਰਾਂ ਸਾਲ ਪਹਿਲਾਂ ਇਹ ਕਰਦੇ ਸਨ ਉਹ ਸਾਡੇ ਪਾਸ ਆ ਗਿਆ ਹੈ। ਇਸ ਤਰਮੀਮ ਦੀ ਰਾਹੀਂ ਤਿੰਨ ਚਾਰ ਗਲਾਂ ਕੀਤੀਆਂ ਗਈਆਂ ਹਨ ਅਤੇ ਮੈਂ ਸਮਝਦਾ ਹਾਂ ਕਿ ਇਨ੍ਹਾਂ ਬਾਰੇ ਕੋਈ ਦਲੀਲ ਇਹ ਨਹੀਂ ਦੇ ਸਕੇ। ਹਾਲਾਂਕਿ ਮੈਨੂੰ ਇਸ ਗਲ ਦਾ ਸ਼ੌਕ ਸੀ ਕਿ ਅਪੋਜ਼ੀਸ਼ਨ ਵਲੋਂ ਕੋਈ ਚੰਗੇ ਸੁਝਾਵ ਆਣਗੇ ਅਤੇ ਕੋਈ ਉਸਾਰੂ ਦਲੀਲਾਂ ਇਹ ਦੇਣਗੇ ਪਰ ਸਿਵਾਏ ਇਕ ਗਲ ਦੇ ਕਿ ਜੁਰਮਾਨਾ 50 ਰੁਪਏ ਤੋਂ ਵਧਾ ਕੇ 500 ਰੁਪਏ ਕਰ ਦਿਤਾ ਗਿਆ ਹੈ ਹੋਰ ਕੋਈ ਇਤਰਾਜ਼ ਵਾਲੀ ਗਲ ਇਨ੍ਹਾਂ ਨੂੰ ਇਸ ਬਿਲ ਵਿਚ ਨਹੀਂ ਲਭੀ। ਬਾਕੀ ਮੈਜਾਰਟੀ ਦੀ ਗਲ ਕਰਦੇ ਹਨ ਉਹ ਅਸੀਂ 2/3 ਨੂੰ ਹਟਾ ਕੇ ਸਿੰਪਲ ਕਰ ਦਿਤੀ ਹੈ। ਇਹ ਦੋਵੇਂ ਗਲਾਂ ਅਸੀਂ Forest ਦੇ ਫਾਇਦੇ ਲਈ ਕੀਤੀਆਂ ਹਨ। Forest ਨੂੰ ਚੰਗਾ ਬਨਾਉਣ ਲਈ ਕੀਤੀਆਂ ਗਈਆਂ ਹਨ। Forest ਨੂੰ ਅਸੀਂ ਚੋਰਾਂ ਡਾਕੂਆਂ ਤੋਂ ਬਚਾਇਆ ਹੈ ਅਤੇ ਜੋ ਅਗੇ ਲਕੜੀ ਵਢਦੇ ਸਨ ਅਤੇ Forest Guard ਨੂੰ 50 ਰੁਪਏ ਦੇ ਕੇ ਸਮਝੌਤਾ ਕਰ ਲੈਂਦੇ ਸਨ ਉਨ੍ਹਾਂ ਨੂੰ ਇਸ ਤਰੀਕੇ ਨਾਲ ਤਰਮੀਮ ਲਿਆ ਕੇ ਰੋਕ ਦਿਤਾ ਗਿਆ ਹੈ ਅਤੇ ਜੋ ਲਕੜ ਦਾ ਨੁਕਸਾਨ ਹੁੰਦਾ ਸੀ ਉਸ ਤੋਂ Forest ਨੂੰ ਬਚਾ ਲਿਆ ਗਿਆ ਹੈ। ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਹ ਵਾਕਈ ਇਕ ਮਾਸੂਮ ਬਿਲ ਹੈ ਪਰ ਇਨ੍ਹਾਂ ਨੇ ਇਸ ਨੂੰ ਬਾਤ ਦਾ ਬਤੰਗੜ ਬਣਾ ਦਿਤਾ ਹੈ। ਡਾਕਟਰ ਮੰਗਲ ਸੈਨ ਜੀ ਨੇ ਕਹਿਣਾ ਕੁਝ ਹੋਰ ਸੀ ਪਰ ਕਹਿ ਕੁਝ ਹੋਰ ਗਏ ਹਨ। ਇਸੇ ਤਰਾਂ ਜੋਸ਼ ਸਾਹਿਬ ਜੋਸ਼ ਵਿਚ ਆ ਕੇ ਬਿਲ ਦੀਆਂ ਮੂਲ ਦਫਾਤ ਨੂੰ ਹੀ ਭੁਲ ਕੇ ਹੋਰ ਹੋਰ ਗਲਾਂ ਕਰਦੇ ਰਹੇ। ਇਨ੍ਹਾਂ ਨੇ ਕਿਹਾ ਕਿ ਇਕ ਬੁਢੀ ਦੇ ਚੁਲ੍ਹੇ ਤੇ ਟੈਕਸ ਲਗਾਇਆ ਗਿਆ ਹੈ, ਮੈਨੂੰ ਇਹ ਸੁਣ ਕੇ ਹੈਰਾਨੀ ਹੋਈ ਹੈ। ਜੇਕਰ ਇਹ ਸਾਨੂੰ ਮੌਕਾ ਦੇਣ ਤਾਂ ਮੈਂ ਇਨ੍ਹਾਂ ਨਾਲ ਆਪ ਜਾਵਾਂਗਾ ਅਤੇ ਆਪ ਦੇਖਾਂਗਾ ਕਿ ਕਿਸ ਤਰਾਂ ਬੁਢੀ ਦੇ ਚੁਲ੍ਹੇ ਤੇ ਟੈਕਸ ਲਗਾਇਆ ਗਿਆ ਹੈ ਅਤੇ ਇਨ੍ਹਾਂ ਨੂੰ ਸ਼ਰਮਿੰਦਾ ਕਰਾਂਗਾ ਕਿ ਤੁਸੀਂ ਹਾਊਸ ਵਿਚ ਗਲਤ ਕਹਿੰਦੇ ਸੀ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਜਿਸਤਰਾਂ ਕਿ ਕੌਂਸਲ ਵਲੋਂ ਪਾਸ ਹੋ ਕੇ ਆਇਆ ਹੈ ਪਾਸ ਕਰ ਦਿਤਾ ਜਾਵੇ।

Mr. Chairman : Question is—

That the Indian Forest (Punjab Amendment) Bill, 1962, as passed by the Punjab Legislative Council be referred to a Select Committee* with a direction to make a report by the 17th May, 1962.

After ascertaining the votes of the Members by voices, Mr. Chairman said "I think the Noes have it". This opinion was challenged and division was claimed. Mr. Chairman after calling upon those Members who were for "Aye" and those who were for "No", respectively to rise in their places and on a count having been taken, declared that the motion was lost.

The motion was declared lost. (Interruptions)

*Comrade Harnam Singh Chamak did not indicate the names of the Members of the Select Committee while moving his motion.

ਸਰਦਾਰ ਕਰਤਾਰ ਸਿੰਘ ਢਿਲੋਂ: On a point of order, Sir, ਇਥੇ ਕਈ ਮੈਂਬਰ ਸਾਹਿਬਾਨ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹ ਸਿੰਘ ਹੋਰਾਂ ਦਾ ਨਾਮ ਲੈਂਦੇ ਹਨ, ਇਨ੍ਹਾਂ ਨੂੰ ਇਸ ਕਿਸਮ ਦੀਆਂ voices ਨਹੀਂ ਕਢਣੀਆਂ ਚਾਹੀਦੀਆਂ । ਕੀ ਇਹ ਇਸ ਤਰ੍ਹਾਂ ਕਰ ਸਕਦੇ ਹਨ ? ਮੈਂ, ਜਨਾਬ ਚੇਅਰਮੈਨ ਸਾਹਿਬ, ਆਪ ਦੀ ਰੂਲਿੰਗ ਚਾਹੁੰਦਾ ਹਾਂ ।

ਸ੍ਰੀ ਚੇਅਰਮੈਨ : ਇਹੋ ਜਿਹੇ ਨਾਮ ਦੋਹਾਂ ਪਾਸਿਆਂ ਤੋਂ ਹੀ ਇਸਤੇਮਾਲ ਹੁੰਦੇ ਹਨ, ਇਨ੍ਹਾਂ ਨੂੰ avoid ਕਰਨਾ ਚਾਹੀਦਾ ਹੈ ।

(The names of such personalities are mentioned by Members on both sides of the House. This should be avoided)

ਸਰਦਾਰ ਕਰਤਾਰ ਸਿੰਘ ਢਿਲੋਂ : ਜਨਾਬ, ਅਸੀਂ ਤਾਂ ਕਦੇ ਪੰਡਿਤ ਨਹਿਰੂ ਜਾਂ ਹੋਰ ਕਿਸੇ ਦਾ ਨਾਮ ਇਸ ਹਾਊਸ ਵਿਚ ਇਸ ਤਰੀਕੇ ਨਾਲ ਨਹੀਂ ਲਿਆ ਜਿਸ ਤਰ੍ਹਾਂ ਕਿ ਇਹ ਕਰਦੇ ਹਨ ।

(ਵਿਘਨ) (ਸ਼ੋਰ)

Mr. Chairman: No interruption; order please.

Sardar Lachman Singh Gill : Sir, what is your decision on the point of Order which has just now been raised ?

Mr. Chairman : Both the sides should avoid mentioning the names of other persons here.

Mr. Chairman : Question is—

That the Indian Forest (Punjab Amendment)Bill, as passed by the Punjab Legislative Council, be taken into consideration.

The motion was carried.

Mr. Chairman : The House will now proceed to consider the Bill clause by clause.

CLAUSE 2.

Mr. Chairman : Question is—

That clause 2 stand part of the Bill.

The motion was carried.

CLAUSE 3

Mr. Chairman : The following amendments to this clause given notice of by Shri Mangal Sein will be deemed to have been read and moved—

In the proposed section 35-A, line 3, *for* "private persons" *substitute* "government land".

In the proposed section 35-A, lines 3-5, *delete* "in respect of which permission to remove is required under the record of rights prepared under any law relating to land revenue".

ਸਰਦਾਰ ਲਛਮਣ ਸਿੰਘ ਗਿਲ (ਜਗਰਾਉਂ) : ਚੇਅਰਮੈਨ ਸਾਹਿਬ, ਇਹ ਜਿਹੜਾ ਬਿਲ ਪੇਸ਼ ਕੀਤਾ ਹੈ ਇਸ ਬਾਰੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀ ਰਾਏ ਦੇ ਚੁਕੇ ਹਨ। ਬਹੁਤ ਸਾਰੀਆਂ ਮਹਿਕਮੇ ਦੀਆਂ ਤਕਲੀਫ਼ਾਂ ਬਾਰੇ ਵਜ਼ੀਰ ਸਾਹਿਬ ਨੇ ਵੀ ਜਵਾਬ ਦਿਤਾ ਹੈ। ਪਰ ਜੋ ਗੱਲਾਂ ਕਹੀਆਂ ਗਈਆਂ ਹਨ ਉਨ੍ਹਾਂ ਦੇ ਨਾਲ ਕੋਈ ਤਸੱਲੀ ਨਹੀਂ ਹੋਈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਇਹ ਤਰਮੀਮ ਜਿਹੜੀ ਪੇਸ਼ ਕੀਤੀ ਗਈ ਹੈ ਇਸ ਦੇ ਨਾਲ ਤਾਂ ਇਹ democracy ਨੂੰ ਬਿਲਕੁਲ ਹੀ ਖਤਮ ਕਰਨਾ ਚਾਹੁੰਦੇ ਹਨ। ਪੰਜਾਬ Government ਦੀ ਇਹ policy ਹੈ ਕਿ ਲੋਕਾਂ ਦੇ ਹੱਕ ਨੂੰ ਆਪਣੇ ਕਬਜ਼ੇ ਵਿਚ ਲਿਆ ਜਾਵੇ। ਆਪਣੇ ਕਬਜ਼ੇ ਵਿਚ ਲੈਕੇ ਉਹ ਇਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਸ ਗੱਲ ਲਈ ਮਜਬੂਰ ਕਰ ਦਿਤਾ ਜਾਵੇ ਕਿ ਸਰਕਾਰ ਦੀ ਮਰਜ਼ੀ ਤੋਂ ਬਗ਼ੈਰ ਉਹ ਕੋਈ ਵੀ ਕੰਮ ਨਾ ਕਰ ਸਕਣ, ਜਦੋਂ ਸਰਕਾਰ ਨੂੰ ਜ਼ਰੂਰਤ ਪਵੇ ਤਾਂ ਹਰ ਨਾਜਾਇਜ਼ ਕੰਮ ਉਹ ਕਰ ਸਕਣ। ਸਵਰਾਜ ਦਾ ਮਤਲਬ ਤਾਂ ਇਹ ਹੈ ਕਿ ਲੋਕਾਂ ਵਿਚ ਹਰ ਗਲ ਦਾ ਅਹਿਸਾਸ ਹੋਵੇ। ਅਗਰ ਕੋਈ ਗਲਤੀ ਕਰਦਾ ਹੈ ਤਾਂ ਉਸ ਨੂੰ check ਕੀਤਾ ਜਾ ਸਕੇ ਨਾਕਿ ਸਵਰਾਜ ਦਾ ਮਤਲਬ ਇਹ ਹੈ ਕਿ ਗੁਲਾਮਾਂ ਵਾਲੀ ਤਾਕਤ ਉਨ੍ਹਾਂ ਨੂੰ ਦੇ ਦਿਤੀ ਜਾਵੇ। ਅਤੇ ਇਹ ਸਰਕਾਰ ਦੇ ਚੰਦ ਆਦਮੀਆਂ ਦੀਆਂ ਗੱਦੀਆਂ ਕਾਇਮ ਰੱਖਣ ਲਈ ਵਰਤੀ ਜਾਵੇ।

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਕੀ ਇਹ ਤੁਸੀਂ clause 3 ਤੇ ਬੋਲਦੇ ਹੋ? (ਹਾਸਾ)

ਸਰਦਾਰ ਲਛਮਣ ਸਿੰਘ ਗਿਲ : ਮੈਂ clause 3 ਤੇ ਹੀ ਆਉਂਦਾ ਹਾਂ। ਜਦੋਂ ਵੀ ਕੋਈ petitions ਹੁੰਦੀਆਂ ਹਨ ਜ਼ਮੀਨ ਦੇ ਮੁਤੱਲਿਕ, ਮਕਾਨ ਦੇ ਮੁਤੱਲਿਕ ਜਾਂ ਹੋਰ ਜਾਇਦਾਦ ਦੇ ਮੁਤੱਲਿਕ ਤਾਂ ਇਹ ਕਾਨੂੰਨ ਨੂੰ ਉਸੇ ਸ਼ਕਲ ਵਿਚ ਤਬਦੀਲ ਕਰ ਲੈਂਦੇ ਹਨ ਜਿਸ ਵਿਚ ਕਿ ਇਨ੍ਹਾਂ ਨੂੰ ਕੋਈ ਫਾਇਦਾ ਹੁੰਦਾ ਹੋਵੇ। ਫ਼ਾਇਦਾ ਉਠਾ ਲੈਣ ਤੋਂ ਬਾਦ ਫੇਰ ਇਸੇ clause ਦੀ ਸ਼ਕਲ ਹੋਰ ਤਬਦੀਲ ਹੋ ਜਾਂਦੀ ਹੈ। ਇਸ ਲਈ ਮੈਂ ਕਹਾਂਗਾ ਕਿ ਸਰਕਾਰ ਦੀ ਇਹ ਜਿਹੜੀ policy ਹੈ ਇਹ ਨਿਹਾਇਤ ਹੀ ਖਤਰਨਾਕ ਹੈ। ਐਸੀ ਹਾਲਤ ਵਿਚ ਮੈਂ ਇਸ ਰਾਏ ਦਾ ਹਾਂ ਕਿ ਵਾਕਈ ਇਹ ਬਿਲ Select Committee ਦੇ ਸਪੁਰਦ ਹੋਣਾ ਚਾਹੀਦਾ ਹੈ। ਇਹ clause ਕਿਸੇ ਤਰਾਂ ਵੀ ਪਾਸ ਨਹੀਂ ਹੋਣੀ ਚਾਹੀਦੀ। ਇਹ ਤਾਂ ਇਕ ਤਰਾਂ ਨਾਲ ਲੋਕਾਂ ਦੇ ਹੱਕਾਂ ਤੇ ਛਾਪਾ ਹੈ, ਉਨ੍ਹਾਂ forest-officers ਨੂੰ 50 ਰੁਪਏ ਦੀ ਬਜਾਏ 500 ਰੁਪਏ ਦੇ ਇਖਤਿਆਰ ਦੇਣੇ, democracy ਨਾਲ ਮਖੌਲ ਹੈ। ਇਸ ਦਾ ਨਤੀਜਾ ਕੋਈ ਇਨਸਾਫ ਕਰਨਾ ਨਹੀਂ ਹੋਵੇਗਾ ਬਲਕਿ ਇਹ ਤਾਂ ਇਕ ਇਸ ਤਰਾਂ ਦੀ ਗਲ ਹੋਵੇਗੀ ਜਿਸ ਦੇ ਨਾਲ Forest-Department ਦੇ ਆਦਮੀਆਂ ਨੂੰ ਹੋਰ ਤੰਗ ਕਰਨ ਅਤੇ ਰਿਸ਼ਵਤ ਲੈਣ ਦਾ ਮੌਕਾ ਮਿਲੇਗਾ। ਉਹ ਜਾਨਵਰ ਰਖ ਹੀ ਨਹੀਂ ਸਕਣਗੇ। ਰਜਵਾਹਿਆਂ ਦੇ ਆਸ ਪਾਸ, ਸੜਕਾਂ ਦੇ ਆਲੇ ਦੁਆਲੇ ਦੇ ਦਰਖਤ ਜੰਗਲਾਤ declare ਕਰ ਦਿਤੇ ਗਏ ਹਨ ਜਿਥੋਂ ਕਿ ਕਿਸੇ ਜਾਨਵਰ ਦਾ ਗੁਜ਼ਰਨਾ ਵੀ ਬਰਦਾਸ਼ਤ ਨਹੀਂ ਹੋਵੇਗਾ ਅਤੇ ਇਸ clause ਦੀ ਵਰਤੋਂ ਲਈ ਮਹਿਕਮੇ ਦੇ ਕਰਮਚਾਰੀਆਂ ਨੂੰ ਹਰ ਗਲ ਵਿਚ ਲੋਕਾਂ ਨੂੰ ਤੰਗ ਕਰਨ ਦਾ ਮੌਕਾ ਮਿਲੇਗਾ। ਜੰਗਲਾਤ ਵਿਚ ਲਕੜੀ ਕਟਣ ਦੇ ਜੁਰਮ ਲਈ ਜੋ 50 ਰੁਪਏ ਤੋਂ ਵਧਾ ਕੇ 500 ਰੁਪਏ ਦਾ ਜੋ ਜੁਰਮਾਨਾ ਰਖਿਆ ਗਿਆ ਹੈ ਇਹ ਕਾਫ਼ੀ ਤੋਂ ਜ਼ਿਆਦਾ ਹੈ। ਹੁਣ

[ਸਰਦਾਰ ਲਛਮਣ ਸਿੰਘ ਗਿਲ]

ਜਦੋਂ ਜੁਰਮਾਨਾ ਕਰਨ ਦਾ ਉਸ ਨੂੰ 500 ਰੁਪਏ ਤਕ ਇਖਤਿਆਰ ਹੈ ਤਾਂ ਉਹ ਮੱਲੋ ਮੱਲੀ ਛੇੜੇਗਾ ਔਰ ਖੁਦ ਵੀ ਲੋਕਾਂ ਤੋਂ ਨਾਜਾਇਜ਼ ਕੰਮ ਕਰਾਏਗਾ ਅਤੇ ਜੇ ਕੋਈ ਨਹੀਂ ਮੰਨੇਗਾ ਤਾਂ ਜੁਰਮਾਨੇ ਦੀ clause ਦੀ ਵਰਤੋਂ ਕਰੇਗਾ । ਮੈਨੂੰ ਸਮਝ ਨਹੀਂ ਆਉਂਦੀ, ਇਕ ਪਾਸੇ ਤਾਂ ਇਹ ਕਹਿ ਰਹੇ ਹਨ ਕਿ ਅਸੀਂ ਆਪਣੀ ਤਾਕਤ ਪੰਚਾਇਤਾਂ ਨੂੰ ਦੇ ਰਹੇ ਹਾਂ, ਦੂਸਰੇ ਪਾਸੇ ਉਨ੍ਹਾਂ ਕੋਲੋਂ ਹੌਲੀ ਹੌਲੀ power ਲੈਂਦੇ ਜਾ ਰਹੇ ਹਨ । ਇਸ ਲਈ ਇਹ ਜਿਹੜੀ clause ਹੈ, ਇਸ ਵਿਚ ਜੁਰਮਾਨੇ ਦੀ ਰਕਮ ਨੂੰ ਵਧਾਉਣਾ ਲੋਕਾਂ ਨਾਲ ਇਕ ਬੜਾ ਭਾਰੀ ਧਕਾ ਹੈ । ਇਸ ਦੇ ਨਾਲ ਫਾਇਦਾ ਕਿਸੇ ਨੂੰ ਨਹੀਂ ਪਹੁੰਚਣਾ ਬਲਕਿ ਰਿਸ਼ਵਤ-ਸ਼ਤਾਨੀ ਲਈ ਹੋਰ ਮੌਕਾ ਬਨਣਾ ਹੈ । ਹਕੀਕਤ ਇਹ ਹੈ ਕਿ ਇਹ ਬਿਲ ਲੋਕਾਂ ਨੂੰ ਆਪਣੇ ਕਬਜ਼ੇ ਵਿਚ ਰਖਣ ਵਾਸਤੇ ਲਿਆਂਦਾ ਗਿਆ ਹੈ, ਇਨ੍ਹਾਂ ਦੀਆਂ ਆਪਣੀਆਂ ਗਦੀਆਂ ਬਰਕਰਾਰ ਰਖਣ ਵਾਸਤੇ ਲਿਆਂਦਾ ਗਿਆ ਹੈ । ਅਜ ਜਿਤਨੇ ਵੀ Amending Bills, ਮੁਖਤਲਿਫ ਸ਼ਕਲਾਂ ਵਿਚ ਲਿਆਂਦੇ ਜਾ ਰਹੇ ਹਨ, ਅਸਲ ਹਾਲਤ ਇਹ ਹੈ ਕਿ ਦੇਸ਼ ਇਨ੍ਹਾਂ ਨੂੰ ਹੋਰ ਬਰਦਾਸ਼ਤ ਕਰਨ ਵਾਸਤੇ ਤਿਆਰ ਨਹੀਂ ਹੈ, ਪਰ ਹਰ ਹਾਲਤ ਵਿਚ ਇਹ ਤਾਂ ਆਪਣੀਆਂ ਗਦੀਆਂ ਮਹਿਫੂਜ਼ ਰਖਣਾ ਚਾਹੁੰਦੇ ਹਨ, ਜਿਹੜਾ ਕਿ ਲੋਕਾਂ ਨਾਲ ਬੜਾ ਭਾਰੀ ਧੋਖਾ ਹੈ । ਇਹ ਤਾਕਤ ਦੇ ਬਲਬੋਤੇ ਨਾਲ ਇਸ clause ਨੂੰ ਪਾਸ ਕਰਾਉਣਾ ਚਾਹੁੰਦੇ ਹਨ, ਧੋਖੇ ਨਾਲ ਕੰਮ ਕਰਵਾਉਣਾ ਚਾਹੁੰਦੇ ਹਨ । ਪਰ ਇਹ ਗਲ ਮੰਨਣ ਯੋਗ ਨਹੀਂ ਕਿ ਲੋਕਾਂ ਨਾਲ ਇਸ ਤਰਾਂ ਦਾ ਕੋਈ ਵੀ ਧੱਕਾ ਕੀਤਾ ਜਾਵੇ । Democracy ਦਾ ਮਤਲਬ ਇਹ ਨਹੀਂ ਕਿ ਕਾਨੂੰਨ ਹੀ ਉਲਟ ਪੁਲਟ ਕਰ ਦਿਤੇ ਜਾਣ ਅਤੇ ਉਨ੍ਹਾਂ ਦੀ ਨਾਜਾਇਜ਼ ਵਰਤੋਂ ਕੀਤੀ ਜਾਵੇ ਜਾਂ ਜੇ ਕੋਈ ਤਾਕਤ ਮਿਲੇ ਤਾਂ ਉਸ ਨੂੰ ਨਾਜਾਇਜ਼ ਤੌਰ ਤੇ ਇਸਤੇਮਾਲ ਕੀਤਾ ਜਾਵੇ । ਅਸੀਂ ਉਨ੍ਹਾਂ ਨਾਲ ਭਲੇ ਦਾ ਕੰਮ ਕਰਨ ਵਾਸਤੇ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਲਈ ਤਿਆਰ ਹਾਂ । ਰਿਸ਼ਵਤ ਖਤਮ ਕਰਨ, ਅਸੀਂ ਵਧ ਚੜ੍ਹ ਕੇ ਇਸ ਮਾਮਲੇ ਤੇ ਸਹਿਯੋਗ ਦੇਣ ਲਈ ਤਿਆਰ ਹਾਂ । ਉਸ ਹਦ ਤਕ ਅਸੀਂ power ਦੇਣ ਦੇ ਵੀ ਹਾਮੀ ਹਾਂ ਜਿਥੋਂ ਤਕ ਕਿ ਇਸ ਦੀ ਜਾਇਜ਼ ਵਰਤੋਂ ਕੀਤੀ ਜਾ ਸਕਦੀ ਹੋਵੇ । ਪਰ ਇਹ ਚਾਹੁੰਦੇ ਹਨ ਕਿ ਕਿਸੇ ਤਰੀਕੇ ਨਾਲ ਤਾਕਤ ਤੋਂ ਕੰਮ ਲਿਆ ਜਾਵੇ । ਆਜ਼ਾਦ ਦੇਸ਼ਾ ਦੀਆਂ ਸਰਕਾਰਾਂ ਹਮੇਸ਼ਾ ਲੋਕਾਂ ਦੇ ਭਰੋਸੇ ਨਾਲ ਚਲਦੀਆਂ ਹਨ । ਪਰ ਇਹ ਜਦੋਂ ਦਬਾਉ ਨਾਲ ਕੋਈ ਕੰਮ ਕਰਾਉਣਾ ਚਾਹੁੰਦੇ ਹਨ ਤਾਂ ਉਸ ਦੇ ਜੋ ਨਤੀਜੇ ਨਿਕਲਦੇ ਹਨ ਜਾਂ ਜੋ ਸਰਕਾਰ ਦੇ ਕਾਰਨਾਮੇ ਸਾਡੇ ਸਾਹਮਣੇ ਆਉਂਦੇ ਹਨ ਉਹ ਅਸੀਂ ਹਮੇਸ਼ਾ ਦੇਖਦੇ ਹਾਂ । ਏਸੇ ਹਾਊਸ ਵਿਚ ਅੱਜ ਤੋਂ ਇਕ ਮਹੀਨਾ ਪਹਿਲਾਂ ਇਹ ਕਿਹਾ ਕਰਦੇ ਸੀ ਕਿ ਅਸੀਂ ਕੋਈ ਟੈਕਸ ਨਹੀਂ ਲਾਉਣੇ । ਇਹ ਅਲੈਕਸ਼ਨਾਂ ਦੇ ਦਿਨਾਂ ਵਿਚ ਘਰ ਘਰ ਕਹਿੰਦੇ ਫਿਰਦੇ ਸਨ ਕਿ ਅਸੀਂ ਤੁਹਾਡਾ ਇਹ ਕੰਮ ਕਰ ਦੇਣਾ ਹੈ, ਉਹ ਕੰਮ ਕਰ ਦੇਣਾ ਹੈ । ਆਪਣੀਆਂ ਜੇਬਾਂ ਵਿਚ ਲੋਕਾਂ ਨੂੰ ਵੰਡਣ ਵਾਸਤੇ ਸਭ ਕੁਝ ਪਾਈ ਫਿਰਦੇ ਸਨ । ਪਰ ਅਜ ਕਿਵੇਂ ਧੜਾ ਧੜ ਟੈਕਸ ਲਗ ਰਹੇ ਹਨ । ਇਹੋ ਜਿਹੀ ਸਰਕਾਰ ਤੇ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ । ਨਾ ਹੀ ਐਸੀ ਸਰਕਾਰ ਦੇ ਮੁਲਾਜ਼ਮਾਂ ਤੇ ਹੀ ਭਰੋਸਾ ਕੀਤਾ ਜਾ ਸਕਦਾ ਹੈ । ਇਹ ਜਨਤਾ ਨਾਲ ਇਕ ਬੜਾ ਭਾਰੀ ਧੋਖਾ ਕੀਤਾ ਜਾ ਰਿਹਾ ਹੈ । ਇਹੋ ਜਿਹੀ ਕਲਾਜ਼ delete ਹੋਣੀ ਚਾਹੀਦੀ ਹੈ । ਮੈਂ, ਚੇਅਰਮੈਨ ਸਾਹਿਬ, ਆਪਦੇ ਦੁਆਰਾ ਮਿਨਿਸਟਰ ਸਾਹਿਬ ਨੂੰ ਇਹੋ ਬੇਨਤੀ ਕਰਾਂਗਾ ਕਿ 50 ਰੁਪਏ ਦੀ ਸਜ਼ਾ ਪਹਿਲਾਂ ਹੀ ਬਹੁਤ ਸੀ । ਇਸ ਦਾ ਅਸਰ ਇਸ ਮਹਿਕਮੇ ਦੇ ਅਫਸਰਾਂ ਤੇ ਇਹ ਹੋਵੇਗਾ ਕਿ ਦਰਖਤਾਂ ਦੇ ਦਰਖਤ ਨਾਜਾਇਜ਼ ਢੰਗ ਨਾਲ ਏਧਰ ਓਧਰ ਕੀਤੇ ਜਾ ਸਕਣਗੇ । ਜਿਸ ਦਰਖਤ ਦੇ ਚਕਾਉਣ ਵਿਚ ਮਹਿਕਮੇ ਵਾਲੇ ਪਹਿਲਾਂ 50 ਰੁਪਏ ਲੈਂਦੇ ਸੀ ਹੁਣ ਉਹ ਉਸ

ਦਾ ਹਜ਼ਾਰ ਰੁਪਿਆ ਏਧਰੋਂ ਓਧਰੋਂ ਲਿਆ ਕਰਨਗੇ । (interruptions) ਉਹ ਇਸ ਤਰ੍ਹਾਂ ਕਿ ਜਿਸ ਨੂੰ ਸਜ਼ਾ ਦੇਣੀ ਹੋਵੇਗੀ ਉਸ ਤੋਂ 1,000 ਰੁਪਿਆ ਵਸੂਲਿਆ ਕਰੇਗਾ ਅਤੇ 500 ਰੁਪਿਆ ਸਰਕਾਰੀ ਖਜ਼ਾਨੇ ਵਿਚ ਪਾਇਆ ਕਰੇਗਾ ਅਤੇ 500 ਰੁਪਿਆ ਆਪਣੀ ਜੇਬ ਵਿਚ ਪਾਇਆ ਕਰੇਗਾ । ਇਸ ਤਰਾਂ ਦਾ ਬਿਲ ਲਿਆ ਕੇ ਇਹ ਲੋਕਾਂ ਨੂੰ ਤੰਗ ਕਰਨਾ ਚਾਹੁੰਦੇ ਹਨ । ਮਹਿਕਮੇ ਦੇ ਅਫਸਰਾਂ ਨੂੰ ਖੁਲ੍ਹੀ ਛੁਟੀ ਦੇਣੀ ਚਾਹੁੰਦੇ ਹਨ ਕਿ ਜਿਵੇਂ ਮਰਜ਼ੀ ਰਿਸ਼ਵਤ ਲੈਣ ।

चौधरी बालू राम : On a point of order, Sir. मेरा point of order यह है कि hon. Member ने जो 50 रुपये जुर्माने की बजाये 500 रुपये किये जाने का जिक्र कर रहे हैं, उसका इस clause के साथ क्या कोई ताल्लुक है ?

ਸਰਦਾਰ ਲਛਮਣ ਸਿੰਘ ਗਿਲ ਚੇਅਰਮੈਨ ਸਾਹਿਬ, ਲੋਕ ਕੁਰੱਪਸ਼ਨ ਨੂੰ ਖਤਮ ਕਰਨਾਂ ਚਾਹੁੰਦੇ ਹਨ ਲੇਕਿਨ ਵਜ਼ੀਰ ਇਸ ਦੇ ਵਾਸਤੇ ਖੁਲ੍ਹੀ ਛੁੱਟੀ ਦੇਣਾ ਚਾਹੁੰਦੇ ਹਨ ।

चौधरी बालू राम : On a point of order, Sir. क्या hon. Member जो इस clause पर बोल रहे हैं, अपनी speech में relevant हैं जब कि वह 50 और 500 रुपये जुर्माने की बातें कर रहे हैं ? (*Interruptions*)

Mr. Chairman: Order please. The hon. Member should speak on the clause now before the House.

Sardar Gurdial Singh Dhillon : Mr. Chairman, Sir, I would like to know whether Clauses 3, 4 and 5 are being discussed simultaneously.

Mr. Chairman : No, Clause 3 only is under discussion at present.

ਸਰਦਾਰ ਲਛਮਣ ਸਿੰਘ ਗਿਲ : ਵਜ਼ੀਰ ਸਾਹਿਬ ਨੇ ਬੜੀ ਮਾਸੂਮੀਅਤ ਦੇ ਨਾਲ ਕਿਹਾ ਹੈ ਕਿ ਇਹ ਬਿਲ ਬੜਾ ਮਾਸੂਮ ਹੈ । ਜੇ ਉਹ ਵਾਕਈ ਮਾਸੂਮ ਹੁੰਦੇ ਤਾਂ ਸਾਨੂੰ ਉਨ੍ਹਾਂ ਤੇ ਤਰਸ ਆ ਜਾਂਦਾ ਅਤੇ ਅਸੀਂ ਉਨ੍ਹਾਂ ਦੀ ਗਲ ਨੂੰ ਮੰਨ ਲੈਂਦੇ । ਲੇਕਿਨ ਧੌਣ ਤੋਂ ਉਪਰ ਉਪਰ ਤਾਂ ਉਹ ਮਾਸੂਮ ਮਾਲੂਮ ਹੁੰਦੇ ਹਨ ਮਗਰ ਉਨ੍ਹਾਂ ਦੇ ਦਿਲ ਦੇ ਵਿਚ ਹੋਰ ਗਲਾਂ ਹਨ । ਉਨ੍ਹਾਂ ਨੇ ਪੰਚਾਇਤ ਰਾਜ ਦਾ ਹਵਾਲਾ ਦੇ ਕੇ ਆਖਿਆ ਹੈ ਕਿ ਅਸੀਂ ਉਨ੍ਹਾਂ ਦੀ ਰਾਏ ਦੇ ਨਾਲ ਸਭ ਕੁਝ ਕਰਨਾ ਹੈ । ਮੈਂ ਕਹਿੰਦਾ ਹਾਂ ਕਿ ਪੰਚਾਇਤ ਰਾਜ ਦਾ ਤਾਂ ਮਤਲਬ ਇਹ ਹੈ ਕਿ ਤੁਸੀਂ ਵਧ ਤੋਂ ਵਧ ਲੋਕਾਂ ਦੀ ਰਾਏ ਦੇ ਨਾਲ ਕੰਮ ਕਰੋ । ਲੇਕਿਨ ਤੁਸੀਂ ਐਸਾ ਨਹੀਂ ਕਰਨਾ ਚਾਹੁੰਦੇ । ਤੁਸੀਂ ਕਹਿੰਦੇ ਹੋ ਕਿ ਅਸੀਂ ਘਟ ਤੋਂ ਘਟ ਰਾਏ ਦੇ ਨਾਲ ਜੰਗਲ ਦੇ ਬਾਰੇ ਫੈਸਲਾ ਕਰਨਾ ਹੈ । ਮੈਂ ਕਹਿੰਦਾ ਹਾਂ ਕਿ ਇਹ ਗਲ ਸਰਾਸਰ ਗਲਤ ਹੈ ਅਤੇ ਇਨਸਾਫ਼ ਦੇ ਖਿਲਾਫ ਹੈ । ਜੇ ਤੁਹਾਡੇ ਦਿਲ ਦੇ ਵਿਚ ਜੰਗਲਾਤ ਬਣਾਉਣ ਦਾ ਇਤਨਾ ਸ਼ੌਕ ਆਇਆ ਹੋਇਆ ਹੈ ਤਾਂ ਤੁਸੀਂ ਦੋ ਤਿਹਾਈ ਰਾਏ ਦੇ ਨਾਲ ਕਿਉਂ ਨਹੀਂ ਇਹ ਚੀਜ਼ ਕਰਦੇ । ਤੁਸੀਂ ਇਹ ਕਿਉਂ ਕਰਨਾ ਚਾਹੁੰਦੇ ਹੋ ਕਿ ਅਸੀਂ 2/3 ਮੈਜਾਰੀਟੀ ਦੀ ਬਜਾਏ 51 percent ਰਾਏ ਦੇ ਨਾਲ ਇਹ ਫੈਸਲਾ ਕਰਨਾ ਹੈ । ਇਸ ਦਾ ਮਤਲਬ ਤਾਂ ਇਹ ਹੈ ਕਿ ਜੇ ਕਿਤੇ ਦੌਰੇ ਤੇ ਜਾਂਦਿਆਂ ਵਜ਼ੀਰ ਸਾਹਿਬ ਨੂੰ ਅੰਬਾਂ ਦਾ ਬਾਗ ਚੰਗਾ ਲਗਿਆ ਕਰੇਗਾ ਤਾਂ ਉਸ ਨੂੰ ਵੀ ਇਹ ਆਪਣੇ ਕਬਜ਼ੇ ਦੇ ਵਿਚ ਲੈ ਲੈਣਗੇ । ਏਸੇ ਤਰ੍ਹਾਂ ਜੇ ਕਿਸੇ ਦੇ ਨਾਲ ਪੁਲੀਟੀਕਲ ਰੰਜਸ਼ ਹੋਵੇਗੀ ਤਾਂ ਉਸ ਦੇ ਬਾਗ ਬਗੀਚੇ ਤੇ ਵੀ ਕਬਜ਼ਾ ਕਰ ਲਿਆ ਕਰਨਗੇ । ਇਸ ਕਰਕੇ ਮੈਂ ਹਾਊਸ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਦੀ ਪਾਵਰ ਨਹੀਂ ਦੇਣੀ ਚਾਹੀਦੀ । ਕਿਸੇ ਵੀ ਮੁਲਕ ਦੇ ਵਿਚ ਜਿੱਥੇ ਜਮਹੂਰੀਅਤ ਹੈ ਇਹ ਗੱਲ

[ਸਰਦਾਰ ਲਛਮਣ ਸਿੰਘ ਗਿਲ]

ਨਹੀਂ ਕਿ ਕੋਈ ਚੀਜ਼ ਘਟ ਤੋਂ ਘਟ ਰਾਏ ਦੇ ਨਾਲ ਕੀਤੀ ਜਾਂਦੀ ਹੋਵੇ । ਲੇਕਿਨ ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਉਂ ਏਥੇ ਇਸ ਤਰ੍ਹਾਂ ਕਰਨਾ ਚਾਹੁੰਦੇ ਹਨ । ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਦਾ ਇਰਾਦਾ ਨੇਕ ਨਹੀਂ । ਜੇ ਕਿਸੇ ਪੰਚਾਇਤ ਦੀ 2/3 ਗਿਣਤੀ ਇਹ ਕਹੇ ਕਿ ਏਸ ਇਲਾਕੇ ਨੂੰ ਜੰਗਲਾਤ ਦੇ ਤਹਿਤ ਮਹਿਫੂਜ਼ ਕਰ ਲਿਆ ਜਾਵੇ ਤਾਂ ਫੇਰ ਕੋਈ ਹਰਜ ਨਹੀਂ ਲੇਕਿਣ ਜੇ ਇਹ ਨਾਜਾਇਜ਼ ਤੌਰ ਤੇ 51 percent ਲੋਕਾਂ ਦੀ ਰਾਏ ਦੇ ਨਾਲ ਲੋਕਾਂ ਲਈ ਤੰਗੀ ਪੈਦਾ ਕਰਨ ਲਈ ਇਸ ਤਰ੍ਹਾਂ ਦੀ ਕਾਰਵਾਈ ਪੈਦਾ ਕਰਨ ਤਾਂ ਉਹ ਚੀਜ਼ ਅਸੀਂ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਾਂ । ਆਲੀਜਾ, ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਜਿਥੇ 51 per cent ਲੋਕਾਂ ਦੀ ਇਹ ਰਾਏ ਹੋਵੇ ਉਥੇ ਅਸੀਂ ਉਨ੍ਹਾਂ ਦੀ ਰਾਏ ਦੀ ਕਦਰ ਕਰਾਂਗੇ ਲੇਕਿਨ ਦੂਜੇ ਪਾਸੇ ਜਦੋਂ ਟੈਕਸ ਲਗਾਉਂਦੇ ਹਨ ਤਾਂ ਉਸ ਦੇ ਖਿਲਾਫ ਜਦੋਂ 80 per cent ਤੋਂ ਵਧ ਲੋਕ ਆਵਾਜ਼ ਉਠਾਉਂਦੇ ਹਨ ਅਤੇ ਸਾਰੀਆਂ ਅਖਬਾਰਾਂ ਦੇ ਵਿਚ ਉਸ ਦੀ ਮੁਖਾਲਿਫ਼ਤ ਕੀਤੀ ਜਾਂਦੀ ਹੈ ਤਾਂ ਉਸ ਚੀਜ਼ ਦਾ ਇਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ । ਪਤਾ ਨਹੀਂ ਉਸ ਵੇਲੇ ਇਹ ਕਿੱਥੇ ਸੌਂ ਜਾਂਦੇ ਹਨ । ਇਹ ਕਿਸੇ ਅਸੂਲ ਤੇ ਕਾਇਮ ਨਹੀਂ ਹਨ ।

Sardar Gurdial Singh Dhillon : Sir, are all these Clauses being discussed together ?

Mr. Chairman : No please. Clause 3 only is under discussion at present. I would request the hon. Member (Sardar Lachhman Singh) to confine his speech to Clause 3 only.

ਸਰਦਾਰ ਲਛਮਣ ਸਿੰਘ ਗਿਲ : ਇਹ ਸੈਕਸ਼ਨ 5 ਕਲਾਜ਼ ਨੰਬਰ 3 ਦੇ ਵਿਚ ਹੀ ਹੈ । ਮੈਂ ਅਰਜ਼ ਕਰ ਰਿਹਾ ਸੀ ਕਿ ਇਹ 2/3 ਦੀ ਬਜਾਏ ਲੋਕਾਂ ਦੇ ਫੈਸਲੇ ਨੂੰ 51 per cent ਰਾਏ ਦੇ ਨਾਲ ਮੰਨਜ਼ੂਰ ਕਰਨਾ ਚਾਹੁੰਦੇ ਹਨ । ਇਸ ਤਰ੍ਹਾਂ ਦੇ ਕਾਨੂੰਨ ਬਣਾਂ ਕੇ ਇਹ ਏਥੇ ਸ਼ਖਸੀ ਰਾਜ ਬਣਾਉਣਾ ਚਾਹੁੰਦੇ ਹਨ । ਔਰ ਇਹ ਚੀਜ਼ ਇਨ੍ਹਾਂ ਚੋਣਾ ਨੇ ਸਾਬਤ ਕਰ ਦਿਤੀ ਹੈ ਕਿ ਇਹ ਲੋਕਾਂ ਦੇ ਕਿਤਨੇ ਹਮਦਰਦੀ ਕਰਨ ਵਾਲੇ ਹਨ । ਇਹ ਸਾਰੀ ਤਾਕਤ ਆਪਣੇ ਹਥ ਦੇ ਵਿਚ ਲੈ ਕੇ ਲੋਕਾਂ ਨੂੰ ਨਾਜਾਇਜ਼ ਤਰੀਕੇ ਨਾਲ ਕੁਚਲਨਾ ਚਾਹੁੰਦੇ ਹਨ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਜਦੋਂ ਤਕ 2/3 ਮੈਜਾਰੀਟੀ ਰਾਏ ਇਸ ਦੇ ਵਿਚ ਨਾ ਹੋਵੇ ਉਦੋਂ ਤਕ ਏਸ ਕਲਾਜ ਨੂੰ ਪਾਸ ਨਹੀਂ ਕਰਨਾ ਚਾਹੀਦਾ । ਇਸ ਤੋਂ ਇਲਾਵਾ ਪਰਾਈਵੇਟ ਦਰਖਤਾਂ ਦਾ ਮਾਮਲਾ ਹੈ । ਇਹ ਚਾਹੁੰਦੇ ਹਨ ਕਿ ਜਿਹੜੇ ਵੀ ਕਿਸੇ ਨੇ ਆਪਣੇ ਖੇਤ ਬੰਨੇ ਤੇ ਦਰਖਤ ਲਾਏ ਹੋਏ ਹੋਣ ਉਹ ਆਪਣੇ ਕਬਜ਼ੇ ਦੇ ਵਿਚ ਲੈ ਲਈਏ । ਚੇਅਰਮੈਨ ਸਾਹਿਬ, ਇਹ ਕੈਰੋਂ ਸਰਕਾਰ ਨਹੀਂ ਕਾਰੋਂ ਸਰਕਾਰ ਹੈ । ਇਹ ਮੁਰਦੇ ਦੇ ਮੂੰਹ ਵਿਚੋਂ ਵੀ ਪੈਸਾ ਕਢਦੇ ਹਨ । ਇਹ ਸਾਰਾ ਰੁਪਿਆ ਖੁਦ ਆਪ ਖਾਣਾ ਚਾਹੁੰਦੇ ਹਨ । ਮੈਂ ਦੇਖਿਆ ਹੈ ਕਿ ਕਈ ਥਾਵਾਂ ਤੇ ਇਨ੍ਹਾਂ ਦੇ ਗਾਰਡਾਂ ਨੇ ਲੋਕਾਂ ਨੂੰ ਦਾਤਣ ਲਾਹੁਣ ਤੋਂ ਫੜਿਆ ਅਤੇ ਉਨ੍ਹਾਂ ਨੂੰ ਏਸ ਸੈਕਸ਼ਨ ਦੇ ਤਹਿਤ ਸਜ਼ਾ ਦਿਤੀ । ਮੈਨੂੰ ਡਰ ਹੈ ਕਿ ਖੇਤਾਂ ਦੇ ਦਰਖਤ ਤਾਂ ਇਕ ਪਾਸੇ ਰਹੇ ਹੁਣ ਇਨ੍ਹਾਂ ਨੇ ਕੋਠੀਆਂ ਅਤੇ ਮਕਾਨਾਂ ਦੇ ਵਿਚ ਵੀ ਦਖਲ ਦੇਣਾ ਸ਼ੁਰੂ ਕਰ ਦੇਣਾ ਹੈ । ਇਸ ਚੀਜ਼ ਦੇ ਪਿਛੇ ਜੇ ਨੇਕ ਮੁੱਦਾ ਹੋਵੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਲੇਕਿਨ ਇਨ੍ਹਾਂ ਦੀ ਨੀਅਤ ਸਾਫ ਨਹੀਂ ਹੈ । ਇਹ ਨਹੀਂ ਚਾਹੁੰਦੇ ਕਿ ਏਥੇ ਆਬੋਹਵਾ ਚੰਗੀ ਹੋਵੇ ਜਾਂ ਏਥੇ ਬਾਰਸ਼ਾਂ ਹੋਣ

ਬਲਕਿ ਇਹ ਤਾਂ ਲੋਕਾਂ ਨੂੰ ਤੰਗ ਕਰਨ ਵਾਸਤੇ ਸਾਰੀ ਚੀਜ਼ ਕਰ ਰਹੇ ਹਨ । ਇਹ ਤਾਂ ਏਸ ਹਦ ਤਕ ਪਹੁੰਚਣਾ ਚਾਹੁੰਦੇ ਹਨ ਕਿ ਪੰਜਾਬ ਦੇ ਵਿਚ ਕੋਈ ਆਦਮੀ ਸਾਹ ਤਕ ਵੀ ਇਨ੍ਹਾਂ ਦੀ ਮਰਜ਼ੀ ਤੋਂ ਬਗੈਰ ਨਾ ਲੈ ਸਕੇ । ਇਹ ਸਰਾਸਰ ਲੋਕਾਂ ਦੇ ਨਾਲ ਧੱਕਾ ਹੈ । ਤੁਸੀਂ ਦੇਖਿਆ ਹੋਵੇਗਾ ਕਿ ਏਥੇ ਅਗੇ ਕਿਤਨੀਆਂ ਮਨਿਸਟਰੀਆਂ ਹੋ ਚੁਕੀਆਂ ਹਨ । ਉਨ੍ਹਾਂ ਵਜ਼ੀਰਾਂ ਦੀਆਂ ਕੋਠੀਆਂ ਦੇ ਅਗੇ ਕਦੀ ਇਤਨੇ ਲੋਕ ਨਹੀਂ ਸੀ ਜਮਾਂਹ ਹੁੰਦੇ ਜਿਤਨੇ ਕਿ ਹੁਣ ਇਨ੍ਹਾਂ ਦੇ ਇਰਦ ਗਿਰਦ ਹੋਏ ਰਹਿੰਦੇ ਹਨ । ਇਸ ਦਾ ਕਾਰਨ ਕੀ ਹੈ ? ਉਸ ਦਾ ਕਾਰਨ ਇਹ ਹੈ ਕਿ ਇਹ ਲੋਕਾਂ ਨੂੰ ਪਰਮਿਟਾਂ ਅਤੇ ਹੋਰ ਕੋਟਿਆਂ ਵਗੈਰਾ ਦੇ ਲਾਲਚ ਦੇ ਦੇ ਕੇ ਆਪਣੀ ਤਾਕਤ ਨੂੰ ਕਾਇਮ ਰਖਣਾ ਚਾਹੁੰਦੇ ਹਨ । (*At this stage Mr. Speaker occupied the chair*)

ਇਹ ਕਲਾਜ਼ ਜਿਹੜੀ ਹੈ ਇਹ ਗਰੀਬ ਜ਼ਮੀਂਦਾਰਾਂ ਤੇ ਸਟ ਮਾਰਦੀ ਹੈ । ਇਸ ਵਾਸਤੇ ਇਹ ਨਹੀਂ ਪਾਸ ਹੋਣੀ ਚਾਹੀਦੀ । ਮੈਂ ਅਰਜ਼ ਕਰਾਂਗਾ ਕਿ ਚਾਹੇ ਕੋਈ ਵਜ਼ੀਰ ਅਹਿਲ ਹੋਵੇ ਜਾਂ ਨਾਅਹਿਲ ਹੋਵੇ ਉਸ ਨੂੰ ਤਹੱਮਲ ਮਿਜ਼ਾਜੀ ਦੇ ਨਾਲ ਇਸ ਗਲ ਨੂੰ ਸੋਚਣਾ ਚਾਹੀਦਾ ਹੈ । ਉਨ੍ਹਾਂ ਨੂੰ ਏਸ ਕਲਾਜ਼ ਨੂੰ ਪਾਸ ਕਰਕੇ ਲੋਕਾਂ ਲਈ ਤਕਲੀਫਾਂ ਪੈਦਾ ਕਰਨ ਦਾ ਬਾਇਸ ਨਹੀਂ ਬਣਨਾ ਚਾਹੀਦਾ । ਉਨ੍ਹਾਂ ਨੂੰ ਏਸ ਕਲਾਜ਼ ਨੂੰ ਵਾਪਿਸ ਲੈ ਲੈਣਾ ਚਾਹੀਦਾ ਹੈ । (ਸ਼ੋਰ) ਮੈਂ ਕਹਿੰਦਾ ਹਾਂ ਕਿ ਵਕਤ ਆਉਣ ਵਾਲਾ ਹੈ । ਇਹ ਉਸ ਤੋਂ ਪਹਿਲੇ ਹੀ ਸਮਝ ਜਾਣ ਤਾਂ ਚੰਗੀ ਗਲ ਹੈ । ਹੁਣ ਟੈਕਸਾਂ ਦਾ ਜਦੋਂ ਮਾਮਲਾ ਸਾਹਮਣੇ ਆਉਣਾ ਹੈ ਤਾਂ ਤੁਹਾਡਾ ਜਨਤਾ ਦੇ ਨਾਲ ਟਕਰਾਉ ਹੋਣਾ ਹੈ । ਫੇਰ ਤੁਹਾਨੂੰ ਸਾਰੇ ਹਿਸਾਬ ਦੇਣੇ ਪੈਣੇ ਹਨ । ਸਰਦਾਰ ਗੁਰਬੰਤਾ ਸਿੰਘ ਹੋਰਾਂ ਨੂੰ ਚਾਹੀਦਾ ਹੈ ਕਿ ਲੋਕਾਂ ਦੀ ਤਕਲੀਫ ਦਾ ਅਹਿਸਾਸ ਕਰਦਿਆਂ ਹੋਇਆਂ ਏਸ ਕਲਾਜ਼ ਨੂੰ ਵਾਪਿਸ ਲੈ ਲੈਣ । ਬਸ ਇਤਨਾ ਕਹਿ ਕੇ ਮੈਂ ਬੈਠਦਾ ਹਾਂ ।

श्री मंगल सैन (रोहतक) : स्पीकर साहिब, first reading का जवाब देते हुए मन्त्री महोदय ने जो विचार प्रकट किये मुझे इस बात का रंज है कि मैं उनसे प्रभावित नहीं हो सका। मुझे इस बात का भी खेद है कि जिन ख्यालात का हमारी तरफ से इज़हार किया गया उन्होंने उनको follow नहीं किया। आप इस बिल के द्वारा यह अधिकार प्राप्त करना चाहते हैं कि अगर किसी private land पर किसी शख्स ने दरख्त लगाए हैं तो section 35 के तहत सरकार की permission के बगैर उन्हें काटा नहीं जा सकेगा। ठीक है कि मैदानी इलाकों से जो डाकू और चोर भागकर पहाड़ों में चले गये हैं, आप उनको पकड़ना चाहते हैं लेकिन चूंकि बताना relevant नहीं होगा कि वह कौन आदमी हैं इसलिये मैं इस बात की तरफ नहीं जाता । इस clause के ज़रिये आप private दरख्तों को भी regulate करना चाहते हैं। हम समझते हैं कि यह संविधान में दिये गए मौलिक अधिकारों की उल्लंघना है कि आप शख्सी आज़ादी पर छापा मारें।

हर एक आदमी को मेहनत मज़दूरी करने का, खेती करने का विधान में बुनियादी हक दिया हुआ है। मैं समझता हूँ कि आप भारत के विधान की spirit और भावना के खिलाफ कदम रखने चले हैं। यह किसी व्यक्ति के अधिकारों पर छापा मारने वाली बात है। इससे साफ ज़ाहिर होता है कि आप ग्राम पंचायतों की powers में हस्तक्षेप करना चाहते हैं क्योंकि अब दो तिहाई की जगह simple majority से सारा काम चलेगा।

[श्री मंगल सैन]

मन्त्री महोदय ने 50 रुपए से 500 तक जुर्माने की रकम बढ़ाने के सम्बन्ध में जो दलील दी यह हमारी समझ में नहीं आई । खैर एक बात इससे ज़रूर निकलती है कि आज मन्त्री महोदय ने इस बात को indirect तरीके से स्वीकार तो किया कि उस ज़माने की निस्बत आज 10 गुना ज्यादा महंगाई है। लेकिन मैं निवेदन करता हूँ कि यह चीज़ खेती करने वालों पर ज़बर्दस्ती प्रहार होगा। कई बार उनके जानवर चरते चरते जंगल में घुस जाते हैं या ज़रूरत पड़ने पर वह वहां से थोड़ी बहुत लकड़ी काट लाते हैं तो उन पर यह clause हावी हो जाएगी। स्पीकर साहिब, आप जानते हैं कि सर्दियों के मौसम में पहाड़ों पर बर्फ पड़ती है। किसी आदमी ने अगर नासमझी में लकड़ी काट भी ली तो क्या आफत आ गई ? जैसा कि मैंने पहले कहा खुशी की बात है कि वज़ीर साहिब ने उस बात को माना कि आज महंगाई मुंह फाड़े खड़ी है और लकड़ी जैसी रोज़मर्रा की ज़रूरियाते ज़िन्दगी की कीमतें 10 गुना बढ़ गई हैं। लेकिन 50 से बढ़ा कर 500 रुपये तक जुर्माने की रकम कर देने वाली बात हमारी समझ में नहीं आई। मैं समझता हूँ कि गवर्नमेंट को इसका कोई हक हासिल नहीं। वह इसके मुतल्लिक कोई justification नहीं दे सकते। पहाड़ी इलाकों को पहले ही अंग्रेज़ों ने जानबूझकर पिछड़ा रखा क्योंकि वह उन भोले भाले, backward लोगों को फौजी भरती में ही ले जाना चाहते थे ताकि वह फौज में उनकी मदद करते रहें। इस सरकार ने भी उन लोगों का कोई ख्याल नहीं रखा। यही कारण है कि वह लोग इस सरकार की नीतियों के खिलाफ हैं। आज भी वह इसके खिलाफ हैं। इसका सबूत इस बात से मिलता है कि अभी अभी कांगड़ा ज़िला की जनता ने इस हकूमत के खिलाफ फतवा दिया है। मैं समझता हूँ कि यह बिल बदले की भावना से लाया गया है ।

इसके अलावा मैं निवेदन करता हूँ कि clause 6 के बारे जो हमारे fears है आप उनको accept क्यों नहीं करते। आप यह चाहते हैं कि 20 अगस्त, 1948 से पहले जो छोटे 2 रजवाड़े थे उन्होंने अपने interests को देख कर कुछ लोगों में जो जंगलात बांट दिये, nominal prices पर lease पर दे दिये उनको legalise किया जाए। यह गलत बात है। हम इसे कभी बरदाश्त नहीं कर सकते । आप एक तरफ तो Professions Tax को बढ़ाकर, मज़दूर, किसान, खाकरोब पर टैक्स लगा कर हरिजनों के लिये मकान बनाना चाहते हैं और दूसरी तरफ उन जागीरदारों को छूट देना चाहते हैं । हम तो यह कहेंगे कि बजाए इसके कि उन settlements को regularise किया जाए, उन स्वार्थवश किए गए वायदों को, transactions को मंसूख कर दिया जाए और नई परिस्थितियों के अनुसार बिल को लाया जाए मैं किसी सख्त भाषा का इस वक्त प्रयोग नहीं करना चाहता। क्योंकि पहले भी, स्पीकर साहिब, आप खफा हो गये थे लेकिन मेरी वह भावना कदापि नहीं थी। सवाल तो यह है कि ये बहरे कान हमारी आवाज़ को सुनते नहीं इनकी गर्दन पर जूं तक नहीं रींगती। (*Interruptions*) मजबूर होकर ऐसी भाषा बोलनी पड़ती है और, स्पीकर साहिब, शायद उनको यही भाषा पसन्द आती हो। मुझे रंज है कि उस वक्त एक नाखुशगवार लमहा आ गया जब कि आपने मेरी बात का बुरा मनाया। बहर हाल, मैं कहूँगा

कि जो तरमीम मन्त्री महोदय लाए हैं यह जनता पर भारी अन्याय है, अत्याचार है, धक्का है। इन शब्दों के साथ मैं अपनी amendments पेश करता हुआ अपने स्थान पर बैठता हूँ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ (ਸਰਦਾਰ ਗੁਰਬੰਤਾ ਸਿੰਘ) : ਸਪੀਕਰ ਸਾਹਬ, ਆਪਦੇ ਆਉਣ ਤੋਂ ਪਹਿਲਾਂ ਸਰਦਾਰ ਲਛਮਣ ਸਿੰਘ ਨੇ ਆਪਣੇ ਵਿਚਾਰ ਇਸ ਕਲਾਜ਼ ਤੇ ਜ਼ਾਹਿਰ ਕੀਤੇ ਸਨ (noise and interruptions) ਸਪੀਕਰ ਸਾਹਬ, ਮੈਨੂੰ ਇਕ ਗਲ ਯਾਦ ਆ ਗਈ ਹੈ। ਪੰਜਾਬੀ ਵਿਚ ਇਕ ਮਿਸਲ ਹੈ ਕਿ ਕਿਸੇ ਨੇ ਕਿਸੇ ਨੂੰ ਪੁਛਿਆ ਕਿ ਤੂੰ 12 ਸਾਲ ਕਿਥੇ ਰਿਹਾ। ਉਸਨੇ ਜਵਾਬ ਦਿਤਾ ਕਿ ਮੈਂ ਦਿਲੀ ਵਿਚ ਰਹਿੰਦਾ ਰਿਹਾ। ਉਸ ਨੇ ਫਿਰ ਪੁਛਿਆ ਕਿ ਤੂੰ 12 ਸਾਲ ਦਿੱਲੀ ਕੀ ਕਰਦਾ ਰਿਹਾ ? ਉਸਨੇ ਜਵਾਬ ਦਿਤਾ ਕਿ ਭਠ ਝੋਕਦਾ ਰਿਹਾ (ਹਾਸਾ)। ਮੇਰੇ ਇਕ ਦੋਸਤ ਜੋ ਬੋਲੇ ਹਨ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਇਸ ਕਲਾਜ਼ ਵਿਚ ਕੀ ਹੈ....(noise)

ਸਪੀਕਰ ਸਾਹਿਬ, ਕਲਾਜ਼ 3 ਵਿਚ ਹੋਰ ਕੁਝ ਲਿਖਿਆ ਹੈ। ਇਹ ਕਲਾਜ਼ 4 ਤੇ 5 ਤੇ ਬੋਲਦੇ ਰਹੇ। ਕਲਾਜ਼ 5 ਵਿਚ ਸਮਝੌਤੇ ਦੀ ਰਕਮ 500 ਰੁਪਏ ਤਕ ਰਖੀ ਹੈ ਅਤੇ ਕਲਾਜ਼ 4 ਵਿਚ "majority" ਦਾ ਸ਼ਬਦ ਰਖਿਆ ਹੈ। ਸਪੀਕਰ ਸਾਹਿਬ, ਇਨ੍ਹਾਂ ਦਾ ਭਾਸ਼ਨ ਸੁਣਕੇ ਮੇਰੇ ਦੋਸਤ ਜਸਟਿਸ ਗੁਰਨਾਮ ਸਿੰਘ ਹੋਰੀਂ ਜੋ ਇਨ੍ਹਾਂ ਦੇ ਪਾਸ ਬੈਠੇ ਸਨ ਸ਼ਰਮਾਉਂਦੇ ਹੋਏ ਬਾਹਰ ਚਲੇ ਗਏ। ਮੇਰੇ ਦੋਸਤ ਚਮਕ ਸਾਹਿਬ ਇਨ੍ਹਾਂ ਦੇ ਕੋਲ ਬੈਠੇ ਸਨ। ਜਿਸ ਤਰ੍ਹਾਂ ਮੁੰਡੇ ਇਮਤਿਹਾਨ ਦਿੰਦੇ ਕਾਨਾ ਫੂਸੀ ਕਰਦੇ ਹਨ ਏਸੇ ਤਰਾਂ ਉਹ ਇਨ੍ਹਾਂ ਨੂੰ ਕਹਿੰਦੇ ਰਹੇ ਕਿ ਕੀ ਗਲਾਂ ਕਹਿੰਦੇ ਹੋ। ਇਹ ਉਨ੍ਹਾਂ ਦੇ ਕਹਿਣ ਨੂੰ ਨਹੀਂ ਸਮਝ ਸਕੇ। ਸਪੀਕਰ ਸਾਹਿਬ, ਰਬ ਭਲਾ ਹੀ ਕਰੇ, ਜੇ ਇਨ੍ਹਾਂ ਦੇ ਹਥ ਵਿਚ ਤਾਕਤ ਆ ਗਈ ਪਤਾ ਨਹੀਂ ਇਹ ਹਿੰਦੁਸਤਾਨ ਨੂੰ ਕਿਤੇ ਦਾ ਕਿਤੇ ਛਡ ਆਉਣ। ਇਸ ਕਲਾਜ਼ ਵਲ ਮੰਗਲ ਸੈਨ ਜੀ ਨੇ ਵੀ ਇਸ਼ਾਰਾ ਕੀਤਾ ਹੈ। ਲੇਕਿਨ ਉਹ ਕਲਾਜ਼ 5 ਤੇ 6 ਵਲ ਚਲੇ ਗਏ। ਕਲਾਜ਼ 3 ਇਹ ਹੈ ਕਿ ਕੁਝ Revenue Record ਵਿਚ ਦਰਜ ਜਿਹੜਾ private ਲੋਕਾਂ ਦੀ ਜ਼ਮੀਨ ਵਿਚ ਵੀ ਜੰਗਲ ਹੈ ਉਸ ਨੂੰ ਅਸੀਂ preserve ਕਰ ਸਕਦੇ ਹਾਂ ਅਤੇ ਉਸਦੀ disposal ਕਰ ਸਕਦੇ ਹਾਂ। ਇਹ ਸਿਸਟਮ ਚਲਿਆ ਆਉਂਦਾ ਹੈ। ਅਸੀਂ ਉਨ੍ਹਾਂ ਦੀ ਡਿਸਪੋਜ਼ਲ ਤੇ ਪਰੀਜ਼ਰਵੇਸ਼ਨ ਲਈ ਰੂਲਜ਼ ਬਨਾਉਣੇ ਹਨ। ਇਸ ਕਲਾਜ਼ ਦੇ ਜ਼ਰੀਏ ਅਸੀਂ ਰੂਲਜ਼ ਬਨਾਉਣ ਦੀ ਇਜਾਜ਼ਤ ਲਈ ਹੈ। ਇਸ ਕਲਾਜ਼ ਰਾਹੀਂ ਹੋਰ ਕੋਈ ਦਖਲ ਨਹੀਂ ਦਿਤਾ ਗਿਆ। ਰੈਵਿਨਿਊ ਰਿਕਾਰਡ ਵਿਚ ਜਿਹੜੇ ਦਰਖਤ ਦਰਜ ਹਨ ਉਨ੍ਹਾਂ ਦੀ ਹੁਣ ਵੀ ਡਿਸਪੋਜ਼ਲ ਤੇ ਪਰੀਜ਼ਰਵੇਸ਼ਨ ਹੁੰਦੀ ਹੈ। ਦਫਾ 76 ਦੇ ਮਾਤਹਿਤ ਅਸੀਂ ਰੂਲਜ਼ ਬਨਾਉਣੇ ਹਨ ਅਤੇ ਤੁਹਾਡੀ ਇਜਾਜ਼ਤ ਲਈ ਹੈ। ਇਸ ਨਾਲ ਕਿਸੇ ਦਾ ਨੁਕਸਾਨ ਨਹੀਂ। ਮੈਂ ਕਹਿੰਦਾ ਹਾਂ ਕਿ ਇਸ ਕਲਾਜ਼ ਨੂੰ ਪਾਸ ਕੀਤਾ ਜਾਏ।

Mr. Speaker : Question is—

In the proposed section 35-A, line 3, for "private persons" substitute "government land".

The motion was lost.

Mr. Speaker : Question is—

In the proposed section 35-A, lines 3-5, delete "in respect of which permission to remove is required under the record of rights prepared under any law relating to land revenue".

[**Mr. Speaker**]

The motion was lost.

Mr. Speaker : Question is—

That Clause 3 stand part of the Bill.

The motion was carried.

CLAUSE 4

Mr. Speaker : There is an Amendment to this Clause given notice of (jointly)by Comrade Harnam Singh Chamak,Comrade Hardit Singh Bhathal, and Comrade Bhan Singh Bhaura, which if carried will have a negative effect. This purpose can be served by voting against the Clause. Therefore it is out of Order. However, if any hon. Member wants to oppose this Clause he can do so.

(No hon. Member rose to speak.)

Mr. Speaker : Question is—

That Clause 4 stand part of the Bill.

The motion was carried.

बाबू बचन सिंह: On a point of order, Sir.

जब आप ने अमैंडमैंट पर वोट लिए हैं ......

श्री अध्यक्ष : मैं ने अमैंडमैंट पर वोट नहीं लिए, वह तो मैं ने out of order declare कर दी है । आप ने सुना नहीं । clause चार पर वोट लिए हैं । (I did not put the amendment to the vote of the House, That, I have declared out of order. Perhaps the hon. Member was not attentive. The vote was taken on clause 4)

CLAUSE 5

Mr. Speaker : Amendments Nos. 4, 5, 6 and 13 given notice of by Harnam Singh Chamak, Comrade Hardit Singh Bhathal, Comrade Bhan Singh Bhaura and Thakar Mehar Singh, to this Clause are of a negative character. This purpose can be served by voting against the Clause. I declare them out of order. However the hon. Members can, if they so like, oppose the Clause.

Further, there is an amendment (No. 12) to this Clause given notice of by Shri Mangal Sein. It will be deemed to have been read and moved. The amendment is—

12. Shri Mangal Sein:

In line 2, *for* "five hundred" *substitute* "ten".

ਸਰਦਾਰ ਤਾਰਾ ਸਿੰਘ ਲਾਇਲਪੁਰੀ (ਨਾਗੋਕੇ ਐਸ. ਸੀ.) : ਸਪੀਕਰ ਸਾਹਿਬ, ਹਾਊਸ ਵਿਚ ਜਿਹੜਾ ਬਿਲ ਪੇਸ਼ ਕੀਤਾ ਗਿਆ ਹੈ ਇਸ ਦੇ ਮੁਤੱਲਿਕ ਆਪੋਜ਼ੀਸ਼ਨ ਵਲੋਂ amendments ਪੇਸ਼ ਹੋਈਆਂ ਹਨ । ਜੁਰਮਾਨੇ ਦੇ ਮੁਤੱਲਿਕ amendments ਪੇਸ਼ ਹੋਈਆਂ ਹਨ । ਮੈਂ ਸਮਝਦਾ ਹਾਂ ਸਾਡੇ ਦੇਸ਼ ਵਿਚ ਇਸ ਤਰੀਕੇ ਨਾਲ ਇਨਸਾਫ ਨਹੀਂ ਹੋ ਸਕਦਾ । ਜਿਹੜੇ ਲੋਕ ਪਹਾੜਾਂ ਵਿਚ ਵਸਦੇ ਹਨ ਉਹ ਜੰਗਲ ਤੇ ਗੁਜ਼ਾਰਾ ਕਰਦੇ ਹਨ । ਜਿਹੜੇ ਲੋਕ ਹਰੀਜਨ ਹਨ ਉਨ੍ਹਾਂ ਕੋਲ ਜ਼ਮੀਨ ਨਹੀਂ । ਉਹ ਭੇਡਾਂ ਬਕਰੀਆਂ ਪਾਲ ਕੇ ਗੁਜ਼ਾਰਾ ਕਰਦੇ ਹਨ । ਸਰਕਾਰ ਨੇ ਇਹ ਤਸਲੀਮ ਕਰ ਲਿਆ ਹੈ ਕਿ ਲਾ ਐਂਡ ਆਰਡਰ ਦੀ ਹਾਲਤ ਠੀਕ ਨਹੀਂ ਕਿਉਂਕਿ ਦਰਖਤ ਕਟੇ ਜਾ ਰਹੇ ਹਨ, ਤਦ ਹੀ ਤਾਂ ਇਹ ਜੁਰਮਾਨਾ ਵਧਾਇਆ ਜਾ ਰਿਹਾ ਹੈ । ਜੇ ਹਜ਼ਾਰ ਰੁਪਏ ਦੇ ਦਰਖਤ ਵਢ ਲੈਣ ਨਾਲ 500 ਰੁਪਏ ਜੁਰਮਾਨਾ ਦੇਣਾ ਪਵੇ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਇਸ ਤਰਾਂ ਕਰਕੇ ਆਮ ਲੋਕਾਂ ਨੂੰ ਸ਼ਹਿ ਦੇ ਰਹੀ ਹੈ ਕਿ ਉਹ 500 ਰੁਪਿਆ ਭਰ ਦਿਆ ਕਰਨ ਤੇ ਹਜ਼ਾਰ ਰੁਪਏ ਦੇ ਦਰਖਤ ਵਢ ਲਿਆ ਕਰਨ । ਉਹ ਹਜ਼ਾਰ ਰੁਪਏ ਦੇ ਦਰਖਤ ਵਢ ਕੇ 500 ਰੁਪਿਆ ਦੇ ਦਿਆ ਕਰਨਗੇ । ਇਸ ਤਰਾਂ ਉਹ ਰੇਂਜਰ ਨੂੰ ਵੀ ਰਿਸ਼ਵਤ ਦਿਆ ਕਰਨਗੇ । ਇਸ ਮੁਲਕ ਵਿਚ ਤੇ ਪੰਜਾਬ ਵਿਚ ਇਹੀ ਹਾਲਤ ਹੈ । ਦਰਖਤ ਵਢ ਕੇ ਉਹ ਦਰਖਾਸਤ ਦੇ ਦਿਆ ਕਰਨਗੇ ਤੇ ਉਹ ਇਨ੍ਹਾਂ ਨੂੰ ਛਡ ਦਿਆ ਕਰਨਗੇ । ਸਿਰਫ਼ ਉਨ੍ਹਾਂ ਨੂੰ 500 ਰੁਪਿਆ ਜੁਰਮਾਨਾ ਦੇਣਾ ਪਿਆ ਕਰੇਗਾ । ਪਹਾੜ ਦੇ ਇਲਾਕੇ ਬਾਰੇ ਬੜਾ ਕੁਛ ਕਿਹਾ ਗਿਆ ਕਿ ਅਸੀਂ ਇਸ ਦੀ ਤਰੱਕੀ ਕਰਾਂਗੇ, hilly area ਨੂੰ relief ਦੇਣ ਲਈ ਕਿਹਾ ਗਿਆ । ਕਾਂਗਰਸ ਵਾਲਿਆਂ ਨੇ ਇਸ ਦੇ ਮੁਤੱਲਿਕ ਬੜਾ ਰੌਲਾ ਪਾਇਆ ਸੀ ਪਰ ਇਸ ਤਰ੍ਹਾਂ ਤਾਂ ਉਨ੍ਹਾਂ ਦੀ ਹਾਲਤ ਅਗੇ ਨਾਲੋਂ ਵੀ ਖਰਾਬ ਹੋ ਜਾਏਗੀ । ਮੈਂ ਸਮਝਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਇਹ ਬਿਲ ਲਿਆਂਦਾ ਹੈ ਇਹ ਹਿੰਦੁਸਤਾਨ ਵਿਚ ਆਪਣੀ ਕਿਸਮ ਦਾ amending bill ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ ।

(ਵਿਘਨ) (ਸ਼ੋਰ)

ਜਿਹੜੇ ਹਿਲੀ ਏਰੀਏ ਦੇ ਲੋਕ ਹਨ ਉਨ੍ਹਾਂ ਦਾ ਇਸ ਨਾਲ ਕੋਈ ਫਾਇਦਾ ਨਹੀਂ ਹੋਏਗਾ । ਸਪੀਕਰ ਸਾਹਿਬ, ਇਹ ਸਰਾਜ ਤੇ ਕੁਲੂ ਵਿਚੋਂ ਹਾਰੇ ਹਨ ਇਸ ਵਾਸਤੇ ਇਹ ਬਿਲ ਪੇਸ਼ ਕੀਤਾ ਹੈ । ਇਸ ਨਾਲ ਹਰੀਜਨਾਂ ਨੂੰ ਵੀ ਕੋਈ ਫਾਇਦਾ ਨਹੀਂ ਹੋਏਗਾ । ਗੌਰਮੈਂਟ ਕਹਿੰਦੀ ਹੈ ਕਿ ਅਸੀਂ ਹਰੀਜਨਾਂ ਦੀ ਭਲਾਈ ਕਰ ਰਹੇ ਹਾਂ ਪਰ ਜਿਹੜੇ ਲੋਕ ਥੋੜਾ ਬਹੁਤ ਇਹ ਪੇਸ਼ ਕਰਕੇ ਗੁਜ਼ਾਰਾ ਕਰਦੇ ਹਨ ਹੁਣ ਉਹ ਵੀ ਨਹੀਂ ਕਰ ਸਕਣਗੇ ।

ਸਪੀਕਰ ਸਾਹਿਬ, ਇਹ ਬਿਲ ਜੋ ਪੇਸ਼ ਕੀਤਾ ਗਿਆ ਹੈ ਇਸ ਨਾਲ ਹਰੀਜਨਾਂ ਨੂੰ ਬਹੁਤ

6.00 P. M.

ਮੁਸ਼ਕਲ ਵਿਚ ਪਾਇਆ ਜਾ ਰਿਹਾ ਹੈ । ਐਨੀਆਂ ਵਡੀਆਂ powers ਜੰਗਲ ਦੇ ਗਾਰਡਜ਼ ਨੂੰ ਦੇ ਦੇਣੀਆਂ ਮੁਨਾਸਬ ਨਹੀਂ ਅਤੇ ਫਿਰ ਜੋ ਜੁਰਮਾਨਾ 500 ਰੁਪਏ ਤਕ ਲਗਾਇਆ ਜਾ ਰਿਹਾ ਹੈ ਇਸ ਨਾਲ hilly areas ਤੋਂ ਸਿਵਾਏ ਬਦਨਾਮੀ ਦੇ ਹੋਰ ਕੁਝ ਨਹੀਂ ਮਿਲਣ ਲਗਾ । ਇਸ ਬਿਲ ਰਾਹੀਂ ਭਾਰੀ ਜ਼ਿਆਦਤੀ ਕੀਤੀ ਜਾ ਰਹੀ ਹੈ ਅਤੇ ਇਸ ਦੇ ਨਤੀਜੇ ਚੰਗੇ ਨਹੀਂ ਨਿਕਲਣਗੇ । ਮੈਂ ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਆਪ ਦੀ ਰਾਹੀਂ ਇਸ ਸਮੁਚੇ ਬਿਲ ਅਤੇ ਖਾਸ ਕਰ ਇਸ ਕਲਾਜ਼ ਦੀ ਵਿਰੋਧਤਾ ਕਰਦਾ ਹਾਂ ਕਿ ਇਸ ਨੂੰ ਪਾਸ ਨਹੀਂ ਕੀਤਾ ਜਾਣਾ ਚਾਹੀਦਾ ।

Mr. Speaker : Question is—

In line 2, *for* "five hundred" *substitute* "ten".

The motion was lost.

Mr. Speaker : Question is—

That Clause 5 stand part of the Bill.

The motion was carried.

CLAUSE 6

Mr. Speaker : There are amendments (Nos. 7, 8, 9 and 14) to this Clause given notice of by Comrade Harnam Singh Chamak, Comrade Hardit Singh Bhathal, Comrade Bhan Singh Bhaura and Shri Mangal Sein. As already stated, these being of negative character, are also out of order and the purpose can be served by voting against the Clause.

ਕਾਮਰੇਡ ਭਾਨ ਸਿੰਘ ਭੌਰਾ (ਧੂਰੀ–S.C.) : ਸਪੀਕਰ ਸਾਹਿਬ, ਇਹ ਜਿਹੜੀ ਕਲਾਜ਼ 6 ਹੈ ਇਸ ਵਿਚ ਇਹ ਗਲ ਰਖੀ ਗਈ ਹੈ ਕਿ ਰਾਜਿਆਂ ਨੇ ਜੋ ਸੈਟਲਮੈਂਟਸ ਕੀਤੇ ਸਨ ਉਨ੍ਹਾਂ ਨੂੰ continue ਕੀਤਾ ਜਾਵੇਗਾ । ਇਸ ਗਲ ਦਾ ਜਵਾਬ ਦਿੰਦਿਆਂ ਮਿਨਿਸਟਰ ਸਾਹਿਬ ਨੇ ਇਹ ਗਲ ਦਸੀ ਸੀ ਕਿ ਅਸੀਂ ਇਸ ਨੂੰ ਨਹੀਂ ਰਖ ਰਹੇ । ਮੈਂ ਸਮਝਦਾ ਹਾਂ ਕਿ ਜੋ ਸੈਟਲਮੈਂਟਸ ਇਨ੍ਹਾਂ ਰਾਜਿਆਂ ਨੇ 1947 ਤੋਂ ਪਹਿਲਾਂ ਕੀਤੇ ਸਨ ਉਹ ਹੁਣ ਦੇ ਬਦਲੇ ਹੋਏ ਹਾਲਾਤ ਵਿਚ ਨਹੀਂ ਰਹਿਣੇ ਚਾਹੀਦੇ ਕਿਉਂਕਿ ਇਸ ਤੋਂ ਇਸ ਗਲ ਦਾ ਸ਼ਕ ਪੈਂਦਾ ਹੈ ਕਿ ਇਸ ਸੈਟਲਮੈਂਟ ਰਾਹੀਂ ਜੋ ਸਰਕਾਰ ਨੇ ਜਾਂ ਇਨ੍ਹਾਂ ਰਾਜਿਆਂ ਨੇ ਵਜ਼ੀਰ ਸਾਹਿਬਾਨ ਦੇ ਕੁਝ ਆਦਮੀਆਂ ਨਾਲ ਮਿਲਕੇ ਜ਼ਮੀਨ ਖੁਰਦ ਬੁਰਦ ਕੀਤੀ ਹੋਣੀ ਹੈ, ਉਸ ਨੂੰ ਛੋਟ ਦਿਤੀ ਜਾਵੇ ਜਾਂ ਉਸ ਤੇ ਇਸ ਕਲਾਜ਼ ਰਾਹੀਂ ਪਰਦਾ ਪਾਇਆ ਜਾਵੇ । ਇਸ ਲਈ ਮੈਂ ਇਹ ਤਜਵੀਜ਼ ਕਰਦਾ ਹਾਂ ਕਿ ਜੇਕਰ ਸਰਕਾਰ ਚਾਹੁੰਦੀ ਹੈ ਕਿ ਸਾਡੇ ਮਨਾਂ ਵਿਚੋਂ ਸ਼ਕ ਦੂਰ ਕੀਤਾ ਜਾਵੇ ਤਾਂ ਇਨ੍ਹਾਂ ਸੈਟਲਮੈਂਟਸ ਨੂੰ ਵਾਪਿਸ ਲਿਆ ਜਾਵੇ ਅਤੇ ਇਕ ਇਨਕੁਆਇਰੀ ਕਮਿਸ਼ਨ ਮੁਕਰਰ ਕੀਤਾ ਜਾਵੇ ਜੋ ਇਸ ਤਰ੍ਹਾਂ ਦੇ settlements ਨੂੰ ਵੇਖੇ ਅਤੇ ਰੀਪੋਰਟ ਕਰੇ । ਸਪੀਕਰ ਸਾਹਿਬ, ਤੁਹਾਨੂੰ ਆਪ ਹੀ ਪਤਾ ਲਗ ਜਾਵੇਗਾ ਕਿ ਕਿੰਨੇ ਹੀ ਵਜ਼ੀਰ ਸਾਹਿਬਾਨ ਵੀ ਇਸ ਤਰ੍ਹਾਂ ਦੇ ਜ਼ਮੀਨ ਦੇ ਖੁਰਦ ਬੁਰਦ ਕਰਨ ਵਿਚ ਲਭ ਪੈਣਗੇ । ਇਸ ਲਈ ਇਸ ਕਲਾਜ਼ ਨੂੰ ਪਾਸ ਨਹੀਂ ਕੀਤਾ ਜਾਣਾ ਚਾਹੀਦਾ ।

Mr. Speaker : Question is—

That Clause 6 stand part of the Bill.

The motion was carried.

CLAUSE 7

Mr. Speaker : Question is—

That Clause 7 stand part of the Bill.

The motion was carried.

CLAUSE 1

Mr. Speaker: Question is—

That Clause 1 stand part of the Bill.

The motion was carried.

TITLE

Mr. Speaker : Question is—

That the title be the title of the Bill.

The motion was carried.

Minister for Agriculture and Forests (Sardar Gurbanta Singh) : Sir, I beg to move—

That the Indian Forest (Punjab Amendment) Bill, as passed by the Punjab Legislative Council, be passed.

Mr. Speaker : Motion moved—

That the Indian Forest (Punjab Amendment) Bill, as passed by the Punjab Legislative Council, be passed.

ਕਾਮਰੇਡ ਮਖਣ ਸਿੰਘ ਤੁਸਿਕਾ (ਜੰਡਿਆਲਾ) **:** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ Treasury Benches ਤੇ ਬੈਠੇ ਦੋਸਤਾਂ ਨੂੰ ਅਤੇ ਇਧਰ ਦੇ ਸਾਥੀਆਂ ਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੰਗਲਾਂ ਸਬੰਧੀ ਜੋ ਇਹ ਬਿਲ ਜੰਗਲੀ ਵਜ਼ੀਰ ਸਾਹਿਬ ਨੇ ਪੇਸ਼ ਕੀਤਾ ਹੈ ।

ਸ਼੍ਰੀ ਰਾਮ ਪਰਤਾਪ ਗਰਗ : ਕੀ ਕੋਈ ਮੈਂਬਰ ਕਿਸੇ ਵਜ਼ੀਰ ਨੂੰ ਜੰਗਲੀ ਵਜ਼ੀਰ ਕਹਿ ਸਕਦਾ ਹੈ ।

ਸਰਦਾਰ ਲਛਮਣ ਸਿੰਘ ਗਿਲ : ਇਹ ਤਾਂ ਪੰਜਾਬੀ ਵਿਚ ਫਾਰੈਸਟ ਮਿਨਿਸਟਰ ਦਾ ਤਰਜਮਾ ਹੈ ।

ਸ਼੍ਰੀ ਸਪੀਕਰ : ਮੈਂ ਤੁਸਿਕਾ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਤਰਾਂ ਦੀਆਂ ਗਲਾਂ ਨਾ ਕਰਨ । (I would request the hon. Member to avoid the use of such references.)

ਕਾਮਰੇਡ ਮਖਣ ਸਿੰਘ ਤੁਸਿਕਾ : ਮੈਂ ਤਾਂ ਪੰਜਾਬੀ ਵਿਚ ਤਰਜਮਾ ਕੀਤਾ ਸੀ । ਖੈਰ ਮੈਂ ਇਸ ਸ਼ਬਦ ਨੂੰ ਨਹੀਂ ਵਰਤਾਂਗਾ ।

गृह मन्त्री : जहां तक डिप्टी स्पीकर साहिबा, adjournment motion का ताल्लुक है, आपने जो फैसला कर दिया वही सब को मानना चाहिए। मुझे भी यह motion हाउस में ही मिला है इस लिए पूरे वाक्यात मेरे सामने नहीं हैं। लेकिन चूंकि मैम्बर साहिबान concern show करते हैं, इस लिए मैं आपकी इजाज़त चाहूंगा कि मैं कल या परसों सारी बात देख कर यहां हाउस में बयान कर सकूं।

उपाध्यक्ष महोदया : ठीक है। (Yes, that will be proper).

श्री बलरामजी दास टंडन : जनाब डिप्टी स्पीकर साहिबा, मेरी दूसरी adjournment motion ऐजुकेशन डिपार्टमैंट से ताल्लुक रखती है। सरकार ने एक मैनेजिंग कमेटी एक जगह की तोड़ कर दूसरी अपनी मर्ज़ी की मैनेजिंग कमेटी बनाकर जो रुपया पहली को ही देना चाहिए था वह उससे लेकर इसको दे दिया। इस लिए इस सम्बन्ध में भी मैं यह चाहूंगा कि जहां होम मिनिस्टर साहिब पहली एडजर्नमैंट मोशन के बारे में यहां बयान दें वहां इस एडजर्नमैंट मोशन के बारे में भी रौशनी डालें।

सरदार गुरदयाल सिंह ढिल्लों : On a point of order, Madam. मैं यह कहना चाहता हूं कि आपने जब रूलिंग दे दिया तो आनरेबल मैम्बर साहिबान का यह फर्ज़ बन जाता है कि उसको accept करें। लेकिन एक बात मैं जो कहना चाहता हूं वह यह है कि टण्डन साहब ने कुछ कहा और होम मिनिस्टर साहब उसका जवाब देंगे लेकिन हाउस को तो यह पता ही नहीं है कि क्या बात है जिसका ज़िक्र हो रहा है और जिसका जवाब दिया जाएगा।

गृह मन्त्री : मैं इस सिलसिले में आप से यह अर्ज़ करनी चाहता हूं...

उपाध्यक्ष महोदया : ढिल्लों साहब ने जो point of order raise किया है पहले आप उस पर मुझे ruling दे लेने दें। (*Interruption*) मैं यह अर्ज़ करना चाहती हूं कि जो अच्छा बोलने वाले सदस्य होते हैं यदि वे बार बार ज़ोर से बोलें तो उन के बोलने की स्पीच की अच्छाई कम हो जाती है। (Let me first give my ruling on the point of order raised by Sardar Gurdial Singh Dhillon. (*Interruption*) Here I may point out that

the force in the speech of a good orator is reduced if he repeatedly tries to lay stress upon the same thing in a loud voice.)

गृह मन्त्री : जो point of order ढिल्लों साहब ने उठाया है उस के बारे में ही मैं अर्ज़ करना चाहता हूं ।

चौधरी देवी लाल : On a point of order, Madam. मेरा point of order यह है कि क्या किसी point of order पर ruling Chair ने देनी है या उस का जवाब गृह मिनिस्टर भी दे सकते हैं ?

उपाध्यक्ष महोदया : Point of order पर ruling तो मैं दूंगी वह तो सिर्फ जवाब दे रहे हैं । (The ruling on the point of order is to be given by the Chair. The Minister will simply explain the position.)

गृह मन्त्री : इस वक्त ढिल्लों साहब ने जो एतराज़ उठाया है उस में दो बातें हैं । पहली चीज़ तो यह है कि आप इस adjournment motion को out of order declare कर चुके हैं । दूसरे point के बारे में अर्ज़ है कि सरदार गुरदियाल सिंह ढिल्लों की as Speaker खुद की कई ऐसी rulings हैं कि यह ज़रूरी नहीं है कि किसी adjournment motion को यहां हाउस में पढ़ा जाये । आप पढ़ने की इजाजत दे सकते हैं लेकिन इस वक्त आप ने ऐसा करना मुनासिब नहीं समझा और इस adjournment motion को आप ने out of order declare कर दिया है । इस लिये अब इस के पढ़ने पढ़ाने की कोई stage नहीं रही ।

उपाध्यक्ष महोदया : मैं तो चाहती थी कि ढिल्लों साहब ने जो point of order उठाया है उस के बारे में आप कोई information देते ताकि उस का जवाब दिया जावे । (Thumping) No thumping please. (As a matter of fact my intention in allowing the hon. Minister to speak at this occasion was that he should explain the position so that I might be able to give my ruling on the point of order raised by Sardar Gurdial Singh Dhillon.)

सरदार गुरदयाल सिंह ढिल्लों : दरअसल practice यह है कि adjournment motion का जब notice आता है तो उस पर आम तौर पर स्पीकर के Chamber में फैसला हो जाता है । और यहां पर वह पढ़ी नहीं जाती । लेकिन आप ने चुंकि यह फैसला दे दिया है और मिनिस्टर साहब भी agree करते हैं कि वह इस बारे में statement देंगे तो ठीक है लेकिन उन्होंने यह नहीं बताया कि वह किस बात की statement देंगे ।

Deputy Speaker : The hon. Member, Sardar Gurdial Singh Dhillon, remained Speaker for a considerable period. He is an old and experienced parliamentarian. It is very kind of him that he now helps the Chair.

[Deputy Speaker]

I have already given my ruling on the adjournment motion. Now I request that there should be no more discussion on this subject.

ANNOUNCEMENT BY THE SECRETARY REGARDING CERTAIN BILLS

Deputy Speaker : The Secretary will now make some announcement.

Secretary : Under rule 2 of the Punjab State Legislature (Communications) Rules, 1959, I have to inform the House that the Punjab Agricultural University (Amendment) Bill, 1962, the Punjab Professions, Trades, Callings and Employments Taxation (Amendment) Bill, 1962 and the Punjab Land Revenue Special Assessment (Exemption) Bill, 1962, passed by the Punjab Vidhan Sabha on the 7th/8th May, 1962, and transmitted to the Punjab Legislative Council have been agreed to by the said Council without any amendment/recommendation on the 14th May, 1962.

कामरेड राम प्यारा : On a point order, Madam. मैं ने जो point raise किया था उस के बारे में आप ने फरमाया था कि आप आज फैसला देंगी लेकिन आज उस का फैसला नहीं दिया गया ।

उपाध्यक्ष महोदया : I am very sorry. आप के सवाल का जवाब वह 15 तारीख के बाद देंगे । (I am very sorry. The hon. Minister will reply to your question after the 15th instant.)

कामरेड राम प्यारा : कल जो सवालों की list आयेगी उस में क्या वह सवाल भी छप जायेगा ?

उपाध्यक्ष महोदया : वह वीरवार की list में आ जायेगा । (That will be included in list of questions for Thursday.)

THE PUNJAB SECURITY OF LAND TENURES (AMENDMENT AND VALIDATION) BILL, 1962—RESUMPTION OF CONSIDERATION.

उपाध्यक्ष महोदया : कल जब हाउस स्थगित हुआ था तो Punjab Security of Land Tenures (Amendment and Validation) Bill. पर सरदार अजमेर सिंह जी बोल रहे थे । वह अपना भाषण जारी करें ।

ਮਾਲ ਮੰਤਰੀ (ਸਰਦਾਰ ਅਜਮੇਰ ਸਿੰਘ) : ਡਿਪਟੀ ਸਪੀਕਰ ਸਾਹਿਬਾ, ਕਲ ਜਦੋਂ ਹਾਊਸ ਉਠਣ ਵਾਲਾ ਸੀ ਤਾਂ ਮੈਂ ਮਤਾ ਪੇਸ਼ ਕੀਤਾ ਸੀ ਕਿ ਇਸ ਬਿਲ ਤੇ ਫੌਰਨ ਗੌਰ ਕੀਤਾ ਜਾਵੇ । ਮੈਂ ਇਸ ਬਿਲ ਦੇ ਮੁਤੱਲਿਕ ਵਿਸਥਾਰ ਨਾਲ ਗੱਲ ਬਾਤ ਨਹੀਂ ਕਰ ਸਕਿਆ ਸੀ ਕਿਉਂ ਜੋ ਹਾਊਸ ਛੇਤੀ ਉਠ ਗਿਆ । ਤੇ ਅਜ ਮੈਂ ਉਸ ਮਤੇ ਦੇ ਮੁਤੱਲਿਕ ਅਰਜ਼

ਕਰਦਾ ਹਾਂ ਤਾਕਿ ਇਸ ਹਾਊਸ ਨੂੰ ਇਸ ਬਿਲ ਦੇ ਸਮਝਣ ਵਿਚ ਸਹੂਲੀਅਤ ਹੋ ਜਾਵੇ ਕਿ ਅਸੀਂ ਕਿਸ ਗੱਲ ਦੀ ਤਰਮੀਮ ਚਾਹੁੰਦੇ ਹਾਂ ।

ਮੈਂ ਅਰਜ਼ ਕਰਦਾ ਹਾਂ ਕਿ 1947 ਤੋਂ ਬਾਅਦ ਬਦਲੇ ਹੋਏ ਹਾਲਾਤ ਦੇ ਮੁਤਾਬਿਕ ਇਹ ਜ਼ਰਈ ਮਸਲਾ ਕੁਦਰਤੀ ਤੌਰ ਤੇ ਪੈਦਾ ਹੋਇਆ ਜਿਹੜਾ ਕਿ ਜ਼ਮੀਨਾਂ ਦੇ ਮਾਲਕਾਂ ਤੇ ਮੁਜ਼ਾਰਿਆਂ ਨਾਲ ਤੱਲਕ ਰਖਦਾ ਸੀ । ਇਕ ਪਾਸੇ ਇਹ ਮੰਗ ਸੀ ਕਿ ਜਿਹੜੇ ਕਾਸ਼ਤ ਕਰਨ ਵਾਲੇ ਲੋਕ ਹਨ ਪਰ ਜ਼ਮੀਨ ਤੇ ਉਨ੍ਹਾਂ ਦਾ ਕੋਈ ਹਕ ਹਕੂਕ ਨਹੀਂ ਉਨ੍ਹਾਂ ਨੂੰ ਜ਼ਮੀਨਾਂ ਦਿਤੀਆਂ ਜਾਣ ਤੇ ਉਨ੍ਹਾਂ ਦੇ ਹਕੂਕ ਦੀ ਰਾਖੀ ਕੀਤੀ ਜਾਵੇ । ਦੂਜੇ ਪਾਸੇ ਵਡੇ ਵਡੇ ਜ਼ਮੀਂਦਾਰ ਸਨ ਜਿਹੜੇ ਕਿ ਜ਼ਮੀਨਾਂ ਦੇ ਸਹੀ ਮਾਨਿਆਂ ਵਿਚ ਮਾਲਕ ਸਨ ਜੋ ਕਿਸੇ ਨਾ ਕਿਸੇ ਵਜ੍ਹਾ ਕਰਕੇ ਕਾਸ਼ਤਕਾਰਾਂ ਨੂੰ ਜਾਂ ਦੂਜੇ ਮਾਨਿਆਂ ਵਿਚ ਮੁਜ਼ਾਰਿਆਂ ਨੂੰ ਬਦਲਦੇ ਰਹਿੰਦੇ ਸਨ ਜਿਸ ਕਰਕੇ ਉਨ੍ਹਾਂ ਨੂੰ ਤੰਗੀ ਆਉਂਦੀ ਸੀ । ਤੇ ਇਹ ਇਕ living issue ਬਣ ਗਿਆ ਸੀ । ਇਸ ਬਾਰੇ ਸਭ ਤੋਂ ਪਹਿਲਾਂ 1950 ਵਿਚ ਇਕ ਐਕਟ ਪਾਸ ਕੀਤਾ ਗਿਆ । ਇਸ ਤੋਂ ਬਾਅਦ ਫੇਰ ਹਾਲਾਤ ਦੇ ਮੁਤਾਬਕ 1951 ਵਿਚ amending act ਪਾਸ ਕੀਤਾ ਗਿਆ । ਉਸ ਤੋਂ ਮਗਰੋਂ 1952 ਵਿਚ ਇਕ comprehensive ਬਿਲ ਜਿਹੜਾ ਕਿ ਬਹੁਤ ਸਾਰੀਆਂ ਚੀਜ਼ਾਂ ਨੂੰ incorporate ਕਰਦਾ ਸੀ ਪਾਸ ਕੀਤਾ ਗਿਆ । ਫੇਰ 1953 ਵਿਚ Punjab Security of Land Tenures Act ਪਾਸ ਕੀਤਾ ਗਿਆ । ਉਸ ਤੋਂ ਬਾਅਦ ਜਿਸ ਜਿਸ ਤਰ੍ਹਾਂ ਜ਼ਰੂਰਤ ਮਹਿਸੂਸ ਹੋਈ ਅਤੇ ਐਕਟ ਦੀ ਵਰਤੋਂ ਤੋਂ ਬਾਅਦ ਜੋ ਜੋ ਵਾਕਿਆਤ ਸਾਹਮਣੇ ਆਏ ਉਨ੍ਹਾਂ ਦੀ ਰੋਸ਼ਨੀ ਵਿਚ ਇਸ ਐਕਟ ਵਿਚ ਸਮੇਂ ਸਮੇਂ ਤੇ ਤਰਮੀਮਾਂ ਹੁੰਦੀਆਂ ਰਹੀਆਂ । 1953 ਤੋਂ ਬਾਅਦ 1955 ਵਿਚ ਇਸ ਨੂੰ ਸੋਧਿਆ ਗਿਆ ਅਤੇ ਫੇਰ 1958 ਤੇ 1959 ਵਿਚ ਵੀ ਇਸ ਵਿਚ ਤਰਮੀਮਾਂ ਕੀਤੀਆਂ ਗਈਆਂ । ਹੁਣ ਜਦੋਂ ਇਹ ਬਿਲ ਵਰਤੋਂ ਵਿਚ ਆਇਆ ਤਾਂ ਇਸ ਵਿਚ ਇਹ ਤਰਮੀਮ ਕਰਨ ਦੀ ਜ਼ਰੂਰਤ ਮਹਿਸੂਸ ਹੋਈ ਜਿਹੜੀ ਕਿ ਅਸੀਂ 1959 ਦੇ ਐਕਟ ਵਿਚ ਕਰਨ ਲਗੇ ਹਾਂ । 1953 ਦਾ ਜਿਹੜਾ ਬਿਲ ਪਾਸ ਹੋਇਆ ਸੀ ਉਸ ਦਾ ਮੁਖ ਮੰਤਵ ਇਹ ਸੀ ਕਿ ਜ਼ਮੀਨਾਂ ਤੋਂ ਮੁਜ਼ਾਰਿਆਂ ਨੂੰ ਬੇਦਖਲ ਨਾ ਕੀਤਾ ਜਾਵੇ ਅਤੇ ਜੇਕਰ ਬੇਦਖਲ ਕੀਤਾ ਜਾਵੇ ਤਾਂ ਖਾਸ ਹਾਲਾਤ ਵਿਚ ਕੀਤਾ ਜਾਵੇ । ਮੁਜ਼ਾਰਿਆਂ ਨੂੰ ਕੁਝ ਹੋਰ ਹਕੂਕ ਦਿਤੇ ਗਏ । ਅਤੇ ਕਈ ਖਾਸ਼ ਰਿਆਇਤਾਂ ਦਿਤੀਆਂ ਗਈਆਂ ਹਨ । ਉਨ੍ਹਾਂ ਨੂੰ ਹਕ ਸ਼ੁਫਾ ਕਰਨ ਦੀ ਇਜਾਜ਼ਤ ਦਿਤੀ ਗਈ । ਮੁਜ਼ਾਰੇ ਨੂੰ ਕੁਝ ਹਾਲਤਾਂ ਵਿਚ ਜ਼ਮੀਨ ਖਰੀਦਣ ਦੀ ਰਿਆਇਤ ਦਿਤੀ ਗਈ । 1953 ਦੇ ਐਕਟ ਵਿਚ ਇਹ ਹਕ ਦਿਤੇ ਗਏ । 1953 ਵਿਚ surplus area ਵਿਚ tenants ਨੂੰ settle ਕਰਨ ਦਾ ਸਵਾਲ ਪੈਦਾ ਨਹੀਂ ਸੀ ਹੋਇਆ । ਜਦੋਂ ਤੁਸੀਂ ਇਨ੍ਹਾਂ ਕਲਾਜ਼ਿਜ਼ ਨੂੰ ਪੜ੍ਹੋਗੇ ਤਾਂ ਪਤਾ ਲਗੇਗਾ ਕਿ ਕੁਝ confusion ਜਿਹਾ ਮਹਿਸੂਸ ਹੁੰਦਾ ਸੀ, ਕੁਝ ਖਤਰਾ ਜਿਹਾ ਮਹਿਸੂਸ ਹੁੰਦਾ ਹੈ । ਇਸੇ ਕਰਕੇ ਹਾਈ ਕੋਰਟ ਅਤੇ ਫਿਨਾਨਸ਼ਲ ਕਮਿਸ਼ਨਰ ਸਾਹਿਬ ਨੇ ਫੈਸਲੇ ਦਿਤੇ । ਉਸ ਦੀ ਮੁਖਤਲਿਫ interpretation ਕੀਤੀ । ਇਸ ਤਰ੍ਹਾਂ ਜ਼ਰੂਰਤ ਮਹਿਸੂਸ ਹੋਈ ਕਿ ਇਸ ਚੀਜ਼ ਨੂੰ ਸਾਫ ਤੌਰ ਤੇ ਬਿਆਨ ਕਰ ਦਿਤਾ ਜਾਵੇ । ਜਿਥੇ ਕੋਈ ਗਲਤੀ ਹੋ ਗਈ ਹੈ ਉਸ ਨੂੰ ਦੂਰ ਕੀਤਾ ਜਾਵੇ । ਮੈਂ ਅਰਜ਼ ਕੀਤੀ ਸੀ ਕਿ 1953 ਵਿਚ ਸਿਰਫ permissible area declare ਕੀਤਾ ਗਿਆ । ਪੰਜਾਬ ਵਿਚ 30 ਸਟੈਂਡਰਡ

[ਮਾਲ ਮੰਤਰੀ]

ਏਕੜ ਇਕ ਆਦਮੀ ਲਈ, ਚਾਹੇ ਉਹ ਜ਼ਮੀਨ ਵਾਹੁਣ ਵਾਲਾ ਹੈ, ਮੁਜ਼ਾਰਾ ਹੈ ਯਾ ਕੋਈ ਹੋਰ ਹੈ permissible ਲਿਮਿਟ ਹੈ। ਕਾਸ਼ਤ ਕਰਨ ਵਾਸਤੇ ਉਸ ਕੋਲ 30 ਸਟੈਂਡਰਡ ਏਕੜ ਜ਼ਮੀਨ ਹੋਵੇਗੀ। ਉਸ ਤੋਂ ਜ਼ਾਇਦ ਜ਼ਮੀਨ ਵਿਚ ਮੁਜ਼ਾਰੇ ਬੈਠੇ ਹਨ ਤਾਂ ਉਨ੍ਹਾਂ ਨੂੰ ਬੇਦਖਲ ਕਰਨ ਦਾ ਸਵਾਲ ਨਹੀਂ। 30 ਸਟੈਂਡਰਡ ਏਕੜ ਤਕ ਇਹ ਕਲਾਜ਼ ਉਨ੍ਹਾਂ ਤੇ apply ਨਹੀਂ ਕਰਦੀ ਸੀ। ਜੇ 30 ਸਟੈਂਡਰਡ ਏਕੜ ਤਕ ਦਾ ਮਾਲਕ ਕਹੇ ਕਿ ਮੇਰਾ ਮੁਜ਼ਾਰਾ ਛਡ ਜਾਵੇ, ਮੈਂ ਖੁਦ ਕਾਸ਼ਤ ਕਰਨਾ ਚਾਹੁੰਦਾ ਹਾਂ ਤੇ ਮੁਜ਼ਾਰਾ ਬੇਦਖਲ ਕਰਨਾ ਚਾਹੀਦਾ ਹੈ ਤਾਂ ਉਸ ਨੂੰ ਇਸ ਵਾਸਤੇ ਖੁਲ੍ਹੀ ਛੁਟੀ ਸੀ। ਉਸ ਹਦ ਤਕ ਆਪਣੇ ਮੁਜ਼ਾਰੇ ਨੂੰ ਬੇਦਖਲ ਕਰ ਸਕਦਾ ਸੀ। Reservation ਕਰਨ ਤੋਂ ਬਾਅਦ 30 ਸਟੈਂਡਰਡ ਏਕੜ ਦਾ ਰਕਬਾ ਉਸ ਕੋਲ ਰਹਿ ਜਾਂਦਾ ਹੈ। 1953 ਵਿਚ ਕਾਨੂੰਨ ਪਾਸ ਕੀਤਾ ਗਿਆ ਕਿ ਇਸ ਤੋਂ ਉਪਰਲੇ ਏਰੀਏ ਵਿਚੋਂ ਉਹ ਮਾਲਕ ਮੁਜ਼ਾਰੇ ਨੂੰ ਆਪਣੀ ਮਰਜ਼ੀ ਨਾਲ ਨਹੀਂ ਕਢ ਸਕਦਾ। ਦਫਾ 9 ਵਿਚ ਇਹ ਰਖਿਆ ਗਿਆ ਕਿ ਅਗਰ ਇਹੋ ਜਿਹਾ tenant default ਕਰੇਗਾ ਤਾਂ ਬੇਦਖਲ ਕਰ ਦਿਤਾ ਜਾਏਗਾ। 30 ਸਟੈਂਡਰਡ ਏਕੜ ਤੋਂ ਉਪਰਲੇ ਏਰੀਏ ਵਿਚੋਂ 10 ਸਾਲ ਤਕ tenant ਨੂੰ ਬੇਦਖਲ ਨਾ ਕੀਤਾ ਜਾਵੇ। ਇਹ ਇਸ ਐਕਟ ਵਿਚ ਪਰੋਵੀਜ਼ਨ ਸੀ। ਇਹ ਸ਼ਾਇਦ ਦਫਾ 7 ਵਿਚ ਹੈ। ਇਹ ਵੀ ਰਖ ਦਿਤਾ ਗਿਆ ਕਿ ਜਿਹੜਾ ਮੁਜ਼ਾਰਾ 4 ਸਾਲ ਤਕ ਉਸ ਜ਼ਮੀਨ ਨੂੰ hold ਕਰਦਾ ਹੈ ਅਗਰ ਮਾਲਕ ਉਸ ਜ਼ਮੀਨ ਨੂੰ ਵੇਚ ਦਿੰਦਾ ਹੈ ਤਾਂ ਉਸ ਮੁਜ਼ਾਰੇ ਨੂੰ ਹਕ-ਸ਼ੁਫਾ ਕਰਨ ਦੀ ਇਜਾਜ਼ਤ ਹੈ। ਜਿਹੜਾ ਮੁਜ਼ਾਰਾ 12 ਸਾਲ ਤਕ ਜ਼ਮੀਨ hold ਕਰਦਾ ਰਿਹਾ ਹੋਵੇ ਉਸ ਨੂੰ ਉਸ ਜ਼ਮੀਨ ਨੂੰ ਖਰੀਦਣ ਦਾ ਹਕ ਦਿਤਾ ਗਿਆ ਸੀ। 1953 ਵਿਚ ਸਰਪਲਸ ਏਰੀਆ ਯਾ ਉਸ ਤੋਂ ਘਟ ਜ਼ਮੀਨ ਤੇ tenants ਨੂੰ ਸੈਟਲ ਕਰਨ ਦਾ ਪਰੋਵੀਜ਼ਨ ਨਹੀਂ ਸੀ। ਸਿਰਫ ਇਹ ਸੀ ਕਿ ਜਿਹੜੇ ਜ਼ਮੀਨ ਤੇ tenants ਸਨ ਉਨ੍ਹਾਂ ਦੀ tenancy ਨੂੰ regulate ਕੀਤਾ ਗਿਆ ਸੀ ਤਾਕਿ ਧੜਾ ਧੜ ਬੇਦਖਲੀਆਂ ਨਾ ਹੋਣ। ਉਸ ਵੇਲੇ ਜਿਹੜਾ 30 ਸਟੈਂਡਰਡ ਏਕੜ ਦਾ ਮਾਲਕ ਸੀ ਚਾਹੇ ਉਹ ਖੇਤੀ ਕਰਦਾ ਹੋਵੇ, ਚਾਹੇ ਉਸ ਦੀ ਕਿੰਨੀ ਹੀ ਜ਼ਮੀਨ ਹੋਵੇ ਉਸ ਦੀ ਜ਼ਮੀਨ ਤੇ ਇਹ ਐਕਟ ਲਾਗੂ ਨਹੀਂ ਸੀ ਹੁੰਦਾ। 1955 ਵਿਚ ਪਹਿਲੀ ਦਫਾ ਇਹ ਚੀਜ਼ ਆਈ ਕਿ 30 ਸਟੈਂਡਰਡ ਏਕੜ ਤੋਂ ਵਧ ਜਿਹੜਾ ਏਰੀਆ ਹੈ, ਚਾਹੇ ਮਾਲਕ ਉਸ ਨੂੰ ਖੁਦ ਹੀ ਕਾਸ਼ਤ ਕਰਦਾ ਰਿਹਾ ਹੋਵੇ, ਮਾਲਕ ਲਈ ਅਤੇ ਉਸ ਦੇ ਟਬਰ ਲਈ 30 ਸਟੈਂਡਰਡ ਏਕੜ ਜ਼ਮੀਨ ਛਡ ਕੇ ਉਪਰਲੀ ਜ਼ਮੀਨ ਸਰਕਾਰ ਨੇ ਲੈ ਲੈਣੀ ਹੈ। ਸਰਕਾਰ ਕਿਸੇ ਮੁਜ਼ਾਰੇ ਨੂੰ ਦੇਵੇ ਉਨ੍ਹਾਂ ਦੇ ਮੁਜ਼ਾਰਿਆਂ ਨੂੰ ਯਾ ਜੋ small land holders ਵਲੋਂ ਰਿਜ਼ਰਵ ਏਰੀਏ ਵਿਚੋਂ eject ਕੀਤੇ ਗਏ ਹੋਣ ਉਨ੍ਹਾਂ ਨੂੰ ਦੇਵੇ। ਇਸ ਹਦ ਤਕ ਵੀ ਕੀਤਾ ਕਿ ਉਨ੍ਹਾਂ tenants ਕੋਲ 5 ਸਟੈਂਡਰਡ ਏਕੜ ਤਕ ਰਕਬਾ ਰਹਿ ਸਕਦਾ ਹੈ। ਚੁਨਾਂਚਿ ਇਹ ਅਮੈਂਡਮੈਂਟ ਕੀਤੀ ਗਈ ਕਿ 30 ਸਟੈਂਡਰਡ ਏਕੜ ਤਕ ਲਿਮਿਟ ਕਰ ਦੇਣੀ ਹੈ। ਕਿਸੇ ਆਦਮੀ ਕੋਲ, ਚਾਹੇ ਉਹ ਖੁਦ ਕਾਸ਼ਤ ਕਰਦਾ ਹੋਵੇ, ਚਾਹੇ ਉਹ land owners ਹੈ ਯਾ ਕੋਈ ਹੋਰ ਹੈ, ਜਿਹੜੀ ਜ਼ਮੀਨ ਉਸ ਦੇ ਕਬਜ਼ੇ ਵਿਚ ਹੈ ਉਸ ਨੂੰ ਵੇਖਿਆ ਜਾਵੇ। ਜੇ ਉਸ ਦੇ ਕਬਜ਼ੇ ਵਿਚ 30 ਸਟੈਂਡਰਡ ਏਕੜ ਯਾਨੀ permissible area ਤੋਂ ਵਧ ਜ਼ਮੀਨ ਹੋਵੇ ਤਾਂ ਉਸ ਦਾ ਜਾਇਜ਼ਾ ਲਿਆ ਜਾਵੇ। ਇਕ ਚੀਜ਼ ਸਾਫ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ limitation place ਕੀਤੀ ਹੈ ਕਿ ਇਸ ਤੋਂ ਵਧ ਰਕਬਾ ਕਾਸ਼ਤ ਕਰਨ ਲਈ ਕਿਸੇ ਕੋਲ ਨਾ ਹੋਵੇ। 1953

ਦੇ ਐਕਟ ਦੀ ਦਫਾ 6 ਜਿਸ ਵਿਚ ਹੁਣ ਤਰਮੀਮ ਕਰਦੇ ਪਏ ਹਾਂ ਇਹ ਉਸ ਵੇਲੇ ਲਾਗੂ ਸੀ। 1955 ਵਿਚ ਸੈਕਸ਼ਨ 7 ਨੂੰ delete ਕੀਤਾ ਗਿਆ ਜਿਹੜੀ ਕਿ ਮੈਂ ਪੜ੍ਹ ਕੇ ਸੁਣਾਵਾਂਗਾ ਜਿਸ ਵੇਲੇ ਵਕਤ ਆਵੇਗਾ। ਮੈਂ ਹਾਉਸ ਨੂੰ ਅਪੀਲ ਕਰਦਾ ਹਾਂ ਕਿ ਇਸ ਨਾਲ ਕਿਸੇ ਤੇ ਵਾਰ ਨਹੀਂ ਕੀਤਾ ਗਿਆ। ਸੈਕਸ਼ਨ 10 ਵਿਚ ਤਬਦੀਲੀ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਸੈਕਸ਼ਨ 16 ਤੇ 6 ਵਿਚ ਟਕਰਾਉ ਤੇ confusion ਸੀ ਜਿਸ ਤੇ ਬਾਅਦ ਵਿਚ ਫਿਨਾਨਸ਼ਲ ਕਮਿਸ਼ਨਰ ਸਾਹਿਬ ਨੇ ruling ਦਿਤੀ। ਅਜ ਅਸੀਂ ਇਸ ਬਿਲ ਨੂੰ ਵੇਖਣਾ ਹੈ। ਇਸ ਖਿਆਲ ਨਾਲ ਵੇਖਣਾ ਹੈ ਕਿ ਆਇਆ 1953 ਦੇ ਬਾਅਦ 1955 ਵਿਚ ਜਿਹੜਾ ਐਕਟ ਆਇਆ ਇਨ੍ਹਾਂ ਦੋਵਾਂ ਨੂੰ ਰਲਾ ਕੇ ਜਿਹੜੀ ਮੌਜੂਦਾ ਪੁਜ਼ੀਸ਼ਨ ਅਸੀਂ ਕੀਤੀ ਹੈ 30 ਸਟੈਂਡਰਡ ਏਕੜ ਤਕ ਜ਼ਮੀਨ ਦੀ limit place ਕਰਕੇ, ਜੋ future owners ਹਨ ਉਨ੍ਹਾਂ ਤੇ ਵੀ limit place ਕਰ ਦੇਈਏ ਕਿ ਨਾ। ਅਗਰ ਕੋਈ ਆਦਮੀ ਜੋ ਅਜ ਛੋਟਾ ਮਾਲਕ ਹੈ ਹੋਰ ਜ਼ਮੀਨ ਖਰੀਦਣ ਤੋਂ ਬਾਅਦ 30 ਸਟੈਂਡਰਡ ਏਕੜ ਤੋਂ ਵਧ ਦਾ ਮਾਲਕ ਬਣ ਜਾਵੇ ਯਾ ਉਸ ਨੇ ਕਿਸੇ ਹੋਰ ਤਰ੍ਹਾਂ ਜ਼ਮੀਨ acquire ਕਰ ਲਈ ਤਾਂ ਉਸ ਦਾ ਕੀ ਕਰੀਏ। ਉਸ ਨੂੰ ਸਰਕਾਰ ਨੂੰ ਇਕ ਨੋਟਿਸ ਦੇਣਾ ਪੈਂਦਾ ਸੀ, ਫਾਰਮ ਭਰ ਕੇ ਦੇਣਾ ਪੈਂਦਾ ਸੀ ਕਿ ਉਸ ਦਾ area ਜ਼ਿਆਦਾ ਹੋ ਗਿਆ ਹੈ। ਉਸ ਨੂੰ ਦਸਣਾ ਪੈਂਦਾ ਸੀ ਕਿ ਉਹ ਵਡਾ ਲੈਂਡ ਲਾਰਡ ਬਣ ਗਿਆ ਹੈ। ਇਸ ਗਲ ਦਾ ਵੀ ਇੰਤਜ਼ਾਮ ਕੀਤਾ। 30 ਜੁਲਾਈ 1958 ਤਕ ਜਿਸ ਨੇ ਕੋਈ ਜ਼ਮੀਨ ਲਈ ਹੋਵੇ ਉਹ 30 ਸਟੈਂਡਰਡ ਏਕੜ ਤੋਂ ਵਧ ਦਾ ਮਾਲਕ ਨਹੀਂ ਬਣ ਸਕਦਾ। ਇਹ provision ਜਦੋਂ ਵਰਤੋਂ ਵਿਚ ਲਿਆਂਦਾ ਤਾਂ ਇਸ ਦੇ ਮੁਤਲਿਕ ਮੁਸ਼ਕਲਾਂ ਪੇਸ਼ ਆਈਆਂ। ਫੈਸਲੇ ਹੋਏ। ਉਸ ਦੇ ਮੁਤਾਬਕ ਸਾਨੂੰ ਅਮੈਂਡਮੈਂਟ ਲਿਆਉਣੀ ਪਈ। ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦੀ ਇਜਾਜ਼ਤ ਨਾਲ ਹਾਉਸ ਦੇ ਸਾਹਮਣੇ ਉਹ ਮੁਖਤਸਿਰ ਤੌਰ ਤੇ ਦਸਣਾ ਚਾਹੁੰਦਾ ਹਾਂ।

ਇਸ ਬਿਲ ਦੀਆਂ 11 ਕਲਾਜ਼ਾਂ ਹਨ। ਮੈਂ ਹਰ ਕਲਾਜ਼ ਦੇ ਮੁਤਲਿਕ ਅਰਜ਼ ਕਰਾਂਗਾ ਤਾਕਿ ਸਮਝਣ ਵਿਚ ਕੋਈ ਤਕਲੀਫ ਪੇਸ਼ ਨਾ ਆਵੇ। ਸਿਵਾਏ ਇਕ ਸੈਕਸ਼ਨ ਵਿਚ ਤਬਦੀਲੀ ਕਰਨ ਦੇ ਇਸ ਬਿਲ ਰਾਹੀਂ ਕੋਈ material change ਨਹੀਂ ਕੀਤੀ ਗਈ ਜਿਹੜੀ progressive legislation ਯਾ reforms ਲਿਆਉਣ ਲਈ change ਲਾਜ਼ਮੀ ਸੀ ਉਹ change ਇਸ ਐਕਟ ਵਿਚ ਲਿਆਂਦੀ ਹੈ। ਬਾਕੀ ਕਲਾਜ਼ਾਂ ਪਿਛਲੀਆਂ ਚੀਜ਼ਾਂ ਨੂੰ ਇਕ ਤਰ੍ਹਾਂ explain ਕਰਦੀਆਂ ਹਨ, clear ਕਰਦੀਆਂ ਹਨ। ਇਸ ਤੋਂ ਵਧ ਇਸ ਐਕਟ ਵਿਚ ਕੁਝ ਨਹੀਂ ਕੀਤਾ ਗਿਆ। ਪਹਿਲਾਂ ਕਲਾਜ਼ 2 ਹੈ। ਇਸ ਦੇ ਵਿਚ explanation ਲਿਖਿਆ ਹੈ। ਇਹ ਸਿਰਫ explain ਕਰਨ ਵਾਸਤੇ ਹੈ। ਪਹਿਲਾਂ ਐਕਟ ਵਿਚ ਸੀ ਕਿ ਜਿਹੜੇ displaced persons ਹਨ ਉਨ੍ਹਾਂ ਨੂੰ 50 ਸਟੈਂਡਰਡ ਏਕੜ ਤਕ ਅਤੇ ਬਾਕੀਆਂ ਲਈ 30 ਸਟੈਂਡਰਡ ਏਕੜ ਤਕ limit ਸੀ। ਉਨ੍ਹਾਂ ਦਾ ਉਧਰਲਾ ਰਕਬਾ ਪਾ ਕੇ 50 ਸਟੈਂਡਰਡ ਏਕੜ ਤਕ limit ਸੀ। ਇਸ ਦੇ ਵਿਚ ਕੁਝ ਗੜ ਬੜ ਜਿਹੀ ਪੈਦਾ ਹੋਈ। ਇਕ ਦਫਾ ਇਕ ਆਦਮੀ ਅਗਰ ਆਪਣੀ ਜ਼ਮੀਨ ਐਨੀ ਰਖ ਲੈਂਦਾ ਸੀ ਤਾਂ ਬਾਅਦ ਵਿਚ remarks ਆਉਂਦੇ ਸਨ। ਇਕ ਐਸਾ

[ਮਾਲ ਮੰਤਰੀ]

ਸ਼ਕ ਪੈਦਾ ਹੋਇਆ ਕਿ displaced person ਦੀ ਜਿਹੜੀ definition ਹੈ ਉਸ ਵਿਚ ਉਸ ਦੇ ਵਾਰਸਾਂ ਨੂੰ ਵੀ ਲਿਆ ਗਿਆ ਹੈ । ਇਸ ਵਿਚ explain ਕੀਤਾ ਹੈ । ਐਸੀ intention ਨਹੀਂ ਕੀ ਜਦੋਂ ਡਿਸਪਲੇਸਡ ਪਰਸਨਜ਼ ਲਾ ਵਾਰਸ ਹੋ ਗਏ ਹੋਣ ਤਾਂ ਉਨ੍ਹਾਂ ਨੂੰ ਇਕਲੇ ਇਕਲੇ ਨੂੰ ਡਿਸਪਲੇਸਡ ਪਰਸਨ ਕਹਿ ਕੇ ਹਰ ਇਕ ਲਈ 30 ਸਟੈਂਡਰਡ ਏਕੜ ਜ਼ਮੀਨ ਛਡੀ ਜਾਵੇ । ਜਿਸ ਮਾਲਕ ਦੇ ਨਾਉਂ ਜ਼ਮੀਨ ਅਲਾਟ ਹੋਈ ਹੈ ਉਸ ਲਈ ਹੀ ਇਹ ਰਿਆਇਤ ਹੈ । ਉਸ ਦੇ ਵਾਰਸਾਂ ਨੂੰ ਇਹ ਰਿਆਇਤ ਨਹੀਂ । ਇਸ ਬਿਲ ਦੀ ਕਲਾਜ਼ 3 ਰਾਹੀਂ ਐਕਟ ਦੀ ਸੈਕਸ਼ਨ 6 ਨੂੰ recast ਕੀਤਾ ਹੈ । ਇਸ ਸੈਕਸ਼ਨ ਰਾਹੀਂ ਜਿਹੜੀਆਂ transfers ਸਨ, sale ਅਤੇ ਜੋ ਜ਼ਮੀਨ ਵਿਰਾਸਤ ਵਿਚ ਆਈ ਹੈ, ਇਨ੍ਹਾਂ ਦੋ ਕਿਸਮ ਦੀਆਂ ਨੂੰ ਛਡ ਕੇ ਬਾਕੀ ਜਿਹੜੀਆਂ transfers 15 ਅਗਸਤ, 1947 ਤੋਂ ਲੈ ਕੇ 15 ਅਪਰੈਲ, 1953 ਤਕ ਹੋਈਆਂ ਹਨ ਉਹ ਉਸ ਹਦ ਤਕ ਕਟੀਆਂ ਜਾਣਗੀਆਂ ਜਿਥੋਂ ਤਕ tenants ਦੇ rights ਨੂੰ affect ਕਰਦੀਆਂ ਹਨ ਕਿਉਂਕਿ ਇਸ ਲੰਮੇ period ਵਿਚ ਟੇਨੈਂਟਸ ਵਖ ਵਖ ਹੋਏ ਹਨ । ਇਸ ਦਾ ਇਹ ਮਤਲਬ ਨਹੀਂ ਕਿ ਉਸ ਤੋਂ ਬਾਅਦ ਵਿਚ ਇਹ ਲਾਗੂ ਨਹੀਂ । 15 ਅਗਸਤ, 1947 ਤੋਂ limit owners ਤੇ ਮੰਨੀ ਹੈ । ਇਹ ਚੀਜ਼ tenants ਨੂੰ protection from ejectment ਦੇਣ ਵਾਸਤੇ ਕੀਤੀ ਗਈ । 1953 ਦੇ ਵਿਚ ਜਿਹੜਾ Act ਪਾਸ ਹੋਇਆ ਸੀ ਉਸ ਦੇ ਵਿਚ ਵੀ ਇਹ scope ਰਹਿ ਗਿਆ ਸੀ ਕਿ ਇਸ ਦੇ ਵਿਚ ਵੀ ਕਿਸੇ ਵੇਲੇ amendment ਲਿਆਉਣ ਦੀ ਲੋੜ ਪਏਗੀ । 15th April, 1953 ਤੋਂ ਲੈ ਕੇ 30th July, 1958, ਤਕ ਸਾਡੇ ਕੋਲ ਕੋਈ ਐਸਾ provision ਨਹੀਂ ਸੀ ਕਿ ਅਸੀਂ ਉਹ surplus ਜ਼ਮੀਨ ਲੈ ਸਕੀਏ ਜਿਹੜੀ ਕਿਸੇ ਨੂੰ 30 standard acre ਤੋਂ ਬਾਅਦ gift ਦੀ ਸ਼ਕਲ ਵਿਚ ਜਾਂ ਵਰਾਸਤ ਦੀ ਸ਼ਕਲ ਦੇ ਵਿਚ ਮਿਲੀ ਹੋਵੇ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਸ ਜ਼ਮੀਨ ਤੇ ਅਸੀਂ tenants ਨੂੰ settle ਨਹੀਂ ਸੀ ਕਰ ਸਕਦੇ । ਉਦੋਂ ਜੇ ਕਿਸੇ ਦੀ ਜ਼ਮੀਨ ਤੇ ਕੋਈ tenant ਬੈਠਾ ਸੀ ਤਾਂ ਅਸੀਂ ਉਸ ਦੇ rights ਨੂੰ ਮਹਿਫੂਜ਼ ਕੀਤਾ ਸੀ ਤਾਕਿ ਧੜਾ ਧੜ ਬੇਦਖਲੀਆਂ ਨਾ ਸ਼ੁਰੂ ਹੋ ਜਾਣ । 15th August, 1947, ਤੋਂ ਲੈ ਕੇ 15th April, 1953, ਤਕ ਜਿਹੜੀਆਂ transfers ਹੋਈਆਂ ਹਨ ਉਨ੍ਹਾਂ ਵਿਚੋਂ bona fide sale, mortgage with possession ਔਰ ਜਿਹੜੀ ਜ਼ਮੀਨ ਕਿਸੇ ਨੂੰ ਵਰਾਸਤ ਵਿਚ ਮਿਲੀ ਹੋਵੇ ਉਸ ਨੂੰ ਛਡ ਕੇ ਬਾਕੀ ਦੀਆਂ ਜਿਹੜੀਆਂ transfers ਹਨ ਉਹ tenants ਦੇ rights ਨੂੰ affect ਨਹੀਂ ਕਰਨਗੀਆਂ । ਇਸ ਤੋਂ ਬਾਅਦ ਇਹ ਅਸੀਂ Principal Act ਦੀ clause 10-A ਜੋ ਹੈ ਉਸ ਦੀ clause (b) ਤੋਂ ਬਾਅਦ add ਕਰ ਰਹੇ ਹਾਂ । ਅਸੀਂ ਇਹ ਦੇਖਿਆ ਸੀ ਕਿ ਬਹੁਤ ਸਾਰੇ ਮਾਲਕਾਂ ਨੇ ਜ਼ਮੀਨ ਨੂੰ ਖੁਰਦ ਬੁਰਦ ਕਰਨ ਦੇ ਵਾਸਤੇ ਆਪਣੇ ਲੜਕਿਆਂ ਕੋਲੋਂ ਦਾਅਵੇ ਕਰਵਾ ਕੇ decrees ਲੈ ਲਈਆਂ ਸਨ ਏਸ Act ਦੇ ਲਾਗੂ ਹੋਣ ਤੋਂ ਬਾਅਦ । ਇਸ ਕਰਕੇ ਅਸੀਂ ਇਹ clause add ਕਰਕੇ ਉਨ੍ਹਾਂ ਫੈਸਲਿਆਂ ਨੂੰ ignore ਕਰਨ ਦੀ power ਲਈ ਹੈ ਜਿਹੜੇ ਕਿ ਲੋਕਾਂ ਨੇ ਜ਼ਮੀਨ ਨੂੰ diminish ਕਰਕੇ ਏਸ act ਦੀ ਜ਼ਦ ਵਿਚੋਂ ਬਚਾਇਆ ਸੀ । ਇਸ ਦੇ ਬਾਅਦ ਏਸ amending Bill ਦੀ clause 5 ਹੈ ਜਿਹੜੀ ਕਿ ਕਾਫੀ ਕਾਬਲੇ ਗੌਰ ਹੈ । ਇਹ principal

Act ਦੀ clause 10-A ਦੇ ਬਾਅਦ ਇਕ ਨਵੀਂ clause add ਕਰ ਰਹੇ ਹਾਂ। ਪਹਿਲੇ ਇਸ ਚੀਜ਼ ਦੀ ਅਜਾਜ਼ਤ ਸੀ ਕਿ surplus area ਦੀ utilisation ਤੋਂ ਬਾਅਦ ਕੋਈ ਆਦਮੀ ਫੌਤ ਹੋ ਜਾਵੇ ਤਾਂ ਉਸ ਦੇ heirs ਨੂੰ ਉਹ ਜ਼ਮੀਨ ਮਿਲ ਜਾਂਦੀ ਸੀ। ਲੇਕਿਨ ਹੁਣ ਇਹ ਨਵੀਂ clause add ਕਰਕੇ ਅਸੀਂ ਇਸ ਚੀਜ਼ ਨੂੰ ਰੋਕ ਦਿਤਾ ਹੈ। ਇਸ ਤਰੀਕੇ ਦੇ ਨਾਲ ਵਡੇ ਮਾਲਕਾਂ ਦੀ ਹਜ਼ਾਰਾਂ ਏਕੜ ਜ਼ਮੀਨ ਲੇ ਕੇ ਅਸੀਂ tenants ਨੂੰ resettle ਕਰ ਸਕਦੇ ਹਾਂ ਜੇ ਕਿਸੇ case ਵਿਚ surplus ਜ਼ਮੀਨ utilise ਹੋਣ ਤੋਂ ਪਹਿਲੇ ਕੋਈ ਫੌਤ ਹੋ ਗਿਆ ਹੋਵੇ ਤਾਂ ਉਸ ਦੀ ਜ਼ਮੀਨ ਅਗਰ ਉਸ ਦੇ heirs ਨੂੰ ਮਿਲ ਗਈ ਹੋਵੇ ਤਾਂ ਉਸ case ਵਿਚ ਅਸੀਂ ਕਝ ਨਹੀਂ ਕਰ ਸਕਦੇ ਲੇਕਿਨ utilisation ਤੋਂ ਬਾਅਦ ਕੋਈ ਏਸ ਕਿਸਮ ਦੀ ਚੀਜ਼ ਨਹੀਂ ਹੋ ਸਕਦੀ। ਇਸ ਦੇ ਬਾਅਦ clause 6 ਹੈ। ਇਸ ਦੇ ਨਾਲ ਅਸੀਂ principal Act ਦੀ clause 19-B ਨੂੰ recast ਕੀਤਾ ਹੈ। ਅਸੀਂ ਇਹ ਵੇਖਿਆ ਸੀ ਕਿ section 19-B ਔਰ 10-A ਦਾ ਆਪਸ ਵਿਚ ਸਰਬੰਧ ਨਹੀਂ ਸੀ ਇਸ ਵਾਸਤੇ ਅਸੀਂ ਇਥੇ ਇਹ ਲਿਖ ਦਿਤਾ ਹੈ subject to the provisions of section 10-A ਇਸ ਦੇ ਰਾਹੀਂ ਅਸੀਂ ਇਹ ਅਖਤਿਆਰ ਲਿਆ ਹੈ ਕਿ ਇਸ Act ਦੇ ਲਾਗੂ ਹੋਣ ਤੋਂ ਬਾਅਦ ਕੋਈ tenant ਜਾਂ landowner, ਵਰਾਸਤ ਵਿਚ ਜਾਂ gift ਦੇ ਜ਼ਰੀਏ ਜ਼ਮੀਨ acquire ਕਰਦਾ ਹੈ ਤਾਂ ਉਸ ਨੂੰ utilise ਕਰਨ ਦਾ ਸਰਕਾਰ ਨੂੰ ਅਖਤਿਆਰ ਹੋਵੇਗਾ। ਇਸ ਦੇ ਨਾਲ ਹੀ ਇਸ Act ਦੀ commencement ਤੋਂ ਬਾਅਦ ਕਿਸੇ ਆਦਮੀ ਨੇ transfer, exchange, lease ਔਰ settlement ਦੇ ਜ਼ਰੀਏ ਕੋਈ land acquire ਕੀਤੀ ਹੋਵੇਗੀ ਜਿਹੜੀ 30 standard acres ਤੋਂ ਵਧ ਹੋਵੇ ਤਾਂ ਉਸ ਨੂੰ ਵੀ utilise ਕਰਨ ਦਾ government ਨੂੰ ਅਖਤਿਆਰ ਹੋਵੇਗਾ। ਲੇਕਿਨ ਇਸ ਦੇ ਨਾਲ ਨਾਲ ਉਸ ਨੂੰ sub-section 2 ਦੇ ਮੁਤਾਬਿਕ ਅਖਤਿਆਰ ਦਿੱਤਾ ਹੈ ਕਿ ਉਹ ਜਿਹੜੀ ਜ਼ਮੀਨ ਰਖਣੀ ਚਾਹੇ select ਕਰ ਲਏ। ਇਸ ਤੋਂ ਬਾਅਦ ਇਸ amending Bill ਦੀ clause 7 ਹੈ। ਜਿਹੜਾ principal Act ਦਾ section 19-D ਹੈ ਇਸ ਦੇ ਬਾਅਦ ਅਸੀਂ section 19-E ਨਵਾਂ add ਕੀਤਾ ਹੈ। ਇਹ clause ਸਾਨੂੰ ਇਸ ਲਈ add ਕਰਨ ਦੀ ਲੋੜ ਪਈ ਸੀ ਕਿਉਂਕਿ High Court ਨੇ ਇਹ interpretation ਕਈ ਸੀ ਕਿ Hindu Joint family ਵਿਚ ਜਿਹੜਾ male child ਪੈਦਾ ਹੁੰਦਾ ਹੈ ਉਸ ਨੂੰ property ਦਾ ਹਕ ਹੁੰਦਾ ਹੈ। ਉਹ ਸਾਰੇ 30/30 standard acres land ਰਖ ਸਕਦੇ ਹਨ। ਇਸ ਚੀਜ਼ ਨੂੰ ਰੋਕਣ ਲਈ ਅਸੀਂ ਇਹ provision ਕਰ ਦਿਤਾ ਹੈ ਕਿ undivided family ਜਿਹੜੀ ਹੋਵੇ ਉਸ ਦੀ ਜ਼ਮੀਨ ਦਾ ਮਾਲਕ ਇਕ ਆਦਮੀ ਹੀ ਸਮਝਿਆ ਜਾਵੇਗਾ। ਇਸ ਦਾ ਅਗਲਾ part (a) ਹੈ। ਇਸ ਵਿਚ ਅਸੀਂ ਇਹ ਚੀਜ਼ clear ਕਰ ਦਿੱਤੀ ਹੈ immediately before the commencement of this Act ਜਿਹੜੀ undivided Hindu family ਦੀ ਜ਼ਮੀਨ ਹੋਵੇਗੀ ਉਹ ਇਕ land owner ਦੀ ਸਮਝੀ ਜਾਵੇਗੀ ਅਤੇ ਉਸ ਦੇ descendant ਇਹ claim ਨਹੀਂ ਕਰ ਸਕਣਗੇ ਕਿ ਉਹ ਵੀ land owner ਹੈ in his own right ਅਗਰ ਕੋਈ partition ਕਰੇਗਾ ਤਾਂ ਉਸ ਨੂੰ disposition of land ਦੇ ਤੌਰ ਤੇ treat ਕੀਤਾ ਜਾਵੇਗਾ for the purposes of section

[ਮਾਲ ਮੰਤਰੀ]

10-A and 16. Descendant ਦੇ ਵਿਚ adopted son ਵੀ ਆ ਜਾਂਦੀ ਹੈ। ਚੂੰਕਿ ਅਸੀਂ 15th April, 1953 ਦੀ date ਰਖੀ ਹੈ ਇਸ ਕਰਕੇ ਅਸੀਂ ਇਸ ਤੋਂ ਪਹਿਲੇ ਦੀ evaluation ਲੈਣੀ ਹੈ। ਸਰਕਾਰ ਨੇ ਇਹ ਅਖਤਿਆਰ ਲਿਆ ਹੈ ਕਿ ਜਿਸ ਵੇਲੇ ਵੀ evalution ਕਰਨ ਦੀ ਲੋੜ ਮਹਿਸੂਸ ਹੋਵੇ ਉਹ ਕਰ ਸਕੇ ਔਰ ਜੇ surplus ਜ਼ਮੀਨ ਹੋਵੇ ਤਾਂ ਉਸ ਨੂੰ utilise ਕਰ ਸਕੇ। ਇਸ ਦੇ ਬਾਅਦ section 9 ਦੇ ਵਿਚ Punjab State Co-operative Land Mortgage Bank ਨੂੰ ਤਿੰਨ ਚਾਰ clauses ਦੀ exemption ਦਿਤੀ ਹੈ। ਜੇਕਰ ਅਸੀਂ Bank ਨੂੰ exemption ਨਹੀਂ ਦੇਵਾਂਗੇ ਤਾਂ bank ਦਾ business ਫੇਲ ਹੋ ਜਾਏਗਾ ਅਤੇ ਉਹ ਜ਼ਮੀਨ ਤੇ ਕਬਜ਼ਾ ਨਹੀਂ ਕਰ ਸਕਣਗੇ ਇਸ ਵਾਸਤੇ ਇਹ clause ਜ਼ਰੂਰੀ ਸੀ। ਇਸ ਤੋਂ ਬਾਅਦ clause 9 ਹੈ। ਕਈ cases ਵਿਚ ਦੇਖਿਆ ਗਿਆ ਸੀ ਕਿ surplus area joint holding ਹੁੰਦਾ ਸੀ। ਉਸ ਨੂੰ utilise ਕਰਨ ਲਈ ਜ਼ਰੂਰੀ ਸੀ ਕਿ holding ਦੀ summarily partition ਕਰ ਕੇ surplus area ਅਲਹਿਦਾ ਕੀਤਾ ਜਾਵੇ। ਏਸੇ ਤਰ੍ਹਾਂ consolidation ਦੇ ਵਿਚ surplus area ਗਾਇਬ ਹੋ ਜਾਂਦਾ ਸੀ। ਇਸ ਕਰਕੇ ਇਸ clause ਰਾਹੀਂ ਅਸੀਂ ਇਹ officer ਨੂੰ power ਦਿਤੀ ਹੈ ਕਿ ਉਹ ਦੋਨਾਂ ਹਾਲਤਾਂ ਵਿਚ surplus ਜ਼ਮੀਨ ਲੈ ਸਕੇ। ਇਸ ਦੇ ਬਾਅਦ section 10 ਹੈ। Land owners ਦੇ ਬਾਰੇ ਕੁਝ ਚੀਜ਼ clear ਨਹੀਂ ਸੀ। ਇਸ ਚੀਜ਼ ਨੂੰ clear ਕਰਨ ਲਈ ਅਸੀਂ ਇਹ ਕਲਾਜ਼ ਰਖੀ ਹੈ। ਅਸੀਂ section 25 10-A and clause (5a) of section 2 of the Principal act ਜੋ ਹੈ ਉਸ ਨੂੰ 15th April, 1953, ਤੋਂ retrospective effect ਦਿਤਾ ਹੈ।

ਕੁਝ ਛੋਟੇ ਛੋਟੇ ਸੈਕਸ਼ਨ ਹਨ ਜਿਨਾਂ ਦੀ ਤਰਮੀਮ ਇਸ ਬਿਲ ਰਾਹੀਂ ਕੀਤੀ ਗਈ ਹੈ। ਹਿੰਦੂ ਲਾ ਨੂੰ ignore ਕਰਦੇ ਹੋਏ ਕੁਝ powers collectors ਨੂੰ ਦਿਤੀਆਂ ਗਈਆਂ ਸਨ ਪਰ ਇਨ੍ਹਾਂ ਨੇ ਵਿਰੁਧ ਹਾਈ ਕੋਰਟ ਦੇ ਫੈਸਲੇ ਦਿਤੇ ਹਨ। ਇਸ ਲਈ ਉਨ੍ਹਾਂ ਦੀਆਂ ਉਨ੍ਹਾਂ powers ਨੂੰ validate ਵੀ ਇਸ ਬਿਲ ਰਾਹੀਂ ਕੀਤਾ ਗਿਆ ਹੈ ਅਤੇ ਜੋ ਚੀਜ਼ਾਂ ਇਸ ਦੀਆਂ interpretations ਵਿਚ ਗਲਤ ਵੇਖੀਆਂ ਗਈਆਂ ਹਨ ਉਨ੍ਹਾਂ ਨੂੰ ਦਰੁਸਤ ਕਰ ਦਿਤਾ ਗਿਆ ਹੈ ਅਤੇ ਜੋ ਨੁਕਸ ਵੇਖੇ ਗਏ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਇਸ ਬਿਲ ਰਾਹੀਂ ਕੀਤਾ ਗਿਆ ਹੈ ਤਾਕਿ ਇਸ ਵਿਚ ਕਿਸੇ ਹੋਰ ਸ਼ੱਕੇ ਦੀ ਗੁੰਜਾਇਸ਼ ਨਾ ਰਹੇ। ਇਸ ਲਈ ਡਿਪਟੀ ਸਪੀਕਰ ਸਾਹਿਬਾ ਮੈਂ ਆਪ ਦੀ ਰਾਹੀਂ ਅਰਜ਼ ਕਰਾਂਗਾ ਕਿ ਇਸ ਤੇ ਜੋ criticism ਮੁਨਾਸਬ ਸਮਝਣ ਮੇਰੇ ਸਾਥੀ ਕਰਨ। ਪਰ ਮੈਂ ਇਕ ਗਲ ਆਪ ਦੀ ਰਾਹੀਂ clear ਕਰਨਾ ਚਾਹੁੰਦਾ ਹਾਂ ਕਿ ਇਸ ਤੇ ਪੂਰੇ ਵਿਚਾਰ ਨਾਲ ਸੁਝਾਵ ਦਿਤੇ ਜਾਣ। ਇਹ ਗਲ ਧਿਆਨ ਵਿਚ ਸਾਰੇ ਮੈਂਬਰ ਸਾਹਿਬਾਨ ਨੂੰ ਰਖਣੀ ਚਾਹੀਦੀ ਹੈ ਕਿ ਇਸ ਸਮੇਂ discussion ਸਾਰੇ Security of Land Tenuers Act ਤੇ ਨਹੀਂ ਅਤੇ ਨਾ ਹੀ Act ਦੇ Principles ਤੇ ਬਹਿਸ ਕੀਤੀ ਜਾਣੀ ਚਾਹੀਦੀ ਹੈ। ਉਸ criticism ਦਾ ਕੋਈ ਫਾਇਦਾ ਨਹੀਂ ਹੋਵੇਗਾ ਕਿਉਂਕਿ ਇਸ stage ਤੇ ਇਹ ਕਹਿਣਾ ਕਿ ਜ਼ਮੀਨ ਦੇ ਮਾਲਕਾਂ ਨਾਲ ਧਕਾ ਹੋਇਆ ਹੈ ਜਾਂ ਮੁਜ਼ਾਰਿਆਂ ਦਾ ਮਸਲਾ ਠੀਕ ਤਰ੍ਹਾਂ ਹਲ ਨਹੀਂ ਕੀਤਾ ਗਿਆ ਇਸ ਨਾਲ ਕੋਈ ਕੰਮ ਅਜੇ

ਤੁਰਨ ਵਾਲਾ ਨਹੀਂ । ਸਰਕਾਰ ਦੇ ਖਿਲਾਫ ਮੇਰੇ ਵਿਰੋਧੀ ਵੀਰਾਂ ਨੂੰ ਗਿਲਾ ਹੋ ਸਕਦਾ ਹੈ ਕਿ ਇੰਨੇ ਮੁਜਾਰੇ ਬੇਦਖਲ ਕਰ ਦਿਤੇ ਗਏ ਜਾਂ ਕਿਸੇ ਦੀ ਹਕ ਤਲਫੀ ਕੀਤੀ ਗਈ ਹੈ ਜਾਂ ਕਿਸੇ ਨੂੰ ਮਾਰ ਦਿਤਾ ਗਿਆ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਗਲਾਂ ਇਸ ਸਟੇਜ ਤੇ ਕਰਨ ਵਾਲੀਆਂ ਨਹੀਂ । ਇਨ੍ਹਾਂ ਦਾ ਕੋਈ ਲਾਭ ਨਹੀਂ ਹੋਵੇਗਾ ਕਿਉਂਕਿ ਅਸੀਂ parent Act ਤੇ ਵਿਚਾਰ ਨਹੀਂ ਕਰ ਰਹੇ ਅਤੇ ਜੋ ਤਰਮੀਮਾਂ ਜਾਂ ਵਿਚਾਰ ਤੁਸੀਂ parent Act ਬਾਰੇ ਪੇਸ਼ ਕਰੋਗੇ ਉਨ੍ਹਾਂ ਨਾਲ parent Act ਤਾਂ ਬਦਲਿਆ ਨਹੀਂ ਜਾ ਸਕਦਾ ਅਤੇ ਫਿਰ for all these years, ਲਾਗੂ ਰਿਹਾ ਹੈ ਅਤੇ ਇਸ ਐਕਟ ਅਨੁਸਾਰ ਅਸੀਂ ਕਿਨਾ ਹੀ advance ਕਰ ਚੁਕੇ ਹਾਂ । ਇਸ ਅਨੁਸਾਰ 96% ਤਕ ਹਾਲਾਤ ਠੀਕ ਕਰ ਚੁਕੇ ਹਾਂ । ਹਾਈ ਕੋਰਟ ਦੇ ਕੁਝ ਫੈਸਲੇ ਹੋਏ ਜਿਨ੍ਹਾਂ ਕਰਕੇ ਕੰਮ ਰੁਕ ਗਿਆ । ਤੇ ਪੈਪਸੂ ਵਿਚ ਅਸੀਂ 85% ਤਕ ਕਰ ਚੁਕੇ ਹਾਂ । ਬਹੁਤ ਸਾਰੀ settlement ਹੋ ਚੁਕੀ ਹੈ ਅਤੇ ਜੋ ਬਾਕੀ ਹੈ ਸਾਲ ਦੋ ਸਾਲ ਵਿਚ ਮੁਕਾ ਲਈ ਜਾਵੇਗੀ । ਬਹੁਤ ਸਾਰਾ surplus area ਅਸੀਂ ਕਢ ਲਿਆ ਹੈ ਅਤੇ ਉਸ ਨੂੰ utilization ਵਿਚ ਲੈ ਆਂਦਾ ਹੈ । ਇਹ ਸਭ parent Act ਦੇ basis ਤੇ ਹੀ ਕੀਤਾ ਗਿਆ ਹੈ । ਇਥੋਂ ਤਕ ਤਾਂ ਮੁਸਕਲ ਨਹੀਂ ਸੀ ਪਰ ਪੈਪਸੂ ਅਤੇ ਪੰਜਾਬ ਦੇ Acts ਨੂੰ ਇਕ ਦਮ ਇਕਠਾ ਕਰਨਾ ਨਾਮੁਮਕਨ ਸੀ । ਇਸ ਦੇ ਹੋਰ ਵੀ cases ਸਨ ਪਰ ਜੋ ਕੇਸ ਹੋ ਚੁਕੇ ਸਨ ਜਾਂ ਜਿਨ੍ਹਾਂ ਤੇ ਲਾਗੂ ਕਰ ਚੁਕੇ ਸਾਂ ਉਨ੍ਹਾਂ ਨੂੰ reserve ਨਹੀਂ ਸੀ ਕੀਤਾ ਜਾ ਸਕਦਾ ਅਤੇ ਨਾ ਹੀ parent Act ਨੂੰ drop ਕੀਤਾ ਜਾ ਸਕਦਾ ਸੀ । ਇਸ ਲਈ ਇਹ ਬਿਲ ਕਈ ਅਜਿਹੇ matters ਦੀ clarification ਲਈ ਪੇਸ਼ ਕੀਤਾ ਗਿਆ ਹੈ । ਮੇਰੀ ਅਰਜ਼ ਮੈਂਬਰ ਸਾਹਿਬਾਨ ਪਾਸ ਇਹ ਹੈ ਕਿ ਉਹ ਆਪਣੀ discussion ਨੂੰ ਇਸ ਬਿਲ ਦੇ provisions ਤਕ ਹੀ ਸੀਮਤ ਰਖਣ ਦੀ ਕ੍ਰਿਪਾ ਕਰਨ ਅਤੇ ਆਪਣੇ ਵਿਚਾਰ ਖੁਲੇ ਸ਼ਬਦਾਂ ਵਿਚ ਮੁਨਾਸਬ ਢੰਗ ਨਾਲ ਦੇਣ । ਇਨਾਂ ਸ਼ਬਦਾਂ ਨਾਲ ਮੈਂ ਇਹ ਬਿਲ ਹਾਊਸ ਦੇ ਗੌਰ ਕਰਨ ਲਈ ਪੇਸ਼ ਕਰਦਾ ਹਾਂ ।

Deputy Speaker : Motion moved—

That the Punjab Security of Land Tenures (Amendment and Validation) Bill, be taken into consideration at once.

पंडित मोहन लाल दत्त (अम्ब): डिप्टी स्पीकर साहिबा, भूमि का मसला बुनियादी मसला है । इस मसले के सही हल पर ही देश की तरक्की का दारोमदार है । मगर हमारी बदकिस्मती से आज़ादी के बाद जो यहां पर सरकार बनी इसे जागीरदारों की सरकार कहा जा सकता है हां label जरूर इस पर कांग्रेस का है । जो इन्होंने कानून बनाए हैं उन को यह मुजारों के तहफ्फुज़ के कानून कहते हैं मगर मैं कहता हूं कि वह कानून तो मुजारों की बरबादी के कानून हैं । यह Security of Land Tenures नहीं बल्कि Insecurity of Land Tenures का कानून है । आप देखें कि 1947 के बाद से यह ऐसे कोई नौ दस कानून लाए हैं मगर उन का कोई फायदा नहीं हुआ उल्टा नुकसान हुआ है । और इस की वजह यह है कि इन की नीयत साफ नहीं थी । कांग्रेस का असूल है कि जोतने वाले के पास जमीन रहेगी, टैनैंट को सिक्युरिटी दी जायगी, उस को हर तरह के हकूक दिए जाएंगे, लगान कम करेंगे मगर ऐसे ऐसे तमाम कांग्रेस के उद्देश्य

[पंडित मोहन लाल दत्त]

जो कि इस ने देश की जंगे आजादी के वक्त बनाए थे वह धरे के धरे रह गए। इन्होंने कुछ कमेटियां बनाई। उन्होंने जो सिफारिशात कीं उन पर भी अमल नहीं किया गया। एक कुमारप्पा कमेटी थी। उन्होंने कहा कि जो 6 साल का गैर मौरूसी है उस को मौरूसी बनाया जाए मगर कुछ नहीं किया गया। लैंडलार्ड और टैनेंट के झगड़े अभी तक उसी तरह कायम हैं। प्लैनिंग कमीशन ने भी इस सम्बन्ध में जितने नियम बनाए हैं उन सब को भी flout किया गया है। इस सम्बन्ध में मैं पलैनिंग कमीशन और खुद पंजाब सरकार के अफसरों के बयानात का हवाला दूंगा कि पंजाब में इस सिलसिले में जितने कानून बने हैं वह इतने complicated और complex हैं कि बड़े से बड़े वकील भी उन को नहीं समझ पाते मजारे और layman की तो बात ही क्या है। यह एक किताब है श्री के० के० कालिया और श्री एम. ऐस. जैन की लिखी हुई। इस के Foreward में वह लिखते हैं

> "Certain sections of the Act continue to trouble not only the parties involved and their counsels but also Revenue Officers and Courts concerned with its administration."

खुद फाइनैंश्यल कमिश्नर कहता है कि हमारा कानून उलझा हुआ कानून है यानी निकम्मा कानून है। लोगों ने तो इसे क्या समझना है खुद वकील इस को नहीं समझ पाते। महकमा माल के कर्मचारी नहीं समझते। यह तो वही बात है कि लिखे मूसा पढ़े खुदा। इस लिये मैं ने यह तरमीम पेश की है :

That the Punjab Security of Land Tenures (Amendment and Validation) Bill, 1962, be referred to the Select Committee consisting of—

(1) Sardar Ajmer Singh, Minister-in-charge.

(2) Shri Ram Piara, M.L.A.

(3) Shri Ram Chandra, M.L.A.

(4) Chaudhari Rizaq Ram, M.L.A.

(5) Shri Mohan Lal Datta, M.L.A.

(6) Sardar Shamsher Singh Josh, M.L.A.

(7) Sardar Bachan Singh, M.L.A.

with a direction to make a report by the 7th June, 1962.

मैं आप के द्वारा सदन से और हाउस से अर्ज करना चाहता हूं कि भूमि का मसला हल नहीं हुआ। मन्त्री महोदय ने कह दिया कि अब तो जो हो गया सो हो गया, अब कुछ नहीं हो सकता, इस तरमीम पर ही बोलो, पहले बिलों पर न बोलो। मगर मैं इन पर कहना चाहता हूं कि इस तरह काम नहीं चलेगा। आज आप इस ओर ध्यान न देंगे तो खेतों में लड़ाई होगी मुजारे इस को छोड़ने वाले नहीं हैं और ऐसा आन्दोलन होगा कि जिसे आप face नहीं कर सकेंगे। और यह कोई मामूली आन्दोलन नहीं होगा जैसा कि आप को फख्र हो गया है कि आप सारे आन्दोलनों को दबा सकते हैं। यह भूमिहीनों का मसला है जो कि भूखे हैं। आप भूखों के सामने खड़े नहीं हो सकेंगे। आज सारे संसार में यह नारा

चल रहा है कि धन और धरती बट के रहेगा और यह जरूर ऐसा होगा। आप इस पर ठंडे दिल से विचार करें। ऐसे कानूनों से काम नहीं चलेगा। आप की सरकार ने इन मुजारों के मसले के सिलसिले में क्या किया है। मैं प्लैनिंग कमीशन की जो किताब तीसरी प्लैन बारे है उस का हवाला दूंगा कि आप ने पंजाब में मुजारों के लिये क्या किया है। उस के सफा 24 पर दर्ज है :—

"As stated earlier, the impact of tenancy legislation on the welfare of tenants has been in practice less than was hoped for. One of the principal reasons for this is that in a number of States ejectments of tenants have taken place on a considerable scale under the plea of 'voluntary surrenders'."

यह चीज़ पेज 24 पर लिखी है। यह प्लैनिंग कमीशन वाले कहते हैं कि बेशुमार मुजारों

10 a.m.

को बेदखल किया गया। और मज़े की बात यह कि रूल बनाने के बावजूद ऐसा किया गया। पिछली असैम्बली में रामकृष्ण भड़ोलियां के एक सवाल का जवाब देते हुए यह बताया गया था सिर्फ उन में 1953 के बाद से 29 हज़ार टैनैंट बेदखल हो चुके हैं। पैप्सू और पंजाब को मिला कर देखा जाए तो मालूम होगा कि टैनेंट्स की आबादी 36 लाख के करीब है। और आपने उनको बसाने के लिए सिर्फ साढ़े तीन लाख एकड़ के करीब सरप्लस area निकाला है। मेरी समझ में नहीं आता कि इतनी बड़ी तादाद को आप कैसे बसा लेंगे ? यह तो एक चकमा है, एक दिखावा है कि सरकार बहुत कुछ कर रही है। Third Five-Year Plan का लैंड रिफार्म पर जो chapter है उस में page 244 पर एक नकशा दिया गया है जिस में दिखाया गया है कि किस category के मालकान का कितना रकबा है। पंजाब स्टेट के मुतल्लिक बताया गया है कि 60 एकड़ से ऊपर वाले मालकान के पास 29 लाख 16 हज़ार एकड़ रकबा था और ऐसे मालकान की संख्या 25 हज़ार थी। और जो 1 से 10 एकड़ तक के मालिक हैं उनकी तादाद 25 लाख है और उन के पास रकबा 69 लाख 63 हज़ार है। इस से आप अंदाज़ा लगाइए कि कितनी disparity है। चन्द जागीरदारों ने कितनी भूमि हथयाई हुई है ! अगर यह सरकार 1947 के बाद सरप्लस एरिया निकाल देती तो 29 लाख एकड़ के करीब सरप्लस एरिया बनना था। लेकिन अब इतनी देर के बाद बड़ा ज़ोर लगाने पर सिर्फ साढ़े तीन लाख एकड़ ही निकल सकी है। और वह भी रेतीली, पहाड़ी, जिसमें नदी-नाले बंजर और टीले हैं। और इस किस्म की जहां कोई जा ही न सके। इस ज़मीन बारे सरप्लस area का नाम ले ले कर गाते रहना तो फिर वही बात है कि 'दिल के बहलाने को ग़ालिब यह ख्याल अच्छा है'। यह सब ढोंग है। सिर्फ सरप्लस एरिया का एक नाटक रचा गया है। इस सिलसिले में जो cases हाईकोर्ट में चले और उन्होंने जो फैसले दिए हैं उनसे यही ज़ाहिर हो रहा है कि आप इस समस्या को और उलझा रहे हैं। आप बिल्कुल नाअहल है। यह एक ऐसा मसला है कि जब तक आप आपोज़ीशन और ट्रेजरी बैंचिज़ सब को मिला कर कानून नहीं बनाएंगे तब तक यह मसला हल नहीं होगा।

यहां यह कहा जाता है कि मसला सुलझ रहा है। इस प्रान्त में जिन लोगों के पास इतनी बड़ी बड़ी जमीनें हैं वह सब लूटखसोट से अर्जित की हुई हैं। कलवर्ट साहब ने

[पंडित मोहन लाल दत्त]

एक किताब लिखी है। उस में यह सब कुछ दर्ज है कि कैसे इन आदमियों ने मौके बे मौके लूटमार करके ज़मीनें बना ली थीं। यह लोग कहीं ज़मीनों का फैसला होने देंगे ।

एक Land Reforms Committee शुरू में बनाई थी । उस वक्त मैं सारे प्रान्त में घूमा था और उस कमेटी ने एक रिपोर्ट तैयार की थी लेकिन उस को सरकार ने शाया नहीं किया। अगर वह सामने आए तो मालूम होगा कि हालात क्या हैं ? अगर आप देखें कि कितना मुआवज़ा उन से दिलाया गया है तो आप को पता लगेगा कि बेशुमार मुआवजा उन से दिलाया गया है और उन को तो पूरी कीमत पर ज़मीन पड़ गई है और इस के अलावा आप देखें कि आज तक वह उन ज़मीनों के मालिक नहीं बने हालांकि 9, 10 साल गुज़र चुके हैं क्योंकि 1952 में यह Act बना था।

जो त्रुटियां इस कानून में हैं मैं इस सदन का ध्यान उन की तरफ दिलाना चाहता हूं। बड़े मालिकों की surplus ज़मीनों के कुछ मुज़ारे उन ज़मीनों के मालिक बनाये गये हैं। उस में भी बड़ा गलत तरीका अपनाया गया है हालांकि यह ऐसा होना चाहिये था कि State direct वह ज़मीन ले लेती और फिर वह मुज़ारान को दे कर कहती कि वह धीरे धीरे लगान की शक्ल में उस का मुआवज़ा दें। लेकिन इस सरकार ने ऐसा नहीं किया। इस सम्बन्ध में भी Planning Commission ने यह हिदायत की है कि इस ज़मीन के बारे में direct सरकार और मुज़ारे के दर्मियान dealings होनी चाहियें। यहां जो optional right of purchase दिया है यानी इसे जो अख्तियारी मामला बना दिया है यह बिल्कुल गलत है। इस में जो पंजाब गवर्नमेंट की approach थी यह बहुत गलत थी और दूसरी States ने जो इस बारे में Acts बनाये हैं उन की सही approach थी। आप ज़रा मुलाहज़ा फरमायें । Planning Commission की report के XIV Chapter में सफा 227 पर लिखा है :—

"In the Second Plan it was suggested that each State should have a programme for converting tenants of non-resumable areas into owners and putting an end to vestiges of the landlord-tenant relationship. It was urged that instead of optional rights to tenants to purchase lands cultivated by them all tenants of non-resumable areas should be brought into direct relationship with the State."

It is further stated—

"In a few States as in Punjab, only optional right to purchase has been given to tenants. This is an unsatisfactory approach, for, as was observed in the Second Plan, where rights of purchase are optional, they are scarcely exercised."

यह Planning कमिशन का view है कि पंजाब ने बड़ी निकम्मी approach अख्तियार की है। मुज़ारों को ज़मीन खरीदने की option तो पहले दे दी गई लेकिन उन्हें पता ही नहीं कि उन का यह अधिकार भी है। आप ने जो अपना Publicity Department बनाया हुआ है उस का यह फर्ज़ था कि मुज़ारों को वह इस बारे बताता लेकिन वह Department तो आप ने सिर्फ अपने लिये propaganda करने के लिये बनाया हुआ है उस ने किसी मुज़ारे को बताया नहीं कि यह उस का अधिकार है। फिर जो कीमतें मुज़ारों ने अदा करनी हैं वह भी आप ने ज्यादा रखी हैं। आप इस

सम्बन्ध में हिमाचल प्रदेश का कानून देखें, पैप्सू वालों के कानून को देखें और दूसरी States के कानूनों को देखें। उन्होंने बहुत कम कीमतें रखी हैं। आप ने असल कीमत का $\frac{3}{4}$ हिस्सा उस की कीमत रखी है लेकिन हिमाचल ने जो schedule बनाया है उस में यह दिया है कि 10 or 12 times of the fair rent यह कीमत होगी। तो यह भी आप ने ग़लत चीज़ की है।

फिर एक मसला छोटे मुज़ारों का है जिस को मैं मंत्री महोदय के notice में जरूर लाना चाहता हूं। मैं इस बारे में यह suggestion देता हूं कि जो छोटे मुज़ारे हैं उन की भी आप श्रेणियां कीजिए क्योंकि उन में से कुछ मुज़ारे ऐसे हैं जो दो दो सौ मील पर बैठे हुए हैं। कोई दिल्ली में बैठा है तो कोई अहमदाबाद में बैठा है और कोई कहीं पर और कोई कहीं पर। यह आम देखने में आता है कि जो small landowners हैं वे ज़मीन पर आते भी नहीं लेकिन बैठे बैठाये किसी कारिन्दा के ज़रिये अपनी ज़मीन का लगान वसूल कर रहे हैं। और नहीं तो कम अज़ कम absentee landlords के जो मुज़ारे हैं उन को तो उन की ज़मीनों का permanent right दीजिए क्योंकि यह जो छोटे मालिक हैं वह तो शहरों में रह कर कमा रहे हैं। कई ने कारखाने लगाये हुए हैं कई की दुकानदारी चल रही और साथ ही उन की यह जागीरें भी उन के पास हैं। इन की आमदन भी वे खा रहे हैं। पता नहीं क्यों उन absentee landlords के लिये आप के दिल में श्रद्धा बनी हुई है। यह जो self-cultivation की तारीफ इस ऐक्ट में आप ने की हुई है यह बड़ी निकम्मी और भद्दी तारीफ है। इस सम्बन्ध में भी आप मुलाहज़ा फरमायें कि इस बारे में जो हिदायत Planning Commission की थी उस को भी आप ने त्याग दिया। वह तो लिखते हैं कि under personal supervision खेती बाड़ी होनी चाहिये। लेकिन जो कुछ आप ने किया है वह कैसे personal cultivation या personal supervision रह गई। उन का यह मकसद बिल्कुल नहीं था जो आप ने किया है। मैं इस सम्बन्ध में उस report में से पांच सात लाइनें पढ़ कर सुनाना चाहता हूं...

उपाध्यक्ष महोदया : आप समय का भी ख्याल रखें। (The hon. Member should also keep in view his time.)

पंडित मोहन लाल दत्त : मुझे time का ख्याल है लेकिन मेरी गुज़ारिश है कि ऐसी important legislation के पास करने में इतनी जल्दी नहीं करनी चाहिये। जो amendments मैं ने दी हैं उन पर तो मैं बाद में बोलूंगा अभी तो मैं ने भूमिका बांधी है। मैं बता रहा था कि इस में लिखा है :—

"The obligation of the owner to bear the entire risk of cultivation implies that wages will be paid in cash or in kind, but not as a share of the crop."

[पंडित मोहन लाल दत्त]

It is further mentioned therein—

"While the expression 'labour' is generally defined to include 'labour by the owner or by a member of his family', this is not an obligatory element in 'personal cultivation'. In the Second Plan, the proposal was made that where land is resumed on grounds of 'personal cultivation', it would be desirable to provide for personal labour as a necessary ingredient, in the absence of which the ejected tenant should have the right of restoration. So far this suggestion has not found its way into the legislation undertaken by the States. A provision on these lines is desirable and would serve to make the legislation more effective. As an essential element in 'supervision', the Second Plan envisaged residence during the greater part of the agricultural season ...."

अगर under supervision ही cultivation करानी है और मालिक ने अपने हाथों से नहीं करनी, तो क्या उस ने अपने नज़दीकी रिश्तेदारों के ज़रिये नहीं करानी है । Personal supervision का मतलब था कि जो मालिक है वह कम अज़ कम अपने घर पर रह कर supervise करे और देखे कि उस की ज़मीन अच्छी तरह से काश्त होती है लेकिन यह चीज़ तो चल ही नहीं रही । आप देखें इस वक्त अफसरान के पास कितनी ज़मीन है, मैम्बरों और मनिस्टरों के पास कितनी ज़मीन है और इसी तरह से कई दुकानदार और कारखानेदार हैं जिन के पास काफी २ ज़मीन है । वह अपनी २ ज़मीन पर तो रहते नहीं मगर उस की बटाई ले रहे हैं । ज़मीन का तो भट्ठा ही बैठा हुआ है । मैं पूछता हूं कि यहां अन्न का संकट क्यों है ? मैं बताता हूं कि इस का कारण क्या है । यह संकट इस लिये है कि आप ने जो यह कानून बनाया हुआ है यह बड़ा निकम्मा है, बिल्कुल भद्दा है और इखलाक के खिलाफ है । इस लिये बहुत ज़रूरी है कि आप इन तमाम चीज़ों को देखें ।

फिर एक और अजीब बात है, सारे देश में भूमि दान की लहर खूब ज़ोरों पर चल रही है लेकिन इस चीज़ में भी पंजाब सब States से पीछे है । सारे देश में 50 लाख एकड़ के करीब भूमि दान की शक्ल में इकट्ठी की गई है लेकिन पंजाब में यह nil के बराबर है । इस से तो मुझे यही अन्देशा है कि यहां लोगों को communist भाइयों वाला तरीका इस्तेमाल करना पड़ेगा जो गोली और लाठी का है जो आप भी नहीं चाहते । आप बिहार की legislation को पढ़िये । उन्होंने बड़ी अकलमंदी से काम किया है । वहां पर भी बड़े और छोटे land-owners का मसला है । उन्होंने ceiling भी मुकर्रर की लेकिन साथ ही levy भी लगाई । उन्होंने फैसला किया कि landowners बीसवां हिस्सा levy का भी दें । यहां पर तो भूमिहीन लोगों का मसला हल नहीं हो रहा । आप भी बिहार के Act के अनुरूप levy लगाएं, बीसवां हिस्सा या तीसवां हिस्सा—उस के ज़रिये भूमि हीन लोगों का मसला हल होगा । Select Committee के हवाले करने की जो proposal दी गई है उस में बड़े बड़े अच्छे आदमी रखे गए हैं, जैसे श्री राम चन्द्रा, श्री राम प्यारा । इन शब्दों के साथ में आप का धन्यवाद करता हूं कि आप ने मुझे बोलने के लिये समय दिया है । यह बड़ा complicated

मसला है इस लिये यह जल्द बाज़ी में नहीं पास करना चाहिये। वरना लोग हाई कोर्ट से भी आगे सुप्रीम कोर्ट में पहुंचेंगे और मामला खटाई में पड़ जाएगा।

Deputy Speaker : Motion moved—

That the Punjab Security of Land Tenures (Amendment and Validation) Bill, 1962, be referred to the Select Committee consisting of—

(1) Sardar Ajmer Singh, Minister-in-charge.

(2) Shri Ram Piara, M.L.A.

(3) Shri Ram Chandra, M.L.A.

(4) Chaudhri Rizaq Ram, M.L.A.

(5) Shri Mohan Lal Datta, M.L.A.

(6) Sardar Shamsher Singh Josh, M.L.A.

(7) Sardar Bachan Singh, M.L.A.

with a direction to make a report by the 7th June, 1962.

Comrade Makhan Singh Tarsikka : (Jandiala) : Madam, I beg to move—

That the Punjab Security of Land Tenures (Amendment and Validation) Bill, 1962, be referred to the Select Committee consisting of the following members with a direction to make a report by the 15th August, 1962, at the latest :—

(1) Sardar Ajmer Singh, Minister-in-charge.

(2) Shri Mohan Lal.

(3) Comrade Ram Piara.

(4) Babu Ajit Kumar.

(5) Chaudhri Devi Lal.

(6) Comrade Makhan Singh Tarsikka.

(7) Comrade Shamsher Singh Josh.

(8) Chaudhri Hardwari Lal.

ਡਿਪਟੀ ਸਪੀਕਰ ਸਾਹਿਬਾ, ਇਹ ਬਿਲ ਪੰਜਾਬ ਦੀ ਕਿਸਾਨੀ ਲਈ ਬੜੀ ਮਹਾਨਤਾ ਰਖਦਾ ਹੈ ਇਸੇ ਲਈ ਮੈਂ ਇਹ ਮੋਸ਼ਨ ਪੇਸ਼ ਕੀਤੀ ਹੈ ਕਿ ਇਸ ਬਿਲ ਨੂੰ Select Committee ਦੇ ਹਵਾਲੇ ਕੀਤਾ ਜਾਵੇ ਤਾਕਿ ਪਿਛਲੇ 14/15 ਸਾਲਾਂ ਦੇ ਤਜੁਰਬੇ ਨੂੰ ਮੁਖ ਰਖਦੇ ਹੋਏ ਜਿਨ੍ਹਾਂ ਪੌੜੀਆਂ ਰਾਹੀਂ ਇਹ Security of Land Tenures Acts ਲੰਘੇ ਹਨ ਅਤੇ ਜਿਸ ਤਰ੍ਹਾਂ ਸਮੇਂ ਸਮੇਂ ਦੇ ਮੰਤਰੀਆਂ, ਉਨ੍ਹਾਂ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਨੇ ਇਸ ਐਕਟ ਨੂੰ sabotage ਕਰਨ ਦੀ ਕੋਸ਼ਿਸ ਕੀਤੀ ਹੈ ਉਨ੍ਹਾਂ ਸਾਰੀਆਂ ਚੀਜ਼ਾਂ ਤੇ ਚੰਗੀ ਤਰ੍ਹਾਂ ਗੌਰ ਕਰਕੇ ਚੰਗੇ ਸਿੱਟੇ ਕਢੇ ਜਾ ਸਕਨ। ਇਸ ਕਮੇਟੀ ਵਿਚ ਜਿਹੜੇ ਮੈਂਬਰ ਹੋਣਗੇ ਉਹ ਮੈਂ ਆਪਣੀ ਮੋਸ਼ਨ ਵਿਚ ਪੜ੍ਹ ਕੇ ਦਸ ਦਿੱਤੇ ਹਨ। ਡਿਪਟੀ ਸਪੀਕਰ ਸਾਹਿਬਾ ਇਹ ਮੁਜ਼ਾਰਿਆਂ ਦਾ ਮਸਲਾ ਨਿਰਾ ਮੁਜ਼ਾਰਿਆਂ ਦਾ ਮਸਲਾ ਹੀ ਨਹੀਂ ਬਲਕਿ ਸਾਰੇ ਪੰਜਾਬ ਦੀ ਜ਼ਿੰਦਗੀ ਦਾ, ਸਾਰੇ ਪੰਜਾਬ ਦੀ ਤਰੱਕੀ ਦਾ ਤੇ ਪੰਜਾਬ ਦੀ

[ਕਾਮਰੇਡ ਮੱਖਣ ਸਿੰਘ ਤਰਸਿੱਕਾ]

ਜ਼ਰਈ ਤਰਕੀ ਦਾ ਮਸਲਾ ਹੈ। ਪੰਜਾਬ ਦੀ agrarian ਤਰੱਕੀ ਨਾਲ ਹੀ ਪੰਜਾਬ ਦੀ ਤਰੱਕੀ ਹੋ ਸਕਦੀ ਹੈ। ਇਸ ਕਾਨੂੰਨ ਦਾ ਪਿਛਲਾ ਇਤਹਾਸ ਦਸਦਾ ਹੈ ਕਿ ਜਦੋਂ ਵੀ ਇਹ ਕਾਨੂੰਨ ਹਾਊਸ ਵਿਚ ਆਉਂਦਾ ਰਿਹਾ ਸਮੇਂ ਦੇ ਮੰਤਰੀ ਬੜੇ ਚੰਗੇ ਚੰਗੇ ਭਾਸ਼ਨ ਦੇਂਦੇ ਰਹੇ ਜਿਸ ਤਰ੍ਹਾਂ ਕਿ ਹੁਣੇ ਸਰਦਾਰ ਅਜਮੇਰ ਸਿੰਘ ਨੇ ਵੀ ਸਪੀਚ ਕੀਤੀ ਹੈ ਲੇਕਿਨ ਮੈਂ ਸਰਦਾਰ ਅਜਮੇਰ ਸਿੰਘ ਜੀ ਨੂੰ ਚੇਤੇ ਕਰਾਉਣਾ ਚਾਹੁੰਦਾ ਹਾਂ ਕਿ 1953 ਵਿਚ ਜਦੋਂ ਉਸ ਵਕਤ ਦੇ ਮੰਤਰੀ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਇਹ ਕਾਨੂੰਨ ਪੇਸ਼ ਕੀਤਾ ਸੀ ਤਾਂ ਉਹ ਉਸ ਵਕਤ ਦੇ ਆਪਣੇ ਭਾਸ਼ਨ ਪੜ੍ਹਨ ਕਿ ਕਿਤਨਾ ਜ਼ਮੀਨ ਆਸਮਾਨ ਦਾ ਫਰਕ ਪੈ ਗਿਆ ਹੈ। ਉਸ ਵਕਤ ਉਹ ਉਲਟ ਦਲੀਲਾਂ ਦਿੰਦੇ ਸਨ ਅਤੇ ਹੁਣ ਭਲੇ ਦੀਆਂ ਦਲੀਲਾਂ ਆਈਆਂ ਹਨ। ਇਹ ਗੱਲ ਤਾਂ ਇਨ੍ਹਾਂ ਦੀ ਚੰਗੀ ਲਗਦੀ ਹੈ ਲੇਕਿਨ ਇਨ੍ਹਾਂ ਦੇ ਮੰਨ ਵਿਚ ਕੁਝ ਹੋਰ ਹੈ ਇਹ ਪੁਰਾਣਾ ਇਤਹਾਸ ਸਾਬਤ ਕਰ ਦਿੰਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਸਾਰੇ ਪੰਜਾਬ ਦਾ ਹੀ ਮਸਲਾ ਹੈ ਅਤੇ ਸਰਕਾਰੀ ਬੈਂਚਾਂ ਤੇ ਬੈਠੇ ਦੋਸਤਾਂ ਦਾ ਜਾਂ ਸਾਡਾ ਮਸਲਾ ਨਹੀਂ ਹੈ। ਸਾਡੇ ਸੂਬੇ ਦੇ ਕਿਸਾਨਾਂ ਨੇ ਜਿਸ ਮਿਹਨਤ ਨਾਲ ਪੈਦਾਵਾਰ ਨੂੰ ਵਧਾਇਆ ਹੈ ਉਹ ਕਾਬਲੇ ਤਾਰੀਫ ਹੈ ਲੇਕਿਨ ਜੇਕਰ ਇਸ ਸਰਕਾਰ ਵਲੋਂ ਕਿਸਾਨਾਂ ਦੀਆਂ ਅਕੜਾਂ ਨੂੰ ਤੇ ਉਨ੍ਹਾਂ ਦੇ ਜ਼ਰਈ ਮਸਲਿਆਂ ਨੂੰ ਹਲ ਕਰਨ ਦਾ ਜਤਨ ਕੀਤਾ ਜਾਂਦਾ ਤਾਂ ਇਤਨੀ ਪੈਦਾਵਾਰ ਹੁੰਦੀ ਕਿ ਅਸੀਂ ਸਮੁਚੇ ਹਿੰਦੁਸਤਾਨ ਨੂੰ ਰੋਟੀ ਦੇ ਸਕਦੇ ਸੀ ਅਤੇ ਜੋ 1,700 ਕਰੋੜ ਰੁਪਿਆ ਬਾਹਰ ਭੇਜ ਕੇ ਅਨਾਜ ਮੰਗਵਾਇਆ ਹੈ ਉਹ ਸਾਰੀ ਰਕਮ ਬਚਾ ਸਕਦੇ ਸੀ। ਇਹ ਰੁਪਿਆ ਜੇਕਰ ਸਾਡੇ ਸੂਬੇ ਤੇ ਖਰਚ ਕੀਤਾ ਜਾਂਦਾ ਤਾਂ ਸਨਅਤ ਤਰੱਕੀ ਕਰਦੀ। ਮੈਨੂੰ ਸ਼ਰਮ ਆਉਂਦੀ ਹੈ ਕਿ ਉਸ ਪਾਰਟੀ ਵਲੋਂ ਜਿਹੜੀ ਬਰਸਰੇ ਇਕਤਦਾਰ ਚਲੀ ਆ ਰਹੀ ਹੈ ਕਿਸ ਤਰ੍ਹਾਂ ਸਮੇਂ ਸਮੇਂ ਤੇ ਵਾਦੇ ਹੁੰਦੇ ਰਹੇ ਲੇਕਿਨ ਉਹ ਕਦੇ ਪੂਰੇ ਨਹੀਂ ਕੀਤੇ ਗਏ। ਮੈਂ ਇਨ੍ਹਾਂ ਨੂੰ ਚੇਤੇ ਕਰਾ ਦੇਵਾਂ ਕਿ ਅੰਗਰੇਜ਼ਾਂ ਦੇ ਰਾਜ ਵੇਲੇ ਲਾਹੌਰ ਕਾਂਗਰਸ ਅਜਲਾਸ ਵਿਚ ਇਕ ਮਤੇ ਰਾਹੀਂ ਵਾਇਦਾ ਕੀਤਾ ਗਿਆ ਅਤੇ ਪੰਡਤ ਜੀ ਨੇ ਰਾਵੀ ਦੇ ਕੰਢੇ ਤਰੰਗਾ ਲਹਿਰਾਂਦੇ ਹੋਏ ਭਾਸ਼ਣ ਕੀਤਾ ਸੀ ਅਤੇ ਇਨ੍ਹਾਂ ਨੂੰ ਚੇਤੇ ਕਰਾਉਣ ਲਈ ਮੈਂ ਉਹ ਮਤਾ ਤੇ ਭਾਸ਼ਣ ਇਨ੍ਹਾਂ ਦੇ ਸਾਹਮਣੇ ਰਖਦਾ ਹਾਂ। ਉਸ ਅਜਲਾਸ ਵਿਚ 21 ਨੁਕਤਾ ਪਰੋਗਰਾਮ ਪਾਸ ਕੀਤਾ ਗਿਆ ਸੀ ਅਤੇ ਉਸ ਵਿਚ ਪਹਿਲੀ ਮੰਗ ਤੇ ਵਾਦਾ ਇਹ ਸੀ ਕਿ ਆਜ਼ਾਦ ਹਿੰਦੁਸਤਾਨ ਵਿਚ ਜਾਗੀਰਦਾਰਾਂ ਤੇ ਰਜਵਾੜਿਆਂ ਦੀਆਂ ਜ਼ਮੀਨਾਂ ਲੈਕੇ ਗਰੀਬਾਂ ਨੂੰ ਵੰਡ ਦਿਤੀਆਂ ਜਾਣਗੀਆਂ। ਅਜ ਮੁਲਕ ਆਜ਼ਾਦ ਹੋਏ ਨੂੰ 14/15 ਸਾਲ ਹੋ ਗਏ ਹਨ। ਜਿਹੜੇ ਵੀ ਹਾਕਮ ਆਉਂਦੇ ਰਹੇ ਉਹ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਹੀ ਪਾਲਦੇ ਰਹੇ ਹਨ ਅਤੇ ਉਹ ਵਾਦਾ ਪੂਰਾ ਕਰਨ ਦਾ ਕੋਈ ਜਤਨ ਨਹੀਂ ਕੀਤਾ। 1953 ਵਿਚ ਜਦੋਂ ਇਹ ਕਾਨੂੰਨ ਪੇਸ਼ ਹੋਇਆ ਸੀ ਤਾਂ ਅਸੀਂ ਵੇਖਦੇ ਰਹੇ ਹਾਂ ਕਿ ਕਿਸ ਤਰ੍ਹਾਂ ਜਾਗੀਰਦਾਰ ਮੰਤਰੀਆਂ ਦੀਆਂ ਕੋਠੀਆਂ ਦੇ ਆਲੇ ਦੁਆਲੇ ਫਿਰਦੇ ਸਨ ਅਤੇ ਉਸ ਕਾਨੂੰਨ ਵਿਚ ਕਿਸ ਤਰ੍ਹਾਂ ਆਪਣੇ ਹਕ ਲਈ ਤਰਮੀਮਾਂ ਕਰਾਉਣ ਦੀ ਕੋਸ਼ਸ਼ ਕਰਦੇ ਸਨ। ਸਰਦਾਰ ਅਜਮੇਰ ਸਿੰਘ ਉਸ ਵਕਤ ਅਕਾਲੀ ਸਨ ਅਤੇ ਉਹ ਵੀ ਉਸ ਵਕਤ ਇਸ ਕਾਨੂੰਨ ਨੂੰ sabotage ਕਰਨ ਦੀ ਪੂਰੀ ਕੋਸ਼ਸ਼ ਕਰਦੇ ਰਹੇ ਅਤੇ ਉਹ ਕਿਸਾਨਾਂ ਦੇ ਭਲੇ ਲਈ ਪਾਸ ਨਹੀਂ ਹੋ ਸਕਿਆ। 1955 ਵਿਚ ਵੀ ਇਸੇ ਤਰ੍ਹਾਂ ਕੀਤਾ ਗਿਆ। ਫੇਰ ਇਤਹਾਸ ਦਸਦਾ ਹੈ ਕਿ ਲਾਹੌਰ ਅਜਲਾਸ ਤੋਂ ਬਾਅਦ ਫੈਜ਼ਪੁਰ ਕਾਂਗਰਸ ਅਜਲਾਸ ਵਿਚ ਸਮੁਚੇ ਕਾਂਗਰਸ ਨੇ ਵਾਦਾ ਕੀਤਾ ਸੀ ਕਿ ਆਜ਼ਾਦੀ

ਤੋਂ ਬਾਅਦ ਜ਼ਮੀਨ ਦਾ ਮਸਲਾ ਹਲ ਕਰਾਂਗੇ । ਹਿੰਦੁਸਤਾਨ ਆਜ਼ਾਦ ਹੋਣ ਤੋਂ ਬਾਅਦ ਇਸੇ ਕਾਂਗਰਸ ਹਕੂਮਤ ਨੇ Agrarian reforms Committee ਬਣਾਈ ਸੀ ਉਸ ਦੀ ਰਿਪੋਰਟ ਜੇ ਤੁਸੀਂ ਪੜ੍ਹੋ ਤਾਂ ਪਤਾ ਲਗੇਗਾ ਕਿ ਕੁਮਾਰ ਅਪਾ ਨੇ ਜੋ ਸਿਫਾਰਸ਼ਾਂ ਕੀਤੀਆਂ ਸਨ ਉਨ੍ਹਾਂ ਵਲ ਇਨ੍ਹਾਂ ਨੇ ਤਕਿਆ ਤਕ ਨਹੀਂ । ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਨੇ ਆਪਣੀਆਂ ਹੀ ਬਣਾਈਆਂ ਹੋਈਆਂ ਕਮੇਟੀਆਂ ਦੀਆਂ ਰਿਪੋਰਟਾਂ ਰੱਦੀ ਦੀ ਟੋਕਰੀ ਵਿਚ ਸੁੱਟ ਦਿਤੀਆਂ ਹਨ। ਇਹੋ ਵਜ੍ਹਾ ਹੈ ਕਿ ਇਹ ਮਸਲਾ ਅਜ ਤਕ ਹਲ ਨਹੀਂ ਹੋਇਆ ਹੈ । 1947 ਤੋਂ ਬਾਅਦ ਮੁਜ਼ਾਰਿਆਂ ਦੀਆਂ ਬੇਦਖਲੀਆਂ ਵਧਦੀਆਂ ਹੀ ਗਈਆਂ । ਖੁਦ ਮੁਖ ਮੰਤਰੀ ਜੀ ਨੇ ਜੋ ਉਸ ਵਕਤ ਇਸ ਦੇ ਮੰਤਰੀ ਸਨ ਆਪਣੀ ਸਪੀਚ ਵਿਚ ਜੋ ਉਨ੍ਹਾਂ ਨੇ 1953 ਵਿਚ ਇਸ ਐਕਟ ਨੂੰ ਪੇਸ਼ ਕਰਦੇ ਹੋਏ ਕੀਤੀ ਸੀ ਮੰਨਿਆ ਹੈ ਕਿ 1953 ਤਕ ਇਕ ਲੱਖ 36 ਹਜ਼ਾਰ ਲੋਕਾਂ ਨੇ ਆਪਣੀਆਂ ਜ਼ਮੀਨਾਂ ਦੂਜੇ ਰਿਸ਼ਤੇਦਾਰਾਂ ਦੇ ਨਾਮ ਕਰ ਦਿਤੀਆਂ ਹਨ ਅਤੇ ਜੋ ਹੋਰ ਨੋਟਿਸ ਮੁਜ਼ਾਰਿਆਂ ਨੂੰ ਆਏ ਸਨ ਉਨ੍ਹਾਂ ਦੀ ਗਿਣਤੀ ਵੀ ਆਪਣੀ ਤਕਰੀਰ ਵਿਚ ਦੱਸੀ ਸੀ ਜਿਸ ਨੂੰ ਸਰਦਾਰ ਅਜਮੇਰ ਸਿੰਘ ਜੀ ਪੜ੍ਹ ਸਕਦੇ ਹਨ । ਇਨ੍ਹਾਂ ਚੀਜ਼ਾਂ ਨੂੰ ਚੈਕ ਕਰਨ ਦੀ ਕੋਈ ਕੋਸ਼ਸ਼ ਨਹੀਂ ਕੀਤੀ ਗਈ ਬਲਕਿ loophole ਰਖੇ ਗਏ ਤਾਕਿ ਜਾਗੀਰਦਾਰ ਮੁਫਾਦ ਉਠਾ ਲੈਣ । ਅਸੀਂ ਤਰਮੀਮਾਂ ਦਿੰਦੇ ਰਹੇ ਲੇਕਿਨ ਸਾਡੀ ਸੁਣਵਾਈ ਨਹੀਂ ਕੀਤੀ ਗਈ । ਮੈਂ ਇਨ੍ਹਾਂ ਨੂੰ ਚੇਤੇ ਕਰਾਉਣਾ ਚਾਹੁੰਦਾ ਹਾਂ ਕਿ ਗੋਹਾਟੀ ਕਾਂਗਰਸ ਅਜਲਾਸ ਵਿਚ ਢੇਬਰ ਸਾਹਿਬ ਨੇ ਖੁਦ ਕਿਹਾ ਸੀ ਕਿ ਜ਼ਮੀਨ ਦਾ ਮਸਲਾ ਦੇਸ਼ ਦਾ ਮੁਖ ਮਸਲਾ ਹੈ, ਇਸ ਮਸਲੇ ਨੂੰ ਹਲ ਕੀਤੇ ਬਗੈਰ ਦੇਸ਼ ਤਰੱਕੀ ਨਹੀਂ ਕਰ ਸਕਦਾ, exchange ਨਹੀਂ ਬਣਾਈ ਜਾ ਸਕਦੀ, ਸਨਅਤੀ ਤਰੱਕੀ ਨਹੀਂ ਹੋ ਸਕਦੀ ਵਗੈਰਾ ਵਗੈਰਾ । ਲੇਕਿਨ ਪਤਾ ਨਹੀਂ ਕਿਉਂ ਇਹ ਦੋਸਤ ਇਸ ਪਾਸੇ ਧਿਆਨ ਨਹੀਂ ਦਿੰਦੇ ਤੇ ਸੁੱਤੇ ਪਏ ਹਨ । ਇਹ ਤਰਮੀਮੀ ਬਿਲ ਦਸਵੀਂ ਵਾਰ ਇਥੇ ਆਇਆ ਹੈ ਲੇਕਿਨ ਜੇ ਪੜਤਾਲ ਕੀਤੀ ਜਾਵੇ ਤਾਂ ਪਤਾ ਲਗੇਗਾ ਕਿ ਇਸ ਬਿਲ ਤੇ ਕਦੇ ਵੀ ਅਮਲ ਨਹੀਂ ਹੋਇਆ ਹੈ । ਕੋਈ ਨਾ ਕੋਈ loophole ਰਖ ਕੇ ਕਿਸਾਨੀ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ । ਮੈਂ ਸਾਰੇ ਦੋਸਤਾਂ ਨੂੰ ਅਪੀਲ ਕਰਦਾ ਹਾਂ ਕਿ ਜੇ ਪੜਤਾਲ ਕੀਤੀ ਜਾਵੇ ਤਾਂ ਇਸ ਵਿਚ ਬਹੁਤ ਵਡਾ scandal ਨਿਕਲੇਗਾ । ਇਸੇ ਲਈ ਹੀ ਮੈਂ ਇਹ ਮੋਸ਼ਨ ਪੇਸ਼ ਕੀਤੀ ਹੈ ਕਿ ਸਿਲੈਕਟ ਕਮੇਟੀ ਬਣਾ ਕੇ ਇਸ ਸਾਰੀ ਗਲ ਤੇ ਗੌਰ ਕੀਤੀ ਜਾਵੇ ਕਿ ਕਿਸ ਤਰ੍ਹਾਂ ਇਨ੍ਹਾਂ ਸਮੇਂ ਸਮੇਂ ਦੇ ਵਜ਼ੀਰਾਂ ਤੇ ਇਨ੍ਹਾਂ ਦੇ ਰਿਸ਼ਤੇਦਾਰਾਂ ਨੇ ਇਸ ਸਾਰੀ ਚੀਜ਼ ਨੂੰ sabotage ਕਰਨ ਦੀ ਕੋਸ਼ਸ਼ ਕੀਤੀ ਹੈ ਤੇ ਇਸ ਨੂੰ ਆਪਣੇ ਮੁਫਾਦ ਲਈ ਇਸਤੇਮਾਲ ਕਰਨ ਦੀਆਂ ਸਾਜ਼ਸ਼ਾਂ ਕੀਤੀਆਂ ਹਨ । ਇਹ ਵਜ਼ੀਰ ਬੈਠੇ ਹਨ । ਮੈਂ ਸਰਦਾਰ ਅਜਮੇਰ ਸਿੰਘ ਨੂੰ ਪੁਛਦਾ ਹਾਂ ਕਿ ਏਥੇ ਕਾਕਾ ਜੀ ਬੈਠੇ ਹਨ ਡਿਪਟੀ ਮਨਿਸਟਰ । ਉਨ੍ਹਾਂ ਦੀ ਜ਼ਮੀਨ ਕਢ ਕੇ ਉਥੇ ਪਾਈ ਹੈ ।

ਮਾਲ ਮੰਤਰੀ : On a point of order, Madam. ਸਪੀਕਰ ਸਾਹਿਬ ਵੀ ਅਤੇ ਤੁਸੀਂ ਵੀ ਇਹ ਰੂਲਿੰਗ ਦੇ ਚੁਕੇ ਹੋ ਕਿ ਨਾਉਂ ਲੈ ਕੇ ਇਸ ਤਰ੍ਹਾਂ personal ਤੌਰ ਤੇ ਨਹੀਂ ਕਹਿਣਾ ਚਾਹੀਦਾ ।

ਡਿਪਟੀ ਸਪੀਕਰ : ਸਰਦਾਰ ਅਜਮੇਰ ਸਿੰਘ, ਤੁਸੀਂ ਕਾਹਲ ਕੀਤੀ, ਮੈਂ ਉਨ੍ਹਾਂ ਨੂੰ ਰੋਕਣ ਲਗੀ ਸੀ । ਸਾਰਾ ਟਾਈਮ ਮਨਿਸਟਰਾਂ ਨੂੰ ਇਸ ਤਰ੍ਹਾਂ ਕਹਿਣ ਤੇ ਹੀ ਲਗ ਜਾਂਦਾ

[ਡਿਪਟੀ ਸਪੀਕਰ]

ਹੈ । ਇਹ ਮੁਨਾਸਬ ਨਹੀਂ । (The hon. Minister Sardar Ajmer Singh has been a little impatient in pointing this out. I myself was going to stop the hon. Member from talking in this strain. Much of time of the House is spent on personal attacks on the Ministers. It is not proper.)

ਕਾਮਰੇਡ ਮੱਖਣ ਸਿੰਘ ਤਰਸਿੱਕਾ : ਇਹ ਕਾਨੂੰਨ ਦਸਵੀਂ ਵਾਰ ਸਾਡੇ ਸਾਹਮਣੇ ਆਇਆ ਹੈ । ਕਦੇ ਕਾਨੂੰਨ ਬਣ ਕੇ ਆਉਂਦਾ ਹੈ, ਕਦੇ ਅਮੈਂਡਮੈਂਟ ਆਉਂਦੀ ਹੈ ਅਤੇ ਗਵਰਨਰ ਸਾਹਿਬ ਦਾ Ordinance ਬਣ ਕੇ ਵੀ ਆ ਚੁਕਾ ਹੈ । 10 ਵਾਰੀ ਹੀ ਅਸੀਂ ਇਸ ਦੇ loop-holes point out ਕਰਦੇ ਰਹੇ ਹਾਂ । ਜਾਗੀਰਦਾਰਾਂ ਨੇ ਆਪਣੀਆਂ ਜ਼ਮੀਨਾਂ ਲੈਕੇ ਰਹਿਣਾ ਹੈ । ਉਨ੍ਹਾਂ ਨੇ ਇਸ ਲਈ ਕੋਆਪਰੇਟਿਵ ਸੋਸਾਇਟੀਆਂ ਬਣਾ ਲਈਆਂ ਹਨ । ਏਥੇ Treasury Benches ਤੇ ਇਹ ਸਜਣ ਬੈਠੇ ਹਨ । ਇਕ ਹੀ family ਨੇ 30 ਸਟੈਂਡਰਡ ਏਕੜ ਫੀ ਜੀ ਦੇ ਹਿਸਾਬ ਨਾਲ 3,000 ਏਕੜ ਜ਼ਮੀਨ ਸੰਭਾਲੀ ਹੋਈ ਹੈ । ਉਸ ਵਿਚ ਪੁਤ, ਧੀਆਂ ਤੇ ਨੂੰਹਾਂ ਸ਼ਾਮਲ ਹਨ । ਉਹ 3,000 ਏਕੜ ਜ਼ਮੀਨ ਮਲੀ ਬੈਠੇ ਹਨ । ਮੇਰੇ ਇਕ ਦੋਸਤ ਨੇ ਅਜਿਹਾ ਕੀਤਾ ਹੈ । ਮੈਂ ਉਸ ਦਾ ਨਾਉਂ ਨਹੀਂ ਲੈਂਦਾ ।

उपाध्यक्ष महोदया : आप किसी दूसरे मैम्बर पर reflection न करें । (The hon. Member should not cast reflection on any other Member.)

ਕਾਮਰੇਡ ਮੱਖਣ ਸਿੰਘ ਤਰਸਿੱਕਾ : ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੇ ਰਾਹੀਂ ਬੇਨਤੀ ਕਰ ਰਿਹਾ ਸੀ । ਮੈਂ ਨਾਉਂ ਨਹੀਂ ਲੈ ਰਿਹਾ । ਇਹ ਕਾਨੂੰਨ Punjab Security of Land Tenures Act ਸਾਡੇ ਸਾਹਮਣੇ ਆਉਂਦਾ ਰਿਹਾ । ਅਸੀਂ welcome ਕਰਦੇ ਹਾਂ ਕਿ 30 ਸਟੈਂਰਡ ਏਕੜ ਦੀ ਹਦ ਲਾਗੂ ਕਰਨੀ ਚਾਹੀਦੀ ਹੈ । ਸਾਨੂੰ ਇਹ ਹਦ ਇਕ ਟੱਬਰ ਲਈ ਮੁਕਰਰ ਕਰਨੀ ਚਾਹੀਦੀ ਹੈ । ਮੈਂ ਮਿਸਾਲਾਂ ਦਿੰਦਾ ਹਾਂ । ਕੀ ਮਿਸਾਲ ਦੇਣ ਦੀ ਇਜਾਜ਼ਤ ਨਹੀਂ ? ਉਹ ਦੋਸਤ ਮਿਸਾਲਾਂ ਦਿੰਦੇ ਰਹੇ ਹਨ । ਮੈਂ ਦਸਿਆ ਹੈ ਕਿ ਕਿਸ ਤਰ੍ਹਾਂ ਇਕ ਟੱਬਰ ਦੇ ਆਦਮੀ 3,000 ਏਕੜ ਜ਼ਮੀਨ ਮਲੀ ਬੈਠੇ ਹਨ । ਕਾਂਗਰਸੀ ਜਾਗੀਰਦਾਰਾਂ ਤੇ ਦੂਜੇ ਜਾਗੀਰਦਾਰਾਂ ਰਾਹੀਂ ਕਾਨੂੰਨ sabotage ਹੋ ਰਹੇ ਹਨ । ਇਨ੍ਹਾਂ ਨੇ ਮਹਿਕਮੇ ਵਿਚ ਅਜਿਹੇ ਆਦਮੀ ਭਰਤੀ ਕੀਤੇ ਹਨ ਜਿਨ੍ਹਾਂ ਨੇ ਕਾਨੂਨ ਨੂੰ ਲਾਗੂ ਨਹੀਂ ਕੀਤਾ । ਮੈਂ ਸਰਦਾਰ ਅਜਮੇਰ ਸਿੰਘ ਨੂੰ ਬੇਨਤੀ ਕਰਦਾ ਹਾਂ ਕਿ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਪੂਰਾ ਯਤਨ ਕਰਨ । ਮੈਂ ਉਨ੍ਹਾਂ ਦੀਆਂ ਸਪੀਚਾਂ ਪੜ੍ਹ ਕੇ ਸੁਣਾਵਾਂਗਾ ਜੋ ਇਨ੍ਹਾਂ ਨੇ ਇਸ ਕਾਨੂੰਨ ਦੀ ਬਹਿਸ ਸਮੇਂ ਕੀਤੀਆਂ । ਇਹ ਕੀ ਕੁਛ ਆਖਦੇ ਰਹੇ ਹਨ ਅਸੀਂ ਇਹ ਕਿਸ ਨੂੰ ਦਸੀਏ, ਹਾਊਸ ਵਿਚ ਦਸੀਏ ਜਾਂ ਬਾਹਰ ਜਾ ਕੇ ਦਸੀਏ । ਇਸ ਲਈ ਮੈਂ ਬੇਨਤੀ ਕਰਦਾ ਹਾਂ (ਘੰਟੀ) ਕਿ ਇਹ ਕਾਨੂੰਨ ਸਾਡੇ ਕੋਲ ਆਉਂਦਾ ਰਿਹਾ, ਅਜ ਇਹ ਦਸਵੀਂ ਵੇਰ ਅਮੈਂਡਮੈਂਟ ਦੇ ਰੂਪ ਵਿਚ ਆਇਆ ਹੈ । ਇਸ ਵਿਚ ਬੜੀਆਂ ਖਾਮੀਆਂ ਹਨ । ਇਸ ਕਾਨੂੰਨ ਨੂੰ Select Committee ਦੇ ਸਾਹਮਣੇ ਭੇਜਿਆ ਜਾਵੇ । ਜਿਹੜੇ ਮੈਂ ਨਾਉਂ ਦਿਤੇ ਹਨ ਉਨ੍ਹਾਂ ਵਿਚ ਪਹਿਲੇ 6 Treasury Benches ਦੇ ਹਨ । ਮੈਂ ਹੈਰਾਨ ਹਾਂ ਕਿ ਇਹ ਆਪਣੀਆਂ ਸਪੀਚਾਂ ਵਿੱਚ

ਤਾਂ ਐਨਾ ਕੁਝ ਕਹਿੰਦੇ ਰਹੇ । ਮੈਂ ਮੁਖ ਮੰਤਰੀ ਸਾਹਿਬ ਦੀ 20 ਫਰਵਰੀ 1953 ਦੀ ਸਪੀਚ ਵਿਚੋਂ ਪੜ੍ਹ ਕੇ ਸੁਣਾਉਂਦਾ ਹਾਂ ਜਦੋਂ ਉਨ੍ਹਾਂ ਨੇ ਇਹ ਕਾਨੂੰਨ ਪੇਸ਼ ਕੀਤਾ ਸੀ । ਉਸ ਸਮੇਂ ਕਿਹਾ ਸੀ :

> "I think if the Government of the day had courageously provided in that measure that any transfer of land effected after 1947 would not be deemed valid in the eyes of law and that after 1947 no ejectment of any tenant by a landlord would be recognized, then the problem of tenants would not have assumed the present proportions."

ਇਹ ਉਸ ਵੇਲੇ ਦੇ Development Minister ਨੇ ਕਿਹਾ ਸੀ । 1947 ਤੋਂ ਪਹਿਲਾਂ ਜਿਹੜੀਆਂ lands ਵੇਚੀਆਂ ਗਈਆਂ ਹਨ ਉਹ ਨਹੀਂ ਵੇਚੀਆਂ ਜਾ ਸਕਦੀਆਂ ਸਨ । ਇਹ ਅੰਗਰੇਜ਼ਾਂ ਦੇ ਜ਼ਮਾਨੇ ਦਾ 1887 ਦਾ ਕਾਨੂੰਨ ਲਿਆ ਕੇ ਸਭ ਕੁਝ ਕਰ ਰਹੇ ਹਨ । ਇਸ ਮੰਤਵ ਦੀਆਂ ਤਰਮੀਮਾਂ ਪਿਛਲੇ ਸਾਲਾਂ ਵਿਚ ਹੁੰਦੀਆਂ ਰਹੀਆਂ ਹਨ ਅਤੇ ਗਵਰਨਰ ਸਾਹਿਬ ਨੇ ਆਰਡਰ ਵੀ ਕੀਤਾ ਸੀ ਕਿ ਪੰਜਾਬ ਵਿਚ ਕੋਈ ejectment ਨਾ ਹੋਵੇ ਪਰ ਫਿਰ ਵੀ ਲੱਖਾਂ ejectments ਹੋਈਆਂ । ਅਜ ਪੰਜਾਬ ਦੀ ਕਿਸਾਨੀ ਤਬਾਹ ਹੋ ਚੁਕੀ ਹੈ । ਅਸੀਂ ਅਜ ਏਥੇ ਇਹ ਕਾਨੂੰਨ ਲਿਆ ਰਹੇ ਹਾਂ ਜਦੋਂ ਇਥੇ ਦੇ tenants ਕੋਈ ਯੂ.ਪੀ. ਵਿਚ ਤੇ ਕੋਈ ਕਿਧਰੇ ਭਜ ਗਏ ਹਨ । ਕਾਨੂੰਨ ਸਖਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ । ਚਾਹੀਦਾ ਤਾਂ ਇਹ ਸੀ ਕਿ ਇਹ ਕਾਨੂੰਨ ਸਹੀ ਸ਼ਕਲ ਵਿਚ ਅਜ ਤੋਂ ਬਹੁਤ ਪਹਿਲਾਂ ਆ ਜਾਂਦਾ । ਜਿੰਨੀ ਵਾਰੀ ਇਸ ਕਾਨੂੰਨ ਵਿਚ ਤਰਮੀਮਾਂ ਆਈਆਂ ਹਨ ਉਨੀ ਵਾਰੀ ਇਸ ਵਿਚ ਗੁੰਝਲਾਂ ਪੈਂਦੀਆਂ ਰਹੀਆਂ ਹਨ । ਜੇ ਪਹਿਲਾਂ ਹੀ ਸਭ ਕੁਝ ਕਰ ਦਿਤਾ ਜਾਂਦਾ ਤਾਂ ਅਜ ਪੰਜਾਬ ਦਾ ਨਕਸ਼ਾ ਹੋਰ ਹੁੰਦਾ । ਅਜ ਲੱਖਾਂ tenants eject ਕੀਤੇ ਗਏ ਹਨ । (ਘੰਟੀ) ਮੈਂ ਦਸਦਾ ਹਾਂ ਕਿ ਕਿਸ ਤਰ੍ਹਾਂ ਇਸ ਕਾਨੂੰ ਦੀ ਮਿਟੀ ਪਲੀਦ ਕੀਤੀ ਗਈ ਹੈ । 1948 ਵਿਚ ਇਥੇ 1,36,000 ਮੁਜ਼ਾਰੇ ਸਨ ਤੇ 1956 ਵਿਚ 48,000 ਰਹਿ ਗਏ । ਮੇਰੇ ਤੋਂ ਪਹਿਲਾਂ ਪੰਡਤ ਮੋਹਣ ਲਾਲ ਨੇ ਇਸ ਕਾਨੂੰਨ ਦੀਆਂ ਖਾਮੀਆਂ ਦਸੀਆਂ ਹਨ । ਮੈਂ ਸਰਦਾਰ ਅਜਮੇਰ ਸਿੰਘ ਹੋਰਾਂ ਨੂੰ ਅਰਜ਼ ਕਰਾਂਗਾ ਕਿ ਉਹ ਇਸ ਕਾਨੂੰਨ ਨੂੰ ਅਤੇ ਤਰਮੀਮਾਂ ਨੂੰ ਠੰਡੇ ਦਿਲ ਨਾਲ ਸੋਚਣ । ਸਰਦਾਰ ਅਜਮੇਰ ਸਿੰਘ ਨੇ ਵਾਹੋ ਦਾਹੀ ਵਿਚ ਇਹ ਕਾਨੂੰਨ ਰਖਿਆ ਹੈ ਅਤੇ ਇਸ ਕਾਨੂੰਨ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਹ ਵਿਆਖਿਆ ਸਾਡੇ ਸਾਹਮਣੇ ਹੈ । ਇਸ ਕਾਨੂੰਨ ਨਾਲ ਲੋਕਾਂ ਦੀ ਰਖਿਆ ਨਹੀਂ ਕੀਤੀ ਜਾ ਸਕਦੀ, land to the tiller ਨਹੀਂ ਦਿਤੀ ਜਾ ਸਕਦੀ । ਸਾਰੇ ਗਹੁ ਨਾਲ ਵੇਖੀਏ ਕਿ ਇਸ ਵਿਚ ਪਿਛੇ ਕੀ ਖਾਮੀਆਂ ਰਹੀਆਂ ਹਨ । 15 ਅਗਸਤ 1947 ਤੋਂ ਪਿਛੋਂ ਜਿੰਨੀਆਂ lands ਦੀਆਂ transfers ਹੋਈਆਂ ਹਨ ਉਹ ਖਤਮ ਕੀਤੀਆਂ ਜਾਣ । ਜਿਹੜੀਆਂ ਛੋਟੇ ਮਾਲਕਾਂ ਤੇ ਟੇਨੇਂਟਸ ਨੇ ਖਰੀਦੀਆਂ ਹਨ ਉਨ੍ਹਾਂ ਨੂੰ ਲੈਂਡ ਲਾਰਡਜ਼ ਪਾਸੋਂ ਪੈਸੇ ਦਿਵਾਏ ਜਾਣ । ਜਿਨਾ ਚਿਰ ਇਸ ਤਰ੍ਹਾਂ ਨਾ ਕੀਤਾ ਜਾਏ ਜ਼ਮੀਨ ਕਢ ਕੇ ਆਮ ਲੋਕਾਂ ਨੂੰ ਨਹੀਂ ਦਿਤੀ ਜਾ ਸਕਦੀ । ਸਾਡੇ ਸਾਹਮਣੇ ਬਹੁਤ ਸਾਰੇ ਸਵਾਲ ਹਨ । ਹੁਣ ਤਰਮੀਮਾਂ ਦੇ ਨਾਉਂ ਥਲੇ ਹੋਰ ਨਵੇਂ ਟੈਕਸਾਂ ਦੇ ਕਾਨੂੰਨ ਬਣਾਏ ਹਨ । ਜੇ ਇਹ ਸਿਆਣੇ ਹੁੰਦੇ ਤਾਂ ਪੰਜਾਬ ਦੇ ਹਰੀਜਨਾਂ ਨੂੰ ਵਸਾਉਣ ਲਈ ਇਨ੍ਹਾਂ ਜ਼ਮੀਨਾਂ ਵਿਚੋਂ ਪੈਸੇ ਕਢੇ ਜਾ ਸਕਦੇ ਸਨ । ਇਸ ਤਰ੍ਹਾਂ waste land, ਬੰਜਰ ਜ਼ਮੀਨ ਤੇ ਗੌਰਮਿੰਟ ਦੀ ਬੰਜਰ ਜ਼ਮੀਨ ਤੇ ਹਥ ਵਾਲੀ ਜ਼ਮੀਨ ਜ਼ਾਇਆ ਹੋਈ । (ਘੰਟੀ) ਇਸ ਲਈ ਮੈਂ ਤੁਹਾਡੇ ਰਾਹੀਂ Treasury Benches ਦੇ ਦੋਸਤਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ ਪਾਸ ਕਰਨ ਤੋਂ ਪਹਿਲਾਂ ਇਸ ਤੇ ਸੋਚਿਆ ਜਾਏ । (ਘੰਟੀ)

Deputy Speaker : Please wind up.

ਕਾਮਰੇਡ ਮਖਣ ਸਿੰਘ ਤਰਸਿੱਕਾ : ਪੰਜਾਬ ਦੇ ਮੁਜ਼ਾਰਿਆਂ ਨੇ ਆਪਣੀਆਂ ਜਾਨਾਂ ਵਾਰ ਕੇ ਇਹ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕੀਤੀ । ਪੈਪਸੂ ਦੇ ਮੁਜ਼ਾਰਿਆਂ ਦੀਆਂ ਤਹਿਰੀਕਾਂ ਚਲੀਆਂ । ਜ਼ਿਲ੍ਹਾ ਅੰਮ੍ਰਿਤਸਰ ਵਿਚ ਮਾਨਾਂਵਾਲੇ ਪਿੰਡ ਵਿਚ ਕੀ ਕੁਝ ਹੋਇਆ । ਸਰਦਾਰ ਬਲਦੇਵ ਸਿੰਘ ਦੇ ਪਿੰਡ ਵਿਚ ਕੀ ਕੁਝ ਹੋਇਆ । ਇਹ ਸਭ ਕੁਝ ਇਸ ਕਾਨੂੰਨ ਦੀਆਂ ਖਾਮੀਆਂ ਦੂਰ ਕਰਨ ਲਈ ਹੋਇਆ । ਓਥੇ ਗੋਲੀਆਂ ਚੱਲੀਆਂ , ਪਿਛਲੇ ਸਾਲਾਂ ਵਿਚ ਜੋ ਕੁਝ ਹੋਇਆ ਉਹ ਕਿਸ ਤਰ੍ਹਾਂ ਭੁਲਾਇਆ ਜਾ ਸਕਦਾ ਹੈ । ਮੁਖ ਮੰਤਰੀ ਸਾਹਿਬ ਤੇ ਹੋਰਨਾਂ ਨੇ ਮਾਵਾਂ ਤੇ ਭੈਣਾਂ ਦੇ ਬੱਚਿਆਂ ਨੂੰ ਸ਼ਹੀਦ ਕਰ ਦਿਤਾ । ਇਹ ਮਸਲਾ ਅਜੇ ਵੀ ਨਹੀਂ ਸੁਲਝਿਆ । ਜਿਹੜੇ ਵੀ land ਦੇ ਮਸਲੇ ਹਨ ਉਹ ਨਹੀਂ ਸੁਲਝੇ । (ਘੰਟੀ) ਮੁਜ਼ਾਰਿਆਂ ਦੀਆਂ ਕੁਰਬਾਨੀਆਂ ਕੀਤੀਆਂ ਹੋਈਆਂ ਹਨ । ਉਹ ਲੋਕ ਮਾਰੇ ਜਾਣਗੇ । ਇਸ ਬਿਲ ਨੂੰ ਸਮੁਚੇ ਤੌਰ ਤੇ ਠੰਡੇ ਦਿਲ ਨਾਲ ਬੈਠ ਕੇ ਸੋਚਣ ਲਈ Select Committee ਦੇ ਹਵਾਲੇ ਕੀਤਾ ਜਾਏ । ਇਸ ਵਿਚ ਸਰਦਾਰ ਅਜਮੇਰ ਸਿੰਘ ਤੇ ਹੋਰ ਨਾਉਂ ਆ ਸਕਦੇ ਹਨ । ਇਹ ਕਾਨੂੰਨ ਤਾਂ ਜ਼ਮੀਨਾਂ ਲੈਣ ਦਾ ਹੈ । ਇਹ ਬਿਲ ਪੰਜਾਬ ਦੀ ਤਰੱਕੀ ਦਾ ਬਿਲ ਹੋਵੇਗਾ । ਜੇ ਇਸ ਤਰ੍ਹਾਂ ਹੀ ਰਹਿਣ ਦਿਤਾ ਜਿਸ ਤਰ੍ਹਾਂ ਇਹ ਪੇਸ਼ ਕੀਤਾ ਹੈ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ । 15 ਸਾਲ ਵਿਚ ਇਸ ਦੇ ਮੁਤਾਲਿਕ ਕੁਝ ਨਹੀਂ ਹੋ ਸਕਿਆ ।

Deputy Speaker : Motion moved—

That the Punjab Security of Land Tenures (Amendment and Validation) Bill, 1962, be referred to the Select Committee consisting of the following Members with a direction to make a report by the 15th August, 1962, at the latest :

1. Sardar Ajmer Singh, Minister in charge.
2. Shri Mohan Lal.
3. Comrade Ram Piara.
4. Babu Ajit Kumar.
5. Chaudhri Devi Lal.
6. Comrade Makhan Singh Tarsikka.
7. Comrade Shamsher Singh Josh.
8. Chaudhri Hardwari Lal.

Comrade Shamsher Singh Josh (Rupar) : Madam, I beg to move—

That the Punjab Security of Land Tenures (Amendment and Validation) Bill, 1962, be referred to a Select Committee consisting of :—

1. Sardar Ajmer Singh, Minister in charge.
2. Shri Mohan Lal Datta.
3. Shri Ram Piara.
4. Chaudhri Hardwari Lal.
5. Comrade Shamsher Singh Josh.

with a direction to make a report by the 31st October, 1962.

ਡਿਪਟੀ ਸਪੀਕਰ ਸਾਹਿਬਾ, ਇਹ ਜਿਹੜਾ Punjab Security of Land Tenures (Amendment) Bill ਵਿਚ ਤਿੰਨ ਚਾਰ ਤਰਮੀਮਾਂ ਕਰਨ ਲਈ Amending Bill ਸਰਦਾਰ ਅਜਮੇਰ ਸਿੰਘ ਹੋਰਾਂ ਵਲੋਂ ਅਤੇ ਉਨ੍ਹਾਂ ਦੇ ਗਰੁਪ ਵਲੋਂ ਇਸ ਹਾਊਸ ਵਿਚ ਲਿਆਂਦਾ ਗਿਆ ਹੈ ਮੈਂ ਇਸ ਨੂੰ welcome ਕਰਦਾ ਹਾਂ । ਇਹ ਪੰਜਾਬ ਵਿਚ ਮੁਜ਼ਾਰਿਆਂ

ਸਬੰਧੀ ਜੋ ਕਾਨੂੰਨ ਹੈ ਉਸ ਨੂੰ ਹੋਰ ਅਗਲੀ ਸਤਹ ਤੇ ਲੈ ਜਾਣ ਵਾਲਾ ਹੈ। ਇਸ ਨਾਲ ਜੋ ਚੌਗਿਰਦੇ ਵਿਚ ਆਉਣ ਇਨ੍ਹਾਂ ਕਲਾਜ਼ਾਂ ਤੋਂ ਫਾਇਦਾ ਉਠਾ ਸਕਦੇ ਹਨ। ਇਸ ਸਬੰਧੀ ਹਾਈ ਕੋਰਟ ਦੇ ਫੈਸਲਿਆਂ ਤੋਂ ਫਾਇਦਾ ਉਠਾਇਆ ਜਾ ਸਕਦਾ ਹੈ ਪਰ ਜੋ ਸਨ 1953 ਦਾ ਐਕਟ ਸੀ ਉਸ ਦਾ ਮਨਸ਼ਾ ਇਹ ਨਹੀਂ ਸੀ। ਮੈਂ ਸਮਝਦਾ ਹਾਂ ਕਿ ਇਹ ਇਕ ਕਦਮ ਅਗਾਂਹ ਹੈ ਅਤੇ ਇਸ ਨਾਲ ਮੁਜ਼ਾਰਿਆਂ ਦੀ ਹੋਰ ਰਖਿਆ ਕੀਤੀ ਜਾ ਸਕੇਗੀ। ਪਰ ਮੈਂ ਆਪਣੀ motion ਇਸ ਲਈ ਪੇਸ਼ ਕੀਤੀ ਹੈ ਕਿ ਇਸ ਦੀ ਅਜ ਦੇ ਜ਼ਮਾਨੇ ਵਿਚ ਲੋੜ ਹੈ ਅਤੇ ਇਹ ਸਵਾਲ ਅਜ ਦਾ ਨਹੀਂ ਪਿਛਲੇ 14 ਸਾਲਾਂ ਤੋਂ ਚਲਿਆ ਆ ਰਿਹਾ ਹੈ ਅਤੇ ਇਹ ਮਾਮਲਾ ਜੋ ਇਤਨੇ ਸਾਲਾਂ ਤੋਂ ਲਟਕ ਰਿਹਾ ਹੈ ਇਸ ਨੂੰ final ਤੌਰ ਤੇ ਹਲ ਕਰਨ ਦੀ ਜ਼ਰੂਰਤ ਹੈ ਅਤੇ ਮੈਂ ਸਮਝਦਾ ਹਾਂ ਕਿ ਜੋ ਤਰਮੀਮਾਂ ਸਰਕਾਰ ਵਲੋਂ ਲਿਆਂਦੀਆਂ ਜਾ ਰਹੀਆਂ ਹਨ ਉਹ ਇਸ ਮਸਲੇ ਨੂੰ ਪੂਰੇ ਤੌਰ ਤੇ ਹਲ ਨਹੀਂ ਕਰਦੀਆਂ। ਮੈਂ ਹਾਊਸ ਵਿਚ ਇਹ ਗੱਲ ਦਸਣਾ ਚਾਹੁੰਦਾ ਹਾਂ ਕਿ ਸਾਡੇ ਮੁਲਕ ਦੀ agriculture production ਵਧੀ ਹੈ। ਸਨ 1951 ਦੀ census ਅਨੁਸਾਰ ਪੰਜਾਬ ਦੀ ਆਬਾਦੀ 1 ਕਰੋੜ 62 ਲੱਖ ਸੀ ਅਤੇ ਇਸ ਵਿਚੋਂ 1 ਕਰੋੜ 12 ਲੱਖ ruralites ਸਨ। ਇਸ ਲਈ ਪੰਜਾਬ ਇਕ Agricultural State ਸੀ ਅਤੇ ਅਜ ਵੀ ਹੈ। ਇਸ ਲਈ ਇਸ ਗਲ ਦੀ ਜ਼ਰੂਰਤ ਇਸ ਸੂਬੇ ਨੂੰ ਹੈ ਕਿ ਸਰਕਾਰ ਦੀ ਜੋ policy ਹੈ ਉਹ ਸਪਸ਼ਟ ਰੂਪ ਵਿਚ ਲੋਕਾਂ ਦੇ ਸਾਹਮਣੇ ਆਵੇ। ਮੈਂ ਵੇਖਿਆ ਹੈ ਕਿ ਪਿਛਲੇ 14 ਸਾਲਾਂ ਵਿਚ ਜ਼ਮੀਨ ਦੀ ਪਾਲੇਸੀ ਬਾਰੇ ਪੰਜਾਬ ਸਰਕਾਰ ਨੇ ਅਤੇ ਹਿੰਦ ਸਰਕਾਰ ਨੇ ਕਈ ਤਰ੍ਹਾਂ ਦੇ ਕਾਨੂੰਨ ਬਣਾਏ ਹਨ ਅਤੇ ਪਲਾਨਿੰਗ ਕਮਿਸ਼ਨ ਨੇ ਵੀ ਕੁਝ ਨਿਸ਼ਾਨੇ ਬਣਾਏ ਪਰ ਜਦੋਂ ਇਨ੍ਹਾਂ ਨੂੰ ਹੇਠਾਂ ਸਟੇਟਾਂ ਵਿਚ ਅਮਲ ਦਰਾਮਦ ਲਈ ਭੇਜਿਆ ਜਾਂਦਾ ਹੈ ਤਾਂ ਇਨ੍ਹਾਂ ਦੇ ਮਨਸ਼ੇ ਤੇ ਅਮਲ ਨਹੀਂ ਹੁੰਦਾ। ਇਸ ਤਰ੍ਹਾਂ ਜੋ progressive attitude Central Government ਨੇ ਲਿਆ ਹੈ ਉਹ ਸੂਬੇ ਵਿਚ ਅਮਲ ਵਿਚ ਲਿਆਉਣ ਦੀ ਬਜਾਏ ਖੁਰਦ ਬੁਰਦ ਹੋ ਗਿਆ ਹੈ। ਦਰਅਸਲ Central Government ਸਾਰੇ ਦੇਸ਼ ਵਿਚ industrialisation ਕਰਨਾ ਚਾਹੁੰਦੀ ਹੈ ਅਤੇ ਇਸ ਲਈ ਉਨ੍ਹਾਂ ਦੀ ਸਾਰੀ ਸ਼ਕਤੀ industry ਵਲ direct ਕੀਤੀ ਗਈ ਹੈ। ਇਸ ਲਈ ਜਿਨੇ ਵੀ reforms ਹਨ ਉਨ੍ਹਾਂ ਨੇ industrial sphere ਵਿਚ ਲਿਆਉਣ ਦਾ ਯਤਨ ਵਧੇਰੇ ਕੀਤਾ ਹੈ ਅਤੇ ਇਹ ਹਰ ਮੁਲਕ ਵਿਚ ਹੁੰਦਾ ਹੈ ਜਿਥੇ ਕਿ ਬੁਰਜੂਆ ਸਮਾਜ ਕੋਈ revolution ਲਿਆਉਣਾ ਚਾਹੇ। ਦੂਜੇ ਪਾਸੇ ਖੇਤੀ ਵਿਚ ਜਕੜਿਆਂ ਲਈ ਕੀ ਕੁਝ ਯਤਨ ਕੀਤਾ ਜਾਂਦਾ ਹੈ—ਮਾਲਕ ਦੇ ਖੇਤੀ ਦੇ ਹਿੱਸੇ ਨੂੰ ਕਮ ਕਰਨਾ, ਮੁਜ਼ਾਰਿਆਂ ਦੇ standard of living ਨੂੰ ਵਧਾਉਣਾ। ਇਹ ਤਾਂ ਹੀ ਹੋ ਸਕਦਾ ਹੈ ਜੇਕਰ industrial development ਕਰਨ ਵਾਲੇ ਇਸ ਮਸਲੇ ਵਲ ਧਿਆਨ ਦੇਣ। ਹੁਕਮਰਾਨ ਜਮਾਤ ਲਾਜ਼ਮੀ ਤੌਰ ਤੇ agricultural reforms ਲਿਆਂਦੀ ਹੈ ਇਹ ਉਨ੍ਹਾਂ ਲਈ ਜ਼ਰੂਰੀ ਹੋ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਜੁਰਤ ਦਾ ਕੰਮ ਹੈ। ਪਿਛਲੇ ਕੁਝ ਸਾਲਾਂ ਵਿਚ ਸਰਕਾਰ ਵਲੋਂ halting legislation ਲਿਆਂਦੀ ਗਈ ਹੈ। ਹੁਣ ਇਨ੍ਹਾਂ ਨੇ ਹਿਮਤ ਤੋਂ ਕੰਮ ਲਿਆ ਹੈ ਕਿਉਂਕਿ ਇਨ੍ਹਾਂ ਤਰੀਕਿਆਂ ਨਾਲ ਜਾਗੀਰਦਾਰਾਂ ਤੇ ਰੋਕ ਪਾਏਗੀ। ਪਰ ਇਨ੍ਹਾਂ ਦੇ ਸੱਜੇ ਖਬੇ ਜੋ ਲੈਂਡਲਾਰਡਜ਼ ਬੈਠੇ ਹਨ ਉਹ ਇਨ੍ਹਾਂ ਦੀਆਂ ਗੱਲਾਂ ਨੂੰ ਸਿਰੇ ਨਹੀਂ ਚੜ੍ਹਨ ਦਿੰਦੇ ਅਤੇ ਪਹਿਲਾਂ ਹੀ ਆਪਣਾ ਬਚਾਉ ਕਰ ਲੈਂਦੇ ਹਨ। ਅਤੇ ਜਿਸ ਤਰ੍ਹਾਂ ਦੀ agricultural development ਇਹ ਚਾਹੁੰਦੇ ਹਨ ਇਨ੍ਹਾਂ ਦੇ ਸਾਥੀ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਨਹੀਂ ਹੋਣ ਦਿੰਦੇ । ਅਸੀਂ ਅਜ ਤਕ ਅਨਾਜ ਵਿਚ ਕਿੰਨਾ ਵਾਧਾ ਕੀਤਾ ਹੈ ਇਸ ਬਾਰੇ ਸਾਰੇ ਜਾਣਦੇ ਹਨ ਅਤੇ ਅਸੀਂ ਕਈ ਕਹਿ ਦਿੰਦੇ ਹਾਂ ਪਰ ਅਸਲ ਗੱਲ ਕੀ ਹੈ। ਅਸੀਂ 1,200 ਕਰੋੜ ਰੁਪਏ ਦਾ ਅਨਾਜ ਪਹਿਲਾ ਬਾਹਰ ਤੋਂ ਮੰਗਵਾਂਦੇ ਹਾਂ । ਹੁਣ ਇਸ ਤੀਜੀ ਪੰਜ ਸਾਲਾ ਪਲਾਨ ਵਿਚ 700 ਕਰੋੜ ਰੁਪਿਆ ਰਖਿਆ ਗਿਆ ਹੈ ਅਤੇ ਇਸ ਲਈ ਅਮਰੀਕਾ ਨਾਲ agreement ਕੀਤਾ ਗਿਆ ਹੈ ਅਨਾਜ ਮੰਗਾਣ ਲਈ । ਕਿੰਨੇ ਅਫਸੋਸ ਦੀ ਗੱਲ ਹੈ, ਕਿੰਨੀ ਸ਼ਰਮਨਾਕ ਗੱਲ ਹੈ ਕਿ ਇਕ ਮੁਲਕ ਜੋ predominantly agricultural ਹੋਵੇ ਅਤੇ ਜਿਸ ਦੇਸ਼ ਦੇ ਲੋਕਾਂ ਦਾ ਧੰਦਾ ਖੇਤੀ ਕਰਨਾ ਹੋਵੇ ਉਸ ਮੁਲਕ ਦੀ ਸਰਕਾਰ ਅਨਾਜ ਬਾਹਰ ਤੋਂ ਮੰਗਵਾਏ ਉਹ ਆਪਣੇ ਦੇਸ਼ ਲਈ ਪੂਰਾ ਅਨਾਜ ਨਾਪੈਦਾ ਕਰ ਸਕੇ । ਅਤੇ ਜੇ ਕਰ ਇਨ੍ਹਾਂ ਦੀ agricultural policy ਸਹੀ ਹੋਵੇ ਤਾਂ ਇਸ ਤਰ੍ਹਾਂ ਕਿੰਨੇ ਕਰੋੜ ਦਾ ਅਸੀਂ foreign exchange ਬਚਾ ਸਕਦੇ ਹਾਂ । ਇਸ ਨਾਲ ਮਸ਼ੀਨਰੀ ਲਿਆ ਸਕਦੇ ਹਾਂ । ਇਸ ਖਪ ਨੂੰ ਵੇਖ ਕੇ ਅਸਾਨੂੰ ਕੁਝ ਪਰੇਸ਼ਾਨੀ ਹੁੰਦੀ ਹੈ। ਇਹ ਠੀਕ ਹੈ ਕਿ ਇਨ੍ਹਾਂ ਗੱਲਾਂ ਦੇ ਹੋਣ ਤੇ ਵੀ ਜੋ ਇਨ੍ਹਾਂ ਨੇ overall legislation ਕੀਤੀ ਹੈ ਮੈਂ ਉਸ ਦੇ ਹਕ ਵਿਚ ਹਾਂ ।

ਦੂਸਰੀ ਗੱਲ ਇਹ ਹੈ ਕਿ ਸਰਕਾਰ ਦੀ ਪਾਲੀਸੀ ਕੀ ਹੈ ਅਤੇ ਇਸ ਨੇ ਉਸ ਪਾਲੀਸੀ ਤੇ ਕਿੰਨਾ ਚਿਰ ਅਤੇ ਕਿਸ ਹਦ ਤਕ ਅਮਲ ਕੀਤਾ ਹੈ। ਇਨ੍ਹਾਂ ਨੇ ਤੀਜੀ ਪੰਜ ਸਾਲਾ ਪਲਾਨ ਵਿਚ ਇਹ ਲਿਖਿਆ ਹੈ :

> "Land Reform programmes which were given a place of special significance both in the first and in the second Plan have two specific objects. The first is to remove such impediments to increase in agricultural production as arise from the agrarian structure inherited from the past. This should help to create conditions for evolving as speedily as possible an agricultural economy with high levels of efficiency and productivity. The second object which is closely related to the first is to eliminate all elements of exploitation and social injustice within the agrarian system to provide security for the tiller of the soil and assure equality of status and opportunity to all sections of the rural population."

ਇਸ ਤਰ੍ਹਾਂ ਦੋ ਆਸ਼ੇ ਸਾਹਮਣੇ ਰਖੇ ਗਏ ਹਨ । ਪਹਿਲਾ ਇਹ ਕਿ ਮੁਲਕ ਦੀ agricultural production ਵਧੇ ਅਤੇ ਇਸ production ਨੂੰ ਵਧਾਉਣ ਲਈ technical ਸੰਦ introduce ਕੀਤੇ ਜਾਣ । ਜੋ ਲੋਕ ਖੇਤੀ ਦਾ ਕੰਮ ਕਰਦੇ ਹਨ ਉਨ੍ਹਾਂ ਨੂੰ justice ਦਿਤਾ ਜਾਵੇ ਉਨ੍ਹਾਂ ਨਾਲ ਇਨਸਾਫ ਕੀਤਾ ਜਾਵੇ ਪਰ ਸਾਰੀ ਪਾਲੇਸੀ ਕੇਵਲ ਪਹਿਲੇ ਆਸ਼ੇ ਨੂੰ ਮੁਖ ਰਖ ਕੇ ਬਣਾਈ ਗਈ ਅਤੇ ਚਲਾਈ ਗਈ ਹੈ । ਇਸ ਤਰਾਂ ਉਪਜ ਕੁਝ ਹਦ ਤਕ ਜ਼ਰੂਰ ਵਧੀ ਹੈ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਪਹਿਲਾਂ ਇਹ ਹਾਲਤ ਸੀ ਕਿ ਜਾਗੀਰਦਾਰ ਹਜ਼ਾਰਾਂ ਹਜ਼ਾਰਾਂ ਏਕੜ ਦੇ ਮਾਲਕ ਹੁੰਦੇ ਸੀ ਅਤੇ ਆਪ ਉਹ absentee ਜਾਗੀਰਦਾਰ ਹੁੰਦੇ ਸੀ ਅਤੇ ਬਟਾਈ ਲੈਂਦੇ ਸੀ ਅਤੇ ਵਾਹੀ ਮੁਜ਼ਾਰੇ ਕਰਦੇ ਸੀ । ਹੁਣ ਵੀ ਉਸ ਹਾਲਤ ਵਿਚ ਬਹੁਤਾ ਫਰਕ ਨਹੀਂ ਪਿਆ ਹੈ ਅਲਬੱਤਾ ਸਰਕਾਰ ਦਾ ਝੁਕਾ agriculture ਵਲ ਅਗੇ ਨਾਲੋਂ ਕੁਝ ਜ਼ਿਆਦਾ ਹੋ ਗਿਆ ਹੈ। ਮਗਰ ਇਸ ਨਾਲ ਦਬੇ ਹੋਏ ਲੋਕਾਂ ਨੂੰ ਅਤੇ ਮੁਜ਼ਾਰਿਆਂ ਨੂੰ ਇਨਸਾਫ ਨਹੀਂ ਮਿਲ ਸਕਿਆ । ਇਸ ਸਬੰਧ ਵਿਚ ਜੋ legislation ਬਣਾਈ ਗਈ ਉਸ ਦਾ ਫਾਇਦਾ ਵੀ ਉਨ੍ਹਾਂ absentee ਜਾਗੀਰਦਾਰਾਂ ਅਤੇ ਲੈਂਡ ਲਾਰਡਜ਼ ਨੇ ਉਠਾਇਆ ਜੋ ਇਨ੍ਹਾਂ ਦੀ ਬਗਲ ਵਿਚ ਬੈਠਦੇ ਹਨ । ਜੇ ਕਰ ਜ਼ਮੀਨ ਦੀ ceiling ਮੁਕਰੱਰ ਕੀਤੀ ਗਈ ਤਾਂ ਉਸ ਵਿਚ ਕਈ ਤਰਾਂ ਦੀਆਂ ਮੋਰੀਆਂ ਰਖ ਲਈਆਂ ਗਈਆ ਜਿਵੇਂ ਕਿ ਸ਼ੂਗਰ ਮਿਲਾਂ ਦੀ ਜ਼ਮੀਨ ਜਾਂ orchards ਦੀ ਜ਼ਮੀਨ । (ਵਿਘਨ)

Minister for Revenue : It is wrong and in bad taste. That is subject to this law.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਬੁਨਿਆਦੀ ਤੌਰ ਤੇ ਜਿਹੜੀ ejectment ਦੀ policy ਹੈ ਇਸ ਦਾ ਮਨਸ਼ਾ ਤਾਂ ਇਹੋ ਸੀ ਕਿ tenants ਨੂੰ ਇਨਸਾਫ ਮਿਲੇ, ਪਰ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ । ਏਸੇ ਤਰ੍ਹਾਂ ਹੋਰ ਇਸ ਸਿਲਸਿਲੇ ਵਿਚ Acts ਬਣਾਏ ਗਏ ਹਨ ਜਿਸ ਤਰ੍ਹਾਂ Punjab Security of Land Tenures Act ਹੈ। ਪਰ ਇਸ ਤੋਂ ਤਾਂ Pepsu Security of Land Tenures Act ਹੀ ਚੰਗਾ ਹੈ । ਕੋਈ ਵੀ tenant ਹੋ ਅਗਰ ਉਹ ਜ਼ਮੀਨ ਖਰੀਦਣੀ ਚਾਹੁੰਦਾ ਹੈ ਤਾਂ ਉਹ 200 ਰੁਪਏ ਫੀ ਏਕੜ ਦੇ ਹਿਸਾਬ ਨਾਲ ਜਾਂ 90 ਗੁਣਾ ਮਾਲੀਏ ਦਾ ਦੇ ਕੇ ਖਰੀਦ ਸਕਦਾ ਹੈ । ਪਰ ਪੰਜਾਬ ਦੇ ਇਸ Land Tenures Act ਵਿਚ ਕਿਤੇ ਵੀ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ । ਏਸੇ ਤਰ੍ਹਾਂ ਉਥੇ ਇਹ ਹੈ ਕਿ ਜਿਸ ਜ਼ਮੀਨ ਨੂੰ ਯਾ ਜਿਸ area ਤੇ ਉਹ ਕਾਸ਼ਤ ਕਰਦਾ ਹੈ landlord ਦੀ ਉਸ ਜ਼ਮੀਨ ਵਿਚੋਂ 15 ਏਕੜ ਜ਼ਮੀਨ ਮੁਜ਼ਾਰਾ ਕਟਵਾ ਸਕਦਾ ਹੈ, ਪਰ ਇਸ ਵਿਚ ਮੁਜ਼ਾਰੇ ਲਈ ਇਸ ਤਰ੍ਹਾਂ ਦੀ ਕੋਈ ਵੀ ਰਿਆਇਤ ਨਹੀਂ ਹੈ । ਜੇ ਹੋਰ ਕੁਝ ਨਹੀਂ ਤਾਂ ਕਮ-ਅਜ਼-ਕਮ ਏਸ Act ਨੂੰ Pepsu ਦੇ Act ਦੇ level ਤੇ ਹੀ ਲੈ ਆਉਣਾ ਚਾਹੀਦਾ ਸੀ । ਇਹ ਤਾਂ ਉਸ ਦੇ ਬਰਾਬਰ ਵੀ ਨਹੀਂ ਪਹੁੰਚਦਾ । ਏਸੇ ਤਰ੍ਹਾਂ 1887 ਵਿਚ ਇਕ ਐਕਟ ਬਣਾਇਆ ਸੀ, ਜਿਸ ਵਿਚ landlord ਨੂੰ ਇਖਤਿਆਰ ਦਿਤਾ ਸੀ ਕਿ ਉਹ tenant ਨੂੰ November ਦੇ ਮਹੀਨੇ ਵਿਚ ਨੋਟਿਸ ਦੇ ਕੇ ਮਈ ਦੇ ਮਹੀਨੇ ਵਿਚ ਬੇਦਖਲ ਕਰ ਸਕਦਾ ਹੈ । ਇਹ ਕਾਇਦਾ 1950 ਤਕ ਚਲਦਾ ਰਿਹਾ ਅਤੇ ਇਸ ਵਿਚ ਤਬਦੀਲੀ ਲਿਆਉਣ ਦੀ ਕੋਈ ਜ਼ਰੂਰਤ ਮਹਿਸੂਸ ਨਹੀਂ ਕੀਤੀ ਗਈ । ਇਸ ਤੋਂ ਬਾਅਦ ਆਹਿਸਤਾ ਆਹਿਸਤਾ ਕਈ ਹੋਰ ਕਾਨੂੰਨਾਂ ਰਾਹੀਂ development ਕੀਤੀ ਜਾਂਦੀ ਰਹੀ । ਪਰ ਇਹ ਜਿਹੜੇ ਕਾਨੂੰਨ ਬਣੇ ਇਸ ਵਿਚ ਮੁਜ਼ਾਰੇ ਨੂੰ ਪੁਛਿਆ ਤਕ ਨਹੀਂ ਗਿਆ । ਜਿਸ ਦਾ ਨਤੀਜਾ ਇਹ ਹੋਇਆ ਕਿ ਮੁਜ਼ਾਰਿਆਂ ਤੇ ਜਾਗੀਰਦਾਰਾਂ ਦੇ ਆਪਸ ਵਿਚ ਝਗੜੇ ਹੋਏ । ਪਰ ਕਹਿਣ ਨੂੰ ਇਹ ਮੁਜ਼ਾਰਿਆਂ ਨੂੰ ਕਹਿੰਦੇ ਹਨ ਕਿ ਅਸੀਂ ਤੁਹਾਡੇ ਲਈ ਅਤੇ ਤੁਹਾਨੂੰ ਫਾਇਦਾ ਪਹੁੰਚਾਉਣ ਵਾਸਤੇ ਕਾਨੂੰਨ ਬਣਾਏ ਹਨ । ਅਸਲ ਗੱਲ ਇਹ ਹੈ ਕਿ ਕਾਨੂੰਨ ਤਾਂ landlords ਨੂੰ ਫਾਇਦਾ ਪਹੁੰਚਾਉਣ ਵਾਸਤੇ ਹੀ ਬਣਾਏ ਗਏ ਹਨ । 1957 ਤੋਂ ਲੈ ਕੇ ਇਤਹਾਸ ਦੇਖ ਲਓ ਕਿ ਕਿਸ ਤਰ੍ਹਾਂ ਕਿਹੜੇ ਕਿਹੜੇ ਪਿੰਡਾਂ ਵਿਚ ਮੁਜ਼ਾਰਿਆਂ ਤੇ ਜ਼ਿਮੀਂਦਾਰਾਂ ਦੇ ਆਪਸ ਵਿਚ clash ਹੋਏ । ਮਕੋਆ ਪਿੰਡ ਵਿਚ ਇਸ ਤਰ੍ਹਾਂ ਦਾ clash ਹੋਇਆ, ਪਿੰਡ ਕਿਤੋਵਾਲ ਵਿਚ clash ਹੋਇਆ ਫੇਰ ਮੋਹਨ ਗੜ੍ਹ ਵਿਚ clash ਹੋਇਆ । ਇਹ ਸਭ ਸਰਕਾਰ ਦੀ ਇਸ half-hearted policy ਦਾ ਹੀ ਨਤੀਜਾ ਹੈ ਕਿ ਮੁਜ਼ਾਰਿਆਂ ਨੂੰ ਹਰ ਜਗ੍ਹਾ ਨੁਕਸਾਨ ਹੋਇਆ ਹੈ। ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਉਸ ਨੂੰ ਆਪਣਾ ਮਨ ਬਣਾ ਕੇ ਇਕ ਲੀਹ ਇਖਤਿਆਰ ਕਰਨੀ ਚਾਹੀਦੀ ਹੈ ਅਤੇ ਮੁਜ਼ਾਰਿਆਂ ਨਾਲ ਹੋ ਰਹੇ ਇਸ ਰੋਜ਼ ਦੇ ਝਗੜਿਆਂ ਤੋਂ ਸਰਕਾਰ ਨੂੰ ਉਨ੍ਹਾਂ ਨੂੰ ਬਚਾਉਣਾ ਚਾਹੀਦਾ ਹੈ । ਇਸ ਪਾਸੇ ਜਿਹੜੇ ਬੁਨਿਆਦੀ ਨੁਕਸ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ । ਕਾਂਗਰਸ ਰਾਜ ਵਿਚ ਹੀ ਜਿਤਨੇ ਮੁਜ਼ਾਰੇ ਬੇਦਖਲ ਹੋਏ ਹਨ ਉਤਨੇ ਹੋਰ ਕਦੇ ਵੀ ਨਹੀਂ ਹੋਏ । ਪਹਿਲਾਂ 1939 ਵਿਚ ਮੁਜ਼ਾਰਿਆਂ ਨੂੰ ਬਟਾਈ ਦਿਤੀ ਜਾਂਦੀ ਸੀ ਪਰ ਜਦੋਂ ਇਨ੍ਹਾਂ ਦਾ ਰਾਜ ਆਇਆ ਤਾਂ ਮੁਜ਼ਾਰਿਆਂ ਨੂੰ ਬਟਾਈ ਨਾ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦੇਣ ਦੀ ਬਿਨਾ ਤੇ ਬੇਦਖਲ ਕੀਤਾ ਗਿਆ । ਜਿਤਨੇ ਵੀ ਕਾਨੂੰਨ ਇਨ੍ਹਾਂ ਦੀ so-called ਹਿਫਾਜ਼ਤ ਵਾਸਤੇ ਬਣੇ ਉਨ੍ਹਾਂ ਵਿਚ safeguard landlord ਨੂੰ ਦਿਤੀ ਗਈ । ਬੁਨਿਆਦੀ ਤੌਰ ਤੇ ਇਸ ਐਕਟ ਦੇ ਅੰਦਰ ਜਿਹੜੇ ਨੁਕਸ ਹਨ ਉਹ ਹਰ ਹਾਲਤ ਵਿਚ ਦੂਰ ਹੋਣੇ ਚਾਹੀਦੇ ਹਨ। ਫੇਰ non-payment of ਬਟਾਈ ਦੀ ਬਿਨਾ ਤੇ ਕਿਸੇ ਮੁਜ਼ਾਰੇ ਨੂੰ ਜੇਕਰ ਬੇਦਖਲ ਕਰ ਦਿਤਾ ਜਾਂਦਾ ਹੈ, ਤਾਂ ਜੇ ਕੋਈ ਮੁਜ਼ਾਰਾ ਉਜ਼ਰਦਾਰੀ ਕਰਨਾ ਚਾਹੇ ਤਾਂ ਉਹ Court ਵਿਚ ਜਾਂਦਾ ਹੈ। ਮਾਲਕ ਨੂੰ ਤਾਂ ਬੇਦਖਲ ਕਰਨ ਦੀ ਅਜਾਜ਼ਤ ਹੈ ਪਰ ਮੁਜ਼ਾਰੇ ਨੂੰ ਤਹਫਜ਼ ਦੇਣ ਵਾਸਤੇ ਕੋਈ ਕਾਨੂੰਨ ਨਹੀਂ । ਇਸ ਲਈ ਇਸ ਸਬੰਧ ਵਿਚ ਜਿਹੜੀ ਬੁਨਿਆਦੀ ਤਬਦੀਲੀ ਹੈ ਉਹ ਜ਼ਰੂਰੀ ਹੋਣੀ ਚਾਹੀਦੀ ਹੈ । ਏਸੇ ਤਰ੍ਹਾਂ self-cultivation ਦੇ ਸਬੰਧ ਵਿਚ ਵੀ ਇਕ ਬੜੀ ਭਾਰੀ defective ਮਦ ਹੈ । ਇਸ ਵਿਚ ਲਿਖਿਆ ਹੋਇਆ ਹੈ:—

> "Self-cultivation" means cultivation by a landowner either personally or through his wife or children, or through such of his relations as may be prescribed, ..."
>
> "Prescribed" means prescribed by rules ...."

ਭਾਵੇਂ ਤੀਸਰੀ ਪੰਜ-ਸਾਲਾ ਪਲੈਨ ਵਿਚ ਵੀ ਜ਼ਰਾਇਤ ਨੂੰ ਤਰੱਕੀ ਦੇਣ ਵਾਸਤੇ ਬੜੀ ਭਾਰੀ ਸਕੀਮ ਹੈ, ਪਰ ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਇਸ ਦੇ ਨਾਲ ਹੀ ਕਾਸ਼ਤਕਾਰਾਂ ਨੂੰ uplift ਕਰਨ ਵਾਸਤੇ ਵੀ ਜਿਹੜੇ ਬੁਨਿਆਦੀ ਅਸੂਲ ਹਨ ਉਨ੍ਹਾਂ ਨੂੰ ਜ਼ਰੂਰ ਲਿਆ ਜਾਵੇ । ਜਿਸ ਤਰ੍ਹਾਂ ਮੁਜ਼ਾਰਿਆਂ ਨੂੰ loans ਦੇ ਸਬੰਧ ਵਿਚ ਪਲੈਨਿੰਗ ਕਮਿਸ਼ਨ ਨੇ $\frac{1}{6}$ ਹਿੱਸਾ ਤਕ ਦੇਣਾ ਮੰਨਿਆ ਹੈ, ਰਾਜਿਸਥਾਨ ਵਿਚ ਵੀ $\frac{1}{6}$ ਹਿੱਸਾ ਹੈ, ਮਗਰ ਪੰਜਾਬ ਵਿਚ ਇਹ ਬਹੁਤ ਹੀ ਥੋੜਾ ਹੈ । ਮੈਂ ਇਹ ਅਰਜ਼ ਕਰਾਂਗਾ ਕਿ ਕਮ-ਅਜ਼-ਕਮ ਜੇ ਇਹ $\frac{1}{4}$ ਵੀ ਕਰ ਦਿਤਾ ਜਾਵੇ ਤਾਂ ਵੀ ਕੁਝ relief ਮਿਲ ਸਕਦਾ ਹੈ । ਇਸ ਲਈ ਛੋਟੇ ਕਾਸ਼ਤਕਾਰਾਂ ਨੂੰ ਉੱਚਾ ਚੁਕਣ ਦੇ ਇਹ ਜਿਹੜੇ ਬੁਨਿਆਦੀ ਅਸੂਲ ਹਨ ਜਿਸ ਤਰ੍ਹਾਂ ਕਿ loans ਹਨ, non-payment of ਬਟਾਈ ਹੈ ਅਤੇ self-cultivation ਹੈ ਇਹ ਜਿਹੜੇ ਤਿੰਨ main points ਹਨ ਜਿਨ੍ਹਾਂ ਤੇ ਬਹੁਤ ਧਿਆਨ ਦੇਣ ਦੀ ਲੋੜ ਹੈ । ਅੱਜ ਪੰਜਾਬ ਨੂੰ ਅਗੇ ਲੈ ਜਾਣ ਵਾਸਤੇ ਇਹ ਜ਼ਰੂਰੀ ਹੈ ਕਿ ਪੰਜਾਬ ਦੀ ਖੇਤੀ-ਬਾੜੀ ਵਿਚ ਤਰੱਕੀ ਹੋਵੇ । ਇਸ ਪਾਸੇ ਸਾਰੇ ਪੰਜਾਬੀ ਰਲ ਕੇ ਕੰਮ ਕਰਨ ਨੂੰ ਤਿਆਰ ਹਨ। ਕੋਈ ਐਸਾ ਪੰਜਾਬੀ ਨਹੀਂ ਜਿਹੜਾ ਇਸ ਗੱਲ ਦੀ ਵਿਰੋਧਤਾ ਕਰੇ । ਬੇਹਤਰ ਇਹੋ ਹੋਵੇਗਾ ਕਿ ਮਾਲ ਮੰਤਰੀ ਜੀ ਇਸ ਤੇ ਇਕੋ ਵਾਰ ਹੀ ਵਿਚਾਰ ਕਰ ਲੈਣ ਅਤੇ ਬਾਰ ਬਾਰ ਦੇ ਝਗੜੇ ਮਿਟਾਉਣ ਅਤੇ ਖੂਬ ਸੋਚ ਕੇ ਇਕ complete legislation ਲਿਆਉਣ ਤਾਕਿ ਹਾਊਸ ਨੂੰ ਫੇਰ ਵਕਤ ਜ਼ਾਇਆ ਨਾ ਕਰਨਾ ਪਵੇ ।

Deputy Speaker : Motion moved—

> That the Punjab Security of Land Tenures (Amendment and Validation) Bill, be referred to a Select Committee consisting of—
>
> (1) Sardar Ajmer Singh, Minister-in-charge.
>
> (2) Pandit Mohan Lal Datta.

(3) Shri Ram Piara.

(4) Chaudhri Hardwari Lal.

(5) Sardar Shamsher Singh Josh.

with a direction to make a report by the 31st October, 1962.

ਸਰਦਾਰ ਗੁਰਮੀਤ ਸਿੰਘ (ਮਲੋਟ) : ਡਿਪਟੀ ਸਪੀਕਰ ਸਾਹਿਬਾ, ਜੋ ਬਿਲ ਮਾਲ ਮੰਤਰੀ ਜੀ ਨੇ ਕਿਸਾਨਾਂ ਔਰ ਮੁਜ਼ਾਰਿਆਂ ਦੇ ਭਲੇ ਲਈ ਲਿਆਂਦਾ ਹੈ ਇਹ ਇਕ Amending Bill ਦੀ ਸ਼ਕਲ ਵਿਚ ਹੈ। ਇਹ ਇਸ ਲਈ ਲਿਆਂਦਾ ਗਿਆ ਹੈ ਕਿ ਹੁਣ ਤਕ ਜੋ ਘਾਟੇ ਅਤੇ ਕਮੀਆਂ Parent Act ਵਿਚ ਹਨ ਉਨ੍ਹਾਂ ਨੂੰ ਦੂਰ ਕੀਤਾ ਜਾ ਸਕੇ। ਇਸ ਬਿਲ ਤੇ ਬੋਲਦਿਆਂ ਕੁਝ hon. Members ਨੇ ਅਗਰ ਮਗਰ ਕੀਤੀ ਹੈ। ਉਨ੍ਹਾਂ ਵਿਚੋਂ ਕੁਝ ਨੇ ਇਸ ਦੇ ਬੁਰੇ ਪਹਿਲੂ ਵੀ ਦਸੇ ਹਨ ਅਤੇ ਕੁਝ ਨੇ ਇਸ ਬਿਲ ਨੂੰ ਅੱਛਾ ਆਖਿਆ ਹੈ। ਮੇਰੇ ਕਮਿਊਨਿਸਟ ਭਰਾਵਾਂ ਦਾ ਤਾਂ ਇਹ ਹਾਲ ਹੈ ਕਿ "ਮਾਂ ਨਾਲੋਂ ਹੇਜਲੀ ਫਫੇ ਕੁੱਟਣਿ"। ਇਨ੍ਹਾਂ ਭਰਾਵਾਂ ਨੇ ਤਾਂ ਮੁਜ਼ਾਰਿਆਂ ਦਾ ਸਭ ਤੋਂ ਵਧੇਰੇ ਹਮਦਰਦ ਹੋਣ ਦਾ ਯਤਨ ਕੀਤਾ ਹੈ। ਮੈਂ ਡਿਪਟੀ ਸਪੀਕਰ ਸਾਹਿਬਾ, ਇਨ੍ਹਾਂ ਮੈਂਬਰ ਸਾਹਿਬਾਨ ਨੂੰ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਜਦ ਤੋਂ ਕਾਂਗਰਸ ਸਰਕਾਰ ਨੇ Agrarian Reforms ਦਾ ਐਲਾਨ ਕੀਤਾ ਹੈ ਉਹ ਉਸ ਵੇਲੇ ਤੋਂ ਹੀ ਇਸ ਪਾਸੇ ਨਵੇਂ ਤੋਂ ਨਵੇਂ ਕਾਨੂੰਨ ਬਣਾ ਕੇ ਮੁਜ਼ਾਰਿਆਂ ਨੂੰ ਵੱਧ ਤੋਂ ਵੱਧ ਇਖਤਿਆਰ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। 500 ਰਿਆਸਤਾਂ ਜ਼ਬਤ ਕਰਨ ਤੋਂ ਬਾਦ ਮੁਜ਼ਾਰਿਆਂ ਦੀ ਬੇਦਖਲੀ ਨੂੰ ਰੋਕਣ, ਅਤੇ ਉਨ੍ਹਾਂ ਨੂੰ ਜ਼ਮੀਨ ਖਰੀਦਣ ਦੇ ਇਖਤਿਆਰ ਦੇਣ ਵਾਲੇ ਕਾਨੂੰਨ ਮੁਜ਼ਾਰਿਆਂ ਦੀ ਸਹੂਲਤ ਲਈ ਬਣਾਏ ਗਏ ਅਤੇ ਮੁਜ਼ਾਰਿਆਂ ਨੂੰ ਹਰ ਹੀਲੇ ਆਬਾਦ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਸਬੂਤ ਕਾਮਰੇਡ ਸੱਜਣਾਂ ਨੇ ਪਿਛਲੀਆਂ ਦੋ ਅਲੈਕਸ਼ਨਾਂ ਵਿਚ ਵੇਖ ਹੀ ਲਿਆ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਆਦਮੀ ਕਿਸੇ ਅਲੈਕਸ਼ਨ ਵਿਚ 5—7 ਤੋਂ ਵਧ ਕਾਮਯਾਬ ਨਹੀਂ ਹੋ ਸਕੇ।

ਫੇਰ ਇਨ੍ਹਾਂ ਨੇ ਇਕ ਇਹ ਵੀ ਇਤਰਾਜ਼ ਕੀਤਾ ਹੈ ਕਿ ਸਾਲ ਵਿੱਚ ਦੋ-ਦੋ ਬਾਰ ਅਮੈਂਡਿੰਗ ਬਿਲ ਲਿਆਉਂਦੇ ਹਨ ਅਤੇ ਕਾਹਲੀ ਵਿਚ Legislation ਪਾਸ ਕੀਤੀ ਜਾਂਦੀ ਹੈ। ਮੈਂ ਉਨ੍ਹਾਂ ਨੂੰ ਅਰਜ਼ ਕਰਾਂ ਕਿ ਜਿਵੇਂ ਜਿਵੇਂ ਕਾਨੂੰਨ ਦੇ ਵਿਚ ਖਾਮੀਆਂ ਨਜ਼ਰ ਆਉਂਦੀਆਂ ਹਨ ਉਵੇਂ ਉਵੇਂ ਹੀ ਇਸ ਦੇ ਵਿਚ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ। ਜਨਤਾ ਦਾ rule ਜੋ ਹੋਇਆ। ਹਰ ਕੰਮ ਵਿਚ ਲੋਕਾਂ ਦਾ ਨਜ਼ਰੀਆ ਵੇਖਣਾ ਪੈਂਦਾ ਹੈ। ਇਹ ਵੇਖਣਾ ਹੈ ਕਿ ਕਾਨੂੰਨ ਕੀ ਹੈ ਔਰ living law ਦਾ ਇਸ ਨਾਲ ਕੀ ਸਬੰਧ ਹੈ।

11 a. m.

ਲੇਕਿਨ ਇਹ ਵੀ ਠੀਕ ਹੈ ਕਿ ਇਕ ਸਾਲ ਦੇ ਵਿਚ ਦੋ ਦੋ ਜਾਂ ਤਿੰਨ ਤਿੰਨ ਦਫਾ ਤਰਮੀਮਾਂ ਲਿਆਉਣ ਔਰ ਆਰਡੀਨੈਂਸ ਲਿਆਉਣ ਦੇ ਨਾਲ ਲੋਕਾਂ ਦਾ ਕਾਨੂੰਨ ਤੋਂ ਵਿਸ਼ਵਾਸ ਉਠਦਾ ਜਾ ਰਿਹਾ ਹੈ। ਏਸ ਕਾਨੂੰਨ ਨੂੰ ਨਾ ਕੋਈ ਅਫਸਰ ਸਮਝਦਾ ਹੈ ਅਤੇ ਨਾ ਕੋਈ ਹੋਰ ਸਮਝਦਾ ਹੈ। ਮੁਜ਼ਾਰੇ ਵਿਚਾਰੇ ਨੇ ਤਾਂ ਸਮਝਣਾ ਹੀ ਕੀ ਹੈ। ਉਹ ਇਤਨਾ ਪੜ੍ਹਿਆ ਹੋਇਆ ਨਹੀਂ ਹੁੰਦਾ ਕਿ ਫਾਈਲਾਂ ਦੀਆਂ ਫਾਈਲਾਂ ਜਾ ਜਾ ਕੇ ਦੇਖ ਲਏ ਕਿ ਸਰਕਾਰ ਨੇ ਹੁਣ ਏਸ ਕਾਨੂੰਨ ਦੇ ਵਿਚ ਕੀ ਤਬਦੀਲੀ ਕਰ ਦਿਤੀ ਹੈ। ਜਿਹੜਾ ਮੁਜ਼ਾਰਾ ਹੁੰਦਾ ਹੈ

[ਸਰਦਾਰ ਗੁਰਮੀਤ ਸਿੰਘ]

ਜਾਂ ਖੇਤ ਮਜ਼ਦੂਰ ਹੈ ਉਹ ਰੋਜ਼ ਅਖਬਾਰ ਨਹੀਂ ਪੜ੍ਹਦਾ ਕਿ ਅਜ ਕੀ ਕਾਨੂੰਨ ਬਦਲਿਆ ਹੈ। ਇਸ ਵਾਸਤੇ ਮੈਂ ਸਮਝਦਾ ਹਾਂ ਕਿ ਉਸ ਦੇ ਨਾਲ ਆਏ ਦਿਨ ਬੇਇਨਸਾਫੀ ਹੁੰਦੀ ਹੈ। ਇਸ ਦੇ ਸੈਕਸ਼ਨ 6 ਅਤੇ ਸੈਕਸ਼ਨ 16 self-contradictory ਹਨ, ਜਿਨ੍ਹਾਂ ਦੇ ਬਾਰੇ ਫਾਈਨੈਂਸ਼ਨਲ ਕਮਿਸ਼ਨਰ ਨੂੰ ਅਤੇ ਹਾਈਕੋਰਟ ਨੂੰ interpretation ਦੇਣੀ ਪਈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਦੇ ਆਜ਼ਮ ਤਰੀਨ ਐਡਵੋਕੇਟ ਮਹਿਕਮਾ ਮਾਲ ਦੇ ਮੰਤ੍ਰੀ ਹਨ। ਉਨ੍ਹਾਂ ਨੇ ਸਾਰੀਆ ਚੀਜ਼ਾਂ ਨੂੰ ਅਦਾਲਤਾਂ ਦੇ ਵਿਚ practically ਵੇਖ ਕੇ ਇਹ ਅਮੈਂਡਿੰਗ ਬਿਲ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਲੇਕਿਨ ਜੇ ਇਕ ਸੂਬੇ ਦੇ ਵਿਚ ਦੋ ਕਾਨੂੰਨ ਚਲਦੇ ਹੋਣ ਤਾਂ ਉਸ ਫਰਕ ਨੂੰ ਦੂਰ ਕਰਨਾ ਚਾਹੀਦਾ ਹੈ। ਪੈਪਸੂ ਦੇ ਵਿਚ ਹੋਰ ਕਾਨੂੰਨ ਹੈ ਅਤੇ ਪੰਜਾਬ ਦੇ ਇਲਾਕੇ ਦੇ ਵਿਚ ਹੋਰ ਕਾਨੂੰਨ ਹੈ। ਮੈਂ ਅਰਜ਼ ਕਰਾਂਗਾ ਕਿ ਸਾਰੇ ਪੰਜਾਬ ਦੇ ਵਿਚ ਇਕ ਕਾਨੂੰਨ consolidated form ਦੇ ਵਿਚ ਆਉਣਾ ਚਾਹੀਦਾ ਹੈ। ਜਿਸ ਕਾਨੂੰਨ ਦਾ ਜ਼ਮੀਨ, ਜਾਇਦਾਦ ਅਤੇ ਰੋਜ਼ਗਾਰ ਜਾਂ ਬੇਰੋਜ਼ਗਾਰੀ ਦੇ ਨਾਲ ਸਬੰਧ ਹੋਵੇ, ਜਾਂ ਜ਼ਮੀਨ ਤੋਂ ਕਿਸੇ ਨੂੰ ਬੇਦਖਲ ਕਰਨ ਦਾ ਸਵਾਲ ਹੋਵੇ ਉਸ ਕਾਨੂੰਨ ਦੇ ਵਿਚ ਬਾਰ ਬਾਰ ਤਰਮੀਮਾਂ ਲਿਆ ਕੇ ਉਸ ਨੂੰ retrospective effect ਦੇ ਕੇ ਲਾਗੂ ਕਰਨਾ ਠੀਕ ਗੱਲ ਨਹੀਂ ਹੁੰਦੀ। ਇਸ ਸਬੰਧ ਵਿਚ ਜਿਤਨੇ ਵੀ ਬਿਲ ਆਉਂਦੇ ਰਹੇ ਹਨ ਉਨ੍ਹਾਂ ਦੇ ਵਿਚ draft ਕਰਨ ਵਾਲੇ ਦਫਤਰਾਂ ਵਲੋਂ ਗਲਤੀਆਂ ਹੁੰਦੀਆਂ ਰਹੀਆਂ ਹਨ ਅਤੇ ਉਨ੍ਹਾਂ ਨੂੰ ਸੀਲੈਕਟ ਕਮੇਟੀਆਂ ਦੇ ਹਵਾਲੇ ਕਰਕੇ ਚੰਗੀ ਤਰ੍ਹਾਂ ਨਾਲ ਸੋਚ ਵਿਚਾਰ ਨਾ ਕਰਨ ਦੀ ਵਜ੍ਹਾ ਕਰਕੇ ਗਲਤੀਆਂ ਰਹਿ ਜਾਂਦੀਆਂ ਰਹੀਆਂ ਹਨ, ਨੁਕਸ ਰਹਿ ਜਾਂਦੇ ਰਹੇ ਹਨ। ਏਸੇ ਕਰਕੇ ਸਰਕਾਰ ਨੂੰ ਆਏ ਦਿਨ ਬਾਰ ਬਾਰ ਬਿਲ ਲਿਆਉਣੇ ਪੈਂਦੇ ਰਹੇ ਹਨ। ਜੋ ਕੁਝ ਦਫਤਰਾਂ ਦੇ ਵਿਚ ਡਰਾਫਟ ਆ ਜਾਂਦਾ ਰਿਹਾ ਹੈ ਉਸ ਨੂੰ ਉਸੇ ਤਰੀਕੇ ਦੇ ਨਾਲ ਵਜ਼ੀਰ ਸਾਹਿਬ ਪਾਸ ਕਰਵਾ ਲੈਂਦੇ ਰਹੇ ਹਨ। 1953 ਦੇ ਕਾਨੂੰਨ ਦੇ ਮੁਤਾਬਿਕ ਦਫਾ 10 ਦੇ ਤਹਿਤ ਜਿਥੇ ਅਫਸਰਾਂ ਨੇ area ਨੂੰ utilize ਕਰਨਾ ਹੈ ਉਥੇ sale, ਬੈ ਅਤੇ ਗਹਿਣੇ ਦੀ ਕੋਈ ਪਾਬੰਦੀ ਨਹੀਂ ਸੀ ਲਗਾਈ ਗਈ। ਲੇਕਿਨ 30 ਜੁਲਾਈ, 1955 ਨੂੰ ਇਹ ਕਾਨੂੰਨ ਪਾਸ ਹੋ ਗਿਆ ਕਿ ਜਿਨ੍ਹਾਂ ਨੇ ਜ਼ਮੀਨਾਂ ਖਰੀਦੀਆਂ ਜਾਂ ਵੇਚੀਆਂ ਹਨ ਉਹ ਕੀਮਤਾਂ ਵਾਪਸ ਕਰ ਦੇਣ। ਇਹ ਬਿਲ ਹਾਈ ਕੋਰਟ ਦੇ ਵਿਚ ਜਾ ਕੇ ਰੱਦ ਹੋ ਜਾਣਾ ਸੀ। ਉਸ ਵੇਲੇ ਇਸ ਚੀਜ਼ ਤੇ ਅਸੈਂਬਲੀ ਦੇ ਵਿਚ ਬੜੀ ਬਹਿਸ ਹੋਈ ਅਤੇ leader of the House ਨੇ ਉਸ ਤੇ ਗੌਰ ਕੀਤਾ ਅਤੇ ਉਸ ਬਿਲ ਨੂੰ ਵਾਪਿਸ ਲੈ ਕੇ 30 ਜੁਲਾਈ, 1958 ਨੂੰ ਫੇਰ ਨਵਾਂ ਬਿਲ ਪੇਸ਼ ਕੀਤਾ। ਸਾਡੇ ਮੌਜੂਦਾ ਵਜ਼ੀਰ ਸਾਹਿਬ ਬੜੇ ਸਿਆਣੇ ਕਾਨੂੰਨਦਾਨ ਹਨ ਅਤੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਬੜੇ ਧਿਆਨ ਦੇ ਨਾਲ ਇਸ ਕਾਨੂੰਨ ਦੀਆਂ ਖਾਮੀਆਂ ਦੂਰ ਕਰਨ ਦਾ ਜਤਨ ਕੀਤਾ ਹੈ ਲੇਕਿਨ ਇਸ ਦੇ ਬਾਵਜੂਦ ਵੀ ਇਸ ਦੇ ਵਿਚ ਕੁਝ ਗਲਤੀਆਂ ਰਹਿ ਗਈਆਂ ਹਨ, ਜਿਨ੍ਹਾਂ ਵਲ ਮੈਂ ਇਨ੍ਹਾਂ ਦਾ ਧਿਆਨ ਦਵਾਉਣਾ ਚਾਹੁੰਦਾ ਹਾਂ।

ਇਕ Hindu Joint Family ਦਾ ਹੈ, ਜਿਸ ਦੀ interpretation ਕਰਦਿਆਂ ਹਾਈ ਕੋਰਟ ਨੇ ਇਹ ਫੈਸਲਾ ਕੀਤਾ ਹੈ ਕਿ ਹਿੰਦੂ law ਦੇ ਮੁਤਾਬਿਕ ਹਰ ਮੈਂਬਰ 30 ਸਟੈਂਡਰਡ ਏਕੜ ਜ਼ਮੀਨ ਰਖ ਸਕਦਾ ਹੈ। ਉਸ ਚੀਜ਼ ਨੂੰ undo ਕਰਨ ਦੇ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ। ਲੇਕਿਨ ਮੈਨੂੰ ਇਸ ਚੀਜ਼ ਦਾ ਪਤਾ ਨਹੀਂ ਕਿ ਇਨ੍ਹਾਂ ਨੇ ਕਿਸੇ ਕਾਨੂੰਨ ਦੇ ਮਾਹਿਰ ਦੇ ਕੋਲੋਂ ਇਹ ਚੀਜ਼ ਵੀ examine

ਕਰਵਾ ਕੇ ਵੇਖੀ ਹੈ ਕਿ ਨਹੀਂ ਕਿ ਆਇਆ ਇਸ ਤਰ੍ਹਾਂ ਕੀਤਾ ਵੀ ਜਾ ਸਕਦਾ ਹੈ ਜਾਂ ਨਹੀਂ। ਮਿਸਾਲ ਦੇ ਤੌਰ ਤੇ ਇਨ੍ਹਾਂ ਨੇ Hindu Code Bill ਜਿਹੜਾ ਬਣਾਇਆ ਹੈ ਉਸ ਦੇ ਵਿਚੋਂ ਮੁਸਲਮਾਨਾਂ ਨੂੰ ਮੁਸਤਸਨਾ ਕਰਾਰ ਦਿਤਾ ਹੈ। ਏਸੇ ਤਰ੍ਹਾਂ ਕਿਸੇ ਮਜ਼ਹਬ ਦੇ personal law ਦੇ ਵਿਚ ਮੁਦਾਖਲਤ ਕਰਨੀ ਪਤਾ ਨਹੀਂ ਕੋਰਟ ਦੇ ਵਿਚ stand ਕਰ ਸਕਦੀ ਹੈ ਜਾਂ ਨਹੀਂ। ਇਨ੍ਹਾਂ ਸਾਰੀਆਂ ਚੀਜ਼ਾਂ ਤੇ ਸੋਚ ਵਿਚਾਰ ਕਰਨ ਦੇ ਵਾਸਤੇ ਇਸ ਬਿਲ ਨੂੰ ਸੀਲੈਕਟ ਕਮੇਟੀ ਦੇ ਹਵਾਲੇ ਕਰਨਾ ਚਾਹੀਦਾ ਸੀ ਔਰ ਉਸ ਦੇ ਬਾਅਦ ਏਥੇ ਬਿਲ ਪੇਸ਼ ਕਰਨਾ ਚਾਹੀਦਾ ਸੀ।

ਦੂਸਰੀ ਚੀਜ਼ ਇਸ ਦੇ ਵਿਚ ਹੋਰ discrimination ਵਾਲੀ ਹੈ ਉਹ ਇਹ ਹੈ ਕਿ ਜਿਥੇ ਸੈਕਸ਼ਨ 10 ਨੂੰ ਚੰਗੀ ਤਰ੍ਹਾਂ ਨਾਲ ਲਾਗੂ ਕਰਨ ਦੀ ਵਿਸਥਾਰ ਦਸੀ ਗਈ ਹੈ ਉਥੇ ਬੇਜ਼ਮੀਨੇ ਲੋਕਾਂ ਨੇ ਜੇ ਕਿਤੇ ਪੰਜ ਚਾਰ ਏਕੜ ਜ਼ਮੀਨ ਖਰੀਦੀ ਹੈ ਤਾਂ ਤੁਸੀਂ ਜਦੋਂ surplus ਜ਼ਮੀਨ ਕਢਣੀ ਹੈ ਤਾਂ ਉਨ੍ਹਾਂ ਦੇ ਕੋਲੋਂ ਮੁੜ ਕੇ ਜ਼ਮੀਨ ਖੋਹ ਲੈਣੀ ਹੈ। ਇਸ ਦਾ ਮਤਲਬ ਇਹ ਹੈ ਕਿ ਤੁਸੀਂ ਉਨ੍ਹਾਂ ਨੂੰ ਜ਼ਮੀਨ ਖਰੀਦਣ ਤੋਂ debar ਕਰਨਾ ਹੈ। ਇਸ ਦੇ ਨਾਲ ਇਕ tenant ਅਤੇ ਦੂਜੇ tenant ਦੇ ਵਿਚ ਵਿਤਕਰੇ ਵਾਲੀ ਗੱਲ ਹੋਵੇਗੀ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਜੇ ਕਿਤੇ ਬੇਜ਼ਮੀਨੇ ਹਰੀਜਨ ਨੇ ਜ਼ਮੀਨ ਖਰੀਦੀ ਹੋਵੇ ਤਾਂ ਉਸ ਨੂੰ ਮਾਫ ਕਰ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬਾ, ਅਖੀਰ ਵਿਚ ਮੈਂ ਇਕ ਹੋਰ ਗੱਲ ਕਹਿ ਕੇ ਬੈਠ ਜਾਵਾਂਗਾ।

ਜਿਹੜੇ 30 ਏਕੜ ਤੋਂ ਛੋਟੇ ਮਾਲਕ ਦੀ ਜ਼ਮੀਨ ਤੇ ਮੁਜ਼ਾਰੇ ਹਨ ਉਨ੍ਹਾਂ ਨੂੰ ਉਠਾਇਆ ਜਾ ਸਕਦਾ ਹੈ ਲੇਕਿਨ ਕਾਨੂੰਨ ਦੇ ਵਿਚ ਇਹ ਚੀਜ਼ ਦਰਜ ਹੈ ਕਿ ਉਨ੍ਹਾਂ ਨੂੰ ਪਹਿਲੇ ਕਿਸੇ ਸਰਪਲਸ ਜ਼ਮੀਨ ਦੇ ਵਿਚੋਂ ਪੰਜ ਏਕੜ ਜ਼ਮੀਨ ਦੇਣੀ ਪਏਗੀ। ਲੇਕਿਨ ਅਸੀਂ ਵੇਖਿਆ ਹੈ ਕਿ ਉਨ੍ਹਾਂ ਨੂੰ ਬੇਦਖਲ ਪਹਿਲੇ ਕਰ ਦਿਤਾ ਜਾਂਦਾ ਹੈ ਔਰ ਜ਼ਮੀਨ ਕੋਈ ਨਹੀਂ ਦਿਤੀ ਜਾਂਦੀ। ਵਜ਼ੀਰ ਸਾਹਿਬ ਦੇ ਨੋਟਿਸ ਵਿਚ ਮੈਂ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਬੇਦਖਲ ਕਰਨ ਤੋਂ ਪਹਿਲੇ ਜ਼ਮੀਨ ਮਿਲਣੀ ਚਾਹੀਦੀ ਹੈ ਅਤੇ ਬਾਅਦ ਵਿਚ ਬੇਦਖਲ ਕਰਨਾ ਚਾਹੀਦਾ ਹੈ। ਮੈਨੂੰ ਆਸ ਹੈ ਕਿ ਇਨ੍ਹਾਂ ਨੁਕਸਾਂ ਨੂੰ ਦੂਰ ਕਰਨ ਦਾ ਸਾਡੇ ਵਜ਼ੀਰ ਸਾਹਿਬ ਜਤਨ ਕਰਨਗੇ। ਬਸ ਇਤਨਾ ਕਹਿ ਕੇ ਮੈਂ ਵਜ਼ੀਰ ਸਾਹਿਬ ਨੂੰ ਵਧਾਈ ਦਿੰਦਾ ਹੋਇਆ ਬੈਠਦਾ ਹਾਂ।

ਸਰਦਾਰ ਗੁਰਬਖਸ਼ ਸਿੰਘ (ਧਾਰੀਵਾਲ) : ਡਿਪਟੀ ਸਪੀਕਰ ਸਾਹਿਬਾ, ਅਜ ਇਹ Security of Land Tenures Act amendment ਦੀ ਸ਼ਕਲ ਵਿਚ ਸਾਡੇ ਸਾਹਮਣੇ ਪੇਸ਼ ਹੋਇਆ ਹੈ। ਅਸੂਲ ਦੇ ਤੌਰ ਤੇ ਹਲਵਾਹਕ ਨੂੰ ਜ਼ਮੀਨ ਦੇਣੀ ਅਤੇ tenants ਨੂੰ security ਦੇਣੀ ਬਹੁਤ ਚੰਗੀ ਗੱਲ ਹੈ। ਪਰੋਫੈਸਰ ਗੰਡਾ ਸਿੰਘ ਸਾਹਿਬ ਜਿਹੜੇ ਕਿ ਇਕ ਮੰਨੇ ਹੋਏ historian ਹਨ ਉਨ੍ਹਾਂ ਨੇ ਹੁਣੇ ਹੀ ਆਪਣੀ ਇਕ ਲਿਖਤ ਦੇ ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲੇ ਏਸ ਅਸੂਲ ਨੂੰ ਲਾਗੂ ਕਰਵਾਇਆ ਸੀ। ਇਸ ਕਰਕੇ ਮੈਂ ਸਮਝਦਾ ਹਾਂ ਕਿ ਜੇਕਰ ਸਾਡੀ ਸਰਕਾਰ ਉਸ ਅਸੂਲ ਨੂੰ ਮੰਨਦੀ ਹੈ ਤਾਂ ਇਹ ਬੜੀ ਚੰਗੀ ਗਲ ਹੈ। ਜ਼ਮੀਨ ਤਾਂ ਉਸੇ ਦੀ ਹੀ ਹੋਣੀ ਚਾਹੀਦੀ ਹੈ ਜਿਹੜਾ ਆਦਮੀ ਕਾਸ਼ਤ ਕਰੇ। ਲੇਕਿਨ ਇਨ੍ਹਾਂ ਚੀਜ਼ਾਂ ਨੂੰ ਕਟਨ ਵਾਸਤੇ ਸਰਕਾਰ ਨੂੰ ਕੁਝ ਖਾਸ ਗਲਾਂ ਦਾ

[ਸਰਦਾਰ ਗੁਰਬਖਸ਼ ਸਿੰਘ]

ਖਿਆਲ ਰਖਣ ਦੀ ਲੋੜ ਹੁੰਦੀ ਹੈ। ਸਾਰੀ legislation ਜਿਹੜੀ ਬਣਾਈ ਜਾਂਦੀ ਹੈ ਉਸ ਦਾ ਕੁਝ ਮਨੋਰਥ ਹੁੰਦਾ ਹੈ। ਪਹਿਲਾਂ ਜਿਥੇ nation ਦੀ ਉਨਤੀ ਦਾ ਖਿਆਲ ਹੋਵੇ ਉਸ ਦੇ ਨਾਲ ਨਾਲ individual ਦੀ ਉਨਤੀ ਦਾ ਵੀ ਖਿਆਲ ਰਖਣਾ ਪੈਂਦਾ ਹੈ ਕਿਉਂਕਿ nation ਦੀ ਉਨੱਤੀ ਤਾਂ ਹੀ ਹੋ ਸਕਦੀ ਹੈ ਜੇ ਲੋਕਾਂ ਦੀ ਜ਼ਾਤੀ ਤੌਰ ਤੇ ਤਰੱਕੀ ਹੋਵੇਗੀ। ਡਿਪਟੀ ਸਪੀਕਰ ਸਾਹਿਬਾ, ਜਿਹੜਾ ਤੌਖਲਾ ਮੈਨੂੰ ਭਾਸਦਾ ਸੀ ਉਹ ਵਜ਼ੀਰ ਸਾਹਿਬ ਨੇ ਖੁਦ ਹੀ ਦਸਿਆ ਹੈ। ਉਨ੍ਹਾਂ ਨੇ ਆਪਣੀ speech ਦੇ ਵਿਚ ਕਿਹਾ ਸੀ ਕਿ ਇਸ ਬਿਲ ਤੇ ਦੋ ਕਿਸਮ ਦੀ ਟੀਕਾ-ਟਿਪਣੀ ਹੋਵੇਗੀ। ਇਕ ਤਾਂ ਉਨ੍ਹਾਂ ਦਸਿਆ ਕਿ ਮੁਜ਼ਾਰਿਆਂ ਵਲੋਂ ਹੋਵੇਗੀ ਅਤੇ ਦੂਸਰੇ ਪਾਸੇ ਮਾਲਕਾਂ ਵਲੋਂ ਵੀ ਹੋਵੇਗੀ। ਕਿਉਂਕਿ ਮਾਲਕਾਂ ਦੇ ਨਾਲ ਵੀ ਧੱਕਾ ਹੋਇਆ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੁਣ ਤਕ ਸਰਕਾਰ ਨੇ ਜਿਤਨੇ ਬਿਲ ਬਣਾਏ ਹਨ ਉਨ੍ਹਾਂ ਦੇ ਨਾਲ ਮੁਜ਼ਾਰੇ ਦਾ ਭਲਾ ਹੋਇਆ ਹੈ ਅਤੇ ਨਾ ਹੀ ਮਾਲਕਾਂ ਦਾ ਭਲਾ ਹੋਇਆ ਹੈ। ਇਨ੍ਹਾਂ ਦੋਹਾਂ ਧੜਿਆਂ ਤੋਂ ਜਿਹੜਾ ਉੱਚਾ ਧੜਾ nation ਹੈ ਉਸ ਦੇ ਭਲੇ ਦਾ ਵੀ ਕੱਤਈ ਖਿਆਲ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ nation building ਦੇ ਲਿਹਾਜ਼ ਨਾਲ ਇਹ ਸਾਰੀ legislation ਹੋਣੀ ਚਾਹੀਦੀ ਸੀ। ਇਨ੍ਹਾਂ ਨੂੰ policy of progress ਅਪਣਾਉਣੀ ਚਾਹੀਦੀ ਸੀ ਲੇਕਿਨ ਇਨ੍ਹਾਂ ਨੇ policy of substitution ਅਪਣਾਈ ਹੈ ਅਤੇ ਲੋਕਾਂ ਵਿਚ ਗਰੀਬੀ ਹੀ ਵੰਡੀ ਹੈ। ਤੁਸੀਂ ਲੋਕਾਂ ਦਾ standard ਉੱਚਾ ਨਹੀਂ ਲੈ ਗਏ ਹੋ ਨੀਵਾਂ ਲੈ ਗਏ ਹੋ। ਮੈਨੂੰ ਖੁਸ਼ੀ ਹੈ ਕਿ ਸਾਡੇ ਪਰਧਾਨ ਮੰਤਰੀ ਜੀ ਨੇ President ਦੇ address ਦਾ ਜਵਾਬ ਦਿੰਦੇ ਹੋਏ ਇਸ ਗਲ ਨੂੰ ਮੰਨ ਲਿਆ ਹੈ ਤੇ ਤਕਰੀਬਨ ਇਸੇ ਤਰ੍ਹਾਂ ਦੇ ਤੌਖਲੇ ਉਨ੍ਹਾਂ ਨੇ ਅਨੁਭਵ ਕੀਤੇ ਹਨ। ਉਨ੍ਹਾਂ ਨੇ ਹੁਣ ਅਨੁਭਵ ਕਰ ਲਿਆ ਹੈ ਕਿ ਉਨ੍ਹਾਂ ਦੀ ਪਾਲੀਸੀ ਗੁਰਬਤ ਵਾਲੇ ਪਾਸੇ ਹੀ ਰਹੀ। ਬਹੁਤ ਸਾਰੇ ਮੈਂਬਰਾਨ ਨੇ ਉਨ੍ਹਾਂ ਦੀ ਉਸ ਤਕਰੀਰ ਨੂੰ ਪੜ੍ਹ ਹੀ ਲਿਆ ਹੋਵੇਗਾ ਪਰ ਮੰਤਰੀ ਜੀ ਨੇ ਸ਼ਾਇਦ ਉਸਨੂੰ ਨਹੀਂ ਪੜ੍ਹਿਆ। ਜੇਕਰ ਪੜ੍ਹਿਆ ਹੁੰਦਾ ਤਾਂ ਉਹ ਇਸ ਸ਼ਕਲ ਵਿਚ ਇਸ ਬਿਲ ਨੂੰ ਨਾ ਲਿਆਂਦੇ ਅਤੇ ਇਹ ਸਾਰੀਆਂ ਊਣਤਾਈਆਂ ਦੂਰ ਕਰਕੇ ਇਹ ਬਿਲ ਲਿਆਂਦੇ। ਇਸ ਲਈ ਉਹ ਸਪੀਚ ਇਨ੍ਹਾਂ ਦੀ ਤਵਜੁਹ ਵਿਚ ਲਿਆਉਣ ਦੀ ਜ਼ਰੂਰਤ ਹੈ ਜਿਹੜੀ ਕਿ 8 ਮਈ ਦੇ Tribune ਦੇ ਪਰਚੇ ਵਿਚ ਸਫਾ 4 ਤੇ ਛਪੀ ਹੈ ਅਤੇ ਸ੍ਰੀ ਦੁਰਗਾ ਦਾਸ ਜੋ ਮਸ਼ਹੂਰ ਜਰਨਲਿਸਟ ਹਨ ਉਨ੍ਹਾਂ ਨੇ ਰਿਪੋਰਟ ਕੀਤੀ ਹੈ। ਮੈਂ ਉਸ ਦੀਆਂ ਕੁਝ ਲਾਈਨਾਂ ਇਨ੍ਹਾਂ ਦੀ ਤਵਜੁਹ ਵਿਚ ਲਿਆ ਦਿੰਦਾ ਹਾਂ।

> "The Prime Minister was emphatic that socialism does not mean pulling down people in order to make every one poor. Men are not equal and he does not wish to put a premium on stupidity. He accepted the need for incentives and the idea of the people being rewarded for their talent. He is against an acquisitive society and prefers equal opportunities for all the equitable distribution of wealth. In short, his socialism is based on increased production and the evolution of a welfare State."

ਅੱਗੇ ਜਾ ਕੇ ਆਖਿਆ ਹੈ ਕਿ ਕਈਆਂ ਨੂੰ ਇਤਰਾਜ਼ ਸੀ ਕਿ ਸ਼ਾਇਦ ਪਰਧਾਨ ਮੰਤਰੀ ਸਾਹਿਬ ਨੇ ਆਪਣੀ ਉਹ policies ਛੱਡ ਦਿਤੀਆਂ ਹਨ। ਉਨ੍ਹਾਂ ਛੱਡੀਆਂ ਨਹੀਂ ਬਲਕਿ ਲੋਕਾਂ ਦੀ ਰਾਏ ਅਗੇ ਸਿਰ ਝੁਕਾਇਆ ਹੈ:

> "He has gracefully bowed to the verdict of the people. Mr. Nehru feels that stability can be assured only through a mixed economy under which the dice is not loaded against private enterprise..........."

ਮੈਂ ਸਮਝਦਾ ਹਾਂ ਕਿ ਉਨ੍ਹਾਂ ਬਹੁਤ ਚੰਗਾ ਕੀਤਾ ਜੋ ਉਹ ਇਹ ਅਨੁਭਵ ਕਰ ਲਿਆ ਹੈ । Better late than never. ਉਨ੍ਹਾਂ ਅਨੁਭਵ ਕਰ ਲਿਆ ਹੈ ਕਿ ਅਸੀਂ ਸਾਰੀ ਕੌਮ ਨੂੰ ਗਰੀਬੀ ਵਾਲੇ ਪਾਸੇ ਲੈ ਜਾ ਰਹੇ ਹਾਂ । ਸੋਸ਼ਲਿਜ਼ਮ ਦਾ ਮਤਲਬ ਸੀ ਕਿ ਜ਼ਮੀਨ ਸੰਬੰਧੀ ਵੀ ਤੇ ਸਨਅਤ ਸੰਬੰਧੀ ਵੀ ਇਕ Basic standard ਕੀਤਾ ਜਾਂਦਾ । ਇਸ ਜ਼ਮੀਨ ਬਾਰੇ ਕੋਈ ਭਾਵੇਂ 6 ਜਾਂ ਸੱਤ ਏਕੜ ਦਾ ਹੀ ਕੋਈ standard ਰਖਦੇ । ਕਈਆਂ ਥਾਵਾਂ ਤੇ ਤਾਂ 5 ਏਕੜ ਨਾਲ ਰੋਟੀ ਮਿਲ ਜਾਂਦੀ ਹੈ, ਪਰ ਕਿਤੇ 15 ਏਕੜ ਨਾਲ ਵੀ ਗੁਜ਼ਾਰਾ ਨਹੀਂ ਹੁੰਦਾ । ਇਸ ਲਈ ਤੁਸੀਂ ਇਕ Basic standard ਲਭੋ । ਜਿਥੇ ਮਾਲਕ ਮੁਜ਼ਾਰੇ ਦੋਵੇਂ ਰੋਟੀ ਖਾ ਸਕਣ, ਕਪੜਾ ਪਹਿਨ ਸਕਣ ਤੇ ਝੁਗੀ ਵਿਚ ਰਹਿ ਸਕਣ । ਫੇਰ ਅੱਗੇ progress ਕਰੋ । ਤਾਂ ਹੀ ਲੋਕਾਂ ਨੂੰ ਪਤਾ ਲਗੇਗਾ ਕਿ ਤੁਹਾਡੀ progressive policy ਹੈ । ਜੇਕਰ ਤੁਸੀਂ 6 ਏਕੜਾਂ ਨੂੰ ਵੀ ਦੋ ਦੋ ਏਕੜ ਵਿਚ ਵੰਡ ਦੇਣਾ ਹੈ ਤਾਂ ਸਾਰੇ ਹੀ ਭੁਖੇ ਮਰਨਗੇ । ਤੁਸੀਂ ਕਹਿੰਦੇ ਹੋ ਕਿ ਇਤਨੇ ਲੱਖ ਮੁਜ਼ਾਰੇ ਦੁਬਾਰਾ ਆਬਾਦ ਕਰ ਦਿਤੇ ਹਨ । ਠੀਕ ਹੈ ਤੁਹਾਡੀ ਗਿਣਤੀ ਤਾਂ ਠੀਕ ਹੋਵੇਗੀ ਜਾਂ ਨਹੀਂ ਮੈਂ ਇਸਦੀ ਗੱਲ ਨਹੀਂ ਕਰਦਾ ਲੇਕਿਨ ਤੁਸੀਂ ਇਹ ਦਸੋ ਕਿ ਉਨ੍ਹਾਂ ਲੱਖਾਂ ਵਿਚੋਂ ਕਿਤ-ਨਿਆਂ ਨੂੰ ਮੁਕੰਮਲ ਰੋਟੀ ਮਿਲਣ ਲਗ ਪਈ ਹੈ । ਜੇਕਰ ਤੁਸੀਂ ਇਹ ਚਾਹੁੰਦੇ ਹੋ ਕਿ ਗੁਰਬਖਸ਼ ਸਿੰਘ ਕੋਲ ਜ਼ਮੀਨ ਨਹੀਂ ਰਹਿਣ ਦੇਣੀ ਤੇ ਲੈ ਕੇ ਫੱਗੂ ਰਾਮ ਨੂੰ ਦੇ ਦੇਣੀ ਹੈ ਤਾਂ ਵੀ ਕੋਈ ਗੱਲ ਨਹੀਂ । ਮੇਰੇ ਕੋਲੋਂ ਖੋਹ ਲਉ, ਪਰ ਇਹ ਵੀ ਤਾਂ ਵੇਖੋ ਕਿ ਫੱਗੂ ਰਾਮ ਦਾ ਕੁਝ ਉਸ ਨਾਲ ਬਣਦਾ ਵੀ ਹੈ । ਕੋਈ Basic standard ਵੀ ਤਾਂ ਮੁਕੱਰਰ ਕਰੋ, ਚਾਹੀਦਾ ਤਾਂ ਇਹ ਸੀ ਕਿ ਜੋ ਬਹੁਤ ਵਡੇ ਹਨ ਉਨ੍ਹਾਂ ਨੂੰ ਘਟਾ ਕੇ Basic standard ਤੇ ਲਿਆਓ ਅਤੇ ਜੋ ਬਹੁਤ ਛੋਟੇ ਹਨ ਉਨ੍ਹਾਂ ਨੂੰ ਉਪਰ ਚੁਕ ਕੇ Basic standard ਤੇ ਲਿਆਉ ਲੇਕਿਨ ਤੁਸੀਂ ਤਾਂ ਸਭ ਨੂੰ ਥੱਲੇ ਹੀ ਲੈ ਜਾ ਰਹੇ ਹੋ । ਜੇਕਰ ਮੈਂ ਇਸ ਸਾਰੀ ਗੱਲ ਤੇ ਵਿਸਥਾਰ ਨਾਲ ਬੋਲਾਂ ਤਾਂ ਵਕਤ ਬਹੁਤ ਚਾਹੀਦਾ ਹੈ, ਇਸ ਲਈ ਮੈਂ ਇਤਨੀ ਅਰਜ਼ ਕਰਦਾ ਹਾਂ ਕਿ ਦੋ ਦੋ ਏਕੜ ਵੰਡ ਕੇ ਤੁਸੀਂ ਲੋਕਾਂ ਵਿਚ ਗਰੀਬੀ ਹੀ ਵੰਡ ਰਹੇ ਹੋ । ਇਸ ਨਾਲ ਕਿਸੇ ਦਾ ਭਲਾ ਨਹੀਂ ਹੋਵੇਗਾ (ਘੰਟੀ) । ਮੈਂ ਕਹਿੰਦਾ ਹਾਂ ਕਿ ਹਾਈ ਕੋਰਟ ਨੇ ਇਹ ਫੈਸਲੇ ਦੇ ਕੇ ਬਹੁਤ ਚੰਗੀ ਗੱਲ ਕੀਤੀ ਸੀ । ਉਨ੍ਹਾਂ ਨੇ ਤਾਂ ਸਾਡੀ ਪੁਰਾਣੀ civilisation ਨੂੰ ਕਾਇਮ ਰਖਿਆ ਸੀ । ਤੁਹਾਨੂੰ ਤਾਂ ਉਨ੍ਹਾਂ ਦੇ ਫੈਸਲੇ ਤੇ ਫੁਲ ਚੜ੍ਹਾਣੇ ਚਾਹੀਦੇ ਸਨ ਲੇਕਿਨ ਤੁਸੀਂ ਇਹ ਬਿਲ ਲਿਆ ਕੇ ਸਾਰੀ civilisation ਹੀ ਬਦਲ ਦਿਤੀ ਹੈ ਅਤੇ ਜੋ ਸਾਂਝੇ ਟੱਬਰ ਸਨ ਉਨ੍ਹਾਂ ਨੂੰ ਖਤਮ ਕਰ ਦਿਤਾ ਹੈ । ਇਕ ਪਾਸੇ ਤਾਂ ਤੁਸੀਂ ਕਹਿੰਦੇ ਹੋ ਕਿ co-operative system ਨੂੰ ਚਲਾਣਾ ਹੈ, ਦੂਜੇ ਪਾਸੇ ਤੁਸੀਂ ਇਸ ਸਦੀਆਂ ਦੇ ਚਲੇ ਆ ਰਹੇ co-operative system ਨੂੰ ਖਤਮ ਕਰ ਰਹੇ ਹੋ , ਕੀ ਤੁਸੀਂ ਗ਼ੌਰ ਕੀਤਾ ਹੈ ਕਿ ਇਸ ਨਾਲ ਦੇਸ਼ ਦੀ ਉਨਤੀ ਹੋਵੇਗੀ ਜਾਂ ਤਨਜ਼ਲੀ ਹੋਵੇਗੀ ? ਫੇਰ ਤੁਸੀਂ ਇਕ ਹੋਰ ਬਹੁਤ ਮਾੜੀ ਗੱਲ ਕਰ ਰਹੇ ਹੋ ਕਿ ਇਸ ਕਾਨੂੰਨ retrospective effect ਦੇ ਰਹੇ ਹੋ (ਘੰਟੀ) ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੇ ਦਲੀਲ ਦਿਤੀ ਹੈ ਕਿ ਜੇਕਰ ਹਾਈ ਕੋਰਟ ਦਾ ਫੈਸਲਾ ਮੰਨ ਲਈਏ ਅਤੇ ਤਰਮੀਮ ਨਾ ਕਰੀਏ ਤਾਂ ਲੋਕ ਜੋ customary law ਨਾਲ govern ਹੁੰਦੇ ਹਨ ਉਨ੍ਹਾਂ ਨਾਲ ਵਿਤਕਰਾ ਹੋਵੇਗਾ । ਠੀਕ ਹੈ ਗੱਲ ਵਿਚ ਤਾਂ ਵਜ਼ਨ ਹੈ ਲੇਕਿਨ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਵੀ ਤੁਸੀਂ ਉਸੇ ਬੇਸਕ standard ਤੇ ਲੈ ਆਉ ਨਾ ਕਿ ਇਹ ਕਰੋ ਕਿ ਸਾਰਿਆਂ ਵਿਚ ਦੋ ਦੋ ਏਕੜ ਵੰਡ ਦਿਉ ।

ਸਰਦਾਰ ਗੁਰਮੀਤ ਸਿੰਘ : Surplus area ਵੀ ਤਾਂ ਕਢਣਾ ਹੈ।

ਸਰਦਾਰ ਗੁਰਬਖਸ਼ ਸਿੰਘ : Surplus area ਦੀ ਜੋ ਤੁਸੀਂ ਗੱਲ ਕਰਦੇ ਹੋ ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਕਈ families ਐਸੀਆਂ ਹਨ ਜਿਨ੍ਹਾਂ ਕੋਲ 30/32 ਏਕੜ ਜ਼ਮੀਨ ਹੈ ਅਤੇ ਉਨ੍ਹਾਂ ਦੇ ਟੱਬਰ ਦੇ ਜੀ 40 ਹਨ । ਉਨ੍ਹਾਂ ਦੇ ਹਿੱਸੇ ਇਕ ਜਾਂ ਸਵਾ ਏਕੜ ਜ਼ਮੀਨ ਹੀ ਆਏਗੀ । ਮੇਰੇ ਬਾਪ ਦੀ 31 ਜਾਂ 31¼ ਏਕੜ ਜ਼ਮੀਨ ਹੈ ਅਤੇ ਅਸੀਂ 5 ਭਰਾ ਹਾਂ ਅਤੇ ਸਾਡੇ ਟੱਬਰ ਦੇ 40 ਜੀ ਹੋਣਗੇ । ਸਾਡੇ ਕੋਲੋਂ 1¼ ਏਕੜ ਜ਼ਮੀਨ ਹੀ surplus ਨਿਕਲੇਗੀ। ਉਸ 1¼ ਏਕੜ ਤੇ ਤੁਸੀਂ ਕਿਸਨੂੰ ਵਸਾਉਗੇ ? ਸਾਰੇ ਪਿੰਡ ਵਿਚ ਸਾਡੇ ਕੋਲ ਹੀ 1¼ ਏਕੜ ਜਮੀਨ surplus ਨਿਕਲਦੀ ਹੈ । ਉਸ ਤੇ ਕਿਹੜਾ ਆਦਮੀ ਬਾਹਰੋਂ ਆ ਕੇ ਵਸੇਗਾ ? ਜੇਕਰ ਵਸੇਗਾ ਤਾਂ ਉਸ ਨੂੰ ਵੀ ਤੁਸੀਂ ਭੁਖਾ ਮਾਰੋਗੇ ਤੇ ਸਾਨੂੰ 40 ਆਦਮੀਆਂ ਨੂੰ ਵੀ ਭੁੱਖਾ ਮਾਰੋਗੇ । ਫੇਰ ਸਾਡੇ ਲੋਕਾਂ ਕੋਲ ਕੋਈ ਹੋਰ opening ਨਹੀਂ ਸਵਾਏ ਮੁਲਾਜ਼ਮਤ ਦੇ ਅਤੇ ਮੁਲਾਜ਼ਮਤ ਵੀ ਤੁਸੀਂ 80 ਫੀ ਸਦੀ ਲੋਕਾਂ ਨੂੰ ਨਹੀਂ ਦੇ ਸਕਦੇ । ਫੇਰ ਤੁਸੀਂ ਇਕ ਹੋਰ ਬੜੀ ਭਾਰੀ ਵਿਤਕਰੇ ਵਾਲੀ ਗੱਲ ਸਾਡੇ ਨਾਲ ਕਰ ਰਹੇ ਹੋ । Income tax ਵਿਚ ਤਾਂ ਤੁਸੀਂ ਛੋਟ ਦਿੰਦੇ ਹੋ । ਪਹਿਲਾਂ 3 ਹਜ਼ਾਰ ਤਕ ਛੋਟ ਦਿਤੀ ਹੈ ਫੇਰ ਜੇ ਕਿਸੇ ਦਾ ਇਕ ਬੱਚਾ ਹੋਵੇ ਤਾਂ 3,300 ਤਕ ਹੈ ਅਤੇ ਜੇ ਦੋ ਜਾਂ ਇਸ ਤੋਂ ਵਧ ਹੋਣ ਤਾਂ 3,600 ਤਕ ਛੋਟ ਦਿਤੀ ਹੈ । ਲੇਕਿਨ ਸਾਨੂੰ ਕੋਈ ਛੋਟ ਨਹੀਂ । ਮੈਂ ਕਹਿੰਦਾ ਹਾਂ ਕਿ ਜੇਕਰ ਕਿਸੇ ਦੇ 4 ਬੱਚੇ ਹਨ ਤਾਂ ਉਸਨੂੰ ਵੀ ਕਿਉਂ ਨਹੀਂ 30 ਏਕੜ ਦੇ ਉਪਰ ਹੋਰ ਪੰਜ ਚਾਰ ਏਕੜ ਛਡ ਦਿੰਦੇ । ਇਹ ਵਿਤਕਰਾ ਤੁਸੀਂ ਜ਼ਮੀਨ ਵਾਲੇ ਲੋਕਾਂ ਨਾਲ ਕਿਉਂ ਕਰ ਰਹੇ ਹੋ (ਘੰਟੀ) ਜੇਕਰ ਕਹਿੰਦੇ ਹੋ ਤਾਂ ਮੈਂ ਬੈਠ ਜਾਂਦਾ ਹਾਂ ਲੇਕਿਨ ਮੈਨੂੰ 5 ਮਿੰਟ ਹੋਰ ਚਾਹੀਦੇ ਹਨ ।

Deputy Speaker: Only two minutes more.

ਸਰਦਾਰ ਗੁਰਬਖਸ਼ ਸਿੰਘ : ਸਰਦਾਰ ਗੁਰਮੀਤ ਸਿੰਘ ਜੀ ਨੇ ਇਕ ਨਿਹਾਇਤ ਚੰਗੀ ਗੱਲ ਕੀਤੀ ਹੈ ਮੈਂ ਵੀ ਉਸਦੀ ਪਰੋੜ੍ਹਤਾ ਕਰਦਾ ਹਾਂ ਕਿ ਕਿਸੇ ਕਾਨੂੰਨ ਨੂੰ retrospective effect ਦੇਣਾ ਬਹੁਤ ਮਾੜੀ ਗੱਲ ਹੈ । ਤੁਸੀਂ ਇਸ ਤਰ੍ਹਾਂ ਕਰਕੇ insecurity ਪੈਦਾ ਕੀਤੀ ਹੈ । ਤੁਹਾਡਾ ਇਹ ਦਸਵੀਂ ਵਾਰ amendment ਲਿਆਉਣਾ ਇਹ ਸਾਬਤ ਕਰਦਾ ਹੈ ਕਿ ਤੁਸੀਂ ਇਸ ਮਸਲੇ ਦੀ ਹਕੀਕਤ ਨਹੀਂ ਸਮਝ ਸਕੇ ਹੋ । ਤੁਸੀਂ ਹੀ ਜਿਹੜਾ ਕਾਨੂੰਨ ਬਣਾਇਆ ਸੀ ਜੇਕਰ ਉਸਦੇ ਮਾਤਹਿਤ ਕੋਈ ਕਾਨੂੰਨੀ ਗੱਲ ਕਰ ਲੈਂਦਾ ਹੈ ਤਾਂ ਉਸ ਚੀਜ਼ ਨੂੰ ਕਿਉਂ ਖਤਮ ਕਰਕੇ ਨਵੀਂ ਚੀਜ਼ ਕਰਨਾ ਚਾਹੁੰਦੇ ਹੋ ? ਉਹ ਜੋ ਚੀਜ਼ ਹੋ ਚੁਕੀ ਉਸਨੂੰ ਤੁਸੀਂ ਕਿਸ ਤਰ੍ਹਾਂ unsettle ਕਰਨ ਵਿਚ ਹੱਕ ਬਜਾਨਬ ਹੋ । ਇਸ ਤਰ੍ਹਾਂ ਕਰਨਾ ਠੀਕ ਨਹੀਂ ਹੈ ਜਨਾਬ, ਇਹ ਰੋਜ਼ ਰੌਲਾ ਪਾਉਂਦੇ ਹਨ ਕਿ integration ਕਰੋ ਲੇਕਿਨ ਇਹ ਕਾਨੂੰਨ ਸੋਚ ਕੇ ਨਹੀਂ ਲਿਆਉਂਦੇ ਤੇ disintegration ਕਰਦੇ ਹਨ। ਕੀ ਇਹ integration ਕਰਦੇ ਹਨ ? ਇਨ੍ਹਾਂ ਨੇ ਸਾਰੀ ਸੋਸਾਇਟੀ ਦੀ disintegration ਕੀਤੀ ਹੈ । ਮਾਲਕ ਤੇ ਮੁਜ਼ਾਰੇ ਅਤੇ ਸ਼ਹਿਰੀ ਤੇ ਦੇਹਾਤੀ ਦਾ ਫਰਕ ਪਾਇਆ, ਹਿੰਦੂ ਅਤੇ ਸਿਖ ਦਾ ਫਰਕ ਪਾਇਆ, ਹਰੀਜਨ ਤੇ non-Harijan ਦਾ ਫਰਕ ਪਾਇਆ । ਖਾਸ ਤੌਰ ਤੇ ਹਰੀਜਨਾਂ ਸਬੰਧੀ ਤਾਂ ਇਸ ਤੋਂ ਵੀ ਅਗੇ ਕੋਈ ਦੂਸਰਾ ਤੀਸਰਾ ਬਖੇੜਾ ਪਾਇਆ ਹੈ । ਇਸ ਐਕਟ ਨਾਲ ਨਵੇਂ ਸਿਰਿਓਂ ਵਿਤਕਰਾ ਪਾਇਆ ਗਿਆ ਹੈ, disintegration ਵਧੀ ਹੈ । ਇਸ

ਨਾਲ ਕੋਈ integration ਨਹੀਂ ਹੁੰਦੀ । ਗੱਲ ਤਾਂ ਠੀਕ ਹੋਵੇ ਜੇ ਏਥੇ integration ਹੋਵੇ । ਇਨ੍ਹਾਂ ਦੀ ਨਿਕੇ ਨਿਕੇ ਐਕਟਾਂ ਵਲ ਐਨੀ ਤਵੱਜੁਹ ਹੈ, ਖ਼ਾਸ ਤੌਰ ਤੇ ਜਦੋਂ ਕਿ ਬਾਰਡਰ ਤੇ ਪਾਕਿਸਤਾਨ ਤੇ ਚੀਨ ਦਾ ਡਰ ਹੈ । ਚਾਹੀਦਾ ਸੀ ਕਿ integration ਤੇ ਜ਼ੋਰ ਦਿਤਾ ਜਾਂਦਾ ਤਾਂ ਇਹ ਹੋ ਸਕਦਾ ਸੀ । ਮਾਲਕ ਤੇ ਮੁਜ਼ਾਰੇ ਦੇ ਤਅਲੁਕਾਤ ਚੰਗੇ ਹੋਣ । ਇਹ ਚੰਗੇ ਤਾਂ ਹੀ ਹੋ ਸਕਦੇ ਹਨ ਜੇ ਮਾਲਕ ਨੂੰ protection ਦਿਓ । ਜਿਸ ਕੋਲ surplus ਜ਼ਮੀਨ ਹੈ ਉਸ ਤੋਂ ਲੈ ਕੇ ਮੁਜ਼ਾਰਿਆਂ ਨੂੰ ਦਿਓ । ਕੇਵਲ ਇਸ ਤਰ੍ਹਾਂ ਦੀਆਂ ਤਰਮੀਮਾਂ ਨਾਲ ਗੱਲ ਨਹੀਂ ਬਣਦੀ (ਘੰਟੀ) ਜੇ ਪਹਿਲੀਆਂ ਤਰਮੀਮਾਂ ਨਾਲ ਕੁਝ ਨਹੀਂ ਬਣਿਆ ਤਾਂ ਇਸ ਨਾਲ ਕੀ ਬਣੇਗਾ ? ਇਸ ਲਈ ਕੋਈ ਕਮੇਟੀ ਬਣਾਓ, ਕੋਈ ਹਰਜ ਨਹੀਂ ਉਹ ਚੰਗੀ ਤਰ੍ਹਾਂ ਇਸ ਤੇ ਗੌਰ ਕਰਕੇ ਇਸ ਦੇ ਨੁਕਸ ਦੂਰ ਕਰੇਗੀ । ਇਨ੍ਹਾਂ ਅੱਖਰਾਂ ਨਾਲ ਮੈਂ ਇਸ ਤਰਮੀਮ ਨੂੰ ਸੀਲੈਕਟ ਕਮੇਟੀ ਦੇ ਸਪੁਰਦ ਕੀਤਾ ਜਾਵੇ ਦੀ ਪਰੋੜ੍ਹਤਾ ਕਰਦਾ ਹਾਂ ਤੇ ਆਪ ਦਾ ਮਸ਼ਕੂਰ ਹਾਂ ।

ਸਰਦਾਰ ਗੁਰਮੇਜ ਸਿੰਘ (ਫਤਿਹਗੜ੍ਹ) : ਡਿਪਟੀ ਸਪੀਕਰ ਸਾਹਿਬ, ਇਸ ਬਿਲ ਨਾਲ ਪੰਜਾਬ ਦੇ ਜੱਟਾਂ ਨਾਲ ਵਿਤਕਰੇ ਵਾਲਾ ਸਲੂਕ ਕੀਤਾ ਜਾ ਰਿਹਾ ਹੈ । ਜ਼ਮੀਨ ਦੀ ਹੱਦ 30 ਸਟੈਂਡਰਡ ਏਕੜ ਮੁਕਰਰ ਕੀਤੀ ਜਾ ਰਹੀ ਹੈ । ਇਸ ਦੇ ਦੋ ਪੱਖ ਹਨ । ਇਕ ਪਾਸੇ Joint Hindu Family ਦੇ ਕਾਨੂੰਨ ਨੂੰ ਸਾਹਮਣੇ ਰਖ ਕੇ, ਉਸ ਨਾਲ ਰਲਾ ਕੇ ਹਿੰਦੂ ਵਰਾਸਤ ਐਕਟ ਲਿਆਂਦਾ ਗਿਆ, ਜਿਸ ਵਿਚ ਭੈਣ ਭਰਾਵਾਂ ਵਿਚ ਵਿਤਕਰਾ ਪਾਇਆ ਗਿਆ । ਉਨ੍ਹਾਂ ਦੀ ਜ਼ਮੀਨ ਆਪੋ ਵਿਚ ਵੰਡੀ ਗਈ । ਲੜਕੀਆਂ ਸਹੁਰੇ ਘਰ ਜਾਂਦੀਆਂ ਹਨ ਪਰ ਹਿੱਸਾ ਪਿਤਾ ਦੀ ਜ਼ਮੀਨ ਵਿਚੋਂ ਲੈਂਦੀਆਂ ਹਨ । ਇਹ ਸਾਡੀ ਸਭਯਤਾ ਦੇ ਸਖ਼ਤ ਖ਼ਿਲਾਫ਼ ਹੈ । ਦੂਜੇ ਪਾਸੇ ਇਹ ਚੀਜ਼ ਹੈ ਕਿ ਜਿਸ ਟੱਬਰ ਦੇ 40 ਜੀਅ ਹਨ ਉਨ੍ਹਾਂ ਦੀ ਵਧ ਤੋਂ ਵਧ ਜ਼ਮੀਨ 30 ਸਟੈਂਡਰਡ ਏਕੜ ਹੋਣੀ ਹੈ । ਇਨ੍ਹਾਂ ਦੋਹਾਂ ਵਿਚ ਵਿਤਕਰਾ ਨਹੀਂ ਹੋਣਾ ਚਾਹੀਦਾ । ਯਾ ਤਾਂ ਉਸ ਕਾਨੂੰਨ ਵਿਚ ਤਰਮੀਮ ਹੋਣੀ ਚਾਹੀਦੀ ਹੈ ਯਾ ਜਿਹੜੀ 30 ਸਟੈਂਡਰਡ ਏਕੜ ਦੀ ਹੱਦ ਹੈ ਇਹ ਫੀ ਜੀਅ ਮਗਰ ਹੋਣੀ ਚਾਹੀਦੀ ਹੈ ਯਾ ਸਿੱਖ ਜਾਂ ਹਿੰਦੂ ਜੁਆਇੰਟ ਫੈਮਿਲੀ ਦਾ ਤਸੱਵਰ ਤਬਦੀਲ ਕੀਤਾ ਜਾਣਾ ਚਾਹੀਦਾ ਹੈ । ਇਸ ਕਾਨੂੰਨ ਨਾਲ ਜ਼ਿਮੀਂਦਾਰਾਂ ਨਾਲ ਖ਼ਾਸ ਕਰਕੇ ਬਹੁਤ ਸਖ਼ਤੀ ਹੈ । ਅਸੀਂ ਚਾਹੁੰਦੇ ਹਾਂ ਕਿ ਜੇ ਕਰਨਾ ਹੈ ਤਾਂ ਪੰਜਾਬ ਵਿਚ ਸਾਰਿਆਂ ਲਈ ਇਕੋ ਜਿਹਾ ਕਾਨੂੰਨ ਕਰੋ । ਜੋ ਲੱਖਾਂ ਤੇ ਕਰੋੜਾਂ ਪਤੀ, ਕਾਰਖ਼ਾਨੇਦਾਰ ਹਨ ਉਨ੍ਹਾਂ ਦੀ ਵਧ ਤੋਂ ਵਧ 30,000 ਰੁਪਏ ਆਮਦਨੀ ਹੋਵੇ । 30,000 ਰੁਪਏ ਦੀ ਹੱਦ ਮੁਕੱਰਰ ਕਰਨੀ ਚਾਹੀਦੀ ਹੈ । ਮੈਂ ਇਹ ਸਮਝਦਾ ਹਾਂ ਕਿ ਸਾਰਿਆਂ ਨਾਲ ਇਕੋ ਜਿਹਾ ਸਲੂਕ ਹੋਣਾ ਚਾਹੀਦਾ ਹੈ । ਵਿਤਕਰੇ ਵਾਲੀ ਗੱਲ ਨਾ ਕੀਤੀ ਜਾਏ । ਇਕ ਆਦਮੀ ਲੱਖਾਂ ਕਰੋੜਾਂ ਦੀ ਜਾਇਦਾਦ ਆਪਣੇ ਕੋਲ ਰੱਖ ਕੇ ਕਮਾਈ ਜਾਂਦੀ ਹੈ । ਗਰੀਬ ਕਿਸਾਨ ਜੋ ਪਿੰਡ ਵਿਚ ਰਹਿੰਦਾ ਹੈ ਉਸ ਦੀ ਵਧਣ ਦੀ ਸ਼ਕਤੀ 30 ਸਟੈਂਡਰਡ ਏਕੜ ਤਕ ਰੱਖੀ ਜਾਂਦੀ ਹੈ । ਉਹ 30 ਸਟੈਂਡਰਡ ਏਕੜ ਵਿਚ ਪੰਜ ਸਤ ਬਚਿਆਂ ਨੂੰ ਕਾਲਜ ਦੀਆਂ ਪੜ੍ਹਾਈਆਂ ਨਹੀਂ ਕਰਵਾ ਸਕਦਾ, ਆਪਣਾ ਸਟੈਂਡਰਡ ਉੱਚਾ ਨਹੀਂ ਰਖ ਸਕਦਾ । ਉਹ ਆਪਣੀ ਆਮਦਨ ਵਿਚ ਇਜ਼ਾਫ਼ਾ ਨਹੀਂ ਕਰ ਸਕਦਾ ।

ਫਿਰ ਜ਼ਮੀਨ ਮੁਜ਼ਾਰਿਆਂ ਵਾਸਤੇ ਕਢਣੀ ਹੈ । 14, 15 ਸਾਲ ਹੋ ਗਏ ਹਨ ਮੁਜ਼ਾਰਿਆਂ ਨੂੰ ਬਹੁਤ ਚੁਕਿਆ ਜਾ ਰਿਹਾ ਹੈ ਅਤੇ ਐਨਾ ਚੁਕਿਆ ਗਿਆ ਹੈ ਕਿ ਜੋ ਹੁਣ ਉਨ੍ਹਾਂ ਨੂੰ

[ਸਰਦਾਰ ਗੁਰਮੇਜ ਸਿੰਘ]

ਸੁਟ ਦਿਤਾ ਜਾਏ ਤਾਂ ਹੱਡੀ ਪਸਲੀ ਨਾ ਲਭੇ । ਮੁਜ਼ਾਰਿਆਂ ਨਾਲ ਇਹ ਸਲੂਕ ਕੀਤਾ ਹੈ ਕਿ ਪਿੰਡਾਂ ਵਿਚ ਰਹਿਣ ਵਾਸਤੇ ਉਨ੍ਹਾਂ ਨੂੰ ਪੰਚਾਇਤ ਦੀ ਮਰਜ਼ੀ ਤੋਂ ਬਿਨਾ ਇਕ ਮਰਲਾ ਥਾਂ ਨਹੀਂ ਮਿਲਦਾ । ਏਥੇ ਏਸੇ ਤਰ੍ਹਾਂ ਮੁਜ਼ਾਰਿਆਂ ਨੂੰ ਉੱਚਾ ਚੁਕਿਆ ਗਿਆ । ਕਿਹਾ ਗਿਆ ਕਿ ਮੁਜ਼ਾਰਿਆਂ ਨੂੰ surplus area ਚੰਗੀ ਤਰਾਂ ਤਕਸੀਮ ਹੋਵੇਗਾ । ਪਰ ਇਹ ਗੱਲ ਨਹੀਂ ਇਕੋ ਗੱਲ ਹੈ ਕਿ ਸਰਕਾਰ ਨੇ ਵਿਤਕਰੇ ਵਾਲਾ ਸਲੂਕ ਰਖਿਆ ਹੈ । ਕਿਤੇ ਹਿੰਦੂ ਤੇ ਸਿੱਖਾਂ ਨੂੰ ਲੜਾਇਆ, ਸ਼ਹਿਰੀ ਤੇ ਦੇਹਾਤੀ ਨੂੰ ਲੜਾਇਆ, ਇਸ ਵਾਸਤੇ ਹੁਣ ਸਾਰੀ ਅਪੋਜ਼ੀਨ ਇਕੱਠੀ ਹੋ ਗਈ ਹੈ । ਇਨ੍ਹਾਂ ਤੇ ਖ਼ਸ ਇਕ ਗੱਲ ਲਭ ਲਈ ਕਿ ਮੁਜ਼ਾਰਿਆਂ ਨੂੰ ਮਾਲਕ ਬਣਾਉਣਾ ਚਾਹੀਦਾ ਹੈ । ਮਗਰ ਤਰੀਕਾਕਾਰ ਚੰਗਾ ਨਹੀਂ ਲਭਿਆ । ਅਸੀਂ ਚਾਹੁੰਦੇ ਹਾਂ ਕਿ ਜੇ ਇਨ੍ਹਾਂ ਨੇ ਇਹ ਕੁਝ ਕਰਨਾ ਹੈ ਤਾਂ ਸਾਰਿਆਂ ਨਾਲ ਇਕੋ ਜਿਹਾ ਸਲੂਕ ਹੋਣਾ ਚਾਹੀਦਾ ਹੈ ਜਿਸ ਨਾਲ ਏਥੋਂ ਦਾ ਜ਼ਿਮੀਂਦਾਰ ਕਿਸਾਨ ਵੀ ਰੋਟੀ ਖਾ ਸਕੇ ਅਤੇ ਬੱਚਿਆਂ ਨੂੰ ਚੰਗੀ ਤਾਲੀਮ ਦੇ ਸਕੇ । ਇਸ ਕਾਨੂੰਨ ਰਾਹੀਂ ਵਿਤਕਰੇ ਵਾਲਾ ਸਲੂਕ ਹੋ ਰਿਹਾ ਹੈ ਇਹ ਨਹੀਂ ਹੋਣਾ ਚਾਹੀਦਾ । ਮੈਂ ਜ਼ਿਆਦਾ ਕੁਛ ਨਹੀਂ ਕਹਿਣਾ ਚਾਹੁੰਦਾ । ਇਨ੍ਹਾਂ ਲਫਜ਼ਾਂ ਨਾਲ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

चौधरी नेत राम (हिसार सदर) : माननीय डिप्टी स्पीकर साहिबा, जो तरमीमी बिल इस वक्त हाऊस के सामने है मैं इस को बहुत अच्छा बिल कहता अगर इस के अन्दर सन् 1953 और 1958 के सुझावों को भी लाया जाता । जो refugee और non-refugee का सवाल पैदा किया गया है, यह भी कोई अच्छी बात नहीं । इस के साथ अगर मुज़ारों की ख़ुशहाली को देखते हुए 50 स्टैंडर्ड एकड़ और 30 स्टैंडर्ड एकड़ के भेदभाव को दूर करके सिर्फ 30 एकड़ ही रखा जाता तो बहुत अच्छी बात होती। चाहे जिस किसान की कैसी ही धरती हो, जब वह उस पर खेती करता है तो कोई वजह नहीं कि वह लोग भी क्यों न इसी जमीन पर खेती कर सकें। इस ढंग का जो भेदभाव डाला गया है यह ठीक मालूम नहीं होता। जैसा कि मैंने सुझाव दिया है और यह सरकार सन् 1953 और 1958 के भेदभाव को मिटा कर देश की उन्नति, और अनाज की कमी को दूर करने के लिए नया ऐक्ट लाए तो मुज़ारों को सहूलियत हो सकती थी। इस के साथ ही मैं सरकार के पास यह भी निवेदन करना चाहता हूं कि क्यों न refugee और non-refugee के सवाल को इसी वक्त खत्म कर दिया जाए ताकि आने वाली पीढ़ियों पर इस का कोई असर न हो । इन भेदभावों को मिटा कर एक ही नीति अपनाई जानी चाहिए क्योंकि सभी लोग एक ही ढंग से खेती करते हैं एक ही ढंग से पैदावार करते हैं। इस वक्त surplus ज़मीन और 6 साल वगैरा का जो सिलसिला है उस में मुज़ारों को कचहरियों में जाकर अपना समय और रुपया ज़ाया करना पड़ता है। अगर आप अच्छे ढंग से बिल लाएं तो उन के समय और रुपए को भी ज़ाया होने से बचाया जा सकता है।

इस के अलावा मुज़ारों और किसानों को एक और बात की भी तकलीफ होती है। बड़े बड़े व्यापारियों को तो अपना माल एक जगह से दूसरी जगह पर ले जाने के लिए wagons मिल जाती हैं। इसी तरह से मैं निवेदन करूंगा कि मुज़ारों और किसानों को भी अपनी पैदावार मंडियों और सूबे से बाहर ले जाने के लिए wagons का हिस्सा

मिलना चाहिए चाहे यह co-operative basis पर ही मिले तो भी उन को काफी फायदा होगा । उन को अपनी पैदावार का सही मूल्य मिले । एक तरफ तो मुज़ारों और किसानों पर टैक्स लगाए जा रहे हैं और दूसरी तरफ उन के साथ यह भेदभाव किया जा रहा है । जब खेतों में अनाज पैदा होता है तो उस की उन्हें कम कीमत मिलती है और बाज़ार से उन को महंगे दामों चीजें मिलती हैं । इस भेदभाव में उन की सारी कमाई उड़ जाती है । इन सारी बातों को ध्यान में रख कर सरकार को अपने नेक इरादों का सबूत देना चाहिये । इतना ही कह कर मैं अपनी जगह लेता हूं ।

ਮਾਲ ਮੰਤ੍ਰੀ (ਸਰਦਾਰ ਅਜਮੇਰ ਸਿੰਘ) : On a point of Order, Sir, ਮੈਂ ਇਨੀ ਬੇਨਤੀ ਕਰਨੀ ਸੀ ਕਿ ਜਿਸ ਤਰ੍ਹਾਂ ਕਿ ਮੈਂ ਸ਼ੁਰੂ ਵਿਚ ਅਰਜ਼ ਕੀਤਾ ਸੀ ਕਿ ਜਿੰਨੀ ਵੀ discussion ਇਥੇ ਇਸ ਸਟੇਜ ਤੇ ਕੀਤੀ ਜਾਵੇ ਉਹ amending bill ਦੇ ਮੁਤਲਿਕ ਹੋਵੇ, tenant act ਦੇ ਬਾਰੇ ਵਿਚ ਨਾ ਹੋਵੇ । ਇਸ ਹਾਊਸ ਦੇ ਸਾਹਮਣੇ ਸਵਾਲ Parent Act ਨੂੰ ਬਦਲਣ ਦਾ ਨਹੀਂ । ਜੇਕਰ ਤੁਸੀਂ ਇਸ ਤਰ੍ਹਾਂ ਦੀ discussion ਲਈ ਇਜਾਜ਼ਤ ਦਿਓਗੇ ਤਾਂ ਇਹ ਬਹਿਸ ਖਤਮ ਨਹੀਂ ਹੋਣੀ । ਮੈਂ ਇਹ ਸਮਝਦਾ ਹਾਂ ਕਿ ਜੋ ਤਕਰੀਰਾਂ ਇਥੇ ਕੀਤੀਆਂ ਜਾ ਰਹੀਆਂ ਹਨ ਉਹ ਇਸ amending Bill ਦੇ ਬਾਰੇ ਵਿਚ ਨਹੀਂ ਕੀਤੀਆਂ ਜਾ ਰਹੀਆਂ ।

श्री उपाध्यक्ष महोदया : यह आपका point of order है या instruction? (Is it point of order or instructions from the hon. Minister?)

ਮਾਲ ਮੰਤ੍ਰੀ : ਇਹ ਤਾਂ ਮੇਰੀ submission ਹੈ for consideration ਅਤੇ ਗੁਜ਼ਾਰਿਸ਼ ਹੈ । ਇਸ ਨੂੰ ਪਰਵਾਣ ਕਰਨਾ ਤਾਂ ਆਪ ਦੇ ਹੱਥ ਹੈ ।

चौधरी नेत राम : अगर मन्त्री महोदय ने मेरी बातें ध्यान पूर्वक सुनी होतीं तो वह यह बात न कहते । तो मैं कह रहा था....

उपाध्यक्ष महोदया: नहीं अब आप बैठिये, आप तो अपनी स्पीच खत्म कर बैठे थे । (No please, the hon. Member should now resume his seat he had finished his speech.)

ਸਰਦਾਰ ਤਾਰਾ ਸਿੰਘ ਲਾਇਲਪੁਰੀ (ਨਾਗੋਕੇ, ਰਿਜ਼ਰਵ) : ਡਿਪਟੀ ਸਪੀਕਰ ਸਾਹਿਬਾ, ਇਹ ਜਿਹੜਾ ਬਿਲ ਇਸ ਹਾਊਸ ਵਿਚ ਵਿਚਾਰ ਲਈ ਪੇਸ਼ ਕੀਤਾ ਗਿਆ ਹੈ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ । ਭਾਵੇਂ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਕਾਂਗਰਸ ਨੇ ਆਪਣੇ ਕਈ ਸੈਸ਼ਨਾਂ ਵਿਚ ਇਸ ਗੱਲ ਦਾ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਕਿ ਉਹ ਦੇਸ਼ ਵਿਚ ਇਕ ਤਰ੍ਹਾਂ ਦਾ socialism ਲਿਆਉਣਾ ਚਾਹੁੰਦੇ ਹਨ ਪਰ ਅਸਲ ਵਿਚ ਇਹ ਇਸ ਤਰ੍ਹਾਂ ਦੇ ਬਿਲ ਇਸ ਹਾਊਸ ਵਿਚ ਪੇਸ਼ ਕਰਦੇ ਹਨ ਜਿਨ੍ਹਾਂ ਨਾਲ socialism ਲਿਆਉਣ ਵਿਚ ਹੋਰ ਦੇਰੀ ਪੈ ਰਹੀ ਹੈ। ਸੰਨ 1947 ਤੋਂ ਬਾਅਦ ਕਈ ਤਰਾਂ ਦੇ ਮਤੇ ਇਨ੍ਹਾਂ ਵਲੋਂ ਪਾਸ ਕੀਤੇ ਗਏ ਕਿ ਅਸੀਂ ਕਿਸੇ ਤਰ੍ਹਾਂ ਦਾ ਇਮਤਿਆਜ਼ ਨਹੀਂ ਕਰਾਂਗੇ ਪਰ ਜਿਸ ਤਰ੍ਹਾਂ ਦਾ ਬਿਲ ਇਨ੍ਹਾਂ ਨੇ ਇਹ ਪੇਸ਼ ਕੀਤਾ ਹੈ ਇਸ ਨਾਲ situation ਬਹੁਤ doubtful

[ਸਰਦਾਰ ਤਾਰਾ ਸਿੰਘ ਲਾਇਲਪੁਰੀ]

ਹੋ ਗਈ ਹੈ । ਇਸ ਤੋਂ ਪਤਾ ਲਗਦਾ ਹੈ ਕਿ ਕਿਸ ਤਰਾਂ ਕੁਝ ਲੋਕਾਂ ਨੂੰ ਜਾਂ ਵਡੇ ਜ਼ਿਮੀਂਦਾਰਾਂ ਨੂੰ please ਕੀਤਾ ਜਾਂਦਾ ਹੈ ਅਤੇ ਇਹ ਤਰੀਕਾ ਲੋਕ ਰਾਜ ਵਿਚ socialistic pattern of society ਲਿਆਉਣ ਦਾ ਤਰੀਕਾ ਨਹੀਂ ਕਿਹਾ ਜਾ ਸਕਦਾ । ਇਹ ਇਕ ਗਲਤ ਤਰੀਕਾ ਹੈ ਜੋ adopt ਕੀਤਾ ਗਿਆ ਹੈ । ਇਹ ਜੋ amending bill ਪੇਸ਼ ਕੀਤਾ ਗਿਆ ਹੈ ਇਹ ਸਰਕਾਰ ਦੀ ਅਕਲਮੰਦੀ ਨਹੀਂ ਸਗੋਂ ਸਰਕਾਰ ਦੀ ਨਾ ਅਹਿ-ਲੀਅਤ ਦਾ ਨਤੀਜਾ ਹੈ । ਇਨ੍ਹਾਂ ਦੇ ਕਾਨੂੰਨ ਦੇ ਖਿਲਾਫ ਹਾਈ ਕੋਰਟ ਨੇ ਫੈਸਲੇ ਦਿਤੇ ਹਨ ਇਹ ਗੱਲ ਸਰਦਾਰ ਅਜਮੇਰ ਸਿੰਘ ਹੋਰਾਂ ਨੇ ਮੰਨੀ ਹੈ ਅਤੇ ਕਿਹਾ ਹੈ ਕਿ, ਹਾਈ ਕੋਰਟ ਦੇ ਫੈਸਲੇ ਨੂੰ ਸਾਹਮਣੇ ਰਖ ਕੇ ਇਸ ਬਿਲ ਰਾਹੀਂ ਮੂਲ ਐਕਟ ਵਿਚ ਤਰਮੀਮਾਂ ਕੀਤੀਆਂ ਜਾ ਰਹੀਆਂ ਹਨ । ਇਸ ਵਿਚ ਵੀ ਇਨ੍ਹਾਂ ਦੀ ਕੋਈ ਸਿਆਣਪ ਨਜ਼ਰ ਨਹੀਂ ਆਉਂਦੀ । ਪਿਛਲੇ 14 ਸਾਲਾਂ ਵਿਚ ਇਸ ਮਸਲੇ ਨੂੰ ਹੱਲ ਨਹੀਂ ਕੀਤਾ ਜਾ ਸਕਿਆ ਅਤੇ ਇਕ ਬਹੁਤ ਵਡਾ ਵਿਤਕਰਾ ਪੈਦਾ ਕਰ ਦਿਤਾ ਗਿਆ ਹੈ । ਇਨੇ ਵਡੇ ਵਡੇ ਵਜ਼ੀਰ ਜੋ ਆਪ ਵੀ ਵਕੀਲ ਹਨ ਇਸ ਤਰ੍ਹਾਂ ਦੇ ਬਿਲ ਪੇਸ਼ ਕਰਨ ਤਾਂ ਹੈਰਾਨੀ ਹੁੰਦੀ ਹੈ । ਕੀ ਇਨ੍ਹਾਂ ਨੂੰ ਪਹਿਲਾਂ ਪਤਾ ਨਹੀਂ ਸੀ ਜਾਂ ਇਹ ਸਮਝਦੇ ਨਹੀਂ ਸਨ ਕਿ ਫੈਸਲੇ ਅਦਾਲਤਾਂ ਵਿਚ ਇਨ੍ਹਾਂ ਦੇ ਵਿਰੁਧ ਹੋਣੇ ਹਨ ? ਮੈਂ ਇਹ ਸਮਝਦਾ ਹਾਂ ਕਿ ਇਹ Amending Bill ਇਨ੍ਹਾਂ ਦੇ ਅਨਜਾਣ ਪੁਣੇ ਦਾ ਇਕ ਜ਼ਿੰਦਾ ਸਬੂਤ ਹੈ ਅਤੇ ਫਿਰ ਇਸ ਤਰ੍ਹਾਂ ਦੇ provisions ਕੀਤੇ ਜਾਂਦੇ ਹਨ ਕਿ ਜਿੰਨੇ ਵੀ ਜਾਗੀਰਦਾਰ ਹਨ ਜਾਂ ਵਡੇ ਜ਼ਿਮੀਂਦਾਰ ਹਨ ਉਨ੍ਹਾਂ ਨੂੰ ਇਜਾਜ਼ਤ ਦੇ ਦਿਤੀ ਜਾਂਦੀ ਹੈ ਕਿ ਉਹ ਮੁਜ਼ਾਰਿਆਂ ਨੂੰ ਬੇਦਖਲ ਕਰ ਸਕਦੇ ਹਨ । ਇਹ ਤਾਂ ਆਪ ਉਨ੍ਹਾਂ ਨੂੰ ਤਰੀਕੇ ਦਸਦੇ ਹਨ ਅਤੇ ਇਸ ਦਾ ਸਬੂਤ ਸਾਡੇ ਸਾਹਮਣੇ ਹੈ ਕਿ ਉਨ੍ਹਾਂ ਨੇ ਆਪਣੀਆਂ ਜ਼ਮੀਨਾਂ ਵੇਚ ਦਿਤੀਆਂ ਹਨ ਅਤੇ ਫਿਰ ਮੁਜ਼ਾਰਿਆਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਬੇਦਖਲ ਕਰ ਦਿਤਾ ਗਿਆ ਹੈ । ਫਿਰ ਕਹਿੰਦੇ ਹਨ ਕਿ ਅਸੀਂ ਤਾਂ surplus area ਕਢਿਆ ਹੈ ਪਰ ਇਹ ਨਹੀਂ ਕਹਿੰਦੇ ਕਿੰਨਾ surplus area ਖੁਰਦਬੁਰਦ ਕਰਾ ਦਿਤਾ ਹੈ । ਕਾਨੂੰਨ ਬਣਾਇਆ ਗਿਆ ਕਿ ਜ਼ਮੀਨ ਵੇਚ ਨਹੀਂ ਸਕਦੇ ਪਰ ਇਸ ਦੇ ਨਾਲ ਹੀ ਰਾਹ ਰਖ ਲਿਆ ਅਤੇ ਉਨ੍ਹਾਂ ਨੇ ਆਪਣੀਆਂ ਜ਼ਮੀਨਾਂ ਵੇਚ ਦਿਤੀਆਂ । ਸਰਕਾਰ ਦੀ ਪਾਲਿਸੀ ਦੇ ਵਿਰੁਧ ਜ਼ਮੀਨਾਂ ਵੇਚ ਦਿਤੀਆਂ ਗਈਆਂ ਅਤੇ ਹਰੀਜਨਾਂ ਨੂੰ ਅਤੇ ਮੁਜ਼ਾਰਿਆਂ ਨੂੰ ਕੋਈ ਫਾਇਦਾ ਨਹੀਂ ਪਹੁੰਚ ਸਕਿਆ । ਮੇਰੀ ਰਾਏ ਤਾਂ ਇਹ ਹੈ ਕਿ ਇਸ ਤਰ੍ਹਾਂ ਦੀ Legislation ਲਿਆ ਕੇ ਦੋ ਕਲਾਸਾਂ ਪੰਜਾਬ ਵਿਚ ਕਾਇਮ ਕੀਤੀਆਂ ਜਾ ਰਹੀਆਂ ਹਨ ਇਕ ਜਾਗੀਰਦਾਰਾਂ ਦੀ ਅਤੇ ਦੂਜੀ landless peasants ਦੀ । ਅਤੇ ਦੋਹਾਂ ਤਬਕਿਆਂ ਵਿਚ ਇਕ ਵਿਤਕਰੇ ਦੀ ਦੀਵਾਰ ਖੜ੍ਹੀ ਕੀਤੀ ਜਾ ਰਹੀ ਹੈ । ਅਜਿਹੀ legislation ਕਦੇ ਵੀ ਪੰਜਾਬ ਨੂੰ ਤਰੱਕੀ ਵਲ ਨਹੀਂ ਲਿਜਾ ਸਕਦੀ ਅਤੇ ਨਾ ਹੀ ਕਦੇ ਇਨ੍ਹਾਂ ਹਾਲਾਤ ਵਿਚ socialism ਆ ਸਕਦਾ ਹੈ। 30 ਸਟੈਂਡਰਡ ਏਕੜ ਦੀ ਜੋ ceiling ਮੁਕੱਰਰ ਕੀਤੀ ਗਈ ਸੀ ਇਹ ਠੀਕ ਹੈ ਅਤੇ ਇਹ ਸਵਾਲ ਨਿਰੇ ਪੰਜਾਬ ਦਾ ਨਹੀਂ ਸਾਰੇ ਦੇਸ਼ ਦਾ ਸਵਾਲ ਸੀ ਅਤੇ ਸੋਸ਼ਲਿਜ਼ਮ ਨੂੰ ਲਿਆਉਣ ਵਾਸਤੇ ਇਹ ਜ਼ਰੂਰੀ ਸੀ । ਇਸੇ ਤੇ ਹੀ ਸਾਰੇ ਪੰਜਾਬ ਦੀ ਅਤੇ ਸਾਰੇ ਦੇਸ਼ ਦੀ economy ਦਾ ਨਿਰਭਰ ਸੀ । ਇਸੇ ਤੇ ਹੀ ਦੇਸ਼ ਦੀ agriculture ਦਾ ਅਤੇ ਇੰਡਸਟਰੀ ਦਾ ਨਿਰਭਰ ਹੈ ਜਿਸ ਸਿਲਸਿਲੇ ਵਿਚ ਬਹੁਤ ਸਾਰੀ legislation ਇਨ੍ਹਾਂ ਵਲੋਂ ਲਿਆਂਦੀ ਗਈ ਹੈ ਮਗਰ ਇਸ ਦੇ ਬਾਵਜੂਦ ਬੇਦਖਲੀਆਂ ਦੀ ਤਾਦਾਦ ਵਧੀ ਹੈ ਅਤੇ surplus area ਘਟਿਆ ਹੈ । ਇਨ੍ਹਾਂ ਸਾਰੇ ਬਿਲਾਂ

ਦਾ ਸਬੰਧ ਪੰਜਾਬ ਦੀ 80 ਫੀ ਸਦੀ ਅਬਾਦੀ ਨਾਲ ਹੈ ਜੋ ਪਿੰਡਾਂ ਵਿਚ ਰਹਿੰਦੀ ਹੈ । ਪਰ ਇਸੇ ਤਰ੍ਹਾਂ ਦੇ ਕਾਨੂੰਨ ਪੈਦਾ ਕਰ ਕੇ ਮੁਜ਼ਾਰੇ ਅਤੇ ਜ਼ਿਮੀਂਦਾਰ ਵਿਚ ਇਕ ਤਰਾਂ ਦੀ ਲੜਾਈ ਪੈਦਾ ਕਰ ਦਿਤੀ ਗਈ ਹੈ ਇਕ ਪਾਸੇ ਤਾਂ ਬੜੇ ਬੜੇ mill owners ਹਨ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾ ਰਿਹਾ ਪਰ ਦੂਜੇ ਪਾਸੇ ਕਾਰਖਾਨੇ ਵਿਚ ਕੰਮ ਕਰਨ ਵਾਲਿਆਂ ਮਜ਼ਦੂਰਾਂ ਲਈ ਕਾਨੂੰਨ ਪਾਸ ਕਰ ਦਿਤਾ ਗਿਆ ਹੈ ਕਿ ਉਹ ਹੜਤਾਲੀਆ ਕਮੇਟੀ ਨਹੀਂ ਬਣਾ ਸਕਦੇ । ਉਹ ਇਸ ਤਰ੍ਹਾਂ ਦੀਆਂ ਵਧੀਕੀਆਂ ਜੋ ਮਾਲਕਾਂ ਵਲੋਂ ਕੀਤੀਆਂ ਜਾਣ ਉਨ੍ਹਾਂ ਵਿਚ ਦਖ਼ਲ ਨਹੀਂ ਦੇ ਸਕਦੇ । ਇਸੇ ਲਈ ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੀ ਪਾਲਿਸੀ ਜੋ ਸਰਕਾਰ ਨੇ ਅਪਣਾ ਲਈ ਹੈ ਉਸ ਨਾਲ ਦੋ ਕਲਾਸਾਂ ਅਸੀਂ ਸਮਾਜ ਵਿਚ ਪੈਦਾ ਕਰ ਦਿਤੀਆਂ ਹਨ ਇਕ ਜ਼ਿਮੀਂਦਾਰ ਅਤੇ ਜਾਗੀਰਦਾਰ ਤਬਕਾ ਅਸੀਂ ਤਿਆਰ ਕਰ ਰਹੇ ਹਾਂ ਅਤੇ ਦੂਜਾ ਮੁਜ਼ਾਰੇ, ਪਰ ਮੈਂ ਸਰਕਾਰ ਨੂੰ ਆਪਦੀ ਰਾਹੀਂ ਡਿਪਟੀ ਸਪੀਕਰ ਸਾਹਿਬ, ਚਿਤਾਵਣੀ ਦੇਣਾ ਚਾਹੁੰਦਾ ਹਾਂ ਕਿ ਜੋ ਤਬਕਾ ਤੁਸੀਂ ਇਸ ਤਰ੍ਹਾਂ ਦੇ ਗਲਤ ਕਾਨੂੰਨ ਪਾਸ ਕਰਵਾਕੇ ਇਕ ਗਰੀਬਾਂ ਦਾ, ਹਰੀਜਨਾਂ ਦਾ ਅਤੇ ਮੁਜ਼ਾਰਿਆਂ ਦਾ ਤਿਆਰ ਕਰਵਾ ਰਹੇ ਹੋ । ਇਕ ਦਿਨ ਆਏਗਾ ਜਦੋਂ ਉਹ ਤੁਹਾਡੇ ਪਾਸੋਂ ਆਪਣਾ ਹਕ ਮੰਗ ਕੇ ਨਹੀਂ ਖੋਹ ਕੇ ਲਏਗਾ । ਉਸ ਨੂੰ ਇੰਨਾ ਨਿਹੱਥਾ ਅਤੇ ਨਿਤਾਣਾ ਨਹੀਂ ਸਮਝ ਲੈਣਾ ਚਾਹੀਦਾ ਕਿ ਜਿਸ ਤਰਾਂ ਸਰਕਾਰ ਦੀ ਮਰਜ਼ੀ ਆਈ ਉਸ ਤੇ ਕਾਨੂੰਨ ਬਣਾ ਕੇ ਲਾਗੂ ਕਰ ਦਿਤੇ । ceiling ਲਾਈ ਹੈ ਤਾਂ ਕੇਵਲ ਜ਼ਮੀਨ ਤੇ, ਕਾਰਖਾਨਿਆਂ ਤੇ ceiling ਕਿਉਂ ਨਹੀਂ ਲਗਾਈ ਗਈ ਜਾਂ ਸ਼ਹਿਰੀ ਜਾਇਦਾਦ ਦੀ ਹਦ ਕਿਉਂ ਮੁਕੱਰਰ ਨਹੀਂ ਕੀਤੀ ਗਈ ਕਿ ਇਹ ਇਮਤਿਆਜ਼ੀ ਸਲੂਕ ਮੁਸਾਵਿਤ ਨਾਲ ਨਹੀਂ ? ਕੀ ਇਹ ਰਸਤਾ ਹੈ socialism ਨੂੰ ਲਿਆਉਣ ਦਾ ? 30 ਸਟੈਂਡਰਡ ਏਕੜ ਦੀ ceiling ਮੁਕੱਰਰ ਕਰ ਦਿਤੀ ਹੈ ਪਰ ਦੂਜੇ ਪਾਸੇ ਇਕ ਨਵਾਂ ਤਬਕਾ ਬਣਾਇਆ ਜਾ ਰਿਹਾ ਹੈ ਕਿ ਕਿਸਾਨ ਅਤੇ ਗਰੀਬ ਨੇ ਕੁਰਬਾਨੀ ਨਹੀਂ ਕੀਤੀ ? ਗਰੀਬ ਕਿਸਾਨ ਅਤੇ ਮੁਜ਼ਾਰੇ ਦੀ ਕੁਰਬਾਨੀ ਦੀ ਇਹ ਕਦਰ ਇਸ ਸਰਕਾਰ ਨੇ ਪਾਈ ਹੈ ਕਿ ਇਸ ਤਰਾਂ ਉਸ ਨੂੰ ਜ਼ਮੀਨ ਤੋਂ ਮਹਿਰੂਮ ਕਰ ਦਿਤਾ ਅਤੇ ਜਾਗੀਰਦਾਰ ਨੂੰ ਬਚਾਉਣ ਲਈ ਕਈ ਤਰ੍ਹਾਂ ਦੇ ਰਾਹ ਰਖ ਲਏ । ਫਿਰ ਇਸ ਬਿਲ ਵਿਚ ਵਡੇ ਵਡੇ ਕਾਰਖਾਨੇਦਾਰਾਂ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਖੰਡ ਦੇ ਕਾਰਖਾਨੇ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਇਸ ਤਰ੍ਹਾਂ ਜਿਨ੍ਹਾਂ ਦਾ ਅਸਲੀ ਹੱਕ ਬਣਦਾ ਹੈ ਉਨ੍ਹਾਂ ਨੂੰ ਇਸ ਬਿਲ ਰਾਹੀਂ deprive ਕੀਤਾ ਗਿਆ ਹੈ । ਅਤੇ ਦੂਜੇ ਪਾਸੇ ਜ਼ਿਮੀਂਦਾਰ ਪਾਸੋਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ । ਜੇਕਰ ਤੁਸੀਂ ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹੋ ਇਸ ਤਰਾਂ ਦੇ ਕਾਨੂੰਨਾਂ ਵਿਚ ਤਬਦੀਲੀ ਦੀ ਲੋੜ ਪਏਗੀ । ਤੁਹਾਡਾ ਤਰੀਕਾ ਤਾਂ ਬਹੁਤ ਗਲਤ ਤਰੀਕਾ ਹੈ । ਇਕ ਪਾਸੇ ਜ਼ਿਮੀਂਦਾਰ ਅਤੇ ਜਾਗੀਰਦਾਰ ਨੂੰ ਕਿਹਾ ਕਿ ਜ਼ਮੀਨ ਵਢ ਦੇ ਅਸੀਂ ਕਾਨੂੰਨ ਲਿਆਉਣ ਲਗੇ ਹਾਂ ਅਤੇ ਦੂਜੇ ਪਾਸੇ ਮੁਜ਼ਾਰਿਆਂ ਨੂੰ ਕਿ ਅਸੀਂ ਜ਼ਮੀਨ ਕਢ ਰਹੇ ਹਾਂ ਤੈਨੂੰ ਦੇਣ ਲਈ । ਪਰ ਮੈਂ ਕਈ ਮਿਸਾਲਾਂ ਦਸ ਸਕਦਾ ਹਾਂ ਕਿ ਜਿਥੇ ਪਿਛਲੇ 15 ਸਾਲਾਂ ਵਿਚ ਵੀ ਜ਼ਮੀਨ ਨਹੀਂ ਮਿਲ ਸਕੀ । ਮੈਨੂੰ ਆਪ ਨੂੰ ਜ਼ਮੀਨ ਅਜੇ ਤਕ ਨਹੀਂ ਮਿਲ ਸਕੀ । ਕੋਈ ਗਿਰਦਾਵਰੀ ਗਲਤ ਕਰਵਾ ਲੈਂਦਾ ਹੈ ਕੋਈ ਹੋਰ ਹੇਰਾ ਫੇਰੀ ਕਰ ਲੈਂਦਾ ਹੈ । ਜੇ ਕਰ ਗਿਰਦਾਵਰੀ ਠੀਕ ਕਰਾਉਣ ਜਾਉ ਤਾਂ ਪਟਵਾਰੀ ਹੀ ਕਹਿ ਦੇਂਦਾ ਹੈ ਕਿ ਤੁਸੀਂ ਤਾਂ ਮੁਜ਼ਾਰੇ ਹੀ ਨਹੀਂ । ਇਸ ਲਈ ਮੈਂ ਇਹ ਕਹਾਂਗਾ ਕਿ surplus area tenants ਨੂੰ ਅਲਾਟ ਨਹੀਂ ਕੀਤਾ ਗਿਆ । ਫਿਰ ਇਸ ਕੰਮ ਲਈ welfare committee ਬਣਾਈ ਗਈ

[ਸਰਦਾਰ ਤਾਰਾ ਸਿੰਘ]
ਹੈ ਪਰ ਉਸ ਰਾਹੀਂ ਵੀ surplus area ਨਹੀਂ ਦਿਤਾ ਗਿਆ। ਇਕ ਪਾਸੇ ਕਹਿੰਦੇ ਹਨ ਕਿ ਅਸੀਂ ਜ਼ਮੀਨ ਖਰੀਦ ਰਹੇ ਹਾਂ ਮੁਜ਼ਾਰਿਆਂ ਨੂੰ ਦੇਣ ਲਈ ਅਤੇ ਦੂਸੇ ਬੰਨੇ ਵਾਪਸ ਜ਼ਮੀਨ ਦਿਤੀ ਜਾ ਰਹੀ ਹੈ। ਤੁਹਾਨੂੰ ਤਾਂ ਹਰ ਇਕ ਮੁਜ਼ਾਰੇ ਦੀ ਮਦਦ ਕਰਨ ਦੀ ਲੋੜ ਹੈ। ਫਿਰ ਅਜ ਹੀ ਦੇਖ ਲਉ ਉਨ੍ਹਾਂ ਦੀ ਕੀ ਹਾਲਤ ਹੈ। ਫਰਜ਼ ਕਰੋ ਬਾਅਦ ਵਿਚ ਕਿਸੇ ਮੁਜ਼ਾਰੇ ਨੂੰ ਜ਼ਮੀਨ ਦਿਤੀ ਜਾਂਦੀ ਹੈ ਤੇ ਫਿਰ ਜਦ ਉਸ ਦੇ ਚਾਰ ਲੜਕੇ ਹੋ ਜਾਣਗੇ ਤਾਂ ਉਸ ਦੀ ਕੀ ਹਾਲਤ ਰਹਿ ਜਾਵੇਗੀ ? ਮੈਂ ਇਸ ਬਿਲ ਨੂੰ welcome ਕਰਦਾ ਹਾਂ ਕਿ ਬਿਲ ਠੀਕ ਹੈ ਪਰ ਇਸ ਵਿਚ ਜੋ ਕਲਾਜ਼ਾਂ ਰਖੀਆਂ ਗਈਆਂ ਹਨ ਇਨ੍ਹਾਂ ਨਾਲ ਸੋਸਾਇਟੀ ਵਿਚ ਦੋ ਸੈਕਸ਼ਨ ਪੈਦਾ ਕੀਤੇ ਜਾ ਰਹੇ ਹਨ ਇਸ ਵਿਤਕਰੇ ਨੂੰ ਦੂਰ ਕਰਨ ਦੀ ਲੋੜ ਹੈ ਕਿਉਂਕਿ ਸਮਾਂ ਅਤੇ ਹਾਲਤ ਬਦਲ ਗਏ ਹਨ ਅਤੇ ਜਾਗੀਰਦਾਰਾਂ ਨੂੰ ਬਦਲੇ ਹਾਲਾਤ ਵਿਚ ਬਦਲਣ ਦੀ ਲੋੜ ਹੈ।

ਸਰਦਾਰ ਗੁਰਦਿਆਲ ਸਿੰਘ ਢਿਲੋਂ (ਤਰਨਤਾਰਨ) : ਡਿਪਟੀ ਸਪੀਕਰ ਸਾਹਿਬਾ, ਹਾਉਸ ਦੇ ਸਾਹਮਣੇ ਇਹ ਜਿਹੜਾ ਸਵਾਲ tenancy ਬਾਰੇ ਸਾਡੇ ਸਾਹਮਣੇ ਆਇਆ ਹੈ ਇਸ ਬਾਰੇ ਕਈ ਮੈਂਬਰ ਸਾਹਿਬਾਨ ਦੀਆਂ ਤਜਵੀਜ਼ਾਂ ਆਈਆਂ ਹਨ ਕਿ ਇਸ ਬਿਲ ਨੂੰ select committee ਦੇ ਹਵਾਲੇ ਕੀਤਾ ਜਾਵੇ ਲੇਕਿਨ ਮੈਂ ਸਮਝਦਾ ਹਾਂ ਕਿ ਇਹ ਜੋ ਤਜਵੀਜ਼ਾਂ ਆਈਆਂ ਹਨ ਇਨ੍ਹਾਂ ਦਾ ਇਸ amending ਬਿਲ ਨਾਲ ਕੋਈ ਸਬੰਧ ਨਹੀਂ। ਇਹ ਬਿਲ ਬੜਾ ਹੀ ਸਾਧਾਰਨ ਹੈ ਅਤੇ ਚੰਦ ਇਕ clauses ਰਾਹੀਂ ਕੁਝ ਚੀਜ਼ਾਂ ਪੇਸ਼ ਕੀਤੀਆਂ ਗਈਆਂ ਹਨ। ਮੈਂ ਬੜਾ ਹੀ ਹੈਰਾਨ ਹਾਂ ਕਿ ਏਥੇ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਦੀਆਂ ਗੱਲਾਂ ਕੀਤੀਆਂ ਗਈਆਂ। ਪਰ ਮੇਰੀ ਆਪਣੀ ਰਾਏ ਵਿਚ ਇਹ ਗੱਲ ਠੀਕ ਨਹੀਂ ਹੈ। ਜਾਗੀਰਦਾਰੀ ਨੂੰ ਹਟਾਉਣ ਦਾ ਬਿਲ ਤਾਂ ਕਦੋਂ ਦਾ ਆ ਗਿਆ ਹੈ। ਜਾਗੀਰਦਾਰੀ ਦਾ ਤਾਂ ਹੁਣ ਇਕ ਬੋਸੀਦਾ ਜਿਹਾ ਨਾਹਰਾ ਬਣ ਕੇ ਰਹਿ ਗਿਆ ਹੈ। ਇਸ ਸੂਬੇ ਵਿਚ ਇਹ ਜਾਗੀਰਦਾਰੀ ਤਾਂ ਬਿਲਕੁਲ ਹੀ ਮੌਜੂਦ ਨਹੀਂ ਉਹ ਚੀਜ਼ ਵੀ ਨਹੀਂ ਰਹੀ ਜਿਵੇਂ ਕਿ ਪੁਰਾਣੇ ਜ਼ਮਾਨੇ ਵਿਚ ਕਿਸੇ ਬਾਦਸ਼ਾਹੀ ਹੁਕਮ ਅਨੁਸਾਰ ਕਹਿ ਦਿਤਾ ਜਾਂਦਾ ਸੀ ਕਿ ਮੈਂ ਤੈਨੂੰ ਜਾਗੀਰ ਬਖਸ਼ਦਾ ਹਾਂ ਜਾਂ ਕੋਈ ਚੀਜ਼ ਦਿੰਦਾ ਹਾਂ। ਅੱਜ ਕੱਲ ਸਾਰੇ ਰਸਤੇ ਬੰਦ ਹੋ ਗਏ ਹਨ ਸਵਾਏ ਆਈਨੀ ਰਸਤੇ ਦੇ। ਜੇ ਕਿਸੇ ਹੋਰ ਰਸਤੇ ਕੰਮ ਪੂਰਾ ਕੀਤਾ ਜਾਵੇ ਤਾਂ ਮਨਾਹੀ ਹੈ।

Tenancy ਦਾ ਕਾਨੂੰਨ ਮੁਖਤਲਿਫ ਮੌਕਿਆਂ ਤੇ ਮੁਖਤਲਿਫ ਤਰਮੀਮਾਂ ਰਾਹੀਂ ਸਮੇਂ ਸਮੇਂ ਸਿਰ ਆਉਂਦਾ ਰਿਹਾ। ਪਹਿਲਾਂ ਇਹ 1950-51 ਵਿਚ ਆਇਆ, ਫੇਰ ਇਹ 1952 ਵਿਚ ਆਇਆ। ਇਸ ਤੋਂ ਬਾਅਦ 1953 ਵਿਚ ਆਇਆ ਫੇਰ 1958 ਵਿਚ ਵੀ ਆਇਆ। ਇਸ ਦੇ ਉਤੇ ਆਹਿਸਤਾ ਆਹਿਸਤਾ ਤਰਮੀਮਾਂ ਹੁੰਦੀਆਂ ਰਹੀਆਂ, ਜਿਨ੍ਹਾਂ ਨੇ ਇਸ ਐਕਟ ਵਿਚ ਆਪੋ ਆਪਣੀ ਸ਼ਕਲ ਇਖਤਿਆਰ ਕੀਤੀ। ਉਹ ਸਾਰੀਆਂ, ਮਹਿਜ਼ ਇਸ ਨੁਕਤਾ ਨਿਗਾਹ ਨਾਲ ਲਿਆਂਦੀਆਂ ਗਈਆਂ ਸਨ ਕਿ ਜਿਹੜੇ ਮੁਜ਼ਾਰਿਆਂ ਦੀਆਂ ਬੇਦਖਲੀਆਂ ਹੋਈਆਂ ਹਨ ਉਨ੍ਹਾਂ ਨੂੰ ਕਿਵੇਂ ਬਹਾਲ ਕੀਤਾ ਜਾਵੇ, ਉਨ੍ਹਾਂ ਦਾ ਤਹਫਜ਼ ਕਿਵੇਂ ਕੀਤਾ ਜਾਵੇ। ਬੜ੍ਹਦੇ ਬੜ੍ਹਦੇ ਇਹ ਗੱਲ permissible limit ਤਕ ਆਈ ਤੇ ਫੇਰ permissible limit ਤੋਂ ਅਗੇ surplus area ਤੇ ਆਈ ਅਤੇ surplus area ਤੋਂ ਇਹ limit

ਹੋਰ ਵੀ ਜ਼ਰੂਰਤ ਅਨੁਸਾਰ ਅਗੇ ਲੈ ਜਾਈ ਜਾ ਸਕਦੀ ਹੈ । ਜਿਉਂ ਜਿਉਂ ਹਕੂਕ ਮੁਜ਼ਾਰਿਆਂ ਨੂੰ ਮਿਲਦੇ ਰਹੇ ਤਿਉਂ ਤਿਉਂ ਇਨ੍ਹਾਂ ਹਕੂਕਾਂ ਸਬੰਧੀ ਕਾਨੂੰਨ ਵਿਚੋਂ ਕਮਜ਼ੋਰੀਆਂ Amending Bill ਰਾਹੀਂ ਦੂਰ ਹੁੰਦੀਆਂ ਗਈਆਂ । ਇਹ ਵੀ ਜ਼ਾਹਿਰ ਹੈ ਕਿ ਮੁਜ਼ਾਰਿਆਂ ਦੀ ਥਾਂ ਆਪਣੀ ਹੈ ਅਤੇ ਮਾਲਕਾਂ ਦੀ ਥਾਂ ਆਪਣੀ ਹੈ । ਜ਼ਮੀਨ ਨੂੰ ਵੇਚਣ ਬਾਰੇ ਅਤੇ ਜ਼ਮੀਨ ਨੂੰ ਲੈਣ ਬਾਰੇ ਵੀ ਕਈ ਤਜਵੀਜ਼ਾਂ ਇਸ ਹਾਊਸ ਵਿਚ ਪੇਸ਼ ਕੀਤੀਆਂ ਗਈਆਂ । ਜਦੋਂ ਇਕ ਦਫਾ ਇਸ House ਨੇ ਇਹ ਅਸੂਲ ਮੰਨ ਲਿਆ ਹੈ ਕਿ ਮੁਜ਼ਾਰਿਆਂ ਨੂੰ ਜ਼ਰੂਰ ਆਬਾਦ ਕਰਨਾ ਹੈ ਫੇਰ ਕੋਈ ਵਜ੍ਹਾ ਨਹੀਂ ਕਿ ਇਸ ਨੂੰ ਸ਼ੱਕ ਦੀ ਨੀਅਤ ਨਾਲ ਵੇਖਿਆ ਜਾਵੇ । ਜਦੋਂ ਇਸ ਚੀਜ਼ ਦੀ ਹੱਦ ਹੀ ਮੁਕੱਰਰ ਹੋ ਗਈ ਹੋਵੇ ਤਾਂ ਫੇਰ ਹੱਦ ਤੋਂ ਬਾਹਰ ਜਾਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ । ਇਸ ਹਾਊਸ ਦੇ ਪੁਰਾਣੇ ਮੈਂਬਰ ਸਾਹਿਬਾਨ ਜਾਣਦੇ ਹਨ ਕਿ permissible limit 200 ਵਿਘੇ ਤੋਂ 100 ਵਿਘੇ ਅਤੇ 100 ਵਿਘੇ ਤੋਂ 80 ਵਿਘੇ ਫੇਰ 80 ਵਿਘੇ ਤੋਂ 50 ਵਿਘੇ ਅਤੇ ਇਸ ਤੋਂ 30 ਵਿਘੇ ਤਕ ਆ ਗਈ ਹੈ । ਇਹ ਆਹਿਸਤਾ ਆਹਿਸਤਾ ਥੋੜ੍ਹੀ ਹੀ ਥੋੜ੍ਹੀ ਹੁੰਦੀ ਜਾ ਰਹੀ ਹੈ, ਕਿਉਂਕਿ ਇਸ ਸਬੰਧੀ basic principle ਮੰਨਿਆ ਜਾ ਚੁਕਾ ਹੈ । Amendments ਮਹਿਜ਼ ਕੁਝ ਖਾਮੀਆਂ ਨੂੰ ਦੂਰ ਕਰਨ ਵਾਸਤੇ ਇਨ੍ਹਾਂ ਬਿਲਾਂ ਰਾਹੀਂ ਆਉਂਦੀਆਂ ਰਹੀਆਂ ਹਨ ।

ਜਿਥੋਂ ਤਕ ਇਸ ਬਿਲ ਨੂੰ select committee ਦੇ ਸਪੁਰਦ ਕਰਨ ਦਾ ਸਵਾਲ ਹੈ, ਮੈਂ ਇਸ ਬਾਰੇ ਕਹਿ ਸਕਦਾ ਹਾਂ ਕਿ ਇਸ ਨੂੰ ਦਿਲ ਔਰ ਦਿਮਾਗ ਮੰਨਦਾ ਨਹੀਂ, ਕਿਉਂਕਿ ਇਸ ਵਿਚ ਐਨੀਆਂ delicate ਚੀਜ਼ਾਂ ਹਨ ਜਿਹੜੀਆਂ ਕਿ select committee ਦੇ ਨੁਕਤਾ ਨਜ਼ਰ ਤੋਂ ਠੀਕ ਨਹੀਂ ਮੰਨੀਆ ਜਾ ਸਕਦੀਆਂ ਹਨ । ਜਿਹੜੇ ਮੈਂਬਰ ਸਾਹਿਬ ਦੀ ਰਾਏ ਹੈ ਕਿ ਇਹ ਬਿਲ select committee ਨੂੰ refer ਕੀਤਾ ਜਾਵੇ, ਉਨ੍ਹਾਂ ਨੇ ਇਹ ਗੱਲ ਨਹੀਂ ਦਸੀ ਕਿ committee ਜੇ ਵਿਚਾਰ ਕਰੇ ਤਾਂ ਕਿਸ ਨੁਕਤਾ ਨਜ਼ਰ ਨੂੰ ਸਾਹਮਣੇ ਰਖ ਕੇ ਵਿਚਾਰ ਕੀਤੀ ਜਾਵੇ ਜਦੋਂ ਕਿ ਇਸ ਨਾਲ ਸਬੰਧਤ ਸਾਰੇ ਮਸਲੇ ਇਸ ਹਾਊਸ ਵਿਚ ਮੁੜ ਮੁੜ ਕੇ ਆਉਂਦੇ ਰਹੇ ਹਨ । Principal Act ਨੂੰ ਛਡ ਕੇ ਇਸ amending bill ਨੂੰ Select Committee ਦੇ ਸਪੁਰਦ ਕਰਨਾ ਬੁਨਿਆਦੀ ਤੌਰ ਤੇ ਠੀਕ ਫੈਸਲਾ ਨਹੀਂ ਹੋਵੇਗਾ । 1953 ਤੋਂ ਲੈਕੇ ਹੁਣ ਤਕ ਮੁਜ਼ਾਰਿਆਂ ਨੂੰ ਜਿਨ੍ਹਾਂ ਚੀਜ਼ਾਂ ਤੋਂ ਮੁਸਤਸਨਾ ਕਰਾਰ ਦਿਤਾ ਗਿਆ, ਉਹ ਹਨ Bonafide sale, Mortgage, possession and transfer resulting from inheritance. ਇਹ ਤਿੰਨ ਚੀਜ਼ਾਂ ਹਨ ਜਿਹੜੀਆਂ ਹੁਣ ਤਕ ਇਨ੍ਹਾਂ ਨੇ ਹਾਸਲ ਕੀਤੀਆਂ ਹਨ । ਇਹ ਮੁਖਤਲਿਫ ਤਰਮੀਮਾਂ ਦੀ ਸ਼ਕਲ ਵਿਚ 1953 ਤੋਂ ਲੈਕੇ ਆਉਂਦੀਆਂ ਰਹੀਆਂ ਤੇ adopt ਕੀਤੀਆਂ ਜਾਂਦੀਆਂ ਰਹੀਆਂ । Permissible area ਦਾ concession ਪਹਿਲੀ ਦਫਾ 1953 ਵਿਚ ਆਇਆ ਫੇਰ 1954 ਵਿਚ ਆਇਆ । ਇਸ ਤਰ੍ਹਾਂ surplus area ਦਾ concession 1955 ਵਿਚ ਪਹਿਲੀ ਦਫਾ admit ਹੋਇਆ । ਇਸ Bill ਵਿਚ Tenants ਦੇ rights ਦਾ ਖਿਆਲ ਰਖਿਆ ਗਿਆ ਹੈ ਉਨ੍ਹਾਂ ਦੀਆਂ ਸਹੂਲੀਆਤ ਦੇ ਵਾਸਤੇ, ਉਨ੍ਹਾਂ ਦੀਆਂ ਔਕੜਾਂ ਦੂਰ ਕਰਨ ਵਾਸਤੇ ਔਰ ਉਨ੍ਹਾਂ ਦੀਆਂ ਜ਼ਰੂਰੀਆਤ ਪੂਰੀਆਂ ਕਰਨ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ । ਇਹ ਬਿਲ 10-12 ਸਾਲ ਤੋਂ ਜਿਹੜੇ ਮੁਜ਼ਾਰੇ eject ਕੀਤੇ ਹੋਏ ਹਨ ਉਨ੍ਹਾਂ ਨੂੰ ਆਬਾਦ ਕਰਨ ਵਾਸਤੇ ਹੈ, ਉਨ੍ਹਾਂ ਨੂੰ Surplus Area ਵਿਚੋਂ ਜ਼ਮੀਨ ਦੇਣ ਵਾਸਤੇ ਹੈ । ਕਈ

[ਸਰਦਾਰ ਗੁਰਦਿਆਲ ਸਿੰਘ ਢਿੱਲੋਂ]

ਗੱਲਾਂ ਜਿਹੜੀਆਂ ਕਿ ਇਸ ਬਿਲ ਨਾਲ ਤਆਲੁਕ ਰਖਦੀਆਂ ਹਨ ਦਾ ਮੈਂਬਰ ਸਾਹਿਬਾਨ ਨੇ ਜ਼ਿਕਰ ਨਹੀਂ ਕੀਤਾ, ਹੋਰ ਹੀ ਮਸਲਿਆਂ ਤੇ ਇਹ ਵਿਚਾਰ ਕਰਦੇ ਰਹੇ ਹਨ ।

ਇਕ ਗੱਲ ਏਥੇ ਇਹ ਵੀ ਕਹੀ ਗਈ ਹੈ ਕਿ refugee ਭਰਾਵਾਂ ਨੂੰ ਇਤਨੀ ਵੱਡੀ ਰਿਆਇਤ ਦਿੱਤੀ ਗਈ ਹੈ ਕਿ ਉਹ 50 ਏਕੜ ਤੱਕ ਜ਼ਮੀਨ ਰੱਖ ਸਕਦੇ ਹਨ । ਕੁਝ ਮੈਂਬਰਾਂ ਦਾ ਨਜ਼ਰੀਆ ਇਹ ਹੈ ਕਿ ਉਨ੍ਹਾਂ ਨੂੰ ਵੀ ਦੂਸਰਿਆਂ ਦੇ ਬਰਾਬਰ ਦੇ ਹੀ ਹਕੂਕ ਦਿਤੇ ਜਾਂਦੇ । ਇਸ ਦੇ ਬਾਰੇ ਕਾਫ਼ੀ ਗਲਤ ਫਹਿਮੀਆਂ ਪੈਦਾ ਹੋਈਆਂ ਸੀ ਪਰ ਇਸ ਬਾਰੇ ਸਾਰੀ position ਸਾਫ਼ ਕਰ ਦਿਤੀ ਗਈ ਹੈ । ਔਰ ਇਹ position ਇਤਨੀ ਸਾਫ ਹੋ ਗਈ ਹੈ ਕਿ ਹੁਣ ਇਸ ਤੇ ਕੋਈ ਬਹੁਤਾ ਵਿਚਾਰ ਕਰਨ ਦੀ ਜ਼ਰੂਰਤ ਨਹੀਂ ਅਤੇ ਨਾ ਹੀ ਹੁਣ ਇਸ ਨੂੰ Select Committee ਦੇ ਪਾਸ ਭੇਜਣ ਦੀ ਲੋੜ ਹੈ। ਮਿਸਾਲ ਦੇ ਤੌਰ ਤੇ, ਮੈਂ ਏਥੇ ਅਰਜ਼ ਕਰਾਂ ਕਿ ਅਗਰ ਕੋਈ ਸ਼ਖਸ ਮਰ ਜਾਂਦਾ ਹੈ ਤਾਂ inheritance ਵਿਚ ਜੋ ਉਸ ਦੇ ਬੱਤੇ ਮੌਜੂਦ ਹਨ ਤਾਂ ਵਿਰਾਸਤ ਦੇ ਹਕੂਕ ਤਾਂ ਉਨ੍ਹਾਂ ਦੇ ਹੀ ਹਨ । ਲੇਕਿਨ ਇਸ ਅਰਸੇ ਵਿਚ ਜਦੋਂ ਕਿ ਮਾਲਕ ਦੀ ਮੌਤ ਹੋ ਚੁਕੀ ਹੋਵੇ ਔਰ ਉਹ ਜ਼ਮੀਨ surplus declare ਹੋ ਚੁੱਕੀ ਹੋਵੇ ਐਸੀ ਹਾਲਤ ਵਿਚ ਵਿਰਾਸਤ ਦੇ ਹਕੂਕ ਦੇਣ ਵਾਸਤੇ ਸਰਕਾਰ ਕੁਝ ਨਹੀਂ ਕਰ ਸਕਦੀ ਸੀ ਕਿਉਂਕਿ Declaration ਔਰ utilization ਵਿਚ ਤਮੀਜ਼ ਸਮਝੀ ਗਈ, ਫ਼ਰਕ ਸਮਝਿਆ ਗਿਆ । ਜਿਸ ਵੇਲੇ Land utilization ਹੁੰਦੀ ਹੈ ਤਾਂ ਮਲਕੀਅਤ ਵੀ ਬਦਲ ਜਾਂਦੀ ਹੈ, ਪਰ Declaration ਵੇਲੇ ਵਾਰਸ ਪੈਦਾ ਹੋ ਜਾਵੇ ਤਾਂ ਇਹ ਇਕ ਹੋਰ ਵੀ ਮੁਸ਼ਕਲ ਵਾਲੀ ਗੱਲ ਹੋ ਜਾਂਦੀ ਹੈ। ਪਰ ਬਦਕਿਸਮਤੀ ਦੀ ਗੱਲ ਸਾਡੇ ਦੇਸ਼ ਵਿਚ ਇਹ ਹੈ ਕਿ ਜਦੋਂ ਵਾਰਸ ਜਿਉਂਦਾ ਹੈ, ਭਾਵੇਂ ਉਸ ਦੇ ਪੁਤਰ ਹੋਣ, ਪੋਤਰੇ ਹੋਣ ਉਸ ਦੀ ਵਿਰਾਸਤ ਦਾ ਹੱਕ ਇਹਦੇ ਟਬਰ ਦੇ ਨਾਉਂ ਨਹੀਂ ਜਾ ਸਕਦਾ । Joint Hindu Family ਜੋ ਹੈ ਉਸ ਦਾ ਵਖਰਾ ਕਾਨੂੰਨ ਹੈ । ਉਸ ਦੇ ਮੁਤਾਬਿਕ ਜੰਮਦਾ ਹੀ male ਬੱਚਾ ਜ਼ਮੀਨ ਦਾ ਹਿਸਦਾਰ ਹੁੰਦਾ ਹੈ ਅਤੇ ਸਾਰਿਆਂ ਨੂੰ 30-30 ਸਟੈਂਡਰਡ ਏਕੜ ਜ਼ਮੀਨ ਰਖਣ ਦਾ ਹੱਕ ਹੁੰਦਾ ਹੈ । ਲੇਕਿਨ ਦੂਸਰੇ ਪਾਸੇ Customary Law ਦੇ ਮੁਤਾਬਕ ਜ਼ਮੀਨ ਦੋ ਦੋ ਏਕੜ ਵੀ ਨਹੀਂ ਮਿਲਦੀ । ਇਹ ਇਕ ਬੜੀ ਵਡੀ ਬੇਇਨਸਾਫੀ ਹੈ । ਇਸ ਵਾਸਤੇ Personal Law ਨੂੰ ਕੋਈ ਖੁਦਾਈ ਚੀਜ਼ ਨਹੀਂ ਸਮਝਿਆ ਜਾ ਸਕਦਾ । ਉਸ ਨੂੰ ਅਗਰ amend ਕਰਨ ਦੀ ਲੋੜ ਪੈਂਦੀ ਹੈ ਤਾਂ ਇਹ ਨਹੀਂ ਖਿਆਲ ਕਰਨਾ ਚਾਹੀਦਾ ਕਿ ਇਹ ਜਨਤਾ ਦੇ ਨੁਮਾਇੰਦੇ ਉਸ ਨੂੰ amend ਨਹੀਂ ਕਰ ਸਕਦੇ । ਮੈਂ ਸਮਝਦਾ ਹਾਂ ਕਿ ਹਾਈ ਕੋਰਟ ਨੇ ਜਿਸ ਤਰ੍ਹਾਂ ਹਿੰਦੂ ਜਾਇੰਟ ਫੈਮਿਲੀ ਦੇ law ਦਾ ਅਤੇ Customary Law ਦਾ ਫੈਸਲਾ ਕੀਤਾ ਹੈ ਉਸ ਦੇ ਨਾਲ ਤਾਂ ਇਕ ਕਿਸਮ ਦੇ ਲੋਕਾਂ ਨੂੰ ਬਹੁਤ ਫਾਇਦਾ ਹੁੰਦਾ ਹੈ ਅਤੇ ਜਿਹੜੇ custom ਨਾਲ govern ਹੁੰਦੇ ਹਨ । ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਪੈਂਦਾ । ਇਸ ਕਰਕੇ ਇਹ discrimination ਜਿਹੜੀ ਹੈ ਇਹ ਦੂਰ ਹੋਣੀ ਚਾਹੀਦੀ ਹੈ । ਜਦੋਂ ਦੂਸਰੇ ਦੇ ਘਰ ਨੂੰ ਅੱਗ ਲਗੇ ਤਾਂ ਉਹ ਬਸੰਤਰ ਦੇਵਤਾ ਹੁੰਦੀ ਹੈ ਪਰ ਪਤਾ ਉਦੋਂ ਲਗਦਾ ਹੈ ਜਦੋਂ ਆਪਣੇ ਘਰ ਨੂੰ ਅੱਗ ਲਗੇ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਜੇ ਕਿਸੇ ਨੂੰ Hindu Law ਦਾ ਫਾਇਦਾ ਪਹੁੰਚਦਾ ਹੈ ਤਾਂ ਉਸ ਨੂੰ ਦੂਸਰਿਆਂ ਬਾਰੇ ਵੀ ਕੁਝ ਸੋਚਣਾ ਚਾਹੀਦਾ ਹੈ । ਤੁਸੀਂ ਇਕ ਮਾਲਕ ਨੂੰ 30 ਸਟੈਂਡਰਡ ਏਕੜ ਜ਼ਮੀਨ ਦਿੰਦੇ

ਹੋ ਲੇਕਿਨ ਜਿਹੜਾ ਖਰੀਦਾਰ ਹੈ ਅਗਰ ਉਸ ਨੂੰ ਵਰਾਸਤ ਵਗੈਰਾ ਦੇ ਵਿਚ ਜ਼ਮੀਨ ਮਿਲ ਜਾਵੇ ਤਾਂ ਮਾਲਕ ਦੇ ਨਾਲੋਂ ਵੀ ਉਪਰ ਚਲਾ ਜਾਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜਿਹੜਾ tenant ਹੈ ਉਹ ਜ਼ਮੀਨ ਖਰੀਦ ਕੇ ਮਾਲਿਕ ਦੇ ਨਾਲੋਂ ਅਗੇ ਵਧ ਜਾਵੇ ਉਸ ਦੇ ਨਾਲੋਂ ਉਚਾ ਹੋ ਜਾਵੇ ਲੇਕਿਨ ਮਾਲਿਕ ਨੂੰ 30 ਸਟੈਂਡਰਡ ਏਕੜ ਤੋਂ ਇਕ ਇੰਚ ਜ਼ਮੀਨ ਵੀ ਵਧ ਰਖਣ ਦੀ ਅਜਾਜ਼ਤ ਨਾ ਹੋਵੇ ਇਸ ਦੇ ਵਿਚ ਮੈਨੂੰ ਕੋਈ ਚੰਗੀ ਸਮਾਜਿਕ ਚੀਜ਼ ਨਹੀਂ ਨਜ਼ਰ ਆਉਂਦੀ। ਇਸ ਦੇ ਨਾਲ ਜਿਸ ਸ਼ਖਸ ਤੇ ਸੱਟ ਵਜਦੀ ਹੈ ਉਸ ਦੇ ਅੰਦਰ ਜਜ਼ਬਾ ਪੈਦਾ ਹੋਵੇਗਾ ਕਿ ਮੇਰੇ ਨਾਲ ਬੇਇਨਸਾਫੀ ਹੋ ਰਹੀ ਹੈ। ਇਸ ਕਰਕੇ ਇਸ ਚੀਜ਼ ਨੂੰ ਕਾਨੂੰਨ ਦੀ ਸ਼ਕਲ ਦੇਣੀ ਜਾਇਜ਼ ਨਹੀਂ ਜਾਪਦੀ। ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਇਹ ਮਾਮਲਾ ਸੀਲੈਕਟ ਕਮੇਟੀ ਦੇ ਹਵਾਲੇ ਕੀਤਾ ਜਾਵੇ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਛਡੋ ਪਰੇ ਹਥ ਪੈਰ ਮਾਰਨ ਦਾ ਕੀ ਫਾਇਦਾ ਹੈ। ਜਿਥੇ ਵਾਹ ਨਾ ਲਗੇ ਉਥੇ ਭਾਣਾ ਮੰਨ ਲੈਣਾ ਚਾਹੀਦਾ ਹੈ। ਤੁਸੀਂ ਆਪਣਾ ਨਜ਼ਰੀਆ ਬਦਲ ਲਉ। 70 ਫੀ ਸਦੀ ਤੇ ਤਾਂ ਇਹ ਚੀਜ਼ ਲਾਗੂ ਹੋ ਰਹੀ ਹੈ ਬਾਕੀ 30 ਫੀ ਸਦੀ ਰਹਿੰਦੇ ਹਨ। ਇਕ ਵਕਤ ਆਵੇਗਾ ਜਦੋਂ ਇਹ ਵੀ ਸਾਡੇ ਵਿਚ ਹੀ ਰਲ ਜਾਣਗੇ। ਤੁਸੀਂ ਰਿਆਸਤਾਂ ਦੇਖੋ ਉਹ ਵੀ ਨਹੀਂ ਰਹੀਆਂ ਹਨ। ਮੈਂ ਹੈਰਾਨ ਹਾਂ ਕਿ ਇਕ ਪਾਸੇ ਤਾਂ ਸੋਸ਼ਲਿਜ਼ਮ ਦਾ ਨਾਅਰਾ ਲਾਇਆ ਜਾਂਦਾ ਹੈ ਲੇਕਿਨ ਦੂਸਰੇ ਪਾਸੇ ਇਸ ਤਰ੍ਹਾਂ ਦੀਆਂ ਚੀਜ਼ਾਂ ਕੀਤੀਆਂ ਜਾਂਦੀਆਂ ਹਨ। ਇਹ ਦੋ-ਰੁਖੀ ਪਾਲੀਸੀ ਠੀਕ ਨਹੀਂ। ਇਹ ਹੁਣ ਬਹੁਤਾ ਚਿਰ ਨਹੀਂ ਚਲ ਸਕਦੀ। ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਮਾਲ ਮੰਤਰੀ (ਸਰਦਾਰ ਅਜਮੇਰ ਸਿੰਘ) : ਜਿਥੋਂ ਤਕ ਇਸ ਬਿਲ ਦਾ ਤਅੱਲੁਕ ਹੈ ਇਸ ਦੀ ਕਿਸੇ ਵੀ ਕਲਾਜ਼ ਦੇ ਬਾਰੇ ਆਪੋਜ਼ੀਸ਼ਨ ਵਲੋਂ ਕੋਈ ਐਸੀ ਗੱਲ ਨਹੀਂ ਕਹੀ ਗਈ ਜਿਸ ਦਾ ਕਿ ਮੈਂ ਜਵਾਬ ਦੇਵਾਂ। ਜਿਸ ਤਰ੍ਹਾਂ ਮੈਨੂੰ ਪਹਿਲਾਂ ਭਾਸਦਾ ਸੀ ਉਹੋ ਹੀ ਗੱਲਾਂ ਕਹੀਆਂ ਗਈਆਂ ਹਨ। ਇਸ ਦੇ ਬਾਰੇ ਦੋ ਨਜ਼ਰੀਏ ਪੇਸ਼ ਹੋਏ ਹਨ ਔਰ ਦੋਨਾਂ ਨੇ ਹੀ ਆਖਿਆ ਹੈ ਕਿ ਜਿਥੋਂ ਤਕ ਮੁਜ਼ਾਰਿਆਂ ਦਾ ਤਅੱਲੁਕ ਹੈ ਸਰਕਾਰ ਨੇ ਕੁਝ ਨਹੀਂ ਕੀਤਾ। ਦੂਸਰੇ ਪਾਸੇ ਸਰਦਾਰ ਗੁਰਬਖਸ਼ ਸਿੰਘ ਹੋਰਾਂ ਵਲੋਂ ਬੜੀ ਗੰਦੀ ਜ਼ਬਾਨ ਦੇ ਨਾਲ ਕਿਹਾ ਗਿਆ ਹੈ ਕਿ national character ਦਾ ਸਟੈਂਡਰਡ ਉੱਚਾ ਹੋਣਾ ਚਾਹੀਦਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜ਼ਮੀਨ ਤਾਂ ਵਧ ਨਹੀਂ ਜਾਣੀ ਜੇ ਤੁਸੀਂ ਸਟੈਂਡਰਡ ਉੱਚਾ ਰਖ ਕੇ ਦੇ ਦਿਉਗੇ ਤਾਂ ਉਸ ਤਰ੍ਹਾਂ agrarian reforms ਸਿਰੇ ਹੀ ਨਹੀਂ ਚੜ੍ਹ ਸਕਦੀਆਂ। ਇਹ ਜਿਸ ਤਰੀਕੇ ਦੇ ਨਾਲ ਅਸੀਂ reforms ਲਿਆ ਰਹੇ ਹਾਂ ਇਹ ਨਿਹਾਇਤ ਹੀ ਕਾਬਲੇ ਕਬੂਲ ਚੀਜ਼ ਹੈ ਕਿਉਂਕਿ ਇਸ ਦੇ ਵਿਚ bloodless revolution ਲਿਆਂਦਾ ਜਾ ਰਿਹਾ ਹੈ। 1947 ਤੋਂ ਬਾਅਦ ਜਿਹੜੇ ਜ਼ਮੀਨਾਂ ਦੇ ਮਾਲਿਕ ਸੀ ਉਹ ਚਾਹੁੰਦੇ ਸੀ ਕਿ ਅਸੀਂ ਜ਼ਮੀਨਾਂ ਤੇ ਹਮੇਸ਼ਾਂ ਲਈ ਕਾਬਿਜ਼ ਰਹੀਏ ਔਰ ਸਾਡੀ ਜ਼ਮੀਨ ਤੇ ਮੁਜ਼ਾਰਿਆਂ ਦਾ ਕੋਈ ਹੱਕ ਨਾ ਰਹੇ। ਲੇਕਿਨ ਅਸੀਂ ਇਹ ਕਾਨੂੰਨ ਲਿਆ ਕੇ ਪਹਿਲਾਂ tenants ਦੇ rights create ਕੀਤੇ ਅਤੇ ਉਨ੍ਹਾਂ ਦੀਆਂ ਬੇਦਖਲੀਆਂ ਬੰਦ ਕੀਤੀਆਂ। ਉਸ ਦੇ ਬਾਅਦ surplus area settle ਹੋਇਆ ਹੈ। ਉਸ ਦੇ rights ਦੇਣ ਦਾ ਵੀ ਕੰਮ ਕੀਤਾ ਗਿਆ ਹੈ ਔਰ ਅਜ ਸੋਸ਼ਲਿਸਟਿਕ ਪੈਟਰਨ ਦੀ ਠੀਕ ਤਸਵੀਰ ਬਣਾਉਣ

[ਮਾਲ ਮੰਤਰੀ]

ਲਈ ਇਹ ਕਾਨੂੰਨ ਫੇਰ ਹਾਊਸ ਦੇ ਵਿਚ ਲਿਆਂਦਾ ਗਿਆ ਹੈ। ਡਿਪਟੀ ਸਪੀਕਰ ਸਾਹਿਬਾ, ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਪੰਜਾਬ ਦੇ ਇਲਾਕੇ ਦੇ ਵਿਚ ਅਸੀਂ 3 ਲਖ 23 ਹਜ਼ਾਰ 950 ਏਕੜ ਜ਼ਮੀਨ surplus ਕਰ ਚੁਕੇ ਹਾਂ। ਏਸੇ ਤਰ੍ਹਾਂ ਪੈਪਸੂ ਦੇ ਇਲਾਕੇ ਦੇ ਵਿਚ 34,709 ਏਕੜ ਜ਼ਮੀਨ ਅਸੀਂ surplus ਕਰ ਚੁਕੇ ਹਾਂ। 16,797 tenants ਅਸੀਂ ਪੰਜਾਬ ਦੀ ਜ਼ਮੀਨ ਤੇ settle ਕਰ ਚੁਕੇ ਹਾਂ ਅਤੇ 1,713 tenants ਅਸੀਂ ਪੈਪਸੂ ਦੇ ਏਰੀਏ ਦੇ ਵਿਚ settle ਕਰ ਚੁਕੇ ਹਾਂ। ਦੂਸਰੇ ਲਫਜ਼ਾਂ ਵਿਚ 29,688 ਸਟੈਂਡਰਡ ਏਕੜ ਜ਼ਮੀਨ ਅਸੀਂ ਪੰਜਾਬ ਵਿਚ ਮੁਜ਼ਾਰਿਆਂ ਨੂੰ ਦੇ ਚੁਕੇ ਹਾਂ ਅਤੇ 5,102 ਸਟੈਂਡਰਡ ਏਕੜ ਜ਼ਮੀਨ ਤੇ ਪੈਪਸੂ ਵਿਚ ਮੁਜ਼ਾਰੇ settle ਕਰ ਚੁਕੇ ਹਾਂ। ਇਸ ਐਕਟ ਦਾ Section 18 ਜੋ ਹੈ ਉਸ ਦੇ ਤਹਿਤ 8,775 tenants ਪੰਜਾਬ ਦੇ ਵਿਚ right acquire ਕਰ ਚੁਕੇ ਹਨ ਅਤੇ 4,105 ਮੁਜ਼ਾਰੇ ਪੈਪਸੂ ਦੇ ਏਰੀਏ ਦੇ ਵਿਚ ਜ਼ਮੀਨ ਦੇ proprietary rights ਹਾਸਿਲ ਕਰ ਚੁਕੇ ਹਨ। ਪੰਜਾਬ ਵਿਚ 8,875 ਮੁਜ਼ਾਰੇ 53,184 ordinary ਏਕੜ ਤੇ ਪੈਪਸੂ ਵਿਚ ਕੋਈ 4 ਹਜ਼ਾਰ ਮੁਜ਼ਾਰੇ 23,180 ordinary ਏਕੜ ਜ਼ਮੀਨ ਲੈ ਚੁਕੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਇਤਨੇ ਮੁਜ਼ਾਰੇ ਜ਼ਮੀਨ ਦੇ rights acquire ਕਰ ਚੁਕੇ ਹਨ ਅਤੇ ਉਹ ਵੀ ਬੜੀਆਂ ordinary terms ਤੇ। ਪਹਿਲੀ ਕਿਸ਼ਤ ਨਾਲ ਹੀ ਮੁਜ਼ਾਰਾ ਮਾਲਕ ਹੋ ਜਾਂਦਾ ਹੈ। ਬਾਕੀ ਜੋ ਕਿਸ਼ਤਾਂ ਰਹਿ ਜਾਂਦੀਆਂ ਹਨ ਉਹ ਬਾਅਦ ਵਿਚ ਵਸੂਲ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ cases ਹਾਈ ਕੋਰਟ ਦੇ ਇਸ ਫੈਸਲੇ ਕਰਕੇ ਰੁਕੇ ਪਏ ਹਨ। ਜਿਹੜੀ ਗੱਲ ਤੁਸੀਂ ਇਸ ਬਿਲ ਨੂੰ ਸਿਲੈਕਟ ਕਮੇਟੀ ਦੇ ਸਪੁਰਦ ਕਰਨ ਦੀ ਕਰਦੇ ਹੋ ਉਸ ਨਾਲ ਤਾਂ ਇਹ ਕੰਮ ਰੁਕ ਜਾਵੇਗਾ ਜਿਹੜਾ ਕਿ ਮੁਜ਼ਾਰਿਆਂ ਦੇ ਹਿਤ ਵਿਚ ਨਹੀਂ। ਅਸੀਂ ਜਿਸ ਦਿਨ ਇਹ ਐਕਟ ਪਾਸ ਹੋਇਆ ਉਸ ਦੇ ਹਫਤੇ ਦੇ ਅੰਦਰ ਅੰਦਰ ਸਾਰੇ cases ਨੂੰ dispose of ਕਰਕੇ ਤੇ ਬਾਕੀ ਵੀ ਜੋ ਜ਼ਮੀਨ ਨਿਕਲੇਗੀ ਉਸ ਨੂੰ ਲੈ ਕੇ ਮੁਜ਼ਾਰਿਆਂ ਦੇ ਵਾਸਤੇ ਲਈ utilize ਕਰਾਂਗੇ। ਤੁਸੀਂ ਜਿਤਨੀਆਂ ਵੀ ਗੱਲਾਂ ਕੀਤੀਆਂ ਹਨ ਉਹ ਸਾਰੀਆਂ ਜੈਨਰਲ ਹੀ ਸਨ ਅਤੇ ਤੁਸੀਂ Principal Act ਨੂੰ ਬਦਲਨ ਵਾਸਤੇ ਤੁਸੀਂ ਕੋਈ ਤਜਵੀਜ਼ ਨਹੀਂ ਦੇ ਸਕੇ ਤੇ ਨਾ ਹੀ ਤੁਹਾਡੇ ਕੋਲ ਕੋਈ ਤਜਵੀਜ਼ ਹੈ। ਮੈਂ ਅਰਜ਼ ਕਰਦਾ ਹਾਂ ਕਿ ਜੋ ਚੀਜ਼ ਇਤਨੇ ਸਾਲਾਂ ਤੋਂ ਚਲੀ ਆ ਰਹੀ ਹੈ ਉਸ ਨੂੰ ਹੁਣ unsettle ਨਹੀਂ ਕੀਤਾ ਜਾ ਸਕਦਾ ਤੇ ਨਾ ਕੀਤਾ ਜਾਣਾ ਚਾਹੀਦਾ ਹੈ। 15 ਅਪਰੈਲ, 1953 ਤੋਂ ਬਾਅਦ ਤੇ 30 ਜੁਲਾਈ 1958 ਤੋਂ ਪਹਿਲਾਂ ਸਵਾਏ succession ਦੇ ਤੇ ਹੋਰ ਜਾਇਜ਼ transfer ਦੇ ਜੋ transfers ਕੀਤੀਆਂ ਹਨ ਉਨ੍ਹਾਂ ਨੂੰ ignore ਕਰਕੇ we have a right to follow that land. ਅਸੀਂ ਉਸ ਜ਼ਮੀਨ ਨੂੰ surplus ਕਰਾਰ ਦੇ ਕੇ ਮੁਜ਼ਾਰਿਆਂ ਨੂੰ ਆਬਾਦ ਕਰਨਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਇਹ ਅਸੀਂ ਚੰਗੀ ਗੱਲ ਹੀ ਕੀਤੀ ਹੈ ਅਤੇ ਇਸ ਨੂੰ ਸਾਰਾ ਹਾਊਸ approve ਕਰੇਗਾ। ਮੈਂ ਸਮਝਦਾ ਹਾਂ ਕਿ ਇਸ ਚੀਜ਼ ਨੂੰ ਵੀ ਹਾਊਸ appreciate ਕਰੇਗਾ ਅਤੇ ਜਿਸ ਤਰ੍ਹਾਂ ਸਰਦਾਰ ਗੁਰਮੀਤ ਨੇ ਵੀ ਇਸ ਦੀ ਤਾਈਦ ਕੀਤੀ ਹੈ ਕਿ ਜਿਥੇ ਮੁਜ਼ਾਰੇ ਨੇ ਜਾਂ 10 ਏਕੜ ਦੇ ਘਟ ਦੇ ਆਦਮੀ ਨੇ ਉਸ ਜ਼ਮੀਨ ਨੂੰ ਇਸ period ਵਿਚ ਹਾਸਲ ਕਰ ਲਿਆ ਹੈ ਉਹ ਉਸ ਨੂੰ ਹੀ ਛਡੀ ਹੈ ਅਤੇ ਉਹ tenant ਉਸ ਦਾ ਮਾਲਕ ਬਣ ਗਿਆ

12.00 noon

ਹੈ । ਉਸ ਤੋਂ ਇਲਾਵਾ ਹੋਰ ਉਪਰ ਜੋ area ਨਿਕਲਦਾ ਹੈ ਉਹ ਕਢ ਲਿਆ ਹੈ ਅਤੇ ਇਸ ਐਕਟ ਰਾਹੀਂ powers ਲੈ ਕੇ ਜਿਥੇ Joint ਖਾਤੇ ਹਨ ਜਿਨ੍ਹਾਂ ਬਾਰੇ ਹਾਈ ਕੋਰਟ ਨੇ ਰੋਕ ਲਾਈ ਸੀ ਅਤੇ ਮੁਰਬੇਬੰਦੀ ਵਿਚ ਜੋ ਮੁਸ਼ਤਰਜ ਖਾਤੇ ਕਟੇ ਗਏ ਹਨ ਉਨ੍ਹਾਂ ਨੂੰ 30 ਸਟੈਂਡਰਡ ਏਕੜ ਛਡ ਕੇ ਬਾਕੀ ਦਾ surplus area ਲੈ ਕੇ ਤਕਸੀਮ ਕਰਨਾ ਚਾਹੁੰਦੇ ਹਾਂ । ਜੇਕਰ ਤੁਸੀਂ ਇਸ ਚੀਜ਼ ਦੇ ਕਰਨ ਵਿਚ delay ਕਰੋਗੇ ਤਾਂ ਤੁਸੀਂ ਇਨ੍ਹਾਂ land reforms ਵਿਚ ਦੇਰ ਕਰੋਗੇ । ਪੰਡਤ ਜੀ ਨੇ ਫਰਮਾ ਦਿਤਾ ਕਿ ਇਥੇ ਵਡੇ ਵਡੇ ਜਮੀਂਦਾਰ ਤੇ ਰਾਜੇ ਮਹਾਰਾਜੇ ਹਨ । ਮੈਂ ਪੁੱਛਦਾ ਹਾਂ ਕਿ ਹੁਣ ਕਿਥੇ ਹਨ ਰਾਜੇ ਮਹਾਰਾਜੇ ਤੇ ਜਾਗੀਰਦਾਰ ਜਿਨ੍ਹਾਂ ਦੀਆਂ ਤੁਸੀਂ ਰੱਲਾਂ ਕਰਦੇ ਹੋ ? ਇਹ 30 ਸਟੈਂਡਰਡ ਏਕੜ ਦਾ ਕਾਨੂੰਨ ਰਾਜਿਆਂ ਉਪਰ ਵੀ ਲਾਗੂ ਹੈ । It makes no distinction ਅਤੇ ਇਹ ਸਾਰਿਆਂ ਤੇ ਹੀ ਲਾਗੂ ਹੈ । ਫੇਰ ਪੰਡਤ ਜੀ ਨੇ Planning Commission ਦਾ ਜ਼ਿਕਰ ਕੀਤਾ ਤੇ ਕੁਝ ਚੀਜ਼ਾਂ quote ਕੀਤੀਆਂ । ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਐਕਟ ਹੈ ਇਸ ਦੀ ਇਕ ਇਕ ਲਾਈਨ ਉਪਰ ਪਲੈਨਿੰਗ ਕਮਿਸ਼ਨ ਨੇ ਮੰਜ਼ੂਰੀ ਦਿਤੀ ਹੈ । ਉਨ੍ਹਾਂ ਨਾਲ ਸਲਾਹ ਕਰ ਕੇ ਹੀ ਇਹ ਚੀਜ਼ ਲਿਆਂਦੀ ਹੈ । ਇਥੇ ਇਹ ਵੀ ਨਾਹਰਾ ਲਾਇਆ ਗਿਆ ਕਿ land should go to the tillers ਅਤੇ absentee landlordism ਨੂੰ ਖਤਮ ਕਰੋ । ਵੇਖਣ ਸੁਣਨ ਨੂੰ ਤਾਂ ਇਹ ਨਾਹਰਾ ਬਹੁਤ ਅਪੀਲ ਕਰਦਾ ਹੈ ਲੇਕਿਨ ਇਸ ਦਾ ਜੋ practical ਪਹਿਲੂ ਹੈ ਉਸ ਵਲ ਨਜ਼ਰ ਨਹੀਂ ਮਾਰੀ ਗਈ । ਫਰਜ਼ ਕਰੋ ਕੋਈ ਨਾਬਾਲਗ ਹੈ ਤੇ ਜ਼ਮੀਨ ਕਿਸੇ ਨੂੰ ਕਾਸ਼ਤ ਲਈ ਦੇ ਦਿੰਦਾ ਹੈ ਅਤੇ ਇਸ ਤੋਂ ਇਲਾਵਾ ਉਸ ਕੋਲ ਕੋਈ ਚਾਰਾ ਵੀ ਨਹੀਂ । ਜਦੋਂ ਉਹ ਬਾਲਗ ਹੋ ਜਾਂਦਾ ਹੈ ਤੇ ਖੇਤੀ ਕਰਨਾ ਚਾਹੁੰਦਾ ਹੈ ਜੇ ਤੁਹਾਡੀ ਗੱਲ ਮੰਨ ਲਈਏ ਤਾਂ ਫੇਰ ਉਸ ਨੂੰ ਜ਼ਮੀਨ ਤਾਂ ਮਿਲ ਹੀ ਨਹੀਂ ਸਕਦੀ । ਇਸੇ ਤਰ੍ਹਾਂ ਜੇ ਕੋਈ ਖੇਤੀ ਕਰਨ ਵਾਲਾ ਟਾਲ ਜਾਂ ਹੋਟਲ ਕਰ ਲੈਂਦਾ ਹੈ, ਫੌਜ ਵਿਚ ਚਲਾ ਜਾਂਦਾ ਹੈ ਤੇ ਹੋਰ ਨੌਕਰੀ ਕਰ ਲੈਂਦਾ ਹੈ ਅਤੇ ਜੇਕਰ ਉਸ ਨੂੰ ਘਾਟਾ ਪੈ ਜਾਵੇ ਜਾਂ ਉਸ ਦੀ ਨੌਕਰੀ ਛੁਟ ਜਾਵੇ ਤਾਂ ਉਹ ਕੀ ਕਰੇਗਾ ਜੇਕਰ ਉਸ ਦੀ ਜ਼ਮੀਨ ਵੀ ਖੋਹ ਲਈ ਜਾਵੇ । ਇਸੇ ਤਰ੍ਹਾਂ ਬੇਵਾ ਔਰਤਾਂ ਦੀ ਗੱਲ ਹੈ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਅਮਲੀ ਪਹਿਲੂ ਵੇਖੋ ਨਾਹਰੇ ਹੀ ਨਾ ਮਾਰੋ । ਜਿਸ ਆਦਮੀ ਨੇ ਪੁਸ਼ਤ ਦਰ ਪੁਸ਼ਤ invest ਕਰਕੇ ਜ਼ਮੀਨ ਹਾਸਲ ਕੀਤੀ ਹੈ ਜੇਕਰ ਉਹ ਖੇਤੀ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਹੱਕ ਹੋਣਾ ਚਾਹੀਦਾ ਹੈ । ਜੇਕਰ ਵਾਹੁਣ ਵਾਲੇ ਨੂੰ ਹੀ ਮਾਲਕ ਬਣਾਉਣਾ ਹੈ ਤਾਂ ਜੇ ਉਹ ਵਾਹੁਣ ਵਾਲਾ ਕਦੇ ਖੇਤੀ ਛਡ ਕੇ ਨੌਕਰੀ ਕਰ ਲਵੇ ਤਾਂ ਫੇਰ ਉਸ ਦੀ ਜ਼ਮੀਨ ਦਾ ਹੋਰ ਮਾਲਕ ਬਣੇ ਗਾ ਅਤੇ ਜੇਕਰ ਉਹ ਮਾਲਕ ਵੀ ਫੌਜ ਵਿਚ ਚਲਾ ਜਾਵੇ ਤਾਂ ਫੇਰ ਉਸ ਦੀ ਮਲਕੀਅਤ ਟੁਟੇਗੀ ਤੇ ਤੀਜੇ ਕੋਲ ਜਾਵੇਗੀ ਅਤੇ ਇਹ ਸਿਲਸਿਲਾ ਚਲਦਾ ਰਹੇ ਗਾ । ਇਹ ਹਰ ਵੇਲੇ ਇਹੋ ਵੇਖਣਾ ਪਵੇਗਾ ਕਿ ਕਿਹੜੀ ਜ਼ਮੀਨ ਕਿਹੜੇ ਵੇਲੇ ਕੌਣ ਵਾਹੁੰਦਾ ਹੈ । ਇਸ ਤਰ੍ਹਾਂ ਹਰ ਵਕਤ land ਦੀ ownership ਦਾ ਹੀ ਝਗੜਾ ਰਹੇਗਾ । ਜ਼ਮੀਨ ਤਾਂ ਵਾਹੁਣ ਵਾਲੇ ਕੋਲ ਹੀ ਰਹਿੰਦੀ ਹੈ ਲੇਕਿਨ owner ਨੂੰ ਇਤਨਾ ਹਕ ਤਾਂ ਦੇਣਾ ਹੀ ਚਾਹੀਦਾ ਹੈ ਕਿ ਜੇਕਰ ਵਾਹੁਣ ਵਾਲਾ ਉਸ ਨੂੰ rent ਨਹੀਂ ਦਿੰਦਾ ਤੇ ਉਸ ਦਾ ਉਸ ਨੂੰ ਕਾਨੂੰਨ ਮੁਤਾਬਕ ਹਿੱਸਾ ਨਹੀਂ ਦਿੰਦਾ ਤਾਂ ਉਹ ਉਸ ਨੂੰ ਕਢ ਸਕੇ । ਜੇਕਰ ਤੁਸੀਂ small landowner ਨੂੰ ਜਾਂ tenant ਨੂੰ ਇਤਨਾ ਵੀ concession ਨਹੀਂ ਦਿੰਦੇ ਕਿ ਜੇ ਉਹ ਬੀਮਾਰ ਹੈ ਤੇ ਖੇਤੀ ਨਹੀਂ ਕਰ ਸਕਦਾ ਅਤੇ

[ਮਾਲ ਮੰਤਰੀ]

ਉਸ ਦਾ ਮੁਜ਼ਾਰਾ ਉਸ ਨੂੰ ਉਸ ਦੇ ਹਿੱਸੇ ਦੀ ਪੈਦਾਵਾਰ ਨਹੀਂ ਦਿੰਦਾ ਤਾਂ ਉਹ ਉਸ ਨੂੰ ਬੇਦਖਲ ਵੀ ਕਰ ਸਕੇ। ਇਹ ਕਿਤਨੇ ਅਨਿਆ ਵਾਲੀ ਗੱਲ ਹੋਵੇਗੀ। ਇਸ ਲਈ ਇਹ ਜੋ ਐਕਟ ਬਣਾਇਆ ਹੈ ਇਸ ਵਿਚ ਬੜੀਆਂ ਮੁਨਾਸਿਬ ਕਲਾਜ਼ਾਂ ਰਖੀਆਂ ਹਨ। After all you have to do justice between all sections of people in the State ਤੇ ਮੈਂ ਅਰਜ਼ ਕਰਦਾ ਹਾਂ ਕਿ ਜਿਥੋਂ ਤਕ ਇਸ problem ਦਾ ਤੱਅਲਕ ਹੈ ਅਸੀਂ ejected tenants ਨੂੰ surplus area ਦੇਣ ਵਿਚ ਕਾਮਿਆਬ ਹੋਏ ਹਾਂ। ਅਸੀਂ landless labour ਦੇ ਮਗਰ ਵੀ ਲਗੇ ਹੋਏ ਹਾਂ ਕਿ ਉਨ੍ਹਾਂ ਨੂੰ ਜ਼ਮੀਨ ਦੇ ਦੇਈਏ ਜੇਕਰ surplus ਮਿਲ ਜਾਵੇ। ਜਿਹੜੀ ਤੁਸੀਂ ਪੈਪਸੂ ਵਾਲੀ ਗੱਲ ਕਰਦੇ ਹੋ ਉਸ ਬਾਰੇ ਅਰਜ਼ ਹੈ ਕਿ ਪੈਪਸੂ ਵਿਚ ਕਿਸੇ ਹੋਰ basis ਤੇ ਇਹ ਚੀਜ਼ ਚਲਦੀ ਹੈ ਤੇ ਬਾਕੀ ਪੰਜਾਬ ਵਿਚ ਕਿਸੇ ਹੋਰ basis ਤੇ ਚਲਦੀ ਹੈ। ਅਸੀਂ ਤਾਂ ਕੀਤਾ ਹੋਇਆ ਹੈ ਕਿ ਜੋ small land owner ਦਾ ਮੁਜ਼ਾਰਾ ਹੈ, 10 ਏਕੜ ਵਾਲੇ ਦਾ ਵੀ ਮੁਜ਼ਾਰਾ ਹੈ ਜਿਤਨੀ ਦੇਰ ਤਕ surplus area ਨਹੀਂ ਮਿਲਦਾ ਉਸ ਨੂੰ 5 ਏਕੜ ਤਕ ਜ਼ਮੀਨ ਤੋਂ ਬੇਦਖਲ ਨਹੀਂ ਕੀਤਾ ਜਾਵੇਗਾ। 5 ਏਕੜ ਜ਼ਮੀਨ ਮੁਜ਼ਾਰੇ ਕੋਲ ਹੀ ਰਹੇ ਗੀ ਤੇ ਮਾਲਕ ਨੂੰ 5 ਏਕੜ ਹੀ ਮਿਲੇਗੀ। ਏਸ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ security of tenants ਸਾਡਾ ਮਕਸਦ ਹੈ। ਕਿਸੇ provision ਦਾ ਮਨੋਰਥ ਕਿਸੇ tenant ਨੂੰ ਬੇਦਖਲ ਕਰਨਾ ਨਹੀਂ ਹੈ: This Act was actually enacted for providing security to the persons who were tilling the land.

ਇਸ ਦਾ provision ਕੀਤਾ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜਿਥੋਂ ਤਕ holding ਦਾ ਤਅੱਲੁਕ ਹੈ ਉਸ ਨੂੰ ਬਹੁਤ ਅਛੇ ਤਰੀਕੇ ਨਾਲ reduce ਕੀਤਾ ਹੈ, future ਵਾਸਤੇ reduce ਕੀਤਾ ਹੈ। Tenants ਲਈ security provide ਕੀਤੀ ਹੈ। ਉਨ੍ਹਾਂ ਨੂੰ eject ਕਰਨ ਤੋਂ ਰੋਕਿਆ ਹੈ। ਉਨ੍ਹਾਂ ਲਈ ਜ਼ਮੀਨਾਂ provide ਕੀਤੀਆਂ। ਉਨ੍ਹਾਂ ਨੂੰ right of pre-emption ਦਿਤਾ ਹੈ। 6 ਸਾਲ ਬਾਅਦ ਉਹ proprietary rights ਲੈ ਸਕਦੇ ਹਨ। ਐਨੀਆਂ ਚੀਜ਼ਾਂ ਕੀਤੀਆਂ ਹਨ। ਇਕ ਹੱਦ ਤਕ small land-holders ਲਈ safeguards provide ਕੀਤਾ ਹੈ। ਜਿਸ ਕੋਲ ਜ਼ਿਆਦਾ ਜ਼ਮੀਨ ਸੀ ਉਸ ਦੀ holding reduce ਕੀਤੀ ਹੈ। After all ਆਪ ਲੋਕਾਂ ਪਾਸ ਕੋਈ ਹੋਰ ਸਰਮਾਇਆ ਜਮ੍ਹਾਂ ਤਾਂ ਹੈ ਨਹੀਂ, ਇਹੋ ਜ਼ਮੀਨ ਹੀ ਹੈ। 30 ਸਟੈਂਡਰਡ ਏਕੜ limit ਮੁਕੱਰਰ ਕਰ ਦਿਤੀ ਗਈ ਹੈ। ਇਸ ਲਈ ਹੁਣ ਤਾਂ ਜਿੰਨੇ ਲੋਕ ਜ਼ਮੀਨ ਨਾਲ ਸਬੰਧ ਰਖਣ ਵਾਲੇ ਹਨ। They have been reduced to peasant-proprietors or cultivators.

If you allow us to amend the Act, as we want, the object of the Security of Land Tenures will be achieved.

ਇਸ ਬਿਲ ਦੇ ਵਿਚ ਕੋਈ objectionable ਬਾਤ ਨਜ਼ਰ ਨਹੀਂ ਆਉਂਦੀ। ਮੇਰੇ ਦੋਸਤ ਤਰਸਿੱਕਾ ਸਾਹਿਬ ਨੇ ਬਹੁਤ ਪੁਰਾਣੀਆਂ ਗੱਲਾਂ ਆਖੀਆਂ ਹਨ ਤੇ ਉਨ੍ਹਾਂ ਨੇ ਕੋਆਪਰੇਟਿਵ ਸੋਸਾਈਟੀਆਂ ਦਾ ਜ਼ਿਕਰ ਕੀਤਾ ਹੈ। ਇਸ ਵਿਚ ਕੋਆਪਰੇਟਿਵ ਸੋਸਾਈਟੀਜ਼ ਦਾ provision,

ਬਿਲਕੁਲ ਸਾਫ ਹੈ । ਕੋਆਪਰੇਟਿਵ ਸੋਸਾਈਟੀ ਲਈ ਅਸੀਂ ਜ਼ਿਆਦਾ ਰਕਬਾ ਰਖਿਆ ਹੈ । ਜਿੰਨੇ ਆਦਮੀ ਉਸ ਵਿਚ ਹਨ ਹਰ ਇਕ ਨੂੰ 30 ਸਟੈਂਡਰਡ ਏਕੜ ਜ਼ਮੀਨ ਦਿਤੀ ਹੈ । ਜੇ 10 ਆਦਮੀ ਹਨ ਤਾਂ 300 ਏਕੜ ਦੀ ਕੋਆਪਰੇਟਿਵ ਸੋਸਾਇਟੀ ਬਣਾ ਲੈਣ । We will recognise it but not for the purpose of ownership of each individual member. ਇਹ provision ਐਕਟ ਵਿਚ already ਹੈ । ਇਸ ਦੇ ਮੁਤਾਲਿਕ ਕੁਛ ਗਲਤ ਫਹਿਮੀ ਸੀ । ਸਰਦਾਰ ਸ਼ਮਸ਼ੇਰ ਸਿੰਘ ਸਾਹਿਬ ਬੋਲਦੇ ਸਨ ਕਿ ਇਹ cane ਸੋਸਾਇਟੀ ਤੇ ਵੀ ਲਾਗੂ ਹੈ । ਸਾਡੇ ਪਾਸੋਂ ਕਈ ਦਫਾ ਇਹ ਗੱਲ ਪੁੱਛੀ ਗਈ ਹੈ । ਅਸੀਂ ਇਸ ਚੀਜ਼ ਨੂੰ ਤਕੜੇ ਹੋ ਕੇ ਲਾਗੂ ਕਰਨ ਦਾ ਯਤਨ ਕੀਤਾ ਹੈ ਜਿਸ ਤਰ੍ਹਾਂ ਮੈਂ ਅਰਜ਼ ਕੀਤਾ ਹੈ ਦੋਵੇਂ sides ਨੂੰ ਬੜਾ fairely ਵੇਖਦੇ ਹੋਏ ਇਕ *via media* ਜਿਹੜਾ ਮੈਂ ਸਮਝਦਾ ਹਾਂ ਕਾਂਗਰਸ ਪਾਰਟੀ ਕਢ ਸਕਦੀ ਹੈ ਉਹ ਕਢਿਆ । ਦੋਵਾਂ ਦੇ rights ਅਤੇ liabilities ਨੂੰ, ਮਸਲੇ ਦੇ ਹਰ ਪਹਿਲੂ ਨੂੰ ਨਿਗਾਹ ਵਿਚ ਰਖਦੇ ਹੋਏ ਇਹ ਸਹਿਲ ਜਿਹਾ ਤਰੀਕਾ ਅਖਤਿਆਰ ਕੀਤਾ ਹੈ । ਸਰਦਾਰ ਗੁਰਮੀਤ ਸਿੰਘ ਹੋਰਾਂ ਨੇ personal law ਦੇ ਮੁਤਾਲਿਕ ਗਲ ਕੀਤੀ ਤੇ ਕਿਹਾ ਕਿ ਇਸ ਕਾਨੂੰਨ ਨਾਲ ਕੋਈ progress ਨਹੀਂ ਹੋਈ । ਸਰਦਾਰ ਗੁਰਦਿਆਲ ਸਿੰਘ ਹੋਰਾਂ ਨੇ ਦਸਿਆ ਕਿ ਇਹ ਚੀਜ਼ ਠੀਕ ਨਹੀਂ ਹੋ ਸਕਦੀ । Punjab Security of Land Tenures Act ਦੀ ਮਣਸ਼ਾ ਇਹ ਨਹੀਂ ਸੀ ਕਿ ਕੋਈ ਆਦਮੀ ਆਪਣਾ ਸਾਰਾ ਰਕਬਾ ਛਡ ਦੇਵੇ । ਇਸ ਦੇ ਮੁਤੱਲਿਕ ਹਾਈ ਕੋਰਟ ਦੇ ਰੂਲਿੰਗ ਹਨ । ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰਦਾ ਹਾਂ ਕਿ ਇਸ ਬਿਲ ਰਾਹੀਂ ਐਕਟ ਵਿਚ ਕੋਈ ਖਾਸ ਤਬਦੀਲੀ ਨਹੀਂ ਕੀਤੀ ਗਈ । ਜਿੰਨੀ ਨੁਕਤਾਚੀਨੀ ਹੋਈ ਹੈ ਉਹ ਠੀਕ ਨਹੀਂ ਹੋਈ । ਮੈਂ ਕੋਸ਼ਿਸ਼ ਕੀਤੀ ਹੈ ਕਿ ਸਾਰੀ ਚੀਜ਼ ਨੂੰ ਤੁਹਾਡੇ ਸਾਹਮਣੇ ਬੜੇ ਸੁਹਣੇ ਲਫਜ਼ਾਂ ਵਿਚ ਰਖਾਂ ।

ਸਰਦਾਰ ਗੁਰਨਾਮ ਸਿੰਘ : ਇਸ ਵਿਚ Mortgage Banks ਲਏ ਹਨ । Religious institutions ਕਿਉਂ ਨਹੀਂ ਲਏ ?

ਮਾਲ ਮੰਤ੍ਰੀ : ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਅਸੀਂ ਨਿਹਾਇਤ ਸੁਥਰੇ ਤਰੀਕੇ ਨਾਲ ਇਸ ਸਾਰੀ ਚੀਜ਼ ਨੂੰ ਨਿਭਾਉਣ ਦਾ ਯਤਨ ਕੀਤਾ ਹੈ । ਉਮੀਦ ਹੈ ਹਾਊਸ ਇਸ ਨੂੰ ਪਾਸ ਕਰੇਗਾ ।

SITTING OF THE ASSEMBLY-REGARDINGS EXTENSION OF TIME

उपाध्यक्षा : Business Advisory Committee ने यह फैसला किया था कि इन तीन दिनों में अगर जरूरत पड़े तो sitting को extend किया जाए। इस लिए आज 12.30 की बजाए House 1.30 पर adjourn किया जाएगा (The Business Advisory Committee had decided that during these three days the sitting would be extended if necessary. Accordingly the House will adjourn at 1.30 p.m. instead of 12.30 p.m. today.)

श्री बलरामजी दास टंडन : मैं समझता हूं कि बजाय आज 1.30 पर adjourn करने के कल 8 की बजाए 7.00 बजे सुबह meet कर लें।

उपाध्यक्ष महोदया : यह Business Advisory Committee का फैसला है। क्यों सरदार गुरनाम सिंह जी, आपने यही फैसला किया था ? (This is the decision of the Business Advisory Committee. Is it not so, Sardar Gurnam Singh?)

सरदार गुरनाम सिंह : यह फैसला हुआ था कि अगर ज़रूरत पड़ी तो थोड़ा २ time extend करते रहेंगे।

THE PUNJAB SECURITY OF LAND TENURES (AMENDMENT AND VALIDATION) BILL, 1962 (RESUMPTION OF CONSIDERATION)

Deputy Speaker : Question is—

That the Punjab Security of Land Tenures (Amendment and Validation) **Bill,** 1962, be referred to the Select Committee consisting of :—

(1) Sardar Ajmer Singh, Minister-in-charge,

(2) Comrade Ram Piara, M.L.A.,

(3) Comrade Ram Chandra, M.L.A.,

(4) Chaudhari Rizaq Ram, M.L.A.,

(5) Pandit Mohan Lal Datta, M.L.A.,

(6) Comrade Shamsher Singh Josh, M.L.A.,

(7) Babu Bachan Singh, M.L.A.,

with a direction to make a report by the 7th June, 1962.

The motion was lost.

मैं आप को यकीन दिलाता हूं कि बतौर Deputy Speaker वह House को पूरी तरह से respect और consideration देंगी। (I may assure the hon. Member that as Deputy Speaker she would show full respect and consideration to the House.)

ਸਰਦਾਰ ਗੁਰਚਰਨ ਸਿੰਘ (ਮੋਗਾ) : ਸਪੀਕਰ ਸਾਹਿਬ, Punjab Security of Land Tenures Act ਤੇ amending ਬਿਲ ਆਇਆ ਹੈ। ਇਸ ਦਾ ਮਤਲਬ ਇਹ ਹੈ ਕਿ ਕੋਈ ਵੀ 30 standard acre ਤੋਂ ਵਧ ਜ਼ਮੀਨ ਦਾ ਮਾਲਕ ਨਾ ਰਹੇ। ਕਈ ਐਸੇ ਹਨ ਜੋ 30 standard acre ਤੋਂ ਵਧ ਦੇ ਮਾਲਕ ਬਣਾਏ ਜਾਂਦੇ ਹਨ। ਇਸ ਕਾਨੂੰਨ ਵਿਚ ਕਿੰਨੀਆਂ Amendments ਲਿਆਂਦੀਆਂ ਗਈਆਂ, ਚਾਹੇ ਕਿਸੇ ਤਰ੍ਹਾਂ ਵੀ ਲਿਆਂਦੀਆਂ ਗਈਆਂ। ਇਸ ਦੇ ਇਲਾਵਾ ਇਸ ਵਿਚੋਂ ਕੋਈ ਹੋਰ ਗਲ ਨਹੀਂ ਨਿਕਲਦੀ। ਮਗਰ ਮੈਨੂੰ ਇਹ ਦੇਖਣ ਤੋਂ ਬਾਅਦ ਬੜੇ ਦੁਖ ਨਾਲ ਇਹ ਗਲਾਂ ਕਹਿਣੀਆਂ ਪੈਂਦੀਆਂ ਹਨ ਕਿ Punjab Security of Land Tenures amending Bill ਲਿਆਂਦਾ ਹੈ। ਇਹ ਅਜ ਤੋਂ ਦੋ ਤਿੰਨ ਸਾਲ ਪਹਿਲਾਂ ਵੀ amend ਹੋਇਆ ਹੁਣ ਫਿਰ amend ਹੋ ਰਿਹਾ ਹੈ। ਮੈਂ ਸੋਚਦਾ ਸੀ ਕਿ ਇਸ ਐਕਟ ਵਿਚ ਜੋ ਕਮੀਆਂ ਹਨ, ਜਿਸ ਕਮੀ ਦੀ ਵਜ੍ਹਾ ਨਾਲ ਪੰਜਾਬ ਦੇ landlords, ਉਹ landlords ਜਿਨ੍ਹਾਂ ਕੋਲੋਂ ਫਾਲਤੂ

ਜ਼ਮੀਨ ਲੈ ਲੈਣੀ ਚਾਹੀਦੀ ਹੈ, ਦੂਰ ਕੀਤੀਆਂ ਜਾਣਗੀਆਂ। ਸਪੀਕਰ ਸਾਹਿਬ, ਜਿਹੜੇ surplus areas ਦੇ ਮਾਲਕ ਸਨ ਉਹ ਇਕ ਕਿਸਮ ਦੇ ਮਾਲਕ ਨਹੀਂ ਸੀ। ਪੰਜਾਬ ਵਿਚ ਇਕ ਤਾਂ ਉਹ ਮਾਲਕ ਹਨ ਕਿ ਅਗਰ ਉਨ੍ਹਾਂ ਦੀ family ਤੇ ਜ਼ਮੀਨ ਤਕਸੀਮ ਕੀਤੀ ਜਾਵੇ ਤਾਂ ਜ਼ਮੀਨ surplus ਕਦੇ ਨਹੀਂ ਹੁੰਦੀ, ਬਲਕਿ ਜਿੰਨੀ ਜ਼ਰੂਰਤ ਹੈ, ਜਿੰਨੀ ਸਾਡੇ ਐਕਟ ਨੇ allow ਕੀਤੀ ਹੈ ਉਨੀ ਵੀ ਨਹੀਂ ਰਹਿੰਦੀ। ਪੰਜਾਬ ਵਿਚ ਇਕ landlord ਉਹ ਹਨ ਜਿਨ੍ਹਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ। ਲੇਕਿਨ ਇਸ ਐਕਟ ਦਾ ਉਨ੍ਹਾਂ ਤੇ ਕੋਈ ਅਸਰ ਨਹੀਂ ਹੋਇਆ। ਇਸ ਐਕਟ ਨੇ ਮਿਡਲ ਕਲਾਸ ਨੂੰ hit ਕੀਤਾ ਹੈ, ਜਿਨ੍ਹਾਂ ਦੀ ਜ਼ਮੀਨ ਜ਼ਿਆਦਾ ਨਹੀਂ ਸੀ, ਦੋ ਦੋ ਚਾਰ ਚਾਰ ਏਕੜ ਜ਼ਿਆਦਾ ਸੀ। ਜੇ ਉਨ੍ਹਾਂ ਦੇ ਲੜਕੇ ਲੜਕੀਆਂ ਗਿਣੇ ਜਾਣ ਤਾਂ ਉਨ੍ਹਾਂ ਨੂੰ 5, 5, 10, 10 standard acre ਵੀ ਨਹੀਂ ਆਉਂਦੀ। ਉਹ surplus ਕਰਾਰ ਦਿਤੀ ਜਾਂਦੀ ਹੈ। ਜਿਨ੍ਹਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ ਉਨ੍ਹਾਂ ਤੋਂ ਜ਼ਮੀਨ ਲੈ ਲੈਣੀ ਚਾਹੀਦੀ ਹੈ। ਜੋ ਸਾਡੀ ਸਰਕਾਰ ਤੇ ਮੁਲਕ ਦੀ ਸਰਕਾਰ socialistic pattern of society ਲਿਆਉਣਾ ਚਾਹੁੰਦੀ ਹੈ ਇਸ ਤੇ ਬਿਲਕੁਲ ਅਮਲ ਨਹੀਂ ਹੋ ਰਿਹਾ। ਸਪੀਕਰ ਸਾਹਿਬ, ਮੈਂ ਜ਼ਿਆਦਾ ਵਕਤ ਨਹੀਂ ਲੈਣਾ ਚਾਹੁੰਦਾ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਇਹ ਜਿਹੜੇ ਕਾਨੂੰਨ ਦੇ ਮੁਹਾਫਜ਼ ਹਨ, ਗਰੀਬਾਂ ਦੇ ਮੁਹਾਫਜ਼ ਹਨ, ਕਹਿੰਦੇ ਹਨ ਕਿ ਗਰੀਬਾਂ ਨੂੰ ਉਚਾ ਚੁਕਣਾ ਹੈ, ਕਦੇ ਕਹਿੰਦੇ ਹਨ ਕਿ ਗਰੀਬਾਂ ਤੇ ਮੁਜ਼ਾਰਿਆਂ ਦੀ ਮਦਦ ਕਰਨੀ ਚਾਹੀਦੀ ਹੈ। ਇਹ Treasury Benches ਤੇ ਬੈਠੇ ਹਨ, ਇਨ੍ਹਾਂ ਵਿਚੋਂ ਕਿਸੇ ਕੋਲੋਂ ਕਦੇ ਨਹੀਂ ਸੁਣਿਆ ਕਿ ਅਸੀਂ ਬਹੁਤੀਆਂ ਜ਼ਮੀਨਾਂ ਦੇ ਮਾਲਕ ਹਾਂ, ਅਸੀਂ voluntarily ਜ਼ਮੀਨ ਦੇਣਾ ਚਾਹੁੰਦੇ ਹਾਂ। ਇਕ ਪਾਸੇ ਹਜ਼ਾਰਾਂ ਰੁਪਏ ਦੇ ਅਹੁਦੇ ਸੰਭਾਲੀ ਬੈਠੇ ਹਨ, ਦੂਜੇ ਪਾਸੇ ਸਾਡੀ ਸਰਕਾਰ ਨਾਲ ਧੋਖਾ ਕਰ ਰਹੇ ਹਨ।

Mr. Speaker : No Insinuation please.

ਸਰਦਾਰ ਗੁਰਚਰਨ ਸਿੰਘ : ਮੈਂ ਆਪਣੇ ਜ਼ਿਲੇ ਦੀ ਮਿਸਾਲ ਦੇਣਾ ਚਾਹੁੰਦਾ ਹਾਂ। ਮੈਂ ਇਨ੍ਹਾਂ ਦੇ ਬਣਾਏ ਹੋਏ ਕਾਨੂੰਨ ਨੂੰ ਜੀ ਆਇਆਂ ਕਹਿੰਦਾ ਹਾਂ। ਮੈਂ ਥੋੜੀ ਬਹੁਤ surplus ਜ਼ਮੀਨ ਦਾ ਮਾਲਕ ਹੋਇਆਂ ਵੀ ਇਸ ਨੂੰ welcome ਕਰਦਾ ਹਾਂ। ਇਸ ਹਾਊਸ ਵਿਚ votes ਨਾਲ ਤਾਕਤ ਬਣਾ ਕੇ ਸਰਕਾਰ ਬਣਾਈ ਸੀ। ਅਸੀਂ ਇਸ ਕਾਨੂੰਨ ਨੂੰ ਮੰਨਦੇ ਹਾਂ, ਜੀ ਆਇਆਂ ਆਖਦੇ ਹਾਂ। ਮਗਰ ਦੁਖ ਹੈ ਕਿ ਇਸ ਬਣੇ ਹੋਏ ਕਾਨੂੰਨ ਦੀ ਉਲੰਘਣਾ ਉਹੀ ਲੋਕ ਕਰਦੇ ਹਨ। ਸਾਡਾ ਇਲਾਕਾ ਜ਼ਿਲਾ ਫੀਰੋਜ਼ਪੁਰ landlords ਦਾ ਜ਼ਿਲਾ ਮੰਨਿਆ ਹੈ। ਉਸ ਇਲਾਕੇ ਦੇ landlords ਦੀ ਹਾਲਤ ਮੈਂ ਦਸਦਾ ਹਾਂ। ਜਿਨ੍ਹਾਂ ਲੋਕਾਂ ਤੋਂ ਜ਼ਮੀਨ ਲੈ ਕੇ ਗਰੀਬਾਂ ਵਿਚ ਵੰਡੀ ਜਾਣੀ ਸੀ ਨਹੀਂ ਵੰਡੀ ਗਈ। ਇਸ ਕਾਨੂੰਨ ਨੂੰ ਲਾਗੂ ਕਰਨ ਵਿਚ political corruption ਕੀਤੀ ਗਈ। ਅਗਰ political corruption ਨਾ ਹੁੰਦੀ ਤਾਂ ਸਾਨੂੰ ਕੋਈ ਦੁਖ ਨਾ ਹੁੰਦਾ। ਜੇਕਰ ਇਕ ਪਾਸੇ ਇਕ ਜ਼ਮੀਨ surplus ਕਰਾਰ ਦਿਤੀ ਜਾਵੇ, ਤਾਂ ਇਹ ਕਦੇ ਮੰਨਿਆਂ ਨਹੀਂ ਜਾ ਸਕਦਾ ਕਿ ਉਸੇ ਜ਼ਮੀਨ ਵਿਚ ਓਥੇ Industry ਬਣ ਸਕਦੀ ਹੈ, ਤੀਜਾ ਇਹ ਕਿ surplus ਵਿਚ Industry ਲਈ ਜ਼ਮੀਨ reserve ਕੀਤੀ ਜਾਵੇ, ਅਤੇ ਅਜਿਹੀ ਸੈਂਕੜੇ ਏਕੜ ਜ਼ਮੀਨ ਤੇ ਓਹੀ ਮਾਲਕ ਕਾਬਜ਼ ਰਹੇ। ਮੰਡੀਆਂ ਦੋ ਦੋ ਸੌ ਏਕੜ ਵਿਚ ਆਬਾਦ ਕੀਤੀਆਂ। 6, 7 ਮੀਲ ਤੇ ਇਕ ਮੰਡੀ ਹੈ ਤੇ ਇਕ ਅਧ ਮੀਲ ਤੇ ਮੰਡੀ ਹੈ, ਜਿਹੜੀ ਸੈਂਕੜੇ ਸਾਲ ਤੋਂ ਆਬਾਦ ਮੰਡੀ ਹੈ ਉਸ ਦਾ ਖਿਆਲ ਨਹੀਂ ਰਖਿਆ, ਓਥੇ ਰੇਲਵੇ ਸਟੇਸ਼ਨ ਹੈ, ਅਧ ਮੀਲ ਤੇ ਨਵੀਂ ਮੰਡੀ ਆਬਾਦ ਕੀਤੀ ਜਾ ਰਹੀ ਹੈ ਤਾਕਿ surplus area ਕਬਜ਼ੇ ਵਿਚ ਰਹਿ ਜਾਏ। ਇਹ ਦੁੱਖ ਨਾਲ ਕਹਿਣਾ ਪੈਂਦਾ ਹੈ। ਇਹ ਕਹਿੰਦੇ ਹਨ ਕਿ ਗਰੀਬਾਂ ਤੇ ਹਰੀਜਨਾਂ ਨੂੰ ਜ਼ਮੀਨਾਂ ਦਿੰਦੇ ਹਾਂ। ਇਕ ਮਰਾੜ੍ਹ ਹਰੀਜਨ ਕਾਲੋਨੀ ਹੈ। ਸਾਡੇ ਇਲਾਕੇ ਦੇ ਇਕ ਲੈਂਡ ਲਾਰਡ ਨੇ ਉਥੇ 300 ਰੁਪਏ ਫੀ ਏਕੜ surplus ਜ਼ਮੀਨ ਖਰੀਦੀ ਤੇ 900 ਰੁਪਏ ਫੀ ਏਕੜ ਗੌਰਮੈਂਟ ਨੂੰ ਦਿਤੀ। ਸਾਡੀ ਸਰਕਾਰ ਨੇ ਹਰੀਜਨਾਂ ਵਿਚ ਜ਼ਮੀਨ ਤਕਸੀਮ ਨਹੀਂ ਕੀਤੀ। ਇਹ ਜ਼ਿਆਦਤੀ ਹੈ ਜਿਹੜਾ surplus area misuse ਕੀਤਾ

[ਸਰਦਾਰ ਗੁਰਚਰਨ ਸਿੰਘ]

ਹੈ। ਇਹ ਹਰੀਜਨਾਂ ਤੇ ਮੁਜ਼ਾਰਿਆਂ ਨੂੰ ਜਾਣਾ ਚਾਹੀਦਾ ਸੀ । ਉਥੇ Industrial area ਬਣਾ ਕੇ ਮੁਜ਼ਾਰਿਆਂ ਨੂੰ ਜ਼ਮੀਨ ਨਹੀਂ ਦਿਤੀ। ਸਾਡੇ ਜ਼ਿਲੇ ਤੇ ਬਾਕੀ ਪੰਜਾਬ ਵਿਚ ਇਸ ਸਬੰਧੀ ਇਨਸਾਫ ਹੋਣਾ ਚਾਹੀਦਾ ਹੈ। ਇਹ ਬੇਇਨਸਾਫੀ ਕਰ ਰਹੇ ਹਨ। ਕਹਿੰਦੇ ਹਨ ਕਿ ਕਿਸੇ ਜ਼ਿਮੀਂਦਾਰ ਕੋਲ 30 standard acre ਤੋਂ ਵਧ ਜ਼ਮੀਨ ਨਾ ਹੋਵੇ। ਅਸੀਂ ਹਰ ਕਿਸਮ ਦੀ ਪੈਦਾਵਾਰ ਕਰਦੇ ਹਾਂ, ਚਾਹੇ ਵਧ ਯਾ ਘਟ ਕਰਦੇ ਹਾਂ। ਇਸ ਕਾਨੂੰਨ ਵਿਚ loop holes ਹਨ ਜੋ ਅਮੀਰਾਂ ਲਈ ਰਖੇ ਗਏ ਹਨ। ਆਪਣੇ ਬੰਦਿਆਂ ਵਿਚ political corruption ਕਰਾਉਣ ਲਈ ਰਖੇ ਹਨ। ਫੀਰੋਜ਼ਪੁਰ ਵਿਚ ਇਕ ਆਦਮੀ ਨੇ ਹਜ਼ਾਰ ਏਕੜ ਜ਼ਮੀਨ ਰਖੀ ਹੋਈ ਹੈ। ਉਸ ਨੇ ਓਥੇ ਦੋ ਦੋ ਪੈਸੇ ਦੇ ਅਮਰੂਦ ਤੇ ਨੇਂਬੂ ਦੇ ਬੂਟੇ ਗਡ ਕੇ ਰਿਜ਼ਰਵ ਕਰ ਲਈ। ਪੰਜਾਬ ਵਿਚ ਪਾਣੀ ਦਾ ਮਸਲਾ ਹੈ। ਭਾਖੜਾ ਤੇ ਹੋਰ ਡੈਮ ਬਣ ਰਹੇ ਹਨ। ਉਨ੍ਹਾਂ ਲੋਕਾਂ ਦੀ ਮਦਦ ਕਰਕੇ ਉਨ੍ਹਾਂ ਨੂੰ 5 ਗੁਣਾ ਪਾਣੀ ਦਿਤਾ ਗਿਆ। ਉਹ 5 ਗੁਣਾ ਪਾਣੀ ਨਾਲ ਲਖਾਂ ਰੁਪਏ ਦੀ ਆਮਦਨ ਕਰਦੇ ਹਨ। ਗਰੀਬਾਂ ਲਈ ਪਾਣੀ ਘਟ ਗਿਆ ਹੈ। ਅਮੀਰਾਂ ਨੂੰ ਦਿਤਾ ਜਾਂਦਾ ਹੈ। ਕਹਿੰਦੇ ਹਨ ਕਿ socialistic pattern of society ਲਿਆਵਾਂਗੇ। (ਘੰਟੀ) Revenue Minister ਸਾਹਿਬ ਨੇ ਇਹ amendments ਲਿਆਂਦੀਆਂ ਹਨ। ਅਸੀਂ ਇਨ੍ਹਾਂ ਨੂੰ welcome ਕਰਦੇ ਹਾਂ। surplus ਜ਼ਮੀਨ ਦੇ ਮਾਲਕ ਹੁੰਦੇ ਹੋਏ welcome ਕਰਦੇ ਹਾਂ। ਇਹ ਬੇਇਨਸਾਫੀ ਹੈ ਕਿ ਹਜ਼ਾਰਾਂ ਏਕੜ ਜ਼ਮੀਨ ਵਿਚ ਇਸ ਤਰ੍ਹਾਂ Industrial Colonies ਇਹ ਜਿਹੜੇ ਸਾਡੇ ਵਜ਼ੀਰ ਬਣੇ ਬੈਠੇ ਹਨ, ਬਣਾਈ ਜਾਂਦੇ ਹਨ।

Mr. Speaker : No aspersions please.

ਸਰਦਾਰ ਗੁਰਚਰਨ ਸਿੰਘ : ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਜੋ ਇਹ ਦਿਤਾ ਹੈ—

"For the purposes of determining the surplus area of any person under this section, any judgement, decree or order of a Court or other authority obtained after the commencement of this Act and having the effect of diminshing the area of such person which could have been declared as his surplus area shall be ignored".

ਇਹ ਐਸੀ ਜ਼ਿਆਦਤੀ ਹੈ ਜਿਸ ਨਾਲ socialistic pattern of society ਨਹੀਂ ਆ ਸਕਦਾ। ਅਸੀਂ ਆਪਣੇ ਮਨ ਤੇ ਕਾਬੂ ਪਾ ਕੇ ਆਪਣੀਆਂ ਜਾਇਦਾਦਾਂ ਛਡਣ ਨੂੰ ਤਿਆਰ ਹਾਂ। ਸਾਡੇ ਕਾਨੂੰਨ ਦੇ ਮੁਹਾਫਜ਼ ਆਪਣੇ ਵਡੇ ੨ ਮਹਿਲ, ਸਿਨੇਮੇਂ ਤੇ cold storage ਵੀ ਛਡਣ। ਕੀ ਉਹ 3,600 ਰੁਪਏ ਸਾਲਾਨਾ ਆਮਦਨ ਵਿਚ ਗੁਜ਼ਾਰਾ ਨਹੀਂ ਕਰ ਸਕਦੇ ? ਉਹ corruption ਵਿਚ ਨਾ ਪੈਣ ਤੇ ਆਪ ਜ਼ੁਲਮ ਨਾ ਕਰਨ।

ਸਰਦਾਰ ਗੁਰਮੀਤ ਸਿੰਘ (ਮਲੋਟ) : ਸਪੀਕਰ ਸਾਹਿਬ, ਇਹ ਇਸ ਬਿਲ ਦੀ 3rd reading ਹੋ ਰਹੀ ਹੈ। ਸਾਡੇ ਸੂਬੇ ਦੀ ਹਾਈ ਕੋਰਟ ਦੇ ਕੀਤੇ ਹੋਏ ਫੈਸਲਿਆਂ ਦੀ ਰੌਸ਼ਨੀ ਵਿਚ ਕਿਸੇ ਵੇਲੇ ਲੋੜ ਸਮਝੀ ਜਾ ਸਕਦੀ ਹੈ ਕਿ ਕਾਨੂੰਨ ਨੂੰ amend ਕੀਤਾ ਜਾਏ Act ਦੀਆਂ sections ਨੂੰ ਕਿਉਂਕਿ ਹਾਈ ਕੋਰਟ ਨੇ interpret ਕਰਨਾ ਹੁੰਦਾ ਹੈ ਇਸ ਵਾਸਤੇ ਕਿਸੇ ਵੇਲੇ amending Bill ਲਿਆਉਣ ਦੀ ਜ਼ਰੂਰਤ ਪੈ ਜਾਂਦੀ ਹੈ। ਹਾਈ ਕੋਰਟ ਦੇ ਜਜ ਇਨਸਾਫ ਦੀ ਰੂ ਨਾਲ ਫੈਸਲੇ ਦਿੰਦੇ ਹਨ, ਪਰ ਹਰ ਵੇਲੇ amending Bill ਲਿਆਉਂਦੇ ਜਾਣਾ ਕੋਈ ਸ਼ੋਭਾ ਵਾਲੀ ਗੱਲ ਨਹੀਂ। ਅਜ ਸਾਡੇ ਸਾਹਮਣੇ ਇਹ amending Bill ਹੈ। ਸਾਡਾ personal law ancient law ਹੈ। ਹਰ Co-parcenary ਨੂੰ, ਹਰ ਕਿਸਾਨ ਦੇ ਬੱਚੇ ਨੂੰ ਜੋ ਹੱਕ ਹੁਣ ਪਰਾਪਤ ਹਨ ਉਨ੍ਹਾਂ ਨੂੰ ਵਾਪਸ ਲੈਣ ਲਗੇ ਹਾਂ। ਜੇ ਹੋਰ immovable property ਤੋਂ succession ਦੀ change ਦੇ ਮਾਮਲੇ ਵਿਚ ਕੋਈ ਹੋਰ ਗੱਲ ਨਹੀਂ ਕਰਨੀ ਤਾਂ ਕੀ ਜ਼ਮੀਨ ਦੇ ਮਸਲੇ ਤੇ ਜ਼ਰੂਰ succession change ਕਰਨੀ ਹੈ। ਅਤੇ ਇਸ ਵਿਚਾਰ ਨਾਲ ਕਿ ਲੜਕਿਆਂ ਨੂੰ eliminate ਕਰ

ਦਿਤਾ ਜਾਏ ? 30 ਜਾਂ 60 ਸਾਲ ਤੋਂ ਗਿਰਦਾਵਰੀਆਂ ਹੁੰਦੀਆਂ ਹਨ, ਪਰ ਉਨ੍ਹਾਂ ਕੋਲ ਜ਼ਮੀਨ ਨਹੀਂ ਰਹਿ ਜਾਣੀ । ਕਿੰਨਾ ਚੰਗਾ ਹੁੰਦਾ ਕਿ ਜਿਸ ਤਰ੍ਹਾਂ U.P. ਵਿਚ ਹੈ ਉਸ ਤਰ੍ਹਾਂ ਕਰ ਦਿੰਦੇ । U.P. ਸਰਕਾਰ ਨੇ proprietor ਨੂੰ ਸਾਡੇ ਨਾਲੋਂ ਜ਼ਿਆਦਾ ਸਹੂਲਤਾਂ ਦੇਣ ਵਾਸਤੇ 40 ਏਕੜ ਦੀ ਹੱਦ ਰਖੀ ਹੈ । 8 ਏਕੜ ਫ਼ੀ ਬੱਚੇ ਦੇ ਹਿਸਾਬ ਨਾਲ 3 ਲੜਕਿਆਂ ਤਕ ਹੋਰ ਰਖੀ ਹੈ । ਯਾਨੀ ਉਥੇ 64 ਏਕੜ ਤਕ ਜ਼ਮੀਨ ਦੀ ਹੱਦ ਰਖੀ ਗਈ ਹੈ । ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਜਦੋਂ Constitution ਵਿਚ ਕਿਸੇ ਸ਼ਹਿਰੀ ਦੀ ਜ਼ਮੀਨ ਜਾਂ ਜਾਇਦਾਦ ਲੈਣ ਦੀ ਸੂਰਤ ਵਿਚ compensation ਦੇਣ ਦੀ provision ਰਖੀ ਹੋਈ ਹੈ, ਤਾਂ ਫਿਰ ਇਸ amendment ਰਾਹੀਂ ਵਿਧਾਨ ਦੀਆਂ ਮੰਗਾਂ ਪੂਰੀਆਂ ਕਰਨ ਤੋਂ ਬਚਣ ਦੀ ਲੋੜ ਨਹੀਂ ਸੀ । ਵਜ਼ੀਰ ਸਾਹਿਬ ਇਕ ਫਾਜ਼ਲ advocate ਨੇ ਅਤੇ ਕਾਨੂੰਨ ਦੇ ਮਾਹਿਰ ਨੇ । ਉਨ੍ਹਾਂ ਨੇ Opposition ਨੂੰ ਵੀ ਸੁਣਿਆ ਹੈ ਅਤੇ ਜਿਥੇ ਸਾਰੀ Legislation ਦੀ ਬੁਨਿਆਦ Constitution ਹੈ ਉਥੇ ਮਾਲਕਾਂ ਨੂੰ compensation ਦਾ ਹਕ ਹੈ ਅਤੇ ਮੁਜ਼ਾਰੇ ਨੂੰ ਵੀ ਹਕ ਹੈ । ਇਨ੍ਹਾਂ ਸਾਰੀਆਂ ਗਲਾਂ ਤੇ ਵਿਚਾਰ ਕਰਨ ਲਈ ਇਸ Bill ਤੇ select ਕਮੇਟੀ ਬਣਾਈ ਜਾਂਦੀ ਤਾਂ ਸਾਰਿਆਂ ਪੱਖਾਂ ਤੇ ਵਿਚਾਰ ਹੋ ਸਕਦੀ ਸੀ ਅਤੇ ਕਿਰਸਾਨੀ ਦੇ ਭਲੇ ਵਿਚ ਹੋਰ ਬਿਹਤਰ ਸੋਚਿਆ ਜਾ ਸਕਦਾ । ਤਜਰਬੇ ਨੇ ਜੋ ਸਿਖਾਇਆ ਹੈ ਉਸ ਨੂੰ ਸਾਹਮਣੇ ਰਖਦੇ ਅਤੇ ਸਾਰੀ ਚੀਜ਼ ਇਥੇ ਲਿਆਣ ਤੋਂ ਪਹਿਲਾਂ ਸੋਚ ਲਈ ਜਾਂਦੀ । ਮੈਂ ਤਾਂ ਇਹ ਸਮਝਦਾ ਹਾਂ ਕਿ ਕਈ ਅਜਿਹੀਆਂ ਕਲਾਜ਼ਾਂ ਇਸ amending Bill ਵਿਚ ਹਨ ਜਿਸ ਦੀ ਹੋਰ ਵਿਆਖਿਆ ਕੀਤੀ ਜਾਂਦੀ ਤਾਂ ਸ਼ੋਭਾ ਦਿੰਦਾ । ਫਿਰ ਦਫਾ 9 ਵਿਚ surplus area ਕਢਿਆ ਗਿਆ ਹੈ । ਇਸ ਬਾਰੇ ਕਿਸੇ procedure ਦਾ ਜ਼ਿਕਰ ਨਹੀਂ ਕੀਤਾ ਗਿਆ । ਇਹ ਵੀ ਨਹੀਂ ਦਸਿਆ ਹੋਇਆ ਕਿ surplus area ਕਢਣ ਦਾ ਅਧਿਕਾਰ Collector ਨੂੰ ਹੈ ਜਾਂ ਉਹ ਦੁਬਾਰਾ reassess ਕਰ ਸਕੇਗਾ । ਕੋਈ notice ਜਾਂ notification ਹੋਏਗੀ ਜਾਂ ਨਹੀਂ । ਕੁਝ ਵੀ provide ਨਹੀਂ ਕੀਤਾ ਗਿਆ, ਜਿਸ ਦੀ ਕਿ ਲੋੜ ਸੀ । ਫਿਰ ਮਹੀਨੇ ਬਾਦ ਇਤਰਾਜ਼ ਆ ਜਾਣ ਤੇ ਇਹ ਇਕ ਹੋਰ amending Bill ਲਿਆਣਗੇ ਕਿ ਇਸ ਵਿਚ ਪਹਿਲਾਂ provide ਨਹੀਂ ਸਾਂ ਕਰ ਸਕੇ ਇਸ ਲਈ ਇਹ ਹੋਰ ਤਰਮੀਮ ਲਿਆ ਰਹੇ ਹਾਂ । ਫਿਰ ਇਹ ਨਹੀਂ ਦਸਿਆ ਕਿ ਦੁਬਾਰਾ ਫਾਰਮ ਭਰਵਾਏ ਜਾਣਗੇ ਜਾਂ ਕੀ ਕੀਤਾ ਜਾਏਗਾ ।

ਇਸੇ ਤਰ੍ਹਾਂ ਇਕ ਬਹੁਤ ਜ਼ਰੂਰੀ ਚੀਜ਼ ਹੈ ਜੋ ਫਾਜ਼ਲ advocate ਸਾਹਿਬ ਦੇ ਵਿਚਾਰ ਵਿਚ ਸ਼ਾਇਦ ਨਹੀਂ ਆਈ । ਉਹ ਇਹ ਹੈ ਕਿ ਇਨ੍ਹਾਂ ਦੇ ਆਪਣੇ ਖਿਆਲਾਤ ਵੀ ਇਸ ਬਾਰੇ ਆਉਂਦੇ ਰਹੇ ਹਨ । Punjab Security of Land Tenure Act ਦੀ section 18 ਅਨੁਸਾਰ ਇਹ ਸੀ ਕਿ ਸਾਰੀ ਚੀਜ਼ ਦੇ ਇਕ ਰੁਪਏ ਦੇ 12 ਆਨੇ ਕੀਮਤ ਦੇਵੇ ਅਤੇ ਉਹ ਵੀ 10 ਕਿਸ਼ਤਾਂ ਵਿਚ ਦੇ ਸਕਦਾ ਹੈ । ਕਿਉਂਕਿ ਉਹ ਗਰੀਬ ਸੀ ਅਤੇ ਰੁਪਿਆ ਕਿਸ਼ਤਾਂ ਰਾਹੀਂ ਦੇ ਸਕਦਾ ਸੀ ਪਰ ਹੁਣ ਮਰੂਸੀਅਤ ਖਤਮ ਕਰਨ ਲਈ ਕੀ ਇਹ ਜ਼ਰੂਰੀ ਨਹੀਂ ਸੀ ਕਿ ਲੱਖਾਂ ਦੇ ਸਿਰ ਤੇ 5 acre ਦਾ ਡੰਡਾ ਕਾਇਮ ਰਖਣ ਲਈ ਇਸੇ ਤਰ੍ਹਾਂ ਦਾ ਪ੍ਰਬੰਧ ਕੀਤਾ ਜਾਂਦਾ । ਫਿਰ ਹੁਣ ਜੋ surplus area ਕਢਿਆ ਜਾ ਰਿਹਾ ਹੈ ਤਾਂ ਮੁਜ਼ਾਰਿਆਂ ਨੂੰ ਸਹੂਲਤ ਦਿਤੀ ਜਾਣੀ ਚਾਹੀਦੀ ਹੈ । ਭਾਂਵੇ ਉਸ ਵੇਲੇ ਹਾਲਾਤ ਹੋਰ ਸਨ ਪਰ ਸਹੂਲਤਾਂ ਜ਼ਰੂਰ ਸਨ ਤੇ ਹੁਣ ਵੀ ਦਿਤੀਆਂ ਜਾਣੀਆਂ ਚਾਹੀਦੀਆਂ ਹਨ । ਇਸ ਲਈ Select Committee ਰਾਹੀਂ ਜੇਕਰ ਇਸ ਬਿਲ ਤੇ ਵਿਚਾਰ ਹੁੰਦਾ ਤਾਂ ਸਾਰੇ ਪੱਖ ਵੇਖੇ ਜਾ ਸਕਦੇ ਸਨ ।

ਫਿਰ ਇਕ ਗਲ ਹੋਰ ਹੈ ਕਿ ਵਜ਼ੀਰ ਸਾਹਿਬ ਆਪ ਵੀ ਪਿਛਲੇ ਕਈ ਸਾਲਾਂ ਵਿਚ ਕਹਿੰਦੇ ਰਹੇ ਹਨ ਕਿ ਗੁਰਦਵਾਰਿਆਂ ਅਤੇ ਮੰਦਰਾਂ ਦੀ ਜ਼ਮੀਨ ਜੋ ਗ੍ਰੰਥ ਸਾਹਿਬ ਤੇ ਮੂਰਤੀ ਦੇ ਨਾਮ ਨਾਲ ਲਗੀ ਹੋਈ ਹੈ ਉਸ ਨੂੰ ਛੋਟ ਦਿਤੀ ਜਾਵੇ । Land Mortgage Act ਅਧੀਨ ਜ਼ਮੀਨ ਨੂੰ ਛੋਟ ਦਿਤੀ ਜਾਂਦੀ ਹੈ ਪਰ

[ਸਰਦਾਰ ਗੁਰਮੀਤ ਸਿਘ]

ਗੁਰਦਵਾਰਿਆਂ ਤੇ ਮੂਰਤੀ ਨਾਲ ਲਗੀ ਜ਼ਮੀਨ ਤੇ ਕੋਈ ਹੋਰ ਕਾਨੂੰਨ ਲਾਗੂ ਨਹੀਂ ਹੁੰਦਾ ਤੇ ਫਿਰ ਇਹ ਕਿਉਂ ਲਾਗੂ ਕੀਤਾ ਜਾ ਰਿਹਾ ਹੈ। ਇਨ੍ਹਾਂ charitable ਜ਼ਮੀਨਾਂ ਤੇ endowments ਨੂੰ ਇਸ ਕਾਨੂੰਨ ਦੀ application ਤੋਂ ਛੋਟ ਦੇਣੀ ਚਾਹੀਦੀ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਕਾਨੂੰਨ ਬਨਾਣ ਵੇਲੇ, procedure ਬਨਾਣ ਵਲੇ, executive order ਜਾ notification ਵੇਲੇ, ਇਨ੍ਹਾਂ ਗਲਾਂ ਨੂੰ ਧਿਆਨ ਵਿਚ ਰਖਿਆ ਜਾਵੇ।

चौधरी इन्द्र सिंह मलिक (सफीदों) : स्पीकर साहिब......

श्री बाबू दयाल शर्मा : On a point of order, Sir. क्या कोई मैम्बर एक ही बिल पर दो दफा बोल सकता है ?

Mr. Speaker : Please do not waste the time of the House.

चौधरी इन्द्र सिंह मलिक : जनाब, इस बिल पर दो दिन से बहस जारी है। इस का ताल्लुक ऐसे Revenue Minister से है जो बड़े काबिल हैं और ज़मींदारों का ध्यान रखते हैं। इस लिए जो इस में खामियां हैं उन की तरफ मैं इन का ध्यान दिलाना चाहता हूं।

Gardens बारे Pepsu Land Commission बैठाया गया और भी विचार हुआ, लाखों रुपया खर्च हुआ। उन की तरफ ध्यान देने की ज़रूरत है। बाग़ लगा दिया जाता है। पानी के लिए दरखास्त दी जाती है, Act के अन्दर इस का provision है, मगर पानी नहीं मिलता, पौदे सूख जाते हैं तो उस area को surplus area में शामिल कर लिया जाता है। यह एक खामी है जो दूर होनी चाहिए।

दूसरी बात यह कहना चाहता हूँ कि orchards के लिए तो ज़मीन surplus area में से छोड़ी जाती है मगर चरागाहों के लिए नहीं छोड़ी जाती। Orchards के लिए तो reservation कर दी गई है। चरागाहों के लिए भी दी जानी चाहिये। इस के न दिये जाने से middle classes को नुक्सान हुआ है।

फिर जनाब हमारे हां एक ढानी गांव है जहां सुरेन्द्र सिंह कैरों और S.S.P. की हज़ारों बीघे ज़मीन है। वहां पर दो साल तक Court of Wards Act लागू रहा। अब 15, 20 रोज़ से पता चला है कि सरकार ने उस ज़मीन को 900 रुपए फी एकड़ के हिसाब से खरीद लिया है। उस ज़मीन पर यह Act लागू नहीं किया गया। उस पर हज़ारों आदमी बसाये जा सकते हैं मगर इस को surplus area नहीं declare किया गया बल्कि landlord को फायदा पहुंचाया गया है। इसी तरह एक बड़ा बिसवेदार शिबिया है। उस के पास 14 हज़ार बीघे ज़मीन है। उस को भी touch नहीं किया गया हालांकि वहां गवारा ही पैदा होता है, कोई बड़ा farm भी नहीं, mechanised farm भी नहीं। उस पर यह Act लागू नहीं किया गया। वहां orchard भी नहीं, अगर ऐसे २ बड़े बिसवेदारों की ज़मीनें लेकर हरिजनों को बसाया जाता तो हज़ारों मुज़ारों को वहां पर बसाया जा सकता था। बड़े २ landlords को तो छुआ नहीं जाता मगर middle class के ज़मींदारों की एक या दो एकड़ फालतू ज़मीन भी छोड़ी नहीं जाती और उसे ही surplus area declare कर दिया

जाता है हालांकि उस पर बसना कोई पसंद नहीं करता क्योंकि उस पर किसी का गुज़ारा नहीं हो सकता । उन मिडल क्लास के ज़मींदारों के बच्चों को भी उस ज़मीन से महरूम किया जाता है यह भी खामी है, इसे दूर किया जाए ।

फिर section 4(c) है जिस में decree होने वाले cases का हवाला दिया गया है:–

"For the purposes of determining the surplus area of any person under this section any judgment, decree or order of a court or other authority, obtained after the commencement of this Act and having the effect of diminishing the area of such person which could have been declared as his surplus area shall be ignored."

मगर इस में उन bona fide मुकद्दमात का ज़िक्र नहीं है जो 1951-52 में किये गए मगर 1954-55 में उन का फैसला अदालतों से हुआ । उन casses को भी इस से मुस्तसना नहीं करार दिया गया । जो bona fide cases पहले चले मगर decree बाद में हुई, उन को भी नाजायज़ करार दिया जायगा । यह भी एक defect है। जो दूर किया जाना चाहिए ।

Mr. Speaker : Please wind up.

चौधरी इंदर सिंह मलिक : बहुत अच्छा जी । फिर यह बिल Hindu undivided Family पर लागू होगा । इस में दादा, बाप और पोता आते हैं । अगर कोई आदमी बेऔलाद मर जाए तो उस के भाई पर यह लागू नहीं होता । दूसरे भाई को इससे महरूम किया जाता है । और वह surplus area declare किया जाता है । यह भी एक खामी है ।

फिर Section 11 के तहत Collectors की judgments validate की गई हैं । जब से High Court की judgment आई है बहुत से Collectors ने उस की light में फैसले किये हैं । मगर कई Collectors ने पहले Act के मुताबिक फैसले किये हैं, इससे पेचीदगियां पैदा होती हैं, इसलिए इसको सिलैक्ट कमेटी के सुपुर्द किया जाना चाहिए । वज़ीर साहिब जो मुज़ारों के बड़े हमायती रहे हैं और इनकी पिछली speech में इस बात का सबूत मिलता है लेकिन न जाने क्यों मिनिस्टर बनने के बाद इन्होंने अपनी ज़मीर बेच दी है । इनको चाहिए था कि मिनिस्टर बनने के बाद खेती करने वालों का भला करते ।

श्री अध्यक्ष: यह ठीक नहीं है, आप यह शब्द वापस लीजिए । (This is not proper. The hon. Member should, please, withdraw these words.)

चौधरी इंदर सिंह मलिक : अगर यह लफज़ unparliamentary हैं तो मैं, स्पीकर साहिब, withdraw करता हूं ।

ਕਾਮਰੇਡ ਰਾਮ ਪਿਆਰਾ (ਕਰਨਾਲ) : ਜਿਸ ਤਰ੍ਹਾਂ ਕਿਸੇ ਸ਼ਾਇਰ ਨੇ ਕਿਹਾ ਹੈ ਕਿ "ਮਰਜ਼ ਬੜ੍ਹਤਾ ਗਿਆ ਜੂੰ ਜੂੰ ਦਵਾ ਕੀ", ਇਸੇ ਤਰ੍ਹਾਂ ਇਸ ਮੁਆਮਲੇ ਦਾ ਹਾਲ ਹੈ, ਇਹ ਦਿਨ ਬਦਿਨ ਬੜ੍ਹਦਾ ਹੀ ਜਾ ਰਿਹਾ ਹੈ ਭਾਵੇਂ ਕਿਤਨੀਆਂ ਬਿਲ ਵਿਚ ਤਰਮੀਮਾਂ ਲਿਆਈਆਂ ਜਾ ਰਹੀਆਂ ਹਨ, ਪਰ ਇਨ੍ਹਾਂ ਦਾ ਫਾਇਦਾ ਕੋਈ ਨਹੀਂ ਹੈ । ਇਸ ਵਿਚ, ਜਿਸਤਰ੍ਹਾਂ ਕਿ ਸਰਦਾਰ ਗੁਰਨਾਮ ਸਿੰਘ ਨੇ ਕਿਹਾ ਹੈ, ਬਹੁਤ ਸਾਰੀਆਂ ਕਲਾਜ਼ਾਂ ਐਸੀਆਂ ਹਨ ਜਿਨ੍ਹਾਂ ਦੇ ਮੁਤਾਲਿਕ ਵਿਚਾਰ ਕਰਨ ਦੀ ਲੋੜ ਹੈ । ਏਥੇ ਸ੍ਰੀ ਰਾਮ ਪ੍ਰਤਾਪ ਗਰਗ ਜੀ ਨੇ ਕਿਹਾ ਸੀ ਕਿ

[ਕਾਮਰੇਡ ਰਾਮ ਪਿਆਰਾ]

ਇਹ ਗਵਰਮੈਂਟ ਦੀ ਹੀ ਜ਼ਿਮੇਵਾਰੀ ਹੈ ਉਨ੍ਹਾਂ ਤੇ ਹੀ ਰਹਿਣੀ ਚਾਹੀਦੀ ਹੈ। ਮੈਂ ਅਰਜ਼ ਕਰਾਂ ਕਿ ਸਾਡਾ ਵੀ ਕੁਝ ਫਰਜ਼ ਹੈ ਕਿ ਅਸੀਂ ਸਹੀ ਸਹੀ legislation ਪਾਸ ਕਰੀਏ ਤਾਕਿ ਬਾਦ ਦੇ ਵਿਚ difficulties ਨਾ ਹੋਣ। ਅਸੀਂ ਦੇਖਦੇ ਹਾਂ ਕਿ ਅੱਗੇ ਜਿਨ੍ਹਾਂ ਨੂੰ ਜ਼ਮੀਨਾਂ ਮਿਲਣ ਦਾ ਹੱਕ ਦਿੱਤਾ ਗਿਆ ਸੀ, ਅਜ ਉਸ ਵਿਚੋਂ ਵੀ ਕਮੀ ਕੀਤੀ ਜਾ ਰਹੀ ਹੈ। ਇਸ ਕਿਸਮ ਦੀਆਂ ਹੋਰ ਵੀ ਬਹੁਤ ਸਾਰੀਆਂ ਗ਼ਲਤੀਆਂ ਹਨ ਜਿਨ੍ਹਾਂ ਤੇ ਵਿਚਾਰ ਕਰਨ ਦੀ ਲੋੜ ਹੈ। ਗ਼ਰੀਬ ਆਦਮੀਆਂ ਨੂੰ ਤਾਂ ਪਹਿਲਾਂ ਹੀ ਥੋੜੀ ਜ਼ਮੀਨ ਮਿਲੀ ਹੋਈ ਸੀ ਹੁਣ ਹੋਰ ਵੀ ਘਟ ਜਾਣੀ ਹੈ। ਫੇਰ ਜੇ ਥੋੜੇ ਥੋੜੇ ਟੁਕੜੇ ਕਰਕੇ ਜ਼ਮੀਨ ਦੇਣੀ ਹੈ ਤਾਂ ਜਿਵੇਂ ਸਰਦਾਰ ਗੁਰਨਾਮ ਸਿੰਘ ਜੀ ਨੇ ਕਿਹਾ ਹੈ ਇਨ੍ਹਾਂ ਨੂੰ Industries ਵਿਚ ਕਿਤੇ ਜਗ੍ਹਾ ਮਿਲਣੀ ਜ਼ਰੂਰੀ ਹੈ ਤਾਂ ਹੀ ਇਨ੍ਹਾਂ ਵਿਚਾਰਿਆਂ ਦਾ ਕਿਤੇ ਕੋਈ ਗੁਜ਼ਾਰਾ ਹੋ ਸਕਦਾ ਹੈ। ਇਹ ਲੋਕ ਜਗ੍ਹਾ ਜਗ੍ਹਾ ਧਕੇ ਖਾਂਦੇ ਫਿਰ ਰਹੇ ਹਨ ਨਾਂ ਇਨ੍ਹਾਂ ਨੂੰ Industry ਵਾਲੇ ਪਾਸੇ ਲਾਇਆ ਜਾ ਰਿਹਾ ਹੈ ਅਤੇ ਨਾਂ ਹੀ ਇਤਨੀਆਂ ਜ਼ਮੀਨਾਂ ਦਿੱਤੀਆਂ ਜਾ ਰਹੀਆਂ ਹਨ ਕਿ ਉਹ ਗੁਜ਼ਾਰਾ ਹੀ ਕਰ ਸਕਣ। ਉਹ ਲੋਕ ਅਨਪੜ੍ਹ ਹਨ ਅਤੇ ਅਸੀਂ ਪੜ੍ਹੇ ਲਿਖੇ ਗੱਲਾਂ ਗੱਲਾਂ ਵਿਚ ਉਨ੍ਹਾਂ ਦਾ ਘਰ ਪੂਰਾ ਕਰੀਂ ਜਾਂਦੇ ਹਾਂ ਪਰ ਸਹੀ ਮਾਨਿਆਂ ਵਿਚ ਉਨ੍ਹਾਂ ਨੂੰ ਕੁਝ ਨਹੀਂ ਦਿੱਤਾ ਜਾਂਦਾ। ਅੱਜ socialistic pattern of society ਨੂੰ ਆਪਣਾ ਰਹੇ ਹਾਂ ਪਰ ਗ਼ਰੀਬਾਂ ਲਈ ਕੋਈ ਅਮਲੀ ਕਦਮ ਨਹੀਂ ਚੁਕਿਆ ਜਾਂਦਾ। ਭਾਵੇਂ Justice should not only be done but it should appear to have been done, ਭਾਵੇਂ ਨਵੇਂ ਨਵੇਂ ਕਾਨੂੰਨ ਬਣਾਏ ਗਏ ਹਨ ਪਰ ਉਨ੍ਹਾਂ ਗਰੀਬਾਂ ਦਾ ਉਹੀ ਹਾਲ ਹੈ। ਉਨ੍ਹਾਂ ਲਈ ਤਾਂ ਉਹੀ ਪੁਰਾਣਾ ਜ਼ਮਾਨਾ ਹੈ, ਜ਼ਿਮੀਂਦਾਰਾਂ ਨਾਲ ਉਹੀ ਸਕੂਲ ਕੀਤਾ ਜਾਂਦਾ ਹੈ। ਕੋਈ ਉਨ੍ਹਾਂ ਦੇ ਹਕੂਕ ਦੀ safeguard ਨਹੀਂ ਕੀਤੀ ਜਾਂਦੀ। ਵੱਡਿਆਂ ਵੱਡਿਆਂ ਨੇ ਤਾਂ ਹਰ ਹਕੂਕ ਤੇ monoply ਕੀਤੀ ਹੋਈ ਹੈ ਗਰੀਬਾਂ ਨੂੰ ਕੋਈ ਪੁਛਦਾ ਤਕ ਨਹੀਂ। ਜਿਹੜੇ ਲੋਕ ਪਾਕਿਸਤਾਨ ਤੋਂ ਆਏ ਉਹ ਪਹਿਲਾਂ ਹੀ ਆਪਣਾ ਸਾਰਾ ਕੁਝ ਲੁਟਾ ਕੇ ਆਏ ਸੀ, ਉਨ੍ਹਾਂ ਦਾ ਮਾਲ ਮਤਾਹ ਲੁਟਿਆ ਗਿਆ ਅਤੇ ਬੇਇਜ਼ਤੀ ਹੋਈ ਅਤੇ ਜਾਨਾ ਗਵਾਈਆਂ। ਇਤਨਾ ਹੋਣ ਦੇ ਬਾਵਜੂਦ ਵੀ ਉਹ ਇਸ ਮੁਲਕ ਵਿਚ ਆਪਣੇ ਆਪ ਨੂੰ exist ਕਰਨਾ ਆਪਣਾ ਹਕ ਸਮਝਦੇ ਹਨ। ਪਰ ਉਨ੍ਹਾਂ ਦੀ dignity ਦੇ ਇਹ ਚੀਜ਼ ਖਿਲਾਫ ਹੈ ਕਿ ਉਨ੍ਹਾਂ ਨੂੰ ਮਹਿਜ਼ ਦੋ ਦੋ ਏਕੜ ਜ਼ਮੀਨ ਦਿੱਤੀ ਜਾਵੇ। ਇਸ ਨਾਲ ਕਿਵੇਂ ਉਹ ਆਪਣਾ ਅਤੇ ਆਪਣੇ ਬਾਲ ਬੱਚੇ ਦਾ ਗੁਜ਼ਾਰਾ ਕਰ ਸਕਦੇ ਹਨ। ਬਾਕੀ ਮੈਂ ਇਸ ਲਈ ਵੀ ਗੌਰਮੈਂਟ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਮਾਲਕਾਂ ਦੇ ਹਕੂਕ ਦੀ ਹਿਫਾਜ਼ਤ ਵਾਸਤੇ ਇਹ rule ਬਣਾ ਦਿੱਤਾ ਹੈ, ਅਗੇ ਇਹ rule ਨਹੀਂ ਸੀ ਕਿ cases ਹਾਈਕੋਰਟ ਨੂੰ refer ਕਰਨੇ ਪੈਂਦੇ ਸੀ।

ਸਰਦਾਰ ਸ਼ਮਸ਼ੇਰ ਸਿੰਘ (ਲੁਧਿਆਣਾ ਦਖੱਣ) : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਇਸ ਤਰ੍ਹਾਂ ਦਾ ਪਹਿਲਾਂ ਵੀ ਇਕ ਬਿਲ ਪਾਸ ਕਰਵਾਇਆ ਗਿਆ ਸੀ, ਉਸ ਵੇਲੇ ਵੀ ਮੈਂ ਅਸੈਂਬਲੀ ਦਾ ਮੈਂਬਰ ਸੀ। ਅੱਜ ਫੇਰ Leader of the House ਨੇ ਇਕ Amending Bill ਲੈ ਆਂਦਾ ਹੈ। ਮੇਰੀ ਅਰਜ਼ ਇਹ ਹੈ ਕਿ ਸਾਨੂੰ ਇਕ ਦਫਾ ਹੀ ਸਾਰੇ ਮਸਲੇ ਤੇ ਵਿਚਾਰ ਕਰਕੇ once for all ਇਹ ਜਿਹੜੀਆਂ ਤਰਮੀਮਾਂ ਹਨ ਖਤਮ ਕਰ ਦੇਣੀਆਂ ਚਾਹੀਦੀ-ਆਂ ਹਨ। ਅਸੀਂ socialistic pattern ਨੂੰ ਅਪਣਾਇਆ ਹੈ ਅਤੇ ਹੋਰ ਵੀ ਬੜੀਆਂ ਬੜੀਆਂ Reforms ਦੀਆਂ schemes ਚਾਲੂ ਕੀਤੀਆਂ ਹਨ ਪਰ ਨਤੀਜਾ ਇਹੋ ਨਿਕਲਿਆ ਹੈ ਕਿ ਇਸ ਦਾ ਆਮ ਆਦਮੀ ਨੂੰ ਕੋਈ ਫਾਇਦਾ ਨਹੀਂ ਪਹੁੰਚਿਆ। ਜਿਹੜੇ ਕਾਮੇ ਹਨ, ਮਜ਼ਦੂਰ ਹਨ, ਚਾਹੀਦਾ ਇਹ ਹੈ ਕਿ ਉਨ੍ਹਾਂ ਨੂੰ uplift ਕਰਨ ਦੀ ਕੋਸ਼ਸ਼ ਕੀਤੀ ਜਾਵੇ, ਅਸੀਂ ਤਾਂ ਇਸ ਚੀਜ਼ਾਂ ਦੇ ਹਾਮੀ ਹਾਂ। ਸਾਡੀ ਸਰਕਾਰ ਇਸ ਮੁਲਕ ਨੂੰ ਉੱਚਾ ਚੁਕਣ ਦੇ ਬਹਾਨੇ ਇਕ

ਸਿਆਸੀ ਇੰਤਕਾਮ ਵੱਲ ਜਾ ਰਹੀ ਹੈ ਪਰ ਜਿਸ ਰਫਤਾਰ ਨਾਲ ਸਾਨੂੰ ਅੱਗੇ ਵਧਨਾ ਚਾਹੀਦਾ ਸੀ ਅਸੀਂ ਇਸ ਵਿਚ ਕਾਮਿਆਬ ਨਹੀਂ ਹੋਏ ਹਾਂ। ਅਸੀਂ ਦੇਖਦੇ ਹਾਂ ਕਿ ਜੋ ਕਾਇਦੇ ਕਾਨੂੰਨ ਬਣਾਏ ਜਾ ਰਹੇ ਹਨ ਉਨ੍ਹਾਂ ਦਾ ਇਕ ਆਮ ਆਦਮੀ ਨੂੰ ਕੋਈ ਫਾਇਦਾ ਨਹੀਂ ਪਹੁੰਚਿਆ ਇਹ ਲੋਕ ਸਾਰੇ ਘਬਰਾਹਟ ਵਿਚ ਹਨ। ਇਕ ਪਾਸੇ ਤਾਂ ਇਹ ਕਿਹਾ ਜਾਂਦਾ ਹੈ ਜਿਹੜੇ ਵੱਡੇ ਵੱਡੇ ਜ਼ਿਮੀਂਦਾਰ ਹਨ ਉਨ੍ਹਾਂ ਨੂੰ ਖਤਮ ਕਰਨਾ ਹੈ। ਉਨ੍ਹਾਂ ਦੀਆਂ ਜ਼ਮੀਨਾਂ ਦੇ ਸਰਕਾਰ Economical Holdings ਦੇ basis ਤੇ ਟੁਕੜੇ ਟੁਕੜੇ ਕਰਨਾ ਚਾਹੁੰਦੀ ਹੈ। ਦੂਸਰੇ ਪਾਸੇ ਇਹ ਕਹਿੰਦੇ ਹਨ ਕਿ ਅਸੀਂ co-operative farming ਕਰਨੀ ਹੈ। ਏਧਰ 2, 2 ਏਕੜ ਜ਼ਮੀਨ ਤੱਕ distribution ਕਰਨ ਲਈ ਵੀ ਸਰਕਾਰ ਤਿਆਰ ਹੈ। ਮੈਂ ਅਰਜ਼ ਕਰਾਂਗਾ ਕਿ ਇਸ ਤਰ੍ਹਾਂ ਮੁਲਕ ਦੀ ਪੈਦਾਵਾਰ ਨੂੰ ਬੜਾ ਹੀ ਨੁਕਸਾਨ ਪਹੁੰਚੇਗਾ, ਇਸ ਦਾ ਫਾਇਦਾ ਕਿਸੇ ਨੂੰ ਨਹੀਂ ਹੋਣਾ। ਸੂਬੇ ਵਿਚ ਜਿਹੜੀਆਂ Co-operative Farming Societies ਬਣਾਈਆਂ ਹੋਈਆਂ ਹਨ ਉਹ ਮਿਹਜ਼ grants ਲੈਣ ਵਾਸਤੇ ਹੀ ਬਣਾਈਆਂ ਹੋਈਆਂ ਹਨ। ਮੈਨੂੰ ਇਸ ਗੱਲ ਦਾ ਪਤਾ ਹੈ ਕਿ ਬਹੁਤ ਥਾਵਾਂ ਤੇ ਇਸ ਸਿਕਮ ਦੀਆਂ ਸੋਸਾਇਟੀਆਂ ਬਣੀਆਂ ਹੋਈਆਂ ਹਨ ਜਿਥੇ ਕਿ ਉਨ੍ਹਾਂ ਨੇ ਇਕ member ਦੀ ਜ਼ਮੀਨ ਦੀਆਂ ਹੀ Co-operative Farming Societies ਬਣਾਈਆਂ ਹੋਈਆਂ ਹਨ। ਇਕੋ ਆਦਮੀ ਹੁੰਦਾ ਹੈ ਅਤੇ ਬਾਕੀ ਦੇ ਸਾਰੇ family members ਦਰਜ ਕੀਤੇ ਹੋਏ ਹੁੰਦੇ ਹਨ। ਇਸ ਲਈ ਮੈਂ ਇਹ ਅਰਜ਼ ਕਰਾਂਗਾ ਕਿ ਸਰਕਾਰ ਨੂੰ ਇਸ ਪਾਸੇ ਨਹੀਂ ਸੋਚਣਾ ਚਾਹੀਦਾ ਕਿ ਮੁਖਾਲਫਾਂ ਤੋਂ ਸਿਆਸੀ ਇੰਤਕਾਮ ਲੈਣਾ ਹੈ। ਇਸ ਕਿਸਮ ਦੀਆਂ ਹੇਰਾ ਫੇਰੀਆਂ ਨੂੰ ਜਲਦੀ ਤੋਂ ਜਲਦੀ ਖਤਮ ਕੀਤਾ ਜਾਵੇ। ਇਕ ਪਾਸੇ ਤਾਂ ਲੋਕਾਂ ਤੇ ਟੈਕਸ ਲਗਾਏ ਜਾਂਦੇ ਹਨ ਅਤੇ ਇਹ ਕਹਿਕੇ ਕਿ ਗਰੀਬਾਂ ਨੂੰ ਫਾਇਦਾ ਪਹੁੰਚਾਉਣਾ ਹੈ ਪਰ ਦੂਸਰੇ ਪਾਸੇ ਇਹ ਪੈਸਾ ਅਪਿਣੇ ਲੋਕਾਂ ਵਿਚ ਹੀ ਕਿਸੇ ਨਾ ਕਿਸੇ ਤਰੀਕੇ ਰਾਹੀਂ ਵੰਡਿਆ ਜਾਂਦਾ ਹੈ। ਇਹ ਪੈਸਾ ਉਨ੍ਹਾਂ ਵਿਚ ਹੀ ਵੰਡਿਆ ਜਾਂਦਾ ਹੈ ਜਿਹੜੇ ਇਨ੍ਹਾਂ ਦੇ ਆਪਣੇ ਲੋਕ ਹਨ ਕਿਉਂਕਿ ਉਨ੍ਹਾਂ ਤੋਂ ਪੈਸੇ ਲੈਕੇ ਇਨ੍ਹਾਂ ਨੇ ਤਾਂ elections ਲੜਨੀਆਂ ਹੁੰਦੀਆਂ ਹਨ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਸ ਸਿਲਸਿਲੇ ਵਿਚ ਵੀ ਕਿਸੇ ਨੂੰ relief ਦੇਣਾ ਹੁੰਦਾ ਹੈ ਉਸ ਦੇ ਵਾਸਤੇ ਕਿਸੇ ਖਾਸ ਦੀ ਰਿਆਇਤ ਕੀਤੀ ਜਾਂਦੀ ਹੈ ਅਤੇ ਕਿਸੇ ਨੂੰ ਬਿਲਕੁਲ ਹੀ ignore ਕਰ ਦਿੱਤਾ ਜਾਂਦਾ ਹੈ। ਮੈਂ ਅਰਜ਼ ਕਰਾਂ relief ਵਾਸਤੇ ਰਕਮ ਮੁਕਰਰ ਹੋਣੀ ਚਾਹੀਦੀ ਹੈ, ਇਸ ਲਈ ਕੋਈ fixed policy ਇਖਤਿਆਰ ਕਰਨੀ ਚਾਹੀਦੀ ਹੈ। ਹਰ ਇਕ ਲਈ ਇਕ ਚੀਜ਼ ਹੋਣੀ ਚਾਹੀਦੀ ਹੈ। ਇਹ ਨਹੀਂ ਕਿ ਵੱਡੇ ਵੱਡੇ ਅਤੇ ਜੋ ਬਲੇਕ ਕਰਕੇ ਹਨ, income tax ਛਪਾਉਂਦੇ ਹਨ ਅਤੇ ਬੇਸ਼ੁਮਾਰ ਬਲੈਕ ਦੇ ਪੈਸੇ ਦੇ ਮਾਲਕ ਹਨ ਬਚਾ ਦਿੱਤੇ ਜਾਣ ਅਤੇ ਸਾਰਾ ਬੋਝ ਹੀ ਗ਼ਰੀਬਾਂ ਤੇ ਪਾ ਦਿਤਾ ਜਾਵੇ। ਜੇ ਹਥ ਪਾਇਆ ਜਾਵੇ ਤਾਂ ਉਨ੍ਹਾਂ ਤੇ ਪਾਇਆ ਜਾਵੇ ਜਿਹੜੇ ਕੁਝ ਦੇ ਸਕਦੇ ਹਨ ਅਤੇ ਇਸ ਤਰ੍ਹਾਂ ਹੀ ਸਾਡਾ ਸਿਆਸੀ ਇਨਤਕਾਮ ਪੂਰਾ ਹੁੰਦਾ ਹੈ। ਜੇ ਆਮ ਲੋਕਾਂ ਦਾ standard of living ਉਚਾ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਕੋਲੋਂ ਜ਼ਮੀਨਾਂ ਖੋਣੀਆਂ ਚਾਹੀਦੀਆਂ ਹਨ ਜਿਹੜੇ ਵੱਡੇ ਵੱਡੇ landlords ਹਨ, ਸਰਮਾਇਦਾਰ ਹਨ। ਕਿਉਂ ਜੋ ਉਨ੍ਹਾਂ ਦਾ standard of living ਤਾਂ ਬਣਿਆ ਹੋਇਆ ਹੁੰਦਾ ਹੈ। ਜਿਨ੍ਹਾਂ ਲੋਕਾਂ ਦੇ ਕੋਲੋਂ ਜ਼ਮੀਨ ਖੋਹਣੀ ਹੈ ਉਨ੍ਹਾਂ ਦੀ ਜ਼ਿੰਦਗੀ ਦਾ ਇਕ standard ਬਣਿਆ ਹੋਇਆ ਹੁੰਦਾ ਹੈ। ਜੇ ਸਰਕਾਰ ਦੇ ਇਰਾਦੇ

1 P. M.

ਸਾਫ ਹਨ, ਜੇ ਸਰਕਾਰ ਚਾਹੁੰਦੀ ਹੈ ਕਿ ਉਨ੍ਹਾਂ ਨੂੰ ਵੀ standard ਤੋਂ ਥੱਲੇ ਨਹੀਂ ਗਿਰਨ ਦੇਣਾ ਤਾਂ ਉਨ੍ਹਾਂ ਨੂੰ Industry ਵਲ ਲਿਆਵੇ ਅਤੇ ਬਿਜਲੀ ਵਗੈਰਾਂ ਦੇਣ ਵਿਚ ਉਨ੍ਹਾਂ ਨੂੰ preference ਦਿੱਤੀ ਜਾਵੇ। ਪਰ ਅਸੀਂ

[ਸਰਦਾਰ ਸ਼ਮਸ਼ੇਰ ਸਿੰਘ]

ਦੇਖਿਆ ਹੈ ਕਿ ਏਥੋਂ ਤਕ ਤਾਂ ਸਰਕਾਰ ਦੀ ਨਜ਼ਰ ਜਾਂਦੀ ਹੀ ਨਹੀਂ। ਇਹ ਹਮੇਸ਼ਾ ਤੰਗ ਨਜ਼ਰੀਏ ਦੇ ਨਾਲ ਸੋਚਦੀ ਹੈ। ਇਸ ਦੀ ਪਾਲੀਸੀ ਦੇ ਨਤੀਜੇ ਦੇ ਕਾਰਨ ਅਜ ਅਸੀਂ ਦੇਖਿਆ ਹੈ ਕਿ ਚੰਗੇ ਚੰਗੇ ਲੋਕ ਫੀਮ ਦੀ smuggling ਜਾਂ ਇਸ ਤਰ੍ਹਾਂ ਦੀਆਂ ਹੋਰ ਮਾੜੀਆਂ ਗੱਲਾਂ ਕਰ ਰਹੇ ਹਨ। ਕੋਈ ਇਹ ਨਹੀਂ ਦੇਖਦਾ ਕਿ ਫਲਾਣੇ ਆਦਮੀ ਦਾ ਜ਼ਰੀਆ ਰੁਪਿਆ ਇਕਠਾ ਕਰਨ ਦਾ ਕੀ ਹੈ। ਹੁਣ ਤਾਂ ਜਿਸ ਦੇ ਕੋਲ ਬਹੁਤਾ ਰੁਪਿਆ ਹੋਵੇ ਉਸ ਦੀ ਇਜ਼ਤ ਹੁੰਦੀ ਹੈ ਚਾਹੇ ਉਹ ਕਿਤਨੇ ਬੁਰੇ ਕੰਮ ਕਿਉਂ ਨਾ ਕਰਦਾ ਹੋਵੇ। ਇਹ ਜਿਹੜਾ ਸਰਕਾਰ ਕਾਨੂੰਨ ਬਣਾ ਰਹੀ ਹੈ ਇਸ ਦੇ ਨਾਲ ਲੋਕਾਂ ਨੂੰ ਤੰਗੀ ਆਵੇਗੀ ਔਰ ਉਸ ਦਾ ਨਤੀਜਾ ਇਹ ਹੋਵੇਗਾ ਕਿ ਲੋਕ ਮਜਬੂਰ ਹੋ ਕੇ smuggler ਬਣਨਗੇ ਜਾਂ ਰੁਪਿਆ ਕਮਾਉਣ ਲਈ ਹੋਰ ਇਸ ਕਿਸਮ ਦੇ ਮਾੜੇ ਕੰਮ ਕਰਨਗੇ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਨ੍ਹਾਂ ਸੇਧਾਂ ਤੇ ਨਹੀਂ ਚਲਣਾ ਚਾਹੀਦਾ ਅਤੇ ਇਸ ਤਰ੍ਹਾਂ ਦੇ ਕਾਨੂੰਨ ਬਣਾ ਕੇ ਸਮਾਜ ਦੀ ਹਾਲਤ ਨੂੰ ਖਰਾਬ ਨਹੀਂ ਕਰਨਾ ਚਾਹੀਦਾ। ਜੇ ਇਹ ਵਾਕਈ socialistic patten ਲਿਆਉਣਾ ਚਾਹੁੰਦੇ ਹਨ ਤਾਂ ਆਮ ਮੁਲਕ ਲਈ ਲਿਆਉਣ ਅਸੀਂ ਇਨ੍ਹਾਂ ਦੀ ਤਨ ਮਨ ਦੇ ਨਾਲ ਮਦਦ ਕਰਾਂਗੇ ਅਤੇ ਇਨ੍ਹਾਂ ਦੇ ਧਨਵਾਦੀ ਹੋਵਾਂਗੇ।

ਖੇਤੀ ਕਰਨ ਵਾਲੇ ਲੋਕਾਂ ਦੇ ਸਿਰ ਦੇ ਉਤੇ ਸਾਡੀ ਸਰਕਾਰ ਨੇ ਜ਼ਮੀਨ ਨੂੰ ਹਿੰਦੂ ਵਰਾਸਤ ਐਕਟ ਦੀ ਜ਼ਦ ਵਿਚ ਲਿਆ ਕੇ ਇਕ ਤਲਵਾਰ ਲਟਕਾ ਦਿਤੀ ਹੈ। ਤਕਰੀਬਨ ਹਰ ਏਕ ਸੈਸ਼ਨ ਵਿਚ Land Revenue Act ਦੇ ਸ਼ਕੰਜੇ ਨੂੰ ਹੋਰ ਤੰਗ ਕਰਨ ਵਾਸਤੇ amendments ਲਿਆਂਦੀਆਂ ਜਾਂਦੀਆਂ ਹਨ। ਖੇਤੀ ਕਰਨ ਵਾਲੇ ਲੋਕਾਂ ਦੇ ਮਨਾਂ ਦੇ ਉਤੇ ਹਰ ਵਕਤ ਖੌਫ ਰਹਿੰਦਾ ਹੈ ਕਿ ਪਤਾ ਨਹੀਂ ਕਦ ਸਰਕਾਰ ਇਸ ਪੇਸ਼ੇ ਨੂੰ ਹੋਰ ਸੱਟ ਮਾਰੇ। ਇਸ ਚੀਜ਼ ਦਾ ਅਸਰ ਪੈਦਾਵਾਰ ਨੂੰ ਹੋਰ ਘਟ ਕਰ ਦੇਵੇਗਾ। ਜਿਹੜੇ ਕਾਨੂੰਨ ਕਿਸਾਨ ਦੇ ਉਦਾਲੇ ਸ਼ਕੰਜਾ ਕਸੀ ਰਖਦੇ ਹਨ ਉਨ੍ਹਾਂ ਨੂੰ ਬਹੁਤ ਤੰਗ ਕੀਤਾ ਜਾ ਰਿਹਾ ਹੈ। ਸਹੂਲਤਾਂ ਦੇਣ ਤੋਂ ਅੱਖਾਂ ਬੰਦ ਕੀਤੀਆਂ ਹੋਈਆਂ ਹਨ ਮਸਲਨ Canal Act ਵਿਚ ਤਰਮੀਮ ਕਰਨ ਦੀ ਲੋੜ ਹੈ ਪਰ ਸਰਕਾਰ ਦਾ ਇਸ ਵਲ ਧਿਆਨ ਨਹੀਂ ਜਾਂਦਾ। ਸਾਡੀ ਸਰਕਾਰ ਸਿਆਸੀ ਇੰਤਕਾਮ ਲੈਣ ਦਾ ਕੀਨਾ ਛੱਡ ਕੇ ਆਮ ਲੋਕਾਂ ਦੀ ਭਲਾਈ ਵਾਸਤੇ ਸੋਚੇ। ਸਪੀਕਰ ਸਾਹਿਬ ਮੈਂ ਨਵੀਆਂ amendments ਦੀ ਵਿਰੋਧਤਾ ਕਰਦਾ ਹਾਂ ਕਿਉਂਕਿ ਇਹ ਕਿਸਾਨ ਦੇ ਉਲਟ ਜਾਂਦੀਆਂ ਹਨ।

ਬਾਬੂ ਅਜੀਤ ਕੁਮਾਰ (ਸਿਧਵਾਂ ਬੇਟ S.C.) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਹੋ ਰਿਹਾ ਹੈ ਇਹ ਦਸਵੀਂ ਵਾਰੀ ਆ ਰਿਹਾ ਹੈ। ਇਹ ਤਾਂ ਉਸ ਤਰ੍ਹਾਂ ਹੋ ਰਿਹਾ ਹੈ ਜਿਵੇਂ ਕਿਸੇ ਕੋਠੇ ਦੀਆਂ ਕੰਧਾਂ ਡਿਗਣ ਵਾਲੀਆਂ ਹੋਣ ਅਤੇ ਉਸ ਨੂੰ ਥਾਂ ਥਾਂ ਤੇ ਗਾਰਾ ਲਾ ਕੇ ਖੜਾ ਰਖਣ ਦੀ ਕੋਸ਼ਸ਼ ਕੀਤੀ ਜਾਂਦੀ ਹੋਵੇ। ਪੰਜਾਬ ਸਰਕਾਰ ਦਾ ਠੀਕ ਇਸੇ ਤਰ੍ਹਾਂ ਦਾ ਹਾਲ ਹੈ। ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਇਹ ਮੈਂ ਸਮਝਦਾ ਹਾਂ ਕਿ ਦੋਧਾਰੀ ਤਲਵਾਰ ਹੈ। ਇਕ ਪਾਸੇ ਤਾਂ ਇਹ ਜ਼ਿਮੀਂਦਾਰਾਂ ਦਾ ਗਲ ਕਟਦੀ ਹੈ ਅਤੇ ਦੂਸਰਾ ਜਿਹੜਾ ਇਸ ਦਾ ਮਿੱਠਾ ਪਾਸਾ ਹੈ ਉਸ ਦੇ ਨਾਲ ਮੁਜ਼ਾਰਿਆਂ ਦਾ ਗਲ ਕਟਦੀ ਹੈ। ਇਨ੍ਹਾਂ ਦੋਹਾਂ ਦਾ ਜਿਹੜਾ ਖੂਨ ਡਿਗਦਾ ਹੈ ਉਹ ਪਤਾ ਨਹੀਂ ਦਰਮਿਆਨ ਦੇ ਵਿਚੋਂ ਕੌਣ ਪੀਂਦਾ ਜਾ ਰਿਹਾ ਹੈ। ਜਿਹੜੀ ਜ਼ਮੀਨ surplus ਹੈ ਉਹ ਨਾ ਮੁਜ਼ਾਰਿਆਂ ਦੇ ਪੱਲੇ ਪੈਂਦੀ ਹੈ ਅਤੇ ਨਾ ਹੀ ਮਾਲਕਾਂ ਦੇ ਕੋਲ ਰਹਿਣ ਦਿੱਤੀ ਜਾਂਦੀ ਹੈ। ਇਸ ਸਰਕਾਰ ਨੇ ਬੜੀਆਂ ਬੜੀਆਂ Co-operative societies ਬਣਾਈਆਂ ਹਨ ਅਤੇ ਜਿੱਥੇ ਜਿੱਥੇ ਇਨ੍ਹਾਂ ਵਜ਼ੀਰਾਂ ਦਾ ਬੀ ਖਿਲਰਿਆ ਹੈ ਉਥੇ ਉਥੇ ਹੀ ਇਨ੍ਹਾਂ ਨੇ ਇਸ ਤਰ੍ਹਾਂ ਦੀਆਂ societies ਬਣਾ ਕੇ ਆਪਣੇ ਨਜ਼ਦੀਕੀ ਆਦਮੀਆਂ ਨੂੰ ਲੱਖਾਂ ਰੁਪਏ ਖਟਾਏ ਹਨ। ਕਿਤੇ ਕਿਤੇ ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਹਰੀਜਨਾਂ ਨੂੰ ਵੀ ਮੈਂਬਰ

ਬਣਾ ਲਿਆ ਹੈ ਲੇਕਿਨ ਕੰਮ ਉਨ੍ਹਾਂ ਦੇ ਕੋਲੋਂ ਉਹੋ ਡੰਗਰ ਵੱਛਾ ਬਨ੍ਹਾਉਣ ਦਾ ਹੀ ਲੈਂਦੇ ਹਨ। ਉਨ੍ਹਾਂ ਨੂੰ ਦਿੰਦੇ ਲੈਂਦੇ ਕੁਝ ਨਹੀਂ। ਮੈਂ ਕਹਿੰਦਾ ਹਾਂ ਕਿ ਜੇਕਰ ਇਹ ਕਾਂਗਰਸ ਗੌਰਮੈਂਟ ਈਮਾਨਦਾਰ ਹੁੰਦੀ ਤਾਂ ਪੰਜਾਬ ਦੇ ਵਿਚ ਇਨ੍ਹਾਂ ਦਾ ਜਿਹੜਾ ਚੋਣਾ ਦੇ ਵਿਚ ਬੁਰਾ ਹਾਲ ਹੋਇਆ ਸੀ ਉਹ ਨਾ ਹੁੰਦਾ। ਇਸ ਦਾ ਸਬੂਤ ਇਸ ਏ ਗਲ ਤੋਂ ਮਿਲਦਾ ਹੈ ਕਿ ਮੈਨੂੰ ਦੋ ਧੜਿਆਂ ਦੇ ਲੋਕਾਂ ਨੇ 25 ਹਜ਼ਾਰ votes ਵਧ ਦਿੱਤੀਆਂ ਹਨ ਅਤੇ ਦੂਸਰੇ ਪਾਸੇ ਦਾ ਤੁਹਾਨੂੰ ਪਤਾ ਹੀ ਹੈ ਜੋ ਘਰ ਘਰ ਦੇ ਵਿਚ ਗੱਲਾਂ ਹੋ ਰਹੀਆਂ ਹਨ। ਸਪੀਕਰ ਸਾਹਿਬ, elections ਦੇ ਦਿਨਾਂ ਵਿਚ ਜਿਹੜੇ ਸਰਕਾਰ ਦੇ ਪੱਖੀ ਲੋਕ ਸਨ ਉਹ ਪਿੰਡਾਂ ਦੇ ਵਿਚ ਜਾ ਜਾ ਕੇ ਹਰੀਜਨਾਂ ਨੂੰ ਇਹ ਕਹਿੰਦੇ ਰਹੇ ਕਿ ਅਸੀਂ ਤੁਹਾਨੂੰ ਹੁਣੇ ਹੀ ਜ਼ਮੀਨ ਦੇ ਦੇਣੀ ਹੈ ਤੁਸੀਂ ਕਾਂਗਰਸ ਨੂੰ ਵੋਟਾਂ ਪਾਉ। ਲੇਕਿਨ ਹੁਣ ਜਿਹੜਾ ਬਿਲ ਲਿਆਂਦਾ ਹੈ ਉਸ ਦੇ ਨਾਲ ਮੁਜ਼ਾਰਿਆਂ ਦੀ ਮਾਲਕਾਂ ਦੇ ਨਾਲ ਲੜਾਈ ਕਰਵਾ ਕੇ ਉਨ੍ਹਾਂ ਨੂੰ ਸਵਾਏ ਕੈਦ ਕਰਨ ਦੇ ਹੋਰ ਕੁਝ ਨਹੀਂ ਮਿਲਣਾ। ਜੇ ਇਹ socialistic pattern ਲਿਆਉਣਾ ਚਾਹੁੰਦੀ ਹੈ ਤਾਂ ਇਹ ਈਮਾਨਦਾਰੀ ਦਾ ਸਬੂਤ ਦੇਵੇ ਅਤੇ ਜਿਹੜੇ ਵਡੇ ਵਡੇ ਅਨੇਕਾਂ ਸਿਨਮੇ ਬਣਾ ਕੇ ਬੈਠੇ ਹੋਏ ਹਨ ਉਨ੍ਹਾਂ ਨੂੰ nationalise ਕਰੇ ਅਤੇ ਗਰੀਬਾਂ ਦੀ ਮਦਦ ਕਰੇ। ਪੰਜ ਸਾਲਾ ਪਲਾਨ ਦੇ ਵਿਚ ਇਹ ਆਂਕੜੇ ਦਿੱਤੇ ਹੋਏ ਹਨ ਕਿ ਪੰਜਾਬ ਦੇ ਵਿਚ 83.9 ਫੀ ਸਦੀ ਜ਼ਿਮੀਂਦਾਰ ਐਸੇ ਹਨ ਜਿਨ੍ਹਾਂ ਦੇ ਕੋਲ 10 standard acre ਤੋਂ ਘਟ ਜ਼ਮੀਨ ਹੈ। ਮੈਂ ਕਹਿੰਦਾ ਹਾਂ ਕਿ ਜੇ ਸਰਕਾਰ ਈਮਾਨਦਾਰੀ ਦੇ ਨਾਲ ਚਾਹੁੰਦੀ ਹੈ ਕਿ ਪੰਜਾਬ ਦੇ ਵਿਚ ਕੋਈ Landlord ਅਤੇ Landless ਦਾ ਹੋਵੇ ਤਾਂ ਇਹ Centre ਵਿਚ ਜਾ ਕੇ Constitution ਦੇ ਵਿਚ ਤਰਮੀਮ ਕਰਵਾਉਣ ਕਿ ਸਾਰੀ ਜ਼ਮੀਨ ਨੂੰ nationalise ਕਰ ਲਿਆ ਜਾਵੇਗਾ ਅਤੇ ਸਭ ਨੂੰ ਰੋਟੀ, ਕਪੜਾ, ਮਕਾਨ ਅਤੇ ਬਚਿਆਂ ਦੀ ਤਾਲੀਮ ਦਾ ਮੁਫਤ ਪ੍ਰਬਧ ਕੀਤਾ ਜਾਵੇਗਾ। ਜਿਨਾਂ ਚਿਰ ਤਕ ਜ਼ਮੀਨ ਅਤੇ Industry nationalise ਨਹੀਂ ਕੀਤੀ ਜਾਂਦੀ ਅਤੇ ਲੋਕਾਂ ਨੂੰ ਰੋਟੀ ਕਪੜਾ ਅਤੇ ਮਕਾਨ ਦੇਣ ਦੀ ਜ਼ਿਮੇਵਾਰੀ ਸਰਕਾਰ ਆਪਣੇ ਸਿਰ ਤੇ ਨਹੀਂ ਲੈਂਦੀ ਉਤਨਾ ਚਿਰ ਤਕ ਸੂਬੇ ਦਾ ਭਲਾ ਨਹੀਂ ਹੋ ਸਕਦਾ। ਬੈਂਕਾਂ ਦੇ ਵਿਚ ਜਿਹੜਾ ਕਰੋੜਾਂ ਰੁਪਿਆ ਵਡੇ ਵਡੇ ਲੋਕਾਂ ਦਾ ਪਿਆ ਹੋਇਆ ਹੈ ਉਸ ਨੂੰ ਵੀ ਲੈਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਮਗਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਪਾਸੇ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਵਜ਼ੀਰ ਸਾਹਿਬ ਨੇ ਇਸ ਬਿਲ ਦੇ ਵਿਚ ਇਤਨੀਆਂ ਤਰਮੀਮਾਂ ਲਿਆਂਦੀਆਂ ਹਨ ਜਿਸ ਦਾ ਹਦ ਹਿਸਾਬ ਨਹੀਂ ਲੇਕਿਨ ਉਨ੍ਹਾਂ ਦਾ ਫਾਇਦਾ ਕੋਈ ਨਹੀਂ ਹੁੰਦਾ। ਬਾਹਿਰ ਲੋਕ ਇਹ ਕਹਿੰਦੇ ਹਨ ਕਿ ਜਾਂ ਤਾਂ ਏਸ ਮਹਿਕਮੇ ਦੇ ਜਿਹੜੇ ਅਫਸਰ ਹਨ ਜਿਨ੍ਹਾਂ ਨੇ ਇਸ ਕਾਨੂੰਨ ਨੂੰ implement ਕਰਨਾ ਹੈ ਉਹ ਜਾਣ ਬੁਝ ਕੇ ਇਸ ਨੂੰ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਨਹੀਂ ਕਰਦੇ ਤੇ ਜਾਂ ਸਰਕਾਰ ਖੁਦ ਨਹੀਂ ਕਰਵਾਉਂਦੀ। ਇਨ੍ਹਾਂ ਨੇ ਇਹ ਟਰਕਾਉ ਪਾਲੀਸੀ ਬਣਾਈ ਹੋਈ ਹੈ ਕਿ ਪਹਿਲਾਂ ਇਕ ਚੀਜ਼ ਲੈ ਆਉ ਔਰ ਫੇਰ ਦੂਸਰੀ ਚੀਜ਼ ਲੈ ਆਉ। ਸਾਡੇ ਵਜ਼ੀਰ ਸਾਹਿਬ ਨੇ ਦਸਿਆ ਸੀ ਕਿ ਪੰਜਾਬ ਵਿਚ 8,775 ਮੁਜ਼ਾਰਿਆਂ ਨੂੰ ਅਤੇ ਪੈਪਸੂ ਦੇ ਇਲਾਕੇ ਵਿਚ 4,105 ਮੁਜ਼ਾਰਿਆਂ ਨੂੰ ਜ਼ਮੀਨ ਦਿੱਤੀ ਗਈ ਹੈ। ਬੜਾ ਮਾਹਰਕਾ ਮਾਰਿਆ ਹੈ ਇਨ੍ਹਾਂ ਨੇ ਕਾਨੂੰਨ ਲਿਆ ਕੇ। ਮੈਂ ਕਹਿੰਦਾ ਹਾਂ ਕਿ ਇਹ ਤਾਂ ਉਹ ਗੱਲ ਹੈ ਖੋਦਿਆ ਪਹਾੜ ਤੇ ਨਿਕਲਿਆ ਚੂਹਾ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੇ ਪੈਦਾਵਾਰ ਵਧਾਉਣ ਦਾ ਖਿਆਲ ਹੈ ਤਾਂ ਉਹ ਛੋਟੇ ਛੋਟੇ ਜ਼ਮੀਨ ਦੇ ਟੁਕੜੇ ਕਰਕੇ ਨਹੀਂ ਵਧ ਸਕਦੀ। ਸਰਕਾਰ ਨੂੰ ਜ਼ਮੀਨ ਤੇ ਬਹੁਤਾ ਭਾਰ ਪਾਉਣ ਦੀ ਬਜਾਏ ਇਹ ਚਾਹੀਦਾ ਹੈ ਕਿ ਜਿੱਥੇ ਉਹ ਸ਼ਹਿਰਾਂ ਦੇ ਵਿਚ Industrial Estate ਬਣਾਉਂਦੀ ਹੈ ਉਥੇ ਪਿੰਡਾਂ ਵਿਚ ਵੀ ਅਜਿਹੀਆਂ Industrial Estates ਬਣਾਵੇ ਤਾਕਿ ਪਿੰਡਾਂ ਦੇ ਲੋਕਾਂ ਨੂੰ ਰੋਜ਼ਗਾਰ ਮਿਲੇ ਅਤੇ ਉਨ੍ਹਾਂ ਦੀ ਤਰੱਕੀ ਹੋਵੇ। ਜਿਹੜੀ ਇਨ੍ਹਾਂ ਦੇ ਦਿਮਾਗ ਦੇ ਵਿਚ ਇਹ ਗੱਲ ਹੈ ਕਿ ਜਿਸ ਆਦਮੀ ਦੇ ਕੋਲ ਜ਼ਮੀਨ ਨਾ ਹੋਵੇ ਉਸ ਨੂੰ ਸਾਰੇ ਨੀਵਾਂ ਸਮਝਦੇ ਹਨ ਇਹ ਗੱਲ

[ਬਾਬੂ ਅਜੀਤ ਕੁਮਾਰ]

ਗਲਤ ਹੈ। ਅੱਜ ਕਲ ਜਿਸ ਆਦਮੀ ਦੇ ਕੋਲ ਪੈਸਾ ਹੋਵੇ ਉਸ ਨੂੰ ਕੋਈ ਛੋਟਾ ਨਹੀਂ ਸਮਝਦਾ। ਇਹ ਸਰਕਾਰ ਲੋਕਾਂ ਦਾ ਉਲੂ ਬਣਾਉਣਾ ਚਾਹੁੰਦੀ ਹੈ ਲੇਕਿਨ ਹੁਣ ਇਹ ਗੱਲਾਂ ਨਹੀਂ ਚਲ ਸਕਦੀਆਂ। ਲੋਕ ਸਭ ਕੁਝ ਜਾਣਦੇ ਹਨ।

ਮਾਲ ਮੰਤਰੀ (ਸਰਦਾਰ ਅਜਮੇਰ ਸਿੰਘ) : ਇਸ ਸਾਧਾਰਨ ਜਿਹੇ ਬਿਲ ਦੇ ਸਿਲਸਿਲੇ ਵਿਚ ਇਥੇ ਬੜੀਆਂ ਖੁਲੀਆਂ ਤਕਰੀਰਾਂ ਹੋਈਆਂ ਹਨ। ਦੂਸਰੇ ਪਾਸੇ ਕਾਂਗਰਸ ਸਰਕਾਰ ਦੀ ਪਾਲੀਸੀ ਤੇ ਅਤੇ tenants ਸੰਬੰਧੀ ਜੋ ਪਾਲੀਸੀ ਹੈ ਉਸ ਤੇ Opposition ਵੱਲੋਂ ਨੁਕਤਾਚੀਨੀ ਕੀਤੀ ਗਈ ਹੈ। ਆਪ ਨੇ ਦੇਖਿਆ ਹੋਵੇਗਾ ਕਿ Opposition ਨੇ ਹਾਊਸ ਦੇ ਵਿਚ ਜੋ mind show ਕੀਤਾ ਹੈ ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਦਾ ਇਕ mind ਨਹੀਂ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਬਿਲ ਤਾਂ ਸਿਰਫ ਇਤਨਾ ਹੀ ਸੀ ਕਿ 1953 ਵਿਚ ਅਸੂਲਨ ਇਕ ਐਕਟ ਬਣਿਆ ਅਤੇ ਇਕ 1955 ਵਿਚ ਬਣਿਆ। ਉਨ੍ਹਾਂ ਦੋਹਾਂ ਦੀ ਵਰਤੋਂ ਵਿਚ ਨੁਕਸ ਮਹਿਸੂਸ ਹੋਏ ਸਿਰਫ ਉਨ੍ਹਾਂ ਨੂੰ ਦੂਰ ਕਰਨ ਲਈ ਇਹ ਬਿਲ ਲਿਆਂਦਾ ਗਿਆ ਹੈ। Parent Act ਦੇ ਮੁਤਾਬਕ ਬਹੁਤ ਜ਼ਮੀਨਾਂ ਵਾਲਿਆਂ ਨੂੰ 30 standard ਏਕੜ ਛਡੀ ਗਈ। 30 standard ਏਕੜ ਇਕ economic unit ਸਮਝਿਆ ਗਿਆ ਅਤੇ ਉਤਨੀ ਹੀ ਜ਼ਮੀਨ ਕਾਸ਼ਤ ਲਈ ਛਡੀ ਗਈ ਉਪਰਲੀ ਵਾਧੂ ਜ਼ਮੀਨ ਉਨ੍ਹਾਂ ਆਦਮੀਆਂ ਨੂੰ ਜੋ ਜ਼ਮੀਨ ਨਾਲ ਸੰਬਧ ਰਖਦੇ ਸੀ ਲੇਕਿਨ ਮਲਕੀਅਤ ਉਨ੍ਹਾਂ ਪਾਸ ਨਹੀਂ ਸੀ ਅਤੇ ਉਨ੍ਹਾਂ ਨੂੰ ਬੇਦਖਲ ਕੀਤਾ ਜਾਂਦਾ ਸੀ ਉਨ੍ਹਾਂ ਨੂੰ ਕਾਸ਼ਤ ਲਈ ਦੇਣ ਦਾ ਮਨੋਰਥ ਉਸ ਐਕਟ ਦਾ ਸੀ ਲੇਕਿਨ ਇਸ ਮਨੋਰਥ ਨੂੰ ਪੂਰਾ ਕਰਨ ਵਿਚ ਕੁਝ ਰੁਕਾਵਟਾਂ ਪੇਸ਼ ਆਈਆਂ ਜਿਨ੍ਹਾਂ ਨੂੰ ਦੂਰ ਕਰਨ ਵਿਚ ਲਈ ਇਹ amending ਬਿਲ ਹੁਣ ਪੇਸ਼ ਕੀਤਾ ਗਿਆ ਹੈ। ਇਸ ਵਿਚ ਅਸੀਂ ਇਕ ਕਲਾਜ਼ ਇਹ include ਕੀਤੀ ਹੈ ਕਿ ਜਦੋਂ ਮੁਜ਼ਾਰੇ ਇਕ ਦਫਾ settle ਹੋ ਜਾਣ ਤਾਂ ਫੇਰ ਉਨ੍ਹਾਂ ਨੂੰ ਬੇਦਖਲ ਨਾ ਕੀਤਾ ਜਾਏ ਬਾਵਜੂਦ ਇਸ ਗਲ ਦੇ ਕਿ succession open ਹੋ ਕੇ ਉਸ ਮਾਲਕ ਦੇ ਲੜਕੇ ਦੀ ਜ਼ਮੀਨ ਘਟ ਜਾਵੇ। ਸਾਰਾ ਬਿਲ ਇਹ ਸੀ। ਇਥੇ ਕਿਹਾ ਗਿਆ ਹੈ ਕਿ ਬਾਰ ਬਾਰ ਤਰਮੀਮਾਂ ਲਿਆਈਆਂ ਜਾਂਦੀਆਂ ਹਨ। ਮੈਂ ਅਰਜ਼ ਕਰਦਾ ਹਾਂ ਕਿ 3 ਸਾਲਾਂ ਤੋਂ ਬਾਅਦ ਇਸ ਐਕਟ ਵਿਚ amendment ਲਿਆਂਦੀ ਹੈ। 1959 ਵਿਚ ਹੀ ਤਰਮੀਮ ਆਈ ਸੀ। ਉਹ ਹੁਣ ਇਸ ਕਰਕੇ ਲਿਆਂਦੀ ਹੈ ਕਿ ਹਾਈ ਕੋਰਟ ਦੇ ਕੁਝ ਫੈਸਲੇ ਹੋ ਗਏ ਸਨ ਅਤੇ Financial Commissioner ਦੇ ਵੀ ਕੁਝ ਫੈਸਲੇ ਹਨ ਜਿਨ੍ਹਾਂ ਦੀ ਰੋਸ਼ਨੀ ਵਿਚ ਕੁਝ ਇਕ ਤਰਮੀਮਾਂ ਕਰਨੀਆਂ ਪਈਆਂ। Opposition ਵੱਲੋਂ ਇਕ ਨਜ਼ਰੀਆ ਪੇਸ਼ ਕੀਤਾ ਗਿਆ ਹੈ ਜਿਹੜਾ ਦਲੀਲ ਦੇਣ ਤੋਂ ਖਾਸਾ ਅਪੀਲ ਕਰਦਾ ਹੈ ਅਤੇ ਜਦੋਂ ਇਕ ਕਾਬਲ ਜਜ ਸਾਹਿਬ ਵੱਲੋਂ ਉਹ ਪੇਸ਼ ਕੀਤਾ ਗਿਆ ਹੋਵੇ ਤਾਂ ਉਹ ਹੋਰ ਵੀ appealing ਬਣ ਜਾਂਦਾ ਹੈ ਲੇਕਿਨ ਜਦੋਂ facts ਨੂੰ ਵੇਖਿਆ ਜਾਵੇ ਤਾਂ ਅਸੀਂ ਇਸ fact ਤੋਂ escape ਨਹੀਂ ਕਰ ਸਕਦੇ ਕਿ ਜਿਸ ਪੰਜਾਬ ਵਿਚ 80 ਫੀ ਸਦੀ ਅਬਾਦੀ ਜ਼ਮੀਨ ਤੇ ਕੰਮ ਕਰਨ ਵਾਲੀ ਹੋਵੀ ਪਰ ਜ਼ਮੀਨ ਥੋੜੇ ਹੱਥਾਂ ਵਿਚ ਹੋਵੇ ਤਾਂ ਕੁਦਰਤੀ ਤੌਰ ਤੇ ਆਜ਼ਾਦੀ ਤੋਂ ਬਾਅਦ ਇਸ ਤਰ੍ਹਾਂ ਦੀ legislation ਲਿਆਉਣਾ ਬਹੁਤ ਜ਼ਰੂਰੀ ਸੀ। ਕਿਸੇ ਵੀ ਆਜ਼ਾਦ ਮੁਲਕ ਵਿਚ ਆਜ਼ਾਦੀ ਤੋਂ ਬਾਅਦ ਇਸ ਤਰ੍ਹਾਂ ਕਾਸ਼ਤਕਾਰਾਂ ਵਿਚ ਜ਼ਮੀਨ ਵੰਡੀ ਗਈ ਤੇ ceiling fix ਕੀਤੀ ਗਈ ਤਾਂ ਪੰਜਾਬ ਵਿਚ ਇਹ ਚੀਜ਼ ਕਿਉਂ ਨਾ ਹੁੰਦੀ। ਪੰਜਾਬ ਵਿਚ ਆਬਾਦੀ ਦੇ 3 ਹਿੱਸੇ ਸਨ। ਇਕ ਉਹ ਲੋਕ ਸਨ ਜਿਨ੍ਹਾਂ ਕੋਲ ਜ਼ਮੀਨ ਨਹੀਂ ਸੀ ਅਤੇ tenants at will ਕੰਮ ਕਰਦੇ ਸਨ, ਦੂਜੇ ਉਹ ਜਿਨ੍ਹਾਂ ਕੋਲ ਜ਼ਮੀਨ ਗੁਜ਼ਾਰੇ ਜੋਗੀ ਸੀ। ਇਨ੍ਹਾਂ ਦੋ ਤਬਕਿਆਂ ਦੀ ਆਬਾਦੀ ਵੱਧ ਸੀ ਤੇ ਹੈ। ਤੀਜੇ ਕੁਝ ਤਬਕੇ ਐਸੇ ਸਨ ਜਿਨ੍ਹਾਂ ਪਾਸ ਹਜ਼ਾਰਾਂ ਏਕੜ ਜ਼ਮੀਨ ਸੀ। ਉਨ੍ਹਾਂ ਨੂੰ ਤੁਸੀਂ ਭਾਵੇਂ ਵੱਡੇ ਜ਼ਮੀਂਦਾਰ ਕਹਿ ਲਉ ਭਾਵੇਂ ਰਾਜੇ ਕਹਿ

ਲਉ ਅਤੇ ਭਾਵੇਂ ਜ਼ਗੀਰਦਾਰ ਮਹਾਰਾਜੇ ਸਮਝ ਲਉ। ਲੇਕਿਨ ਇਸ ਐਕਟ ਦੇ ਬਣਨ ਤੋਂ ਬਾਅਦ ਉਨ੍ਹਾਂ ਨੂੰ ਹੇਠਾ ਆਉਣਾ ਪਿਆ ਅਤੇ ਇਸ ਐਕਟ ਵਿਚ ਇਹ ਮੰਤਵ ਰਖਿਆ ਗਿਆ ਕਿ 30 ਸਟੈਂਡਰਡ ਏਕੜ ਦਾ unit ਮੁਕਰਰ ਕਰਕੇ ਉਪਰਲੀ ਜ਼ਮੀਨ ਕਾਸ਼ਤ ਲਈ ਕਾਸ਼ਤਕਾਰਾਂ ਨੂੰ ਜਿਨ੍ਹਾਂ ਕੋਲ ਜ਼ਮੀਨ ਨਹੀਂ ਜਾਂ ਘਟ ਹੈ ਦੇ ਦਿਤੀ ਜਾਵੇ। ਜ਼ਮੀਨ ਜ਼ਰੂਰ ਕਢੀ ਹੈ ਲੇਕਿਨ ਮਲਕੀਅਤ ਫੇਰ ਵੀ ਖੋਹੀ ਹੈ। ਤੁਹਾਨੂੰ ਅਖਤਿਆਰ ਹੈ ਕਿ ਜੇਕਰ ਮੁਜ਼ਾਰਾ ਤੇ ਹਿੱਸਾ ਜਿਣਸ ਦਾ ਨਾ ਦੇਵੇ ਤਾਂ ਉਸਨੂੰ ਜ਼ਮੀਨ ਤੋਂ ਬੇਦਖਲ ਕੀਤਾ ਜਾ ਸਕਦਾ ਹੈ। Ownership ਫੇਰ ਵੀ ਤੁਹਾਡੀ ਹੀ ਹੈ। ਉਹ ਲੋਕ ਹਮੇਸ਼ਾ ਤੋਂ ਤੁਹਾਡੀ ਸੇਵਾ ਕਰਦੇ ਰਹੇ ਅਤੇ ਤੁਹਾਡੇ ਪਿੰਡਾਂ ਦੇ ਹਨ ਜੇਕਰ ਉਨ੍ਹਾਂ ਨੂੰ provide ਕਰਨ ਵਾਸਤੇ ਜ਼ਮੀਨ ਤੇ ਆਬਾਦ ਕੀਤਾ ਹੈ ਤਾਂ ਕੀ ਗੁਨਾਹ ਹੋ ਗਿਆ ਹੈ। ਆਖਰ ਉਨ੍ਹਾਂ ਨੂੰ ਵੀ ਰੋਟੀ ਦੇਣੀ ਹੈ ਇਹ ਨਾ ਸਮਝੋ ਕਿ ਜ਼ਮੀਨ ਖੋਹੀ ਗਈ ਹੈ। ਜ਼ਮੀਨ ਖੋਹੀ ਕਿਸੇ ਦੀ ਨਹੀਂ, ਮਲਕੀਅਤ ਤੁਹਾਡੀ ਹੀ ਹੈ। ਸਿਰਫ ਇਤਨਾ ਹੀ ਕੀਤਾ ਹੈ ਕਿ ਉਹ ਆਪਣੇ ਲਈ ਵੀ ਰੋਟੀ ਪੈਦਾ ਕਰਨ ਤੇ ਤੁਹਾਨੂੰ ਵੀ ਹਿੱਸਾ ਦੇਣ...........

ਬਾਬੂ ਬਚਨ ਸਿੰਘ : ਇਹ ਖਿਆਲਾਤ ਕਦੋਂ ਤੋਂ ਪੈਦਾ ਹੋਏ ਹਨ ?

Minister for Revenue : I am saying all these things for the benefit of the people whom you wanted to mislead because you have said many things on the Floor of the House. ਸਰਦਾਰ ਗੁਰਨਾਮ ਸਿੰਘ ਜੀ ਨੇ ਇਕ ਗੱਲ ਕਹੀ ਹੈ ਜਿਸ ਤੇ ਮੈਨੂੰ ਬਹੁਤ ਇਤਰਾਜ਼ ਹੈ। ਮੈਂ ਉਸ ਵੇਲੇ ਵੀ ਇਤਰਾਜ਼ ਕਰਨਾ ਸੀ ਲੇਕਿਨ ਮੈਂ ਉਨ੍ਹਾਂ ਨੂੰ ਟੋਕਿਆ ਨਹੀਂ। ਉਨ੍ਹਾਂ ਨੇ ਬੜੇ ਸਖਤ ਅਲਫਾਜ਼ ਇਸਤੇਮਾਲ ਕੀਤੇ ਹਨ ਕਿ this is a political dishonesty on the part of ruling party ਜੇਕਰ ਉਹ ਸਾਰੇ ਹਾਲਾਤ ਨੂੰ ਵੇਖਦੇ ਹੋਏ ਵੀ insist ਕਰਦੇ ਹਨ ਤਾਂ ਮੈਂ ਸਹੀ picture ਉਨ੍ਹਾਂ ਦੇ ਸਾਹਮਣੇ ਪੇਸ਼ ਕਰਦਾ ਹਾਂ। ਉਨ੍ਹਾਂ ਨੇ ਫਰਮਾਇਆ ਹੈ ਕਿ ਕਾਂਗਰਸ ਨੇ 53 ਫੀ ਸਦੀ ਵੋਟ ਲਏ ਹਨ ਇਸ ਲਈ ਇਤਨੇ ਲੋਕ ਹੀ ਇਸਦੇ favour ਵਿਚ ਹਨ ਕਿ ਇਹ ਬਿਲ ਪਾਸ ਕੀਤਾ ਜਾਵੇ। ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ 43 ਫੀ ਸਦੀ ਵਿਚ ਇਨ੍ਹਾਂ ਸਾਹਮਣੇ ਬੈਠੇ 9 ਕਾਮਰੇਡਾਂ ਦੇ ਵੋਟ ਵੀ add ਕਰ ਲੈਣ ਜਿਨ੍ਹਾਂ ਨੇ ਕਿ ਇਸ ਬਿਲ ਨੂੰ welcome ਕੀਤਾ ਹੈ। ਫੇਰ ਤੁਹਾਡੇ ਵਿਚ 10—11 ਸਿੰਘ ਐਸੇ ਹਨ ਜਿਹੜੇ ਕਿ landless ਹਨ ਮੈਨੂੰ ਨਹੀਂ ਪਤਾ ਕਿ ਉਹ ਵੀ ਸਰਦਾਰ ਗੁਰਨਾਮ ਸਿੰਘ ਹੋਰਾਂ ਨਾਲ ਇਸ ਮਾਮਲੇ ਤੇ ਹਨ ਜਾਂ ਨਹੀਂ। ਲੇਕਿਨ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ 19 ਫੀ ਸਦੀ ਵੋਟਾਂ ਵਿਚ majority ਇਸ ਨਾਲ agree ਕਰਦੀ ਹੋਣੀ ਹੈ। ਦੂਸਰੇ ਵੀ ਉਧਰ ਬੈਠੇ ਬਹੁਤ ਸਾਰੇ ਸਜਨ ਐਸੇ ਹਨ ਜੋ ਇਸ ਬਿਲ ਨਾਲ ਪੂਰੀ ਤਰ੍ਹਾਂ ਸਹਮਤ ਹਨ ਅਤੇ ਇਸ legislation ਦੇ ਹਕ ਵਿਚ ਹਨ। ਮੇਰੇ ਦੋਸਤ ਨੂੰ ਚਾਹੀਦਾ ਹੈ ਕਿ ਇਹ ਸਾਰੇ ਵੋਟ 53 ਫੀ ਸਦੀ ਵਿਚ ਸ਼ਾਮਲ ਕਰਕੇ ਦੇਖਣ ਕਿ ਅਸਲੀਅਤ ਕੀ ਹੈ। ਸਿਰਫ ਇਕ section ਹੀ ਐਸਾ ਹੈ ਜੋ ਇਸਦੇ against ਹੈ ਬਾਕੀ ਇਸ ਹਾਊਸ ਦੀ ਸਾਰੀ ਆਵਾਜ਼ ਇਸਦੇ ਹਕ ਵਿਚ ਹੈ। ਫੇਰ ਕਿਹਾ ਗਿਆ ਹੈ ਕਿ ਪਹਿਲਾਂ displaced person ਨੂੰ 50 ਏਕੜ ਛਡੀ ਸੀ ਹੁਣ ਜੇ ਉਹ ਮਰ ਗਿਆ ਹੈ ਤਾਂ ਵੀ 50 ਏਕੜ ਹੀ ਰਹਿਣ ਦਿਉ। I say how it is practicable after all we have to face the facts ਉਸ ਲਈ ਵੀ 30 ਏਕੜ ਹੀ ਛਡੀ ਜਾਵੇਗੀ। ਤੇ ਮੈਂ ਅਰਜ਼ ਕਰਦਾ ਹਾਂ ਕਿ vast majority of the people or the representatives of the people are in favour of this legistation. ਇਹ political dishonesty ਨਹੀਂ ਬਲਕਿ political honesty ਸਾਬਤ ਹੁੰਦੀ ਹੈ ਕਿਉਂਕਿ

[ਮਾਲ ਮੰਤਰੀ]

ਤੁਹਾਡੇ ਵਿਚੋਂ ਬਹੁਤ ਸਾਰੇ ਸਜਨ ਇਸ ਬਿਲ ਨੂੰ welcome ਕਰਦੇ ਹਨ। The political dishonesty will be on your side who will vote against this legislation. ਕਿਹਾ ਗਿਆ ਹੈ ਕਿ consolidated ਬਿਲ ਲਿਆਣਾ ਚਾਹੀਦਾ ਹੈ ਇਸ ਲਈ ਇਸ ਨੂੰ ਸਿਲੈਕਟ ਕਮੇਟੀ ਦੇ ਸਪੁਰਦ ਕਰਨਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ Consolidated Act is there and we have not changed the basis of parent Act ਮੈਂ ਗੁਰਨਾਮ ਸਿੰਘ ਜੀ ਨੂੰ ਅਰਜ਼ ਕਰਦਾ ਹਾਂ ਕਿ 50 ਫੀ ਸਦੀ ਲੋਕ ਜੋ ਤੁਹਾਡੇ ਨਾਲ ਬੈਠੇ ਹਨ ਉਹ ਇਸ ਮਾਮਲੇ ਤੇ ਤੁਹਾਡੇ ਨਾਲ ਨਹੀਂ ।

ਸਰਦਾਰ ਗੁਰਨਾਮ ਸਿੰਘ : 50 ਫੀ ਸਦੀ ਤੁਹਾਡੇ ਵਲ ਵੀ ਐਸੇ ਹਨ ਜੋ ਤੁਹਾਡੇ ਨਾਲ ਨਹੀਂ ਸਗੋਂ ਸਾਡੇ ਨਾਲ ਹਨ ।

ਮਾਲ ਮੰਤਰੀ : ਕਾਂਗਰਸ ਪਾਰਟੀ ਵਲੋਂ ਕਦੀ ਐਸਾ ਨਹੀਂ ਹੋਇਆ। ਅਸੀਂ unanimously ਪਾਸ ਕੀਤਾ ਹੈ। ਇਹ ਕਹਿੰਦੇ ਹਨ ਕਿ ਇਥੇ ਕੋਈ revolution ਆ ਜਾਏਗਾ, ਆਫਤ ਆ ਜਾਏਗੀ ਤਾਂ ਕੋਈ Revolution ਆਏਗੀ, ਤਾਂ face ਕਰਾਂਗੇ। ਅਸੀਂ ਏਥੇ ਹੀ ਹੋਵਾਂਗੇ। 90 ਫੀ ਸਦੀ ਛੋਟੇ ਛੋਟੇ ਮਾਲਕ ਹਨ। 10 ਫੀ ਸਦੀ ਪਿਛੇ ਪੰਜਾਬ ਬਰਬਾਦ ਨਹੀਂ ਹੋਣ ਲਗਾ। ਇਹ ਸਮਝ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਦੇ ਦਾਅਵੇ ਤੇ ਲਲਕਾਰੇ ਕੁਝ ਨਹੀਂ ਕਰ ਸਕਦੇ। (ਸਰਦਾਰ ਗੁਰਨਾਮ ਸਿੰਘ ਵਲੋਂ ਵਿਘਨ) ਜੇ ਐਨੇ ਤਕੜੇ ਸੀ ਤਾਂ ਜਦੋਂ ਉਜੜ ਕੇ ਆਏ ਸੀ ਓਦੋਂ 200 standard acre limit ਕਰਕੇ ਦਖਾਉਂਦੇ। 50 standard acre ਤੇ 30 standard acre ਦੀ limit ਰਖੀ ਹੈ। This was not my subject which Sardar Gurnam Singh had touched upon. I am sorry for it. ਮੇਰੇ ਕਹਿਣ ਦਾ ਮਤਲਬ ਇਹ ਹੈ ਕਿ section 6 ਸਿਰਫ tenants ਦਾ period ਦੇਖਣ ਵਾਸਤੇ apply ਕਰਦਾ ਹੈ. It is not meant for surplus area. Act ਦੀ ਜੋ Section 7 ਸੀ ਪਹਿਲਾਂ ਉਸ ਦੀ wording ਤੇ form ਬਦਲ ਦੇਣਾ ਚਾਹੁੰਦੇ ਹਾਂ। ਇਹ ਕਿਸੇ ਨੇ ਬਦਲੀ ਨਹੀਂ।

ਸਰਦਾਰ ਲਛਮਣ ਸਿੰਘ ਗਿਲ : ਇਸ ਨੂੰ ਪਾਸ ਕਰਵਾਓ ।

ਮਾਲ ਮੰਤਰੀ : ਮੈਨੂੰ ਬੜੀ ਖੁਸ਼ੀ ਹੈ ਕਿ ਸਰਦਾਰ ਲਛਮਣ ਸਿੰਘ ਕਹਿੰਦੇ ਹਨ ਕਿ ਇਸ ਨੂੰ ਪਾਸ ਕਰਵਾਓ। ਚੌਧਰੀ ਦੇਵੀ ਲਾਲ ਹੋਰੀਂ ਵੀ ਬੋਲੇ ਸਨ । ਪਤਾਂ ਨਹੀਂ ਉਹ landlord ਦੀ ਗਲ ਕਰਦੇ ਰਹੇ ਯਾ tenants ਦੀ ਗਲ ਕਰਦੇ ਰਹੇ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਵਿਚ ਕੋਈ ਐਸੀ ਗਲ ਨਹੀਂ ਜਿਹੜੀ ਕਾਬਲੇ ਇਤਰਾਜ਼ ਹੋਵੇ। ਇਸ ਨੂੰ ਪਾਸ ਕਰਨਾ ਚਾਹੀਦਾ ਹੈ ।

Mr. Speaker : Question is—

> That the Punjab Security of Land Tenures (Amendment and Validation) Bill, as amended, be passed.

The motion was carried.

THE PEPSU TENANCY AND AGRICULTURAL LANDS (AMENDMENT AND VALIDATION) BILL, 1962

Minister for Revenue (Sardar Ajmer Singh) : Sir, I beg to move—

> That the Pepsu Tenancy and Agricultural Lands (Amendment and Validation) Bill, be taken into consideration at once.

ਸਪੀਕਰ ਸਾਹਿਬ, ਇਹ ਬਿਲ ਸਾਰਿਆਂ ਨੇ ਪੜ੍ਹ ਲਿਆ ਹੈ। ਤੁਸੀਂ ਦੇਖੋਗੇ ਕਿ ਇਸ ਵਿਚ ਬਹੁਤ ਸਾਰੀਆਂ clauses ਓਹੀ ਹਨ, ਬਿਲਕੁਲ ਓਹੀ ਹਨ ਜਿਹੜੀਆਂ Punjab Security of Land Tenures Act ਵਿਚ ਪਾਈਆਂ ਗਈਆਂ ਹਨ। ਜ਼ਮੀਨ ਤਕਸੀਮ ਕਰਨ ਵਾਸਤੇ Joint Hindu Family ਵਿਚ ਜ਼ਮੀਨ ਦਾ ਮਾਲਕ ਹੈ ਉਸ ਦੇ ਮੁਤੱਲਿਕ ਕਿਹਾ ਹੈ। ਇਹ ਓਹੀ ਚੀਜ਼ ਹੈ। ਇਸ ਵਿਚ ਕੋਈ doubt ਸੀ ਉਸ ਨੂੰ remove ਕਰਨ ਵਾਸਤੇ ਕੀਤਾ ਹੈ। Clause 7 ਤੋਂ ਅਗੇ ਸਾਰੀਆਂ ਓਹੀ ਚੀਜ਼ਾਂ ਹਨ। ਬਾਕੀ ਇਸ ਵਿਚ ਤਿੰਨ ਚਾਰ ਗੱਲਾਂ ਹੋਰ ਜ਼ਰੂਰੀ ਹਨ। ਉਹ ਇਸ ਕਰਕੇ ਕਿ ਇਸ ਐਕਟ ਨਾਲ ਸਬੰਧ ਰਖਦੀਆਂ ਹਨ, ਉਹ ਇਸ ਵਿਚ ਪਾਈਆਂ ਹਨ। Clause 4 ਇਸ ਲਈ ਹੈ ਕਿ ਪੈਪਸੂ ਵਿਚ ਖਾਸ period ਤੋਂ ਬਾਅਦ ਐਸੇ ਅਖਤਿਆਰ ਹਨ ਕਿ tenants ਨੂੰ ਜ਼ਮੀਨ ਵੇਚੀ ਜਾ ਸਕਦੀ ਹੈ। ਬਹੁਤ ਸਾਰੇ ਮਾਲਕਾਂ ਨੇ tenants ਬਿਠਾ ਲਏ ਤੇ ਉਨ੍ਹਾਂ ਨੂੰ ਜ਼ਮੀਨ dispose off ਕਰਨ ਦੀ ਕੋਸ਼ਿਸ਼ ਕੀਤੀ। ਇਸ ਵਿਚ ਇਹ ਚੀਜ਼ ਹੈ ਕਿ ਕੋਈ ਆਦਮੀ tenancy create ਕਰਕੇ ਆਪਣੀ ਜ਼ਮੀਨ ਵੇਚਣੀ ਚਾਹੁੰਦਾ ਹੈ ਇਕ ਖਾਸ period ਤੋਂ ਬਾਅਦ, ਉਸ ਤੋਂ ਪਹਿਲਾਂ ਨਹੀਂ, ਉਹ ਜ਼ਮੀਨ ਉਸ ਮੁਜ਼ਾਰੇ ਨੂੰ ਦੇ ਦਿੰਦਾ ਹੈ। ਇਹ ਐਕਟ ਦੀ ਮਨਸ਼ਾ ਨੂੰ evade ਕਰਨ ਵਾਸਤੇ ਕਰਦੇ ਹਨ। ਐਕਟ ਦੀ section 32 dd. ਇਸ ਤਰ੍ਹਾਂ ਹੈ :—

> 32-DD. "Notwithstanding anything contained in this Act, for the purpose of determining the surplus area of any person—
>
> (a) a tenancy created after the commencement of the Pepsu Tenancy and Agricultural Lands (Second Amendment) Act, 1956, in any area of land which could have been declared as the surplus area of such person ;"

ਅਸੀਂ tenancy ਨੂੰ ਸਮਝਦੇ ਹਾਂ amounting to disposal of property ਬਾਕੀ ਇਹ provisions ਹਨ ਕਿ Land Mortagage Banks ਵਗੈਰਾ ਨੂੰ ਅਖਤਿਆਰ ਹੋਣਾ ਚਾਹੀਦਾ ਹੈ। ਕਲਾਜ਼ 5 ਰਾਹੀਂ material ਚੀਜ਼ ਲਿਆਂਦੀ ਗਈ ਹੈ। 30 standard acres ਤੋਂ ਵਧ ਜ਼ਮੀਨ State ਵਿਚ vest ਕਰ ਜਾਂਦੀ ਸੀ। (At this stage Sardar Gurnam Singh, a Member of the Penal of Chairmen occupied the Chair) ਜਦੋਂ possession ਹੁੰਦੀ ਸੀ ਉਸ ਤੋਂ ਬਾਅਦ ਵਿਚ ਜ਼ਮੀਨ vest ਕਰਦੀ ਸੀ। ਪਹਿਲਾਂ ਇਸ ਨਾਲ ਕਈ complications ਨਿਕਲਦੀਆਂ ਸਨ। ਅਸੀਂ provision ਕੀਤੀ ਹੈ ਕਿ State ਵਿਚ ਉਦੋਂ vest ਕਰੇਗੀ ਜਦੋਂ possession ਹੋ ਜਾਏਗੀ। possession ਤੋਂ ਬਿਨਾ ਇਸ ਦਾ ਕੋਈ ਫਾਇਦਾ ਨਹੀਂ। ਇਸ ਵਿਚ ਇਕ ਹੋਰ provision ਕੀਤੀ ਹੈ ਜੋ ਜ਼ਰੂਰੀ ਸੀ। ਕਈ ਐਸੀਆਂ ਜ਼ਮੀਨਾਂ ਸਨ ਜਿਹੜੀਆਂ mortgaged ਸਨ। ਸਰਕਾਰ ਨੇ ਐਸੇ mortgagee rights acquire ਕੀਤੇ ਹਨ। ਉਹ ਜ਼ਮੀਨ surplus area ਵਿਚ ਆ ਜਾਂਦੀ ਹੈ। ਅਸੀਂ ਐਸੇ mortagee rights redeem ਕਰਾਉਂਦੇ ਹਾਂ। ਇਸ ਵਿਚ ਲਿਖਿਆ ਹੈ ਕਿ ਕਿੰਨਾ ਰੁਪਿਆ mortgagee ਨੂੰ ਦਿਤਾ ਜਾਵੇਗਾ। ਕਈ ਦਫਾ compensation ਦਾ ਰੁਪਿਆ mortgage ਦੀ ਰਕਮ ਤੋਂ ਵਧ ਹੋ ਜਾਵੇਗਾ। ਅਗਰ ਅਸੀਂ mortgagee rights ਲਵਾਂਗੇ ਤਾਂ mortgage amount ਤੋਂ ਵਧ ਨਹੀਂ ਦਿਆਂਗੇ ਯਾ compensation which ever is less ਅਸੀਂ ਉਹ ਦੇਵਾਂਗੇ। ਬਾਕੀ ਤਾਂ ਇਸ ਵਿਚ formal ਚੀਜ਼ਾਂ ਹਨ। Hindu undivided family ਵਾਲੀਆਂ ਗੱਲਾਂ ਹਨ। ਇਸ ਅੰਦਾਜ਼ੇ ਤੋਂ ਇਸ ਬਿਲ ਰਾਹੀਂ ਮਾਮੂਲੀ

[ਮਾਲ ਮੰਤਰੀ]

ਜਿਹੀਆਂ changes ਕੀਤੀਆਂ ਗਈਆਂ ਹਨ ਜਿਹੜੀਆਂ ਕਿ ਜ਼ਰੂਰੀ ਸਮਝੀਆਂ ਗਈਆਂ। ਸੋ ਇਸ ਬਿਲ ਨੂੰ ਵੀ ਪਾਸ ਕੀਤਾ ਜਾਏ ।

Mr. Chairman : Motion moved—

> That the Pepsu Tenacy and Agricultural Lands (Amendment and Validation) Bill, be taken into consideration at once.

Comrade Harnam Singh Chamak (Mahal Kalan) : Sir, I beg to move :

> That the Pepsu Tenancy and Agricultural Lands (Amendment and Validation) Bill, 1962 be referred to a Select Committee consisting of—
>
> (1) Sardar Ajmer Singh, Minister-in-charge;
>
> (2) Shri Mohan Lal Datta, M.L.A;
>
> (3) Comrade Ram Chandra, M.L.A;
>
> (4) Chaudhri Devi Lal, M.L.A;
>
> (5) Sardar Harnam Singh Chamak, M.L.A;
>
> with a direction to make a report by the 21st May, 1962.

ਮੈਂ ਬਗੈਰ ਝਿਜਕ ਦੇ, ਚੇਅਰਮੈਨ ਸਾਹਿਬ, ਅਰਜ਼ ਕਰਾਂ ਕਿ ਜੋ ਬਿਲ ਦੀ spirit ਹੈ ਅਤੇ ਜਿਸ ਤਰ੍ਹਾਂ ਦੀਆਂ ਤਜਵੀਜ਼ਾਂ ਕੀਤੀਆਂ ਗਈਆਂ ਹਨ ਮੈਂ ਉਨ੍ਹਾਂ ਦੀ spirit ਨਾਲ ਸਹਿਮਤ ਹਾਂ (ਪ੍ਰਸੰਸਾ) ਪਰ ਫਿਰ ਵੀ ਮੈਂ ਤੁਹਾਡੇ ਸਾਹਮਣੇ ਤਜਵੀਜ਼ਾਂ ਰਖਣੀਆਂ ਚਾਹੁੰਦਾ ਹਾਂ ਜੋ ਮੇਰੀ amendment ਨਾਲ ਸਬੰਧਤ ਹਨ ਕਿ ਇਸ ਨੂੰ ਇਕ Select Committee ਦੇ ਸਪੁਰਦ ਕੀਤਾ ਜਾਵੇ ।

श्री मंगल सैन : On a point of order, Sir. जनाब,इस बिल का नाम Pepsu Tenancy and Agricultural Lands (Amendment and Validation) Bill है। मगर यह पैप्सू असैम्बली तो इस पर विचार नहीं कर रही यह तो पंजाब असैम्बली है ।

श्री सभापति : इस के Parent Act का यही नाम है । This is the name of the Parent Act.)

श्री मंगल सैन : मैं निवेदन कर रहा था कि क्यों न इस का नाम भी पंजाब State के नाम पर रखा जाए ?

श्री सभापति : आप ने amendment दे देनी थी । (The hon. Member should have given notice of an amendment to that effect.)

ਕਾਮਰੇਡ ਹਰਨਾਮ ਸਿੰਘ ਚਮਕ : ਮੈਂ ਇਸ ਦੀ spirit ਨਾਲ ਇਤਫਾਕ ਕਰਦਾ ਹੋਇਆ ਵੀ ਇਸ ਨੂੰ Select Committee ਦੇ ਸੁਪਰਦ ਕੀਤੇ ਜਾਣ ਤੇ ਜ਼ੋਰ ਦਿੰਦਾ ਹਾਂ। ਇਸ ਦੀ ਵਜਾਹ ਇਹ ਹੈ ਕਿ ਸਰਕਾਰ ਅਜਮੇਰ ਸਿੰਘ ਨੇ ਦਸਿਆ ਹੈ ਕਿ ਪੈਪਸੂ ਤੇ ਪੰਜਾਬ ਦੇ ਬਿਲਾਂ ਵਿਚ ਫਰਕ ਹੈ ਇਸ ਕਰਕੇ ਦੋਹਾਂ ਨੂੰ ਇਕੱਠਾ ਨਹੀਂ ਕੀਤਾ ਜਾ ਸਕਦਾ। ਪੈਪਸੂ ਤੇ ਪੰਜਾਬ ਕਿਉਂਕਿ ਇਕਠੇ ਹੋ ਗਏ ਹਨ ਇਸ ਲਈ ਬਿਲਾਂ ਨੂੰ ਇਕਠਾ ਕਰ ਲੈਣਾ ਸੀ ਪਰ ਕਿਉਂ ਕਿ ਪੰਜਾਬ ਅਤੇ ਪੈਪਸੂ ਦੇ ਬਿਲਾਂ ਦੀ history ਵਖਰੀ ਹੈ ਅਤੇ basis ਵਖੋ ਵਖਰੇ ਸਨ ਇਸ ਲਈ ਉਥੇ ਦੀਆਂ Land Problems ਵਖਰੀਆਂ ਸਨ ਤੇ ਕੁਦਰਤੀ ਤੌਰ ਤੇ ਬਿਲਾਂ ਨੂੰ ਵਖਰਾ ਰਖਣਾ ਪਿਆ।

ਸ਼ੁਰੂ ਸ਼ੁਰੂ ਵਿਚ ਇਨ੍ਹਾਂ land problems ਨੂੰ ਹਲ ਕਰਨ ਲਈ agitations ਚਲੀਆਂ ਅਤੇ ਕਈ ਚੀਜ਼ਾਂ ਆਈਆਂ ਜੋ ਜਾਗੀਰਦਾਰੀ ਦੇ ਖਿਲਾਫ ਸਨ। ਕਿ ਕਿਸੇ ਤਰ੍ਹਾਂ ਜਾਗੀਰਦਾਰੀ ਖਤਮ ਕੀਤੀ ਜਾਵੇ ਅਤੇ ਮੁਜ਼ਾਰਿਆਂ ਨੂੰ protect ਕੀਤਾ ਜਾਵੇ। ਮੁਜ਼ਾਰਿਆਂ ਦੀ ਹਿਫਾਜ਼ਤ ਕੀਤੀ ਜਾਵੇ। ਇਸ ਮਿਸਲੇ ਨੂੰ ਹਲ ਕਰਨ ਵਾਸਤੇ ਮਹਾਰਾਜਾ ਪਟਿਆਲਾ ਨੇ ਇਕ order ਜਾਰੀ ਕੀਤਾ ਜਿਸ ਨੂੰ ਸ਼ਾਹੀ ਫਰਮਾਨ ਕਿਹਾ ਜਾਂਦਾ ਸੀ ਕਿ ਕਿਸੇ ਤਰ੍ਹਾਂ ਮੁਜ਼ਾਰਿਆਂ ਦੀ problem ਹਲ ਹੋ ਜਾਵੇ ਪਰ ਉਸੇ ਫਰਮਾਨ ਨਾਲ ਮੁਜ਼ਾਰਿਆਂ ਨੂੰ ਸਟ ਵਜਦੀ ਸੀ ਉਹ ਇਹ ਸੀ ਕਿ 1/3 ਹਿਸਾ ਜ਼ਮੀਨ ਮੁਜ਼ਾਰਿਆਂ ਲਈ ਜਾਗੀਰਦਾਰ ਛਡ ਦੇਣ ਤੇ ਬਾਕੀ ਜ਼ਮੀਨ ਦੇ ਮਾਲਕ ਬਣ ਜਾਣ। ਇਸ ਦਾ ਉਲਟ ਅਸਰ ਹੋਇਆ ਕਿ ਜ਼ਮੀਨ ਜੋ ਮੁਜ਼ਾਰੇ ਪਾਸ ਖੁਦ ਕਾਸ਼ਤ ਸੀ ਉਹ ਖੁਸ ਕੇ ਜਾਗੀਰਦਾਰਾਂ ਪਾਸ ਚਲੀ ਗਈ ਤੇ ਦੂਜਾ ਇਸ ਨਾਲ ਮੁਜ਼ਾਰੇ ਗਰੀਬ ਹੋ ਗਏ ਤੇ ਜਾਗੀਰਦਾਰਾਂ ਪਾਸ ਜ਼ਮੀਨ ਦੇ ਢੇਰ ਲਗ ਗਏ। ਫਿਰ ਇਸ ਨੂੰ ਵੇਖ ਕੇ ਦੂਜਾ ਸ਼ਾਹੀ ਫਰਮਾਨ ਜਾਰੀ ਕੀਤਾ ਗਿਆ। ਕਿ ਤੀਜ ਦੀ ਥਾਂ ਚੌਥਾ ਹਿਸਾ ਕਿਸਾਨ ਦੇ ਦੇਵੇ। ਇਸ ਨਾਲ ਵੀ ਇਹ ਮਸਲਾ ਹਲ ਨਾ ਹੋਇਆ। ਮੁਜ਼ਾਰਿਆਂ ਇਸ ਨੂੰ accept ਨਾ ਕੀਤਾ ਅਤੇ agitation ਚਲੀ। ਆਖਰ ਸਨ 1950 ਵਿਚ ਇਕ ਬਿਲ ਲਿਆਂਦਾ ਗਿਆ ਤੇ order ਕੀਤਾ ਗਿਆ ਪਰ ਮੈਨੂੰ ਪਕੀ ਤਰ੍ਹਾਂ ਯਾਦ ਨਹੀਂ। ਇਸ ਵਿਚ ਇਹ ਸੀ ਕਿ ਜਾਗੀਰ ਦਾਰ 100 ਏਕੜ ਤਕ ਜ਼ਮੀਨ ਆਪਣ ਪਾਸ ਰਖ ਸਕਦਾ ਹੈ। ਬਾਕੀ ਉਸ ਨੂੰ ਛਡਣੀ ਪਏਗੀ। ਇਸ ਨਾਲ ਜਾਗੀਰਦਾਰਾਂ ਨੇ ਨਵਾਂ ਰਾਹ ਕਢ ਲਿਆ ਅਤੇ transfers ਕਰ ਦਿਤੀਆਂ। ਇਸਤਰੀ ਦੇ ਨਾਮ ਬਚਿਆਂ ਦੇ ਨਾਮ ਭਾਵੇਂ ਬਚਾ ਇਕ ਦਿਨ ਦਾ ਸੀ, ਜ਼ਮੀਨਾਂ transfer ਕਰ ਦਿਤੀਆਂ ਗਈਆਂ ਅਤੇ ਨੌਕਰਾਂ ਚਾਕਰਾਂ ਦੇ ਨਾਮ ਕਰ ਦਿਤੀਆਂ ਗਈਆਂ। ਮੇਰੇ ਪਾਸ ਇਸ ਕਿਸਮ ਦੀਆਂ ਕਈ ਗਵਾਹੀਆਂ ਵੀ ਹਨ। ਦਿਆਲਪੁਰਾ ਦੇ ਭਾਈ ਸਾਹਿਬ ਦੀ ਹੀ ਮਿਸਾਲ ਲੈ ਲਉ ਕਿ ਉਸ ਨੇ ਜ਼ਮੀਨ 135 ਆਦਮੀਆਂ ਦੇ ਨਾਮ ਕਰਵਾ ਦਿਤੀ ਅਤੇ ਇਸ ਤਰ੍ਹਾਂ ਰਖ ਲਈ। ਮੈਂ ਵਖ ਵਖ ਮਿਸਾਲਾਂ ਦਿਤੀਆਂ ਹਨ ਕਿ ਇਸ ਨਾਲ ਮਸਲਾ ਹਲ ਨਾ ਹੋਇਆ। Agitation ਚਲਦੀ ਰਹੀ। ਉਥੇ problem ਪੰਜਾਬ ਵਾਲੀ ਨਹੀਂ ਸੀ। ਉਥੇ ਰਾਜਿਆਂ ਨੇ ਖੁਸ਼ ਹੋ ਕੇ ਲੋਕਾਂ ਨੂੰ ਪਿੰਡ ਇਨਾਮ ਵਜੋਂ ਦੇ ਦਿਤੇ ਅਤੇ ਇਸ ਤਰ੍ਹਾਂ ਜਾਗੀਰਦਾਰੀ ਕਾਇਮ ਹੋਈ ਅਤੇ ਪਿਉ ਦਾਦੇ ਤੋਂ ਚਲੀ ਆ ਰਹੀ ਸੀ। ਤੇ ਫਿਰ ਖੁਸ ਜਾਣ ਤੇ ਉਹ ਚੁਭਦੀ ਰਹਿੰਦੀ ਸੀ ਕਿ ਇਹ ਜ਼ਮੀਨ ਜੋ ਸਾਨੂੰ ਮਿਲੀ ਸੀ ਸਾਡੇ ਪਾਸ ਨਹੀਂ ਰਹੀ। ਉਨ੍ਹਾਂ ਨੇ ਕਦੇ ਸਿਰ ਨੀਵਾਂ ਨਹੀਂ ਸੀ ਕੀਤਾ। ਆਖਰ 1953 ਵਿਚ ਪਹਿਲਾਂ ਕਾਨੂੰਨ ਤਾਂ ਬਣਿਆ ਸੀ ਕਿਉਂਕਿ ਮੇਰਾ ਖਿਆਲ ਹੈ ਸਰਦਾਰ ਗਿਆਨ ਸਿੰਘ ਰਾੜੇਵਾਲਾ ਉਥੇ ਸਨ ਪਰ ਅਜੇ ਇਸ ਤੇ ਅਮਲਦਰਾਮਦ ਨਹੀਂ ਸੀ ਹੋਇਆ ਕਿ ਵਜ਼ਾਰਤ ਟੁਟ ਗਈ ਤੇ ਪੈਪਸੂ ਵਿਚ ਪ੍ਰਧਾਨ ਰਾਜ ਕਾਇਮ ਹੋ ਗਿਆ। ਅਤੇ ਨਵਾਂ ਕਾਨੂੰਨ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਉਸ ਦੌਰ ਵਿਚ ਕੁਝ ਕਮਜ਼ੋਰੀਆਂ ਵੀ ਸਨ ਜੋ ਅਗੇ ਤੁਰਦੀਆਂ ਰਹੀਆਂ। ਜ਼ਮੀਨਾਂ ਖੁਰਦ ਬੁਰਦ ਕੀਤੀਆਂ ਗਈਆਂ ਫਿਰ reports ਤਿਆਰ ਕੀਤੀਆਂ ਗਈਆਂ ਕਿ 1950 ਤੋਂ ਪਿਛੋਂ ਜੋ ਜ਼ਮੀਨ ਸੀ 1,85,292 ਏਕੜ ਸੀ ਅਤੇ ਸਨ 1954 ਵਿਚ ਇਹ 1,62,726 ਏਕੜ ਰਹਿ ਗਈ। ਯਾਨੀ 22,560 ਏਕੜ ਮੁਜ਼ਾਰਿਆਂ ਪਾਸੋਂ ਖੁਸ ਕੇ ਜਾਗੀਰਦਾਰਾਂ ਪਾਸ ਚਲੀ ਗਈ। ਫਿਰ ਬੇਦਖਲੀਆਂ ਦਾ ਇਹ ਸਿਲਸਿਲਾ ਚਲਦਾ ਰਿਹਾ। ਫਿਰ ਦਾਰਾ ਸਿੰਘ ਕਮੇਟੀ ਬਣਾਈ ਗਈ। ਉਸ ਨੇ ਵੀ recommendations ਕੀਤੀਆਂ। ਉਸ ਦੀ ਪਰਵਾਨਗੀ ਵੀ ਦਿਤੀ ਗਈ। ਉਸ ਨਾਲ ਇਹ ਮਸਲਾ ਹਲ ਹੁੰਦਾ ਸੀ ਪਰ ਉਸ report ਤੇ ਅਮਲ ਨਾ ਕੀਤਾ ਗਿਆ ਅਤੇ ਜ਼ਮੀਨ ਖੁਸਦੀ ਚਲੀ ਗਈ। ਆਖਰ ਇਸ ਮਾਸਲੇ ਨੂੰ ਹਲ ਕਰਨ ਲਈ 1955 ਵਿਚ ਤਰਮੀਮ ਕੀਤੀ ਗਈ। ਇਸ ਤਰਮੀਮ ਦੇ ਮੁਤਾਬਿਕ ਅਮਲ ਨਹੀਂ ਕੀਤਾ ਗਿਆ। 1954 ਵਿਚ ਤਾਂ Act ਅਧੀਨ Rules ਹੀ ਨਹੀਂ ਸਨ ਬਣੇ। ਇਸ ਤਰ੍ਹਾਂ 6 ਮਹੀਨੇ ਦਾ ਮੌਕਾ ਬਿਸਵੇਦਾਰਾਂ ਨੂੰ ਮਿਲ ਗਿਆ ਕਿ ਉਹ

[ਕਾਮਰੇਡ ਹਰਨਾਮ ਸਿੰਘ ਚਮਕ]

ਜੋ ਜ਼ਮੀਨ ਚਾਹੁਣ ਰਾਖਵੀ ਰਖ ਲੈਣ ਅਤੇ ਕਾਗਜ਼ ਪੂਰ ਕਰ ਦੇਣ। ਚਾਹੀਦਾ ਤਾਂ ਇਹ ਸੀ ਕਿ ਜਿਹੜੀ ਜ਼ਮੀਨ ਇਨ੍ਹਾਂ ਨੇ ਰੱਖਣੀ ਸੀ ਉਹ 6 ਮਹੀਨੇ ਦੇ ਅੰਦਰ ਅੰਦਰ ਰੱਖ ਲੈਂਦੇ ਅਤੇ ਬਾਕੀ ਦੀ ਮੁਜ਼ਾਰਿਆਂ ਨੂੰ ਦੇ ਦਿੱਤੀ ਜਾਂਦੀ, ਪਰ ਇਨ੍ਹਾਂ ਨੇ ਉਨ੍ਹਾਂ ਨੂੰ ਆਪਣੀ ਜ਼ਮੀਨ ਖੁਰਦ ਬੁਰਦ ਕਰਨ ਦਾ ਹੋਰ ਮੌਕਾ ਦਿਤਾ ਅਤੇ ਉਨ੍ਹਾਂ ਨੂੰ 31 ਮਾਰਚ ਤੱਕ ਦੀ ਹੋਰ ਮਿਆਦ ਦੇ ਦਿੱਤੀ। ਅਤੇ ਇਸ ਤਰ੍ਹਾਂ ਇਹ ਮਿਆਦ ਵਧਾਉਂਦੇ ਚਲੇ ਗਏ। ਮੁਜ਼ਾਰਿਆਂ ਦਾ ਮਸਲਾ ਹਲ ਨਹੀਂ ਕਰ ਸਕੇ ਅਤੇ ਇਹ ਵਿਗੜਦਾ ਹੀ ਚਲਾ ਗਿਆ। ਮੁਜ਼ਾਰਿਆਂ ਨੂੰ ਜਬਰੀ ਕਢਿਆ ਗਿਆ ਅਤੇ ਉਨ੍ਹਾਂ ਦੀਆਂ ਖੜ੍ਹੀਆਂ ਫਸਲਾਂ ਸਾੜੀਆਂ ਗਈਆਂ। ਅਜੇ ਪਰਸੋਂ ਦੀ ਖਬਰ ਹੈ ਕਿ ਪਿੰਡ ਨਿਹਾਲਗੜ੍ਹ ਵਿਚ ਮੁਜ਼ਾਰਿਆਂ ਦੀ ਫਸਲ ਵਢ ਕੇ ਜਟਾਂ ਨੇ ਘਰ ਸੁਟ ਲਈ ਹੈ। ਇਸ ਤਰ੍ਹਾਂ ਦੇ ਕਾਨੂੰਨ ਘੜੇ ਗਏ ਹਨ ਕਿ ਇਸ ਵਿਚ ਹਰ ਚੀਜ਼ ਹੋਈ ਹੈ।

ਮਾਲ ਮੰਤਰੀ : ਇਸ ਪਿੰਡ ਵਿਚ ਜਿਸ ਦਾ ਤੁਸੀਂ ਜ਼ਿਕਰ ਕੀਤਾ ਹੈ ?

ਕਾਮਰੇਡ ਹਰਨਾਮ ਸਿੰਘ ਚਮਕ : ਜੀ ਹਾਂ, ਇਹ ਅਜੇ ਪਰਸੋਂ ਦੀ ਗੱਲ ਹੈ। ਇਸ ਕਾਨੂੰਨ ਵਿਚ ਤਾਂ ਕਿਤੇ ਨਹੀਂ ਦੱਸਿਆ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ, ਪਰ ਜਦੋਂ ਕਿਸੇ ਦੀ ਖੜ੍ਹੀ ਹੋਈ ਫਸਲ ਹੀ ਘਰ ਸੁਟ ਦਿੱਤੀ ਜਾਵੇ ਤਾਂ ਕਿਸ ਚੀਜ਼ ਦੀ safeguard ਹੋਈ। ਇਹ ਕਾਨੂੰਨ ਤਾਂ ਤੁਹਾਡੇ ਕੋਲ ਹੈ ਅਤੇ ਇਸ ਦੇ ਜਿਸ ਤਰ੍ਹਾਂ ਮਰਜ਼ੀ ਤੁਸੀਂ ਮਤਲਬ ਕਢ ਕੇ ਫੈਸਲਾ ਕਰੋ, ਕਿਉਂਕਿ machinery ਤਾਂ ਸਾਰੀ ਦੀ ਸਾਰੀ ਤੁਹਾਡੀ ਆਪਣੀ ਹੀ ਹੈ, ਤੁਸੀਂ ਜਿਸ ਤਰ੍ਹਾਂ, ਚਾਹੋ ਫੈਸਲਾ ਕਰੋ।

ਇਕ ਗੱਲ ਮੈਂ ਹੋਰ ਅਰਜ਼ ਕਰਾਂ ਕਿ ਇਸ ਹਾਊਸ ਵਿਚ ਬਹੁਤ ਵਾਰ ਸਵਾਲਾਂ ਰਾਹੀਂ ਪੁਛਿਆ ਗਿਆ ਹੈ ਕਿ ਰਾਜਿਆਂ ਮਹਾਰਾਜਿਆਂ ਪਾਸ ਕਿਤਨੀ ਜ਼ਮੀਨ ਹੈ। ਸਰਕਾਰ ਦੇ ਜਵਾਬਾਂ ਤੋਂ ਪਤਾ ਲਗਦਾ ਹੈ ਕਿ ਅੱਜ ਵੀ ਹਜ਼ਾਰਾਂ ਵਿਘੇ ਜ਼ਮੀਨ ਉਨ੍ਹਾਂ ਦੇ ਪਾਸ ਹੈ। ਨਾਭਾ ਸ਼ਹਿਰ ਦੇ ਨਜ਼ਦੀਕ ਇੱਕ ਪਿੰਡ ਬਾਗੜੀਆਂ ਹੈ, ਉਸ ਪਿੰਡ ਦੇ ਰਈਸ ਨੇ ਆਪਣੀ ਸਾਰੀ ਦੀ ਸਾਰੀ ਜ਼ਮੀਨ ਨੂੰ ਕਬਜ਼ੇ ਵਿਚ ਕੀਤੀ ਹੋਇਆ ਹੈ। ਤਕਰੀਬਨ 2,000 ਵਿਘੇ ਜ਼ਮੀਨ ਬਾਗ ਲਗਵਾਉਣ ਦੀ ਛੋਟ ਵਿਚ ਕਬਜ਼ੇ ਵਿਚ ਕੀਤੀ ਹੋਈ ਹੈ, ਕੁਛ ਇਨ੍ਹਾਂ ਨੇ ਆਪਣੇ ਕਬਜ਼ੇ ਵਿਚ ਆਪਣੇ ਨਾਉਂ ਲਗਵਾ ਕੇ, ਅਤੇ ਪੁਤਰਾਂ ਦੇ ਨਾਉਂ ਲਗਵਾ ਕੇ ਆਪਣੇ ਕਬਜ਼ੇ ਵਿਚ ਕੀਤੀ ਹੋਈ ਹੈ। ਇਸੇ ਤਰ੍ਹਾਂ ਸਰਦਾਰ ਸ਼ਿਵਦੇਵ ਸਿੰਘ ਨਾਭਾ ਕੋਲ ਵੀ ਕਈ ਪਿੰਡ ਮੌਜੂਦ ਹਨ ਅਤੇ ਉਨ੍ਹਾਂ ਦਾ ਬਤੌਰ ਆਲ੍ਹਾ ਮਲਕੀਅਤ ਦੇ ਮਾਲਕ ਦੇ ਕਬਜ਼ਾ ਚਲਿਆ ਆਉਂਦਾ ਹੈ। ਨਵਾਬ ਮਾਲੇਰਕੋਟਲਾ ਦਾ ਵੀ ਇਸੇ ਤਰ੍ਹਾਂ ਸ਼ਹਿਰ ਮਾਲੇਰ ਕੋਟਲਾ ਵਿਚ ਆਲਾ ਮਾਲਕੀਅਤ ਦਾ ਹਕੂਕ ਹੈ। ਆਲਾ ਮਾਲਕੀਅਤ ਭਾਵੇਂ ਹੋਰ ਇਸ ਰਿਆਸਤ ਵਿਚ ਖਤਮ ਹੋ ਚੁਕੀ ਹੈ ਪਰ ਫੇਰ ਵੀ ਸ਼ਹਿਰ ਵਿਚ ਨਵਾਬ ਸਾਹਿਬ ਦੀ ਮਲਕੀਅਤ ਅਜੇ ਤਕ ਕਾਇਮ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਇਨ੍ਹਾਂ ਨੂੰ ਰਾਜਿਆਂ ਮਹਾਰਾਜਿਆਂ ਕੋਲ ਜ਼ਮੀਨਾਂ ਨਹੀਂ ਰਹਿਣ ਦੇਣੀਆਂ ਚਾਹੀਦੀਆਂ ਬਲਕਿ ਇਹ ਹੱਕ ਤਾਂ ਉਨ੍ਹਾਂ ਲੋਕਾਂ ਦਾ ਬਣਦਾ ਹੈ ਜਿਹੜੇ ਖੇਤੀ ਬਾੜੀ ਕਰਦੇ ਹਨ। ਪਰ ਸਰਕਾਰ ਨਵੇਂ ਤੋਂ ਨਵੇਂ ਕਾਨੂੰਨ ਇਹ ਕਹਿਕੇ, ਕਿ ਅਸੀਂ ਜ਼ਿਮੀਂਦਾਰਾਂ ਦੇ ਭਲੇ ਲਈ ਬਿਲ ਲਿਆ ਰਹੇ ਹਾਂ, ਲਿਆਉਂਦੀ ਹੈ ਪਰ ਹਰ ਦਫਾ ਉਸ ਦੇ ਵਿਚ ਕੋਈ ਨਾ ਕੋਈ ਖਾਮੀ ਰਹਿ ਜਾਂਦੀ ਹੈ ਅਤੇ ਇਸ ਦਾ ਫਾਇਦਾ ਵੱਡੇ ਵੱਡੇ ਜਾਗੀਰਦਾਰ ਉਠਾ ਜਾਂਦੇ ਹਨ, ਜਿਤਨੀਆਂ ਵੀ ਜ਼ਮੀਨਾਂ ਹਨ, ਜਿਹੜੀਆਂ ਕਿ ਇਨ੍ਹਾਂ ਨੇ surplus declare ਕੀਤੀਆਂ ਸਨ, ਉਹ ਆਹਿਸਤਾ ਆਹਿਸਤਾ ਘਟਦੀਆਂ ਜਾਂਦੀਆਂ ਹਨ, ਵਜਾਹ ਇਹ ਹੈ ਕਿ ਜਿਵੇਂ ਜਿਵੇਂ ਇਹ ਇਸ ਮੁਆਮਲੇ ਵਿਚ ਦੇਰੀ ਲਾਉਂਦੇ ਹਨ ਤਿਵੇਂ ਤਿਵੇਂ ਇਹ ਜ਼ਮੀਨਾਂ ਖੁਰਦ ਬੁਰਦ ਹੁੰਦੀਆਂ ਜਾ ਰਹੀਆਂ ਹਨ। Planning Commission ਨੇ ਵੀ ਇਨ੍ਹਾਂ ਤੋਂ ਪੁਛਿਆ ਹੈ ਕਿ ਦੱਸੋ ਤੁਸੀਂ ਤਾਂ ਇਤਨੀ ਜ਼ਮੀਨ ਕਹਿੰਦੇ ਸੀ, ਉਹ ਇਤਨੀ ਘਟ ਕਿਸ ਤਰ੍ਹਾਂ ਗਈ। ਪਰ ਅਸੀਂ ਵੇਖਦੇ ਹਾਂ ਕਿ ਜਿਤਨੇ ਵੀ ਬਿਲ ਲਿਆਂਦੇ ਜਾਂਦੇ ਹਨ ਉਹ ਜਾਣ ਬੁਝਕੇ

ਉਨ੍ਹਾਂ ਵਿਚ ਰਖਣੇ ਰੱਖ ਕੇ ਲਿਆਂਦੇ ਜਾਂਦੇ ਹਨ। ਇਸ ਲਈ ਬਜਾਏ ਇਸ ਦੇ ਕਿ ਇਹ ਬਿਲ ਹੁਣੇ ਹੀ ਪਾਸ ਕੀਤਾ ਜਾਵੇ ਅਸੀਂ ਚਾਹੁੰਦੇ ਹਾਂ ਕਿ ਇਹ ਬਿਲ Select Committee ਦੇ ਸਪੁਰਦ ਕੀਤਾ ਜਾਵੇ, ਜਿਹੜੀ ਵਿਚਾਰ ਕੇ ਇਸ ਦੇ ਸਾਰੇ ਪਹਿਲੂ ਵੇਖ ਕੇ ਫੇਰ ਇਸ ਹਾਊਸ ਵਿਚ ਲਿਆਵੇ। ਇਹ ਹੋ ਸਕਦਾ ਹੈ ਕਿ ਤਾਰੀਖ ਕੋਈ ਜਲਦੀ ਰੱਖੀ ਜਾ ਸਕਦੀ ਹੈ, ਪਰ ਇਹ ਵਿਚਾਰ ਕੇ ਜਿਹੜੀਆਂ ਇਸ ਵਿਚ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਦੂਰ ਕਰਕੇ ਇਹ ਬਿਲ ਲਿਆਉਣਾ ਚਾਹੀਦਾ ਹੈ। ਇਨ੍ਹਾਂ ਖਾਮੀਆਂ ਦੇ ਦੂਰ ਹੋ ਜਾਣ ਨਾਲ ਜਿਹੜੀ ਵਧ ਤੋਂ ਵਧ ਜ਼ਮੀਨ ਹੈ ਉਹ ਸਾਨੂੰ ਮਿਲ ਜਾਵੇਗੀ ਅਤੇ ਇਹ ਅਸੀਂ ਗ਼ਰੀਬ ਲੋਕਾਂ ਨੂੰ ਖੇਤੀ ਕਰਨ ਵਾਲਿਆਂ ਨੂੰ ਦੇ ਸਕਦੇ ਹਾਂ। ਇਸ ਤਰ੍ਹਾਂ ਜਿਹੜੀ ਜ਼ਮੀਨ ਲੋਕਾਂ ਨੇ ਆਪਣੇ ਪਰਵਾਰਾਂ ਦੇ ਨਾਉਂ ਲਗਵਾ ਕੇ ਖੁਹਦ ਬੁਰਦ ਕਰ ਲਈ ਹੈ, ਜਿਨ੍ਹਾਂ ਪਾਸ 10/10 ਏਕੜ ਜ਼ਮੀਨ ਹੈ, ਉਨ੍ਹਾਂ ਵਿਚ ਤਕਸੀਮ ਹੋਣੀ ਚਾਹੀਦੀ ਹੈ। ਅਜ ਜਿਹੜੀ ਅਸੀਂ ਇਕ ਇਕ ਦੋ ਦੋ ਏਕੜ ਦੀ ਸ਼ਕਲ ਵਿਚ ਲੋਕਾਂ ਨੂੰ ਜ਼ਮੀਨ ਦੇਣੀ ਚਾਹੁੰਦੇ ਹਾਂ ਜੇ ਪੂਰੀ ਤਰ੍ਹਾਂ ਪੜਤਾਲ ਕਰਕੇ ਹਾਸਲ ਕੀਤੀ ਜਾਵੇਗੀ ਤਾਂ ਮੇਰਾ ਯਕੀਨ ਹੈ ਕਿ ਇਹ ਡੇਢ ਲੱਖ ਦੇ ਕਰੀਬ ਹੋਰ ਜ਼ਮੀਨ ਹੈ ਜੋ ਹਾਸਲ ਕੀਤੀ ਜਾ ਸਕਦੀ ਹੈ। ਜੇ ਇਸ ਤਰ੍ਹਾਂ ਥੋੜੀ ਥੋੜੀ ਜ਼ਮੀਨ ਦਿੱਤੀ ਗਈ ਤਾਂ ਇਸ ਦੇ ਨਾਲ ਹੋਰ ਵੀ ਮੁਸ਼ਕਲ ਹੋ ਜਾਵੇਗੀ, ਅਜੇ ਤਾਂ ਪਹਿਲੇ ਹੀ ਝਗੜੇ ਨਹੀਂ ਨਿਪਟ ਰਹੇ ਫੇਰ ਤਾਂ ਹੋਰ ਵੀ ਵਧ ਜਾਣਗੇ। ਜ਼ਮੀਨ ਉਨ੍ਹਾਂ ਨੂੰ ਦਿੱਤੀ ਜਾਵੇ ਜਿਹੜੇ ਖੇਤੀ ਕਰਦੇ ਹਨ ਉਨ੍ਹਾਂ ਨੂੰ exempt ਕੀਤਾ ਜਾ ਸਕਦਾ ਹੈ ਜਿਹੜੇ ਕਿ ਖੇਤੀ ਨਹੀਂ ਕਰ ਸਕਦੇ। ਇਸ ਬਾਰੇ ਮੈਂ ਚਾਹੁੰਦਾ ਸੀ ਕਿ figures ਦੇ ਕੇ ਸਾਰੀ ਗੱਲ ਸਮਝਾਉਂਦਾ ਪਰ ਇਤਨਾ ਵਕਤ ਨਹੀਂ ਇਸ ਲਈ ਮੈਂ ਇਹੋ ਹੀ ਅਰਜ਼ ਕਰਾਂਗਾ ਕਿ ਇਸ ਬਿਲ ਤੇ ਫਰਾਖਦਿਲੀ ਵਖਾਉਣੀ ਚਾਹੀਦੀ ਹੈ ਅਤੇ ਇਸ ਨੂੰ Select Committee ਦੇ ਸਪੁਰਦ ਕਰਨਾ ਚਾਹੀਦਾ ਹੈ। ਇਤਨਾ ਕਹਿੰਦਾ ਹੋਇਆ ਮੈਂ ਆਪਣੀ seat resume ਕਰਦਾ ਹਾਂ।

Mr. Chairman : Motion moved :—

That the Pepsu Tenancy and Agricultural Lands (Amendment and Validation) Bill, 1962, be referred to a Select Committee consisting of—

(1) Sardar Ajmer Singh, Minister-in-charge;

(2) Shri Mohan Lal Datta, M.L.A;

(3) Comrade Ram Chandra, M.L.A;

(4) Chaudhri Devi Lal, M.L.A;

(5) Sardar Harnam Singh Chamak, M.L.A;

with a direction to make a report by the 21st May, 1962.

श्री मंगल सैन (रोहतक) : चेयरमैन साहिब, Revenue Minister साहिब ने आज हाउस में इस amending बिल को ला कर यह चाहा है कि वह हाउस इसे पास कर दे क्योंकि इस में इस बात का अख्तियार मांगा गया है कि Principal Act में तबदीली लाई जा सके।

चेयरमैन साहिब, यह tenancy बिल जो अब हमारे सामने जेरे गौर है और जैसा कि पंजाब के दूसरे हिस्से के बारे में Punjab Security of Land Tenure Bill भी पास किया गया है और उस बिल पर की गई बहस के दौरान हम ने देखा है और अब भी देख रहे हैं कि मूल्क के बटवारे के बाद हमारे

[श्री मंगल सैन]

जो प्रान्त है इस में हालात स्यासी तौर पर और economic तौर पर बदल गये हैं। जहां बाकी के पहलुओं में तबदीली आई है वहां पर किसान की जिंदगी में भी तबदीली आई है। इन सारे बदले हुए हालात को सामने रख कर हमें इस बिल को पास करना चाहिए। चाहे erstwhile पैप्सू के और चाहे erstwhile पंजाब के मैम्बर साहिबान हों उन सब ने जो अपनी राए का इज़हार किया है उस से यही पता लगा है कि इस मामला के प्रति यहां जो भी legislation पास की गई वह बड़ी तेज़ी के साथ की गई और बिना सोचे समझे की गई और इस के नतीजे के तौर पर इस समय पंजाब में और सारे देश भर में यह आवाज़ सी चल पड़ी है कि जो लोग तादाद में ज्यादा हैं, जिन की गिनती ज्यादा है उन को हरिजनों की और बाकी पछड़ी जातियों की बहबूदी के लिए ज़रूर सोचना चाहिए। हरेक Welfare State की सरकार के लिये यह ज़रूरी है कि वह उन की बेहतरी के लिए कुछ कदम उठाए। इसी ख्याल से हमारी पंजाब सरकार ने पंजाब को Welfare State बनाने का एक नारा लगाया है चाहे यह किसी जाति को फुसलाने के लिए ही किया है। चेयरमैन साहिब, हर Welfare State का यह फर्ज़ होता है कि वह हर शहरी की बेहतरी के लिए विचार करे ताकि उस की उन्नति, उस के विकास और development जो हो वह अच्छे sphere में हो।

चेयरमैन साहिब, जैसा कि मैं ने अभी आरम्भ में निवेदन किया था erstwhile पंजाब के राज्य में यहां की सरकार ने बड़ी जल्दी से यह कानून बना दिया था और वह इस गर्ज़ से बनाया कि जो बे-ज़मीन किसान देहात में हैं, जो landless tenants जिन को हमारे संविधान में मताधिकार दिया गया है जिन को right of vote दिया गया है उन्हें बे-लगाम न छोड़ा जाए। असल बात चेयरमैन साहिब, यह है कि अंग्रेज़ी राज्य के समय से यह practice चली आ रही थी कि कुछ लोग तो मौज मेले किया करते थे जो अपनी कोठियों के अन्दर और अपनी २ हवेलियों में पंखों के नीचे मौज किया करते थे और बेचारे कुछ लोग गरमी के अन्दर और सरदी के अन्दर यानी हर किस्म के मौसम में खेतों में अपना खून पसीना बहा कर वहां से पैदावार पैदा किया करते थे। यह बात ज़रूरी थी कि society के अन्दर जो न्याय पूर्ण बात न हो वह ज्यादा देर तक चल नहीं सकती। जहां मनुष्यता की भावना काम न करे वहां वह स्थिति सदा बनी नहीं रह सकती उस के खिलाफ किसी न किसी समय जनता में आवाज़ उठती है। सरकार ने बहुत अच्छा किया होता अगर वह उन बेचारे निर्धन और दबाए हुए लोगों की सहायता करने के भाव से कुछ कदम उठाती। 26 जनवरी, 1950 के बाद, हिन्दुस्तान के आईन के लागू हो जाने के बाद जिस में हरेक बालग को मत अधिकार मिला और adult sufferage का हक हरेक शहरी को मिला तो इस State में rule करने वाली पार्टी ने सोचा कि अब इसे vote चाहियें। इस लिये इस ने ग्रामों की भोली भाली जनता को जो सदियों से सताए हुए पीड़त लोग हैं उन की कुछ सहायता करनी शुरू की। इसी भावना को लेकर इस सरकार ने उन पिछड़े हुए लोगों के लिए services में भी भरती करने का ऐलान किया और यह security of tenure का कानून बनाया।

जैसा कि पहले बिल पर की बहस के दौरान सुना है और हम ने पिछल कानून को भी पढ़ा है और कानून की सारी history को भी देखा है उस से यही समझ में आया है कि इस कानून बनानें वालों की भावना यह थी कि न उन लोगों के vote हासिल करने के लिए अपने साथ रखा जाए। दरअसल भावना तो यह होनी चाहिए थी कि गांव में जो बसने वाले हैं जो वहां के बे-ज़मीन किसान हैं उन्हें ज़मीन दिलानी चाहिए ताकि वे लोग खददारी के साथ और इज्ज़त के साथ गांव के अन्दर रह सकें। आज इस बात से कोई मुनकिर नहीं हो सकता कि आज जो..........

(Shri Mangal Sein was still in possession of the House when it adjourned.)

2 p.m. *(The Sabha then adjourned till 8 a.m. on Thursday the 17th May, 1962)*

17588 PVS—380—27-11-62—C.P., & S., Pb., Chandigarh.

Published under the authority of the Punjab Vidhan Sabha and printed by the Controller, Printing & Stationer, Punjab.

Punjab Vidhan Sabha Debates

17th May, 1962.

Vol. I No. 38

OFFICIAL REPORT



CONTENTS

Thursday, the 17th May, 1962.

Price : Rs. 5.45 nP.

ERRATA

PUNJAB VIDHAN SABHA DEBATES, VOL. I, NO. 38,
DATED THE 17TH MAY, 1962.

Read	*For*	*Page*	*Line*
ਗਏ	ਗਤੇ	(38)7	4th from below
question	queston	(38)15	13th from below
hour	hou	(38)25	12
ਬਿਨਾਂ	ਘਿੰਨਾ	(38)28	27
ਖਾਧੀ	ਖਾਦੀ	(38)29	3rd from below
ਕੰਧ	ਕੰਦ	(38)30	7
ਮੁਕੱਰਰ	ਮਕਰਰ	(38)33	8
diminishing	diminshing	(38)37	10
ਡਿਪਟੀ ਸਪੀਕਰ ਸਾਹਿਬਾ	ਡਿਪਟੀ ਸਪੀਕ਼ਰ ਸਾਹਿਬ	(38)38	17
ਢੰਗ	ਢਗ	(38)38	31
ਨੇ ਫੈਸਲਾ ਕੀਤਾ ਕਿ 90	ਨੇ 90	(38)40	11th from below
ਚੁਕੇ	ਚਕੇ	(38)41	4th from below
ਸਰਕਾਰ ਸਾਰੇ ਲੋਕਾਂ	ਸਾਰੇ ਲੋਕਾਂ ਸਰਕਾਰ	(38)43	30
census	cen us	(38)54	25
ਝਗੜਾ	ਝਰੜਾ	(38)75	first
ਗਊ	ਰਊ	(38)76	21
cannot	annot	(38)103	18
the	tehe	(38)103	19

PUNJAB VIDHAN SABHA

Thursday, the 17th May, 1962.

The Vidhan Sabha met in the Assembly Chamber, Sector 1, *Chandigarh, at* 8.00 *A.M. of the Clock. Mr. Speaker (Shri Prabodh Chandra) in the Chair.*

STARRED QUESTIONS AND ANSWERS

Mr. Speaker : Would the House like that the Question Hour **be** dispensed with today ?

Shri Balramji Dass Tandon : No, Sir. We should have the Question Hour.

SUPPLEMENTARIES TO *STARRED QUESTION No. 573 (Concld)

श्री बलरामजी दास टंडन : मैं ने श्री दातार के बारे में सवाल पूछा था । उस सवाल के मुताल्लिक पूरी information नहीं आई थी । यहां आ कर वह state guest रहे थे ....

Mr. Speaker : I think we had a good number of supplementary questions on this question yesterday. What I have been able to find is that a very little amount was spent on this distinguished visitor and the rest might have been spent on some party given by the State Government or something else. If the hon. Member wants any other detail I will get him those.

ਸਰਦਾਰ ਕੁਲਬੀਰ ਸਿੰਘ : On a point of order, sir. ਮੇਰੀ ਗੁਜ਼ਾਰਸ਼ ਇਹ ਹੈ ਕਿ ਬਹੁਤ ਸਾਰੇ starred ਤੇ unstarred ਸਵਾਲਾਂ ਦੇ ਜਵਾਬ ਸਾਨੂੰ ਨਹੀਂ ਦਿਤੇ ਜਾਂਦੇ ਅਤੇ ਜਵਾਬ ਵਿਚ ਇਹ ਕਿਹਾ ਜਾਂਦਾ ਹੈ ਕਿ ਇਸਦਾ ਜਵਾਬ ਦੇਣ ਵਿਚ time ਤੇ labour ਬਹੁਤ ਖਰਚ ਹੁੰਦਾ ਹੈ। ਮੇਰੀ ਅਰਜ਼ ਹੈ ਕਿ ਮੈਂਬਰਾਨ ਨੂੰ ਸਵਾਲ ਪੁਛਣ ਦਾ Constitution ਨੇ ਹਕ ਦਿਤਾ ਹੈ ਅਤੇ ਇਹ ਕੋਈ ਸਰਕਾਰ ਦੀ ਮਿਹਰਬਾਨੀ ਨਹੀਂ ਹੈ। ਇਹ ਜੋ ਜਵਾਬ ਦਿਤਾ ਜਾਂਦਾ ਹੈ ਇਹ ਸਾਡੇ constitutional rights ਦੇ ਬਿਲਕੁਲ ਉਲਟ ਹੈ ਸਰਕਾਰ ਤੇ ਇਹ ਫਰਜ਼ ਆਇਦ ਹੁੰਦਾ ਹੈ ਅਤੇ ਇਹ ਉਸ ਨੂੰ ਪੂਰਾ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਇਥੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਗਲਤ ਤੇ contradictory ਦਿਤੇ ਜਾਂਦੇ ਹਨ। ਤੇ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਚੀਜ਼ ਦਾ ਇਲਾਜ ਕੀਤਾ ਜਾਵੇ ਅਤੇ ਸਾਡੇ ਹਕਾਂ ਦੀ ਰਾਖੀ ਕੀਤੀ ਜਾਵੇ।

Mr. Speaker : I have got the point of the hon. Member. I have already requested the Government that this position should be taken in as few cases as possible. But the hon. Member will agree with me that where the time and labour involved is really too large the Member should not insist on getting the information. As regards the second point, it will not be done in future.

*Note.—Starred question No 573 along with its reply appears in the Assembly Debate Vol I No 35 dated 15th May, 1962 The supplementaries to this question appear in the Assembly Debate Vol I No. 36 dated 16th May 1962.

ਕਾਮਰੇਡ ਰਾਮ ਪਿਆਰਾ : ਮੇਰੀ submission ਇਹ ਹੈ ਕਿ ਮੈਨੂੰ ਇਕ unstarred question ਦਾ ਜਵਾਬ ਕਲ ਮਿਲਿਆ ਹੈ ਹਾਲਾਂਕਿ ਇਹ 5 ਅਪ੍ਰੈਲ, 1962 ਨੂੰ due ਸੀ। ਇਸ ਸਵਾਲ ਉਤੇ ਲਿਖਿਆ ਹੈ " Assembly business top priority" ਲੇਕਿਨ ਇਸਦੇ ਬਾਵਜੂਦ ਵੀ ਕਿ ਇਹ ਕੋਈ ਲੰਮੀ ਚੌੜੀ information ਨਹੀਂ ਸੀ ਜਵਾਬ ਨਹੀਂ ਦਿਤਾ ਗਿਆ। ਮੈਂ ਤਾਂ ਕਹਿਣਾ ਚਾਹੁੰਦਾ ਹਾਂ ਕਿ I know from my personal knowledge that the information had been collected from the field ਲੇਕਿਨ ਫੇਰ ਵੀ ਮੈਨੂੰ ਨਹੀਂ ਦਿਤੀ ਗਈ। ਇਸੇ ਤਰ੍ਹਾਂ ਬਾਕੀ ਸਵਾਲਾਂ ਵਿਚ ਕੀਤਾ ਜਾਂਦਾ ਹੈ।

Mr. Speaker : If what the hon. Member says is correct I would request the Government to supply the information to him. Nothing will be kept away from the House which it is entitled to know.

श्री बलरामजी दास टंडन : आप ने जो कुछ कहा है मैं उस के मुताल्लिक बहस नहीं करना चाहता न ही किसी को blame करना चाहता हूं मगर यह सीधी बात है कि इस को आप के नोटिस में आए हुए इतनी देर हो गई है, सारे कागज़ात मैं ने आप के सामने रख दिए हैं । कल मैं देखता रहा मगर मुझे नहीं बुलाया गया ।

श्री अध्यक्ष : आप ने अपनी जिम्मेदारी की बात नहीं कही । The fault does not lie with me. I could not have any discussion with the Secretary about this matter. There is absolutely no intention of depriving the House of any information that the hon. Member is entitled to have. मैं ने कहा कि आप सैक्रेट्री साहिब को मिल लें । आप ने उन को बताया कि मैं अमृतसर जा रहा हूं सोमवार को आऊंगा । मगर आप सोमवार नहीं मिले, मंगलवार नहीं मिले, बुधवार भी नहीं मिले । आज मिले हैं । Now this has to be sent to the Government so that they are able to give a reply अभी गवर्नमैंट जवाब नहीं दे सकती वह कहेगी कि हमें नोटिस अभी मिला है । तो क्या फायदा होगा । I will put this on the agenda at the earliest opportunity. (The hon. Member has said nothing about his own responsibility in the matter. The fault does not lie with me. I could not have any discussion with the Secretary about it. There is absolutely no intention of depriving the House of any information that the hon. Member is entitled to have. I had asked him to see the Secretary. He had informed the Secretary that he was leaving for Amritsar and would be back on Monday. But he did not meet him on Monday, Tuesday or even on Wednesday. He had seen the Secretary only today. Now this has to be sent to the Government so that they are able to give a reply. The Goernment cannot give a reply in the matter as its notice has reached them just now. So it is useless to take up the matter at this stage. I will put this on the agenda at the earliest opportunity.

Mr. Speaker : The House will now take up the next item on the Agenda.

RESOLUTION REGARDING LIBERATION OF GOA
(RESUMPTION OF DISCUSSION)

श्री अध्यक्ष : यह discussion आधा घंटा होनी है इस लिए मैम्बर साहिबान दो से चार चार मिनट ही बोलें । (This discussion will last only half an hour. The hon. Members may therefore take only two to four minutes each)

सरदार गुरदयाल सिंह ढिल्लों : मैं ने कहा कि यह पहले ही दुरुस्त करा लूं । हाऊस के एक मैम्बर को एक amendment के नोटिस पर बेबी दयाल लिखा गया है । क्या एक बूढ़ा बच्चा हो सकता है?

श्री अध्यक्ष : बूढ़े और बच्चे की बात नहीं है, यह गलती से छप गया है। (There is no question of an 'old man or a child' it is only typing error.)

ਬਾਬੂ ਅਜੀਤ ਕੁਮਾਰ (ਸਿਧਵਾਂ ਬੇਟ, S.C.) : ਇਹ ਜੋ ਰੈਜ਼ੂਲੇਸ਼ਨ ਪੇਸ਼ ਕਰ ਰਹੇ ਹਨ ਇਸ ਵਿਚ ਦੋ ਬਹਾਦਰ ਅਫਸਰਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਜਾ ਰਹੀ ਹੈ ਇਸ ਦੇ ਸਬੰਧ ਵਿਚ ਮੇਰੇ ਦੋਸਤ ਵਲੋਂ ਇਕ ਤਰਮੀਮ ਕੀਤੀ ਗਈ ਹੈ ਮੈਂ ਉਸ ਦੀ ਸਪੋਰਟ ਕਰਦਾ ਹਾਂ । ਇਸ ਮਹਾਨ ਕੰਮ ਵਿਚ ਕਰਨੈਲ ਸਿੰਘ ਵੀ ਸਨ ਜਿਨਾਂ ਨੇ ਆਪਣੀ ਜਾਨ ਗਵਾਈ ਅਤੇ ਇਸ ਦੇ ਨਾਲ ਹੀ ਲੁਧਿਆਣੇ ਜ਼ਿਲੇ ਦੇ ਵਸਨੀਕ ਲਾਂਸ ਨੈਕ ਸੁਰਜੀਤ ਸਿੰਘ ਵੀ ਇਸ ਆਪਰੇਸ਼ਨ ਵਿਚ ਸ਼ਾਮਿਲ ਸਨ ਅਤੇ ਉਨ੍ਹਾਂ ਨੇ ਆਪਣੀ ਜਾਨ ਗਵਾਈ ਇਸ ਲਈ ਇਨ੍ਹਾਂ ਦੋ ਵੀਰਾਂ ਦੇ ਨਾਲ ਨਾਲ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਜਾਣੀ ਚਾਹੀਦੀ ਹੈ ਅਤੇ ਇਨ੍ਹਾਂ ਦੋਹਾਂ ਵਲ ਵੀ sympathetic attitude ਸਰਕਾਰ ਨੂੰ ਲੈਣਾ ਚਾਹੀਦਾ ਹੈ । ਮੈਂ ਇਸ ਦੇ ਨਾਲ ਨਾਲ ਹੀ ਜਿਨ੍ਹਾਂ ਦੋ ਵੀਰ ਅਤੇ ਬਹਾਦਰਾਂ ਦਾ ਜ਼ਿਕਰ ਇਸ ਮਤੇ ਵਿਚ ਕੀਤਾ ਗਿਆ ਹੈ ਉਨ੍ਹਾਂ ਲਈ ਸ਼ਰਧਾਂਜਲੀ ਪੇਸ਼ ਕਰਦਾ ਹਾਂ ਪਰ ਇਸ ਦੇ ਨਾਲ ਹੀ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਦਿਹਾਤ ਦੇ ਅੰਦਰ ਲੋਕ ਇਸ ਗਲ ਦੀ ਮੰਗ ਕਰਦੇ ਨੇ ਕਿ ਕੀ ਸਰਕਾਰ ਦਾ ਧਿਆਨ ਕੇਵਲ ਵਡੇ ਅਫਸਰਾਂ ਵਲ ਹੀ ਜਾਂਦਾ ਹੈ ਜਾਂ ਜਨਤਾ ਵਲ ਵੀ ਜਾਂਦਾ ਹੈ । ਜਿੰਨੇ ਸਿਪਾਹੀ ਜਾਂ ਛੋਟੇ ਅਫਸਰ ਨੇ ਜਿਨ੍ਹਾਂ ਨੇ ਇਸ ਆਪਰੇਸ਼ਨ ਵਿਚ ਸ਼ਹਾਦਤ ਪਾਈ ਕੀ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਨ ਵਲ ਸਰਕਾਰ ਧਿਆਨ ਦਿੰਦੀ ਹੈ ਜਾਂ ਨਹੀਂ । ਆਮ ਲੋਕਾਂ ਦੇ ਦਿਲਾਂ ਵਿਚ ਇਹ ਗਲ ਘਰ ਕਰ ਗਈ ਹੈ ਕਿ ਸਰਕਾਰ ਵਡੇ ਅਫਸਰਾਂ ਵਲ ਹੀ ਧਿਆਨ ਦਿੰਦੀ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ military ਵਿਚ ਜਿੰਨੇ ਵੀ ਨੌਜਵਾਨ ਜਾਂਦੇ ਨੇ ਆਪਣੀਆਂ ਜਾਨਾਂ ਹਥੇਲੀ ਤੇ ਰਖ ਕੇ ਜਾਂਦੇ ਨੇ ਅਤੇ ਬਿੰਨਾ ਕਿਸੇ ਭੇਦ ਭਾਵ ਦੇ ਦੇਸ਼ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਦੇ ਨੇ ਅਤੇ ਸ਼ਹਾਦਤ ਪਾਂਦੇ ਨੇ, ਇਸ ਲਈ ਜੇਕਰ ਅਸੀਂ ਇਕ ਜਾਂ ਦੋ ਅਫਸਰਾਂ ਦਾ ਨਾਮ ਲੈ ਕੇ ਸ਼ਰਧਾਂਜਲੀ ਭੇਂਟ ਕਰ ਦੇਈਏ ਤਾਂ ਕੋਈ ਖਾਸ ਗਲ ਨਹੀਂ ਬਣ ਸਕਦੀ ਅਤੇ ਲੋਕਾਂ ਦੇ ਮਨਾਂ ਵਿਚ ਇਕ ਫਿਰਕੇ ਵਾਲੀ ਭਾਵਨਾ ਪੈਦਾ ਹੋ ਸਕਦੀ ਹੈ । ਸਿਪਾਹੀ ਹੋਵੇ ਜਾਂ ਲਾਂਸ ਨੈਕ ਜਾਂ ਹਵਾਲਦਾਰ ਕਈਆਂ ਦੀਆਂ ਜਾਨਾਂ ਦੇਸ਼ ਦੀ ਆਜ਼ਾਦੀ

---

*The resolution standing in the name of Sardar Jai Inder Singh was moved under proper authority by Pandit Amar Nath Sharma on the 26th April 1962. The previous discussion on the resolution appears in the Assembly Debates Vol I No 25, dated the 26th April 1962

The resolution moved was that—

"This House places on record its deep appreciation of the military action in Goa and the liquidation of the last foreign pockets from the Indian soil. The speed and efficiency with which the entire operation was carried out by your Armed Forces entitle them to genuine Admiration and thankfulness on our part. It is a matter of pride for Punjab that two of her illustrious sons, Major Shiv Dev Singh Sidhu and Captain V. K. Sehgal laid down their lives for liberating the people of Goa from the yoke of foreign rule. The House expresses its full sympathy with the members of the berea ved families and suggests that two minutes silence may be observed as a mrak of respect to the memory of the departed heroes."

ਲਈ ਕੁਰਬਾਨ ਹੁੰਦੀਆਂ ਹਨ ਇਸ ਲਈ ਜਿਥੇ ਅਸੀਂ ਅਜ ਦੋ ਵਡੇ ਅਫਸਰਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਾਂ ਉਥੇ ਸਾਨੂੰ ਚਾਹੀਦਾ ਹੈ ਕਿ ਕਰਨੈਲ ਸਿੰਘ ਅਤੇ ਸੁਰਜੀਤ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕਰੀਏ। ਮੈਂ ਮਹਿਸੂਸ ਕਰਦਾ ਹਾਂ ਕਿ ਗੋਆ ਵਿਚ ਜੋ ਐਕਸ਼ਨ ਸਰਕਾਰ ਨੇ ਲਿਆ ਹੈ ਇਹ......... (ਵਿਘਨ)

श्री अध्यक्ष : हर अच्छी बात में ऐसी बात नहीं करनी चाहिये । (Such matter should not be introduced in every good thing.)

बाबू अजीत कुमार : मैं उधर नहीं जा रहा । मैं यह कहरहा था कि जिन 14 हज़ार लोगों ने गोवा को liberate कराने में तकलीफें उठाई हैं जिंदगियां जेलों में काट दी हैं, जिन्दा लाशें बन चुके हैं उन सब लोगों को बराबर मान मिलना चाहिये । इस लिये बेनती है कि मेरे दोस्त ने जो amendment दी है यह मन्जूर की जाये और करनैल सिंह तथा लास नायक सुरजीत सिंह का नाम भी इस में शामिल किया जाये और उन को श्रद्धांजलि पेश की जाए ।

ਮੁਖ ਮੰਤ੍ਰੀ (ਸਰਦਾਰ ਪਰਤਾਪ ਸਿੰਘ ਕੈਰੋਂ) : ਸਪੀਕਰ ਸਾਹਿਬ, ਇਹ ਮਤਾ ਜਿਹੜਾ ਪੁਲਿਸ ਐਕਸ਼ਨ ਜਾਂ small scale ਤੇ military action ਗੋਆ ਵਿਖੇ ਕੀਤਾ ਗਿਆ ਇਸ ਦੇ ਸਬੰਧ ਵਿਚ ਹੈ। ਸਾਡੇ ਪੰਜਾਬ ਦੇ ਜੋ ਸਾਨੂੰ ਪਤਾ ਲਗੇ ਨੇ ਤਿੰਨ ਚਾਰ ਸਜਨ ਸ਼ਹੀਦ ਹੋਏ ਹਨ ਮੇਜਰ ਸ਼ਿਵਦੇਵ ਸਿੰਘ, ਕੈਪਟਨ ਵਿਜੇ ਕੁਮਾਰ ਸਹਿਗਲ, ਕਰਨੈਲ ਸਿੰਘ ਅਤੇ ਇਕ ਹੋਰ ਸੀ। ਇਸ ਮਤੇ ਵਿਚ ਦੋ ਸਜਨਾਂ ਦਾ ਨਾਂ ਲੈਣ ਤੋਂ ਇਹ ਭਾਵ ਨਹੀਂ ਕਿ ਇਹ ਸ਼ਰਧਾਂਜਲੀ ਕੇਵਲ ਇਨ੍ਹਾਂ ਦੋਹਾਂ ਨੂੰ ਹੀ ਪੇਸ਼ ਕੀਤੀ ਜਾ ਰਹੀ ਹੈ। ਇਸ ਦਾ ਮਤਲਬ ਇਹ ਹੈ ਕਿ ਇਸ ਐਕਸ਼ਨ ਵਿਚ ਜਿਨ੍ਹਾਂ ਨੇ ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਨੂੰ ਅਸੀਂ ਆਦਰ ਨਾਲ ਵੇਖਦੇ ਹਾਂ। ਇਹ ਹੀ ਨਹੀਂ ਦੇਸ਼ ਦੀ ਸਰਕਾਰ ਨੇ ਜੋ ਕੰਮ ਇਸ ਐਕਸ਼ਨ ਰਾਹੀਂ ਕੀਤਾ ਬਾਵਜੂਦ ਐਨੇ ਮੌਕੇ ਦੇਣ ਦੇ ਤਾਂ ਕਿ Portugese ਸਿਧੇ ਰਸਤੇ ਤੇ ਆ ਜਾਣ ਅਤੇ ਉਹ ਨਾ ਮੰਨੇ ਅਤੇ ਇਸ ਸਰਕਾਰ ਨੇ ਘਟੋ ਘਟ ਖੂਨ ਖਰਾਬੇ ਵਾਲਾ ਰਸਤਾ ਇਖਤਿਆਰ ਕੀਤਾ। ਇਸ ਕੰਮ ਨੂੰ ਵੀ ਅਸੀਂ ਸ਼ਲਾਘਾ ਨਾਲ ਵੇਖਦੇ ਹਾਂ। ਇਹ ਨੌਜਵਾਨ ਟੈਂਕ ਵਿਚ ਸਨ। ਮੇਜਰ ਸ਼ਿਵਦੇਵ ਸਿੰਘ ਆਪਣੇ ਗੁਣਾਂਕਾਰਨ ਫੌਜ ਵਿਚ ਬਹੁਤ ਮਸ਼ਹੂਰ ਸਨ। ਜ਼ੋਜ਼ਲਾ ਪਾਸ ਵਿਚ ਟੈਂਕ ਵਿਚ ਕੰਮ ਕਰਦੇ ਰਹੇ। ਫਿਰ ਇਨ੍ਹਾਂ ਦੀ ਬਹਾਦਰੀ ਦੀ ਸਿਫਤ ਬਹੁਤ ਕੀਤੀ ਗਈ ਅਤੇ ਹਿੰਦ ਸਰਕਾਰ ਵਲੋਂ ਜੋ ਕਾਗਜ਼ ਬਹਾਦਰੀ ਦਾ ਨਿਕਲਦਾ ਹੈ ਉਸ ਵਿਚ ਇਨ੍ਹਾਂ ਦਾ ਜ਼ਿਕਰ ਸੀ। ਇਨ੍ਹਾਂ ਦੇ ਸਾਥੀ ਵਿਜੇ ਕੁਮਾਰ ਸਹਿਗਲ ਸਨ ਜੋ 1956 ਵਿਚ ਕਮਿਸ਼ਨ ਵਿਚ ਆਏ ਇਹ ਇਕ ਦਲੇਰ ਲੜਕਾ ਸੀ ਅਤੇ ਇਸ ਦੀ ਅਤੇ ਮੇਜਰ ਸ਼ਿਵਦੇਵ ਸਿੰਘ ਦੀ ਦੋਸਤੀ ਫੌਜ ਵਿਚ ਮਸ਼ਹੂਰ ਸੀ ਅਤੇ ਇਨ੍ਹਾਂ ਦਾ ਆਪਸ ਵਿਚ ਇੰਨਾਂ ਪਿਆਰ ਸੀ ਕਿ ਇਨ੍ਹਾਂ ਦੇ ਮਾਤਾ ਪਿਤਾ ਇਨ੍ਹਾਂ ਨੂੰ ਆਪਣੇ ਬੱਚਿਆਂ ਸਮਾਨ ਸਮਝਦੇ ਸਨ ਅਤੇ ਇਹ ਇਕ ਦੂਜੇ ਦੇ ਮਾਤਾ ਪਿਤਾ ਨੂੰ ਆਪਣੇ ਮਾਪਿਆਂ ਸਮਾਨ ਆਦਰ ਦਿੰਦੇ ਸਨ ਅਤੇ ਇਨ੍ਹਾਂ ਨੂੰ ਇਕ ਬਹੁਤ close relations ਸਮਝਦੇ ਸਨ। ਜਿਸ ਵੇਲੇ ਇਸ ਨੂੰ ਪਤਾ ਲਗਾ ਕਿ military ਜਾ ਰਹੀ ਹੈ ਤਾਂ ਇਸ ਨੇ ਜ਼ੋਰ ਲਾਇਆ ਕਿ ਮੈਂ ਵੀ action ਵਿਚ ਹਿੱਸਾ ਲਵਾਂਗਾ ਅਤੇ ਜਦੋਂ ਟੈਂਕ ਦੀ ਮੁਰੰਮਤ ਦਾ ਕੰਮ ਨਿਕਲਿਆ ਜੋ ਇਸ ਪਾਸ ਪਿਛਲੀ ਸਫ ਵਿਚ ਸੀ ਅਤੇ ਮੁਰੰਮਤ ਦੇ ਕੰਮ ਨੂੰ guide ਕਰਨਾ ਸੀ ਉਸ ਨੂੰ ਕਿਸੇ ਨਾ ਕਿਸੇ ਢੰਗ ਨਾਲ ਇਜਾਜ਼ਤ ਲੈਕੇ ਆਪਣਾ ਕੰਮ ਅਗਲੀ ਸਫ ਵਿਚ ਕਰਵਾ ਲਿਆ ਤਾਂ ਜੋ ਇਹ ਮੇਜਰ ਸ਼ਿਵਦੇਵ ਸਿੰਘ ਨਾਲ ਰਲ ਜਾਵੇ ਅਤੇ action ਵਿਚ ਮੂਹਰੇ ਹੋ ਜਾਵੇ। ਇਸ ਨੂੰ ਡਰ ਸੀ ਕਿ ਮਤੇ ਪਿਛੇ ਰਹਿਣ ਨਾਲ ਮੈਨੂੰ ਕਿਤੇ ਰੁਕਣਾ ਹੀ ਨਾ ਪੈ ਜਾਵੇ ਅਤੇ ਮੈਂ ਇਸ action ਵਿਚ ਸ਼ਾਮਲ ਨਾ ਹੋ ਸਕਾਂ। ਉਸ ਦਿਨ ਇਸ ਨੇ ਆਪਣੀ ਸਵੇਰ ਦੀ ਰੋਟੀ ਵੀ ਨਹੀਂ ਖਾਧੀ ਤੇ attack ਵਿਚ ਸ਼ਾਮਿਲ ਹੋ ਗਿਆ। ਉਹ ਇਕੋ ਇਕੋ ਪੰਜਾਬ ਦੇ ਸ਼ਹੀਦ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਜਾਕੇ ਗੁਆਨੀਆਂ ਨੂੰ ਚਿੱਟਾ ਝੰਡਾ ਖੜ੍ਹਾ ਕਰਨ ਤੇ ਮਜਬੂਰ ਕੀਤਾ। ਸਾਰੀਆਂ ਫੌਜਾਂ 36 ਘੰਟੇ ਦੇ ਅੰਦਰ ਅੰਦਰ ਪੰਚਮ ਸ਼ਹਿਰ

[ਮਖ ਮੰਤਰੀ]

ਵਿੱਚ ਦਾਖਲ ਹੋ ਗਈਆਂ । ਪੁਰਤਗਾਲੀਆਂ ਨੇ ਕੋਈ 3,400 ਦੇ ਕਰੀਬ ਹਿੰਦੁਸਤਾਨੀਆਂ ਨੂੰ ਨਜ਼ਦੀਕ ਇਕ ਕਿਲੇ ਵਿੱਚ ਸਿਆਸੀ ਕੈਦੀ ਬਣਾ ਕੇ ਰੱਖਿਆ ਹੋਇਆ ਸੀ । ਜਿਸ ਵੇਲੇ ਸਫੈਦ ਝੰਡਾ ਖੜ੍ਹਾ ਕੀਤਾ ਤਾਂ ਸ਼ਿਵਦੇਵ ਸਿੰਘ ਅਤੇ ਵਿਜੇ ਕੁਮਾਰ ਸਹਿਗਲ ਨੇ ਸਭ ਤੋਂ ਪਹਿਲਾਂ ਇਨ੍ਹਾਂ ਸਿਆਸੀ ਕੈਦੀਆਂ ਨੂੰ ਛੁੜਾਉਣ ਦਾ programme ਬਣਾਇਆ ਤਾਂ ਜੋ ਪੁਰਤਗਾਲੀ ਫੌਜ ਅਤੇ ਪੁਲੀਸਇਨ੍ਹਾਂ ਸਿਆਸੀ ਕੈਦੀਆਂ ਨੂੰ ਮਾਰ ਨਾ ਦੇਵੇ । ਉਸ ਕਿਲੇ ਨੂੰ ਜਾਂਦੇ ਹੋਏ ਜਿਸ ਵੇਲੇ ਕਿ ਚਿੱਟਾ ਝੰਡਾ ਉਠ ਚੁੱਕਾ ਸੀ ਕਿਸੇ ਦੁਸ਼ਮਣ ਨੇ ਗੋਲੀ ਚਲਾਈ ਜੋ ਵਿਜੇ ਕੁਮਾਰ ਨੂੰ ਲਗਦੀ ਹੈ ਪਰ ਫੇਰ ਵੀ ਵਿਜੈ ਕੁਮਾਰ ਲੱਕ ਬਨ੍ਹ ਕੇ ਕਿਲੇ ਦੀ ਕੰਦ ਤੇ ਚੜ੍ਹ ਗਿਆ ਤਾਂ ਜੋ ਕੈਦੀਆਂ ਨੂੰ ਪਤਾ ਲਗ ਜਾਵੇ ਕਿ ਹਿੰਦੁਸਤਾਨੀ ਫੌਜ ਇਨ੍ਹਾਂ ਨੂੰ ਛੁੜਾਉਣ ਲਈ ਆ ਗਈ ਹੈ । ਉਹ ਚਾਹੁੰਦੇ ਸਨ ਕਿ ਕੰਧ ਉਪਰ ਦੀ ਜਾ ਕੇ ਕਿਸੇ ਨਾ ਕਿਸੇ ਤਰ੍ਹਾਂ ਅੰਦਰੋਂ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦਿੱਤਾ ਜਾਵੇ। ਨਾਇਕ ਸੁਰਜੀਤ ਸਿੰਘ ਦੀ ਟੁਕੜੀ ਨੇ ਇਨ੍ਹਾਂ ਦਾ ਸਾਥ ਦਿੱਤਾ । ਪਰ ਦੁਸ਼ਮਨ ਨੇ ਇਨ੍ਹਾਂ ਦੀ ਵਾਹ ਨ ਜਾਣ ਦਿੱਤੀ ਅਤੇ ਇਹ ਬਹਾਦੁਰ ਯੋਧੇ ਸ਼ਹੀਦ ਹੋ ਗਏ । ਏਸੇ ਤਰ੍ਹਾਂ ਹੀ ਮੇਜਰ ਸ਼ਿਵਦੇਵ ਸਿੰਘ ਜੀ ਸ਼ਹੀਦ ਹੋਏ ਅਤੇ ਉਨ੍ਹਾਂ ਦੇ ਸ਼ਰੀਰ ਤੇ ਜੋ ਕਪੜੇ ਪਾਏ ਹੋਏ ਸੀ ਗੋਲੀਆਂ ਨਾਲ ਛਲਨੀ ਛਲਨੀ ਹੋਏ ਪਏ ਸੀ। ਏਸੇ ਤਰ੍ਹਾਂ ਵਿਜੇ ਕੁਮਾਰ ਸਹਿਗਲ ਨੇ ਵੀ ਆਖਿਆ ਜਦੋਂ ਕਿ ਉਹ ਜ਼ਖਮੀ ਹੋਇਆ ਪਿਆ ਸੀ ਕਿ ਤੁਸੀਂ ਮੇਰੀ ਪਰਵਾਹ ਨਾ ਕਰੋ ਕੈਦੀਆਂ ਨੂੰ ਬਚਾਓ । ਇਸ ਤਰ੍ਹਾਂ ਦੀਆਂ ਇਨ੍ਹਾਂ ਦੀਆਂ ਬਹਾਦਰੀ ਦੀਆਂ ਕਹਾਣੀਆਂ ਸਾਡੀ ਫੌਜ ਵਿੱਚ ਆਮ ਪ੍ਰਚੱਲਤ ਹਨ । ਮੇਜਰ ਜਨਰਲ ਰਾਜਿੰਦਰ ਸਿੰਘ ਜੀ ਨੇ ਜੋ ਲਫਜ਼ ਇਨ੍ਹਾਂ ਬਹਾਦਰ ਯੋਧਿਆਂ ਵਾਸਤੇ ਕਹੇ ਉਹ ਉਨ੍ਹਾਂ ਦੀ ਇਕ ਚਿੱਠੀ ਵਿੱਚੋਂ ਮੈਂ ਏਥੇ ਪੜ੍ਹਕੇ ਸੁਣਾਉਂਦਾ ਹਾਂ :

> "As to Vijey's sacrifice for his country no one understands its significance more than myself, the General says. We have lost one of the bravest and best type of officers that Punjab could have produced. I was always very proud of him and for his work and behaviour and soldierly qualities and accommodating man I simply adored and loved him."

This is what the General has said.

ਇਹ ਮੁਲਕ ਲਈ ਇਕ irreparable loss ਹੈ । ਨਾ ਸਿਰਫ ਇਨ੍ਹਾਂ ਜਵਾਨਾਂ ਕਰਕੇ ਬਲਕਿ ਉਨ੍ਹਾਂ ਜਵਾਨਾਂ ਦੇ ਸਦਕੇ ਵੀ ਜਿਨ੍ਹਾਂ ਨੇ ਇਸ ਸਿਲਸਿਲੇ ਵਿੱਚ ਕੁਰਬਾਨੀਆਂ ਦਿੱਤੀਆਂ। ਇਨ੍ਹਾਂ ਸੂਰਬੀਰਾਂ ਦਾ ਨਾਉਂ ਹਮੇਸ਼ਾ ਸਾਡੇ ਦਿਲ ਵਿੱਚ ਰਹੇਗਾ । ਅਸੀਂ ਹੁਣ ਇਹ ਕੋਸ਼ਸ਼ ਕਰ ਰਹੇ ਹਾਂ ਕਿ ਇਨ੍ਹਾਂ ਸ਼ਹੀਦਾਂ ਦੀਆਂ ਬਹਾਦਰੀਆਂ ਦੀਆਂ ਕਹਾਣੀਆਂ Primary Middle ਅਤੇ Higher Secondary school ਦੇ ਬੱਚਿਆਂ ਦੇ ਕੋਰਸਾਂ ਦੀਆਂ ਕਿਤਾਬਾਂ ਵਿੱਚ ਛਪਵਾਈਆਂ ਜਾਣ ਤਾਂ ਜੋ ਸਾਡੀਆਂ ਆਉਂਦੀਆਂ ਨਸਲਾਂ ਨੂੰ ਇਸ ਸਬੰਧ ਵਿੱਚ ਸਾਰਿਆਂ ਕਾਰਨਾਮਿਆਂ ਦਾ ਪਤਾ ਲੱਗੇ । ਸਾਡੇ ਬੱਚਿਆਂ ਨੂੰ ਪਤਾ ਲੱਗੇ ਕਿ ਪੰਜਾਬੀਆਂ ਨੇ ਆਪਣੇ ਮੁਲਕ ਦੀ ਰਖਿਆ ਲਈ ਆਪਣੇ ਮੁਲਕ ਦਾ ਨਾਮ ਉਚਾ ਕਰਨ ਵਾਸਤੇ ਕਿਸ ਤਰ੍ਹਾਂ ਅਗਾਹਾਂ ਵਧ ਕੇ ਕੰਮ ਕੀਤਾ ਹੈ । ਮੈਂ ਮੇਜਰ ਸ਼ਿਵਦੇਵ ਸਿੰਘ, ਕੈਪਟਨ ਵਿਜੇ ਕੁਮਾਰ ਸਹਿਗਲ, ਅਤੇ ਕਰਨੈਲ ਸਿੰਘ ਸ਼ਹੀਦਾਂ ਦੇ ਮਾਤਾ ਪਿਤਾਂ ਅਤੇ ਇਨ੍ਹਾਂ ਦੇ ਸਬੰਧੀਆਂ ਅਗੇ ਇਨ੍ਹਾਂ ਦੀ ਸ਼ਹਾਦਤ ਤੇ ਦਿਲੀ ਅਫਸੋਸ ਪਰਗਟ ਕਰਦਾ ਹਾਂ ਅਤੇ ਇਸ ਮਤੇ ਦੀ ਪਰੋੜਤਾ ਕਰਦਾ ਹਾਂ । ਮੈਂ ਸ੍ਰੀ ਅਜੀਤ ਕੁਮਾਰ ਜੀ ਨੂੰ ਵੀ ਕਹਾਂਗਾ ਕਿ ਅਜੇ ਉਹ ਆਪਣੀ amendment ਵਾਪਸ ਲੈ ਲੈਣ ਤਾਂ ਜੋ ਇਹ ਮਤਾ ਸਰਵ ਸੰਮਤੀ ਨਾਲ ਪਾਸ ਕੀਤਾ ਜਾ ਸਕੇ । ਅੱਜ ਪੰਜਾਬ ਨੂੰ ਇਨ੍ਹਾਂ ਸ਼ਹੀਦਾਂ ਤੇ ਮਾਣ ਹੈ ਜਿਨ੍ਹਾਂ ਨੇ ਸਾਢੇ ਚਾਰ ਸੌ ਸਾਲਾਂ ਤੋਂ ਗੁਲਾਮ ਗੋਆ ਨੂੰ ਅਜ਼ਾਦ ਕਰਾਉਣ ਲਈ ਉਠਾਏ ਗਏ ਕਦਮ ਲਈ ਬਹਾਦਰੀ ਕਰਦਿਆਂ ਸ਼ਹਾਦਤ ਪਾਈ । ਅੱਗੋਂ ਲਈ ਵੀ ਇਸ ਸੂਬੇ ਦੇ ਬਹਾਦਰ ਸਪੂਤ ਜਿਥੇ ਕਿਤੇ ਵੀ ਮੌਕਾ ਮਿਲੇਗਾ ਇਸ ਤਰ੍ਹਾਂ ਦੀਆਂ ਬਹਾਦਰੀਆਂ ਕਰਨ ਵਿੱਚ ਅੱਗੇ ਵੱਧ ਕੇ ਹਿੱਸਾ ਲੈਣਗੇ । ਇਸ ਸਬੰਧ ਵਿੱਚ ਮੈਂ ਇਤਨਾ ਹੀ ਕਹਿੰਦਾ ਹਾਂ।

ਸ੍ਰੀ ਸਪੀਕਰ : ਮੈਂ request ਕਰਾਂਗਾ ਕਿ ਜਿਨ੍ਹਾਂ ਸਾਥੀਆਂ ਨੇ amendments ਦਿੱਤੀਆਂ ਹਨ ਉਹ ਵਾਪਸ ਲੈ ਲੈਣ ਤਾਂ ਜੋ ਇਹ ਮਤਾ unanimously ਪਾਸ ਕੀਤਾ ਜਾਵੇ ।

(I would request the hon. Members giving notices of amendments to this Resolution to withdraw them, so that it may be passed unanimously.) I think that it is the pleasure of the House that the amendments be withdrawn.

Comrade Shamsher Singh Josh : Sir, I have to make some observations.

ਕਾਮਰੇਡ ਮੱਖਣ ਸਿੰਘ ਤਰਸਿਕਾ : ਸਪੀਕਰ ਸਾਹਿਬ ਮੇਰੀ ਇਕ submission ਹੈ ਜੋ ਕਿ ਇਸ ਵਿੱਚ ਸ਼ਹੀਦ ਕਰਨੈਲ ਸਿੰਘ ਦਾ ਨਾਉਂ ਵੀ add ਕਰ ਲਿਆ ਜਾਵੇ ।

ਸ੍ਰੀ ਸਪੀਕਰ : ਇਹ ਗੱਲ ਚੀਫ ਮਿਨਿਸਟਰ ਸਾਹਿਬ ਨੇ clear ਕਰ ਦਿਤੀ ਹੈ । ਮੈਂ ਉਨ੍ਹਾਂ ਨੂੰ ਹੁਣ ਇਹੋ ਕਹਾਂਗਾ ਕਿ ਉਹ ਆਪਣੀ amendment ਵਾਪਸ ਲੈ ਲੈਣ । (This fact has already been made clear by the Chief Minister. The hon. member should withdraw his amendment now.)

पंडित अमर नाथ शर्मा : स्पीकर साहिब, मेरी आप प्रार्थना सुन लें । वह यह है कि इस में यह लफज़ और add कर लिये जायें :

In line 8, between the words "Sehgal" and "laid" the words "and other heroes" be inserted.

Mr. Speaker : Motion moved—

In line 8, between the words "Sehgal" and "laid" the words "and other heroes" be inserted.

Mr. Speaker : It is the pleasure of the House that the amendments of Sarvshri Bhan Singh Bhaura and Mangal Sein be withdrawn ?

(*Voices : Yes*)

The amendments were, by leave, withdrawn.

Mr. Speaker : Now I will put the amendment of Shri Amar Nath Sharma to the Vote of the House.

Question is—

In line 8, between the words "Sehgal" and "laid" the words "and other heroes" be inserted.

The motion was carried.

Mr. Speaker : Question is—

This House places on record its deep appreciation of the military action in Goa and the liquidation of the last foreign pockets from the Indian soil. The speed and efficiency with which the entire operation was carried out by our Armed Forces entitle them to genuine admiration and thankfulness on our part. It is a matter of pride for Punjab that two of her illustrious sons, Major Shiv Dev Singh Sidhu and Captian V. K. Sehgal and other heroes laid down their lives for liberating the people of Goa from the yoke of foreign rule. The House expresses its full sympathy with the members of the bereaved families and suggests that two minutes silence be observed as a mark of respect to the memory of the departed heroes.

The motion was carried.

(The House stood in silence for two minutes).

BILLS

THE PEPSU TENANCY AND AGRICULTURAL LANDS (AMENDMENT AND VALIDATION) BILL, 1962—RESUMPTION OF CONSIDERATION

Mr. Speaker : Shri Mangal Sein who was in possession of the House when it adjourned the other day is not present. Shri Ram Partap Garg may please speak now.

ਸ੍ਰੀ ਰਾਮ ਪ੍ਰਤਾਪ ਗਰਗ (ਪਟਿਆਲਾ) : ਕਲ ਏਥੇ ਕਈ ਮੈਂਬਰ ਸਾਹਿਬਾਨ ਨੇ ਜਿਹੜੇ ਆਪੋਜ਼ੀਸ਼ਨ ਦੇ ਹਨ ਸ਼ਹਿਰੀ ਔਰ ਪੇਂਡੂ ਲੋਕਾਂ ਦੇ ਵਿਚ ਤਫਰਕਾ show ਕਰਨ ਦੀ ਕੋਸ਼ਸ਼ ਕੀਤੀ । ਉਹ ਮੈਂਬਰ ਆਪ ਸ਼ਹਿਰ ਦੇ ਰਹਿਣ ਵਾਲੇ ਹਨ । ਉਨ੍ਹਾਂ ਨੇ ਉਸੇ ਤਰ੍ਹਾਂ ਦਾ ਨਜ਼ਰੀਆ ਪੇਸ਼ ਕੀਤਾ ਹੈ ਜਿਸ ਤਰ੍ਹਾਂ ਪੰਜਾਬੀ ਜ਼ਬਾਨ ਸਿਰਫ ਸਿੱਖਾਂ ਦੀ ਹੀ ਜ਼ਬਾਨ ਬਣਾਉਣ ਦੀ ਕੋਸ਼ਸ਼ ਕੀਤੀ ਜਾਂਦੀ ਹੈ ਅਤੇ ਹਿੰਦੂਆਂ ਨੂੰ ਕਿਹਾ ਜਾਂਦਾ ਹੈ ਕਿ ਇਨ੍ਹਾਂ ਦੀ ਜ਼ਬਾਨ ਇਹ ਨਹੀਂ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਏਸ ਵੇਲੇ ਪਿੰਡਾਂ ਅਤੇ ਸ਼ਹਿਰਾਂ ਦਾ ਕੋਈ ਮਸਲਾ ਨਹੀਂ ਹੈ । ਮਸਲਾ ਤਾਂ ਜ਼ਮੀਨ ਦਾ ਹੈ ਜਿਸ ਤੇ ਕਿ 70% ਲੋਕਾਂ ਦਾ ਗੁਜ਼ਾਰਾ ਹੈ । ਸਾਨੂੰ ਕੋਈ ਇਤਰਾਜ਼ ਨਹੀਂ ਅਗਰ ਬਾਕੀ ਦੇ 20% ਲੋਕਾਂ ਲਈ ਕਾਰਖਾਨੇ ਖੋਲ੍ਹਣ ਲਈ ਕੋਈ ਬਿਲ ਲਿਆਂਦਾ ਜਾਵੇ ਮਗਰ 70 % population ਦਾ ਮਸਲਾ ਜ਼ਰੂਰ ਹਲ ਹੋਣਾ ਚਾਹੀਦਾ ਹੈ, ਜ਼ਮੀਨ ਦੀ ਪੈਦਾਵਾਰ ਵਧਣੀ ਚਾਹੀਦੀ ਹੈ ਔਰ ਜ਼ਮੀਨ ਉਸ ਦੀ ਹੋਣੀ ਚਾਹੀਦੀ ਹੈ ਜਿਹੜਾ ਜ਼ਮੀਨ ਆਪ ਵਾਹੁੰਦਾ ਹੋਵੇ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਪੈਪਸੂ ਦੇ ਵਿਚ ਕੋਈ ਜਗੀਰਦਾਰੀ ਨਹੀਂ ਸੀ ਹੁੰਦੀ ਲੇਕਿਨ ਜਿਸ ਤਰੀਕੇ ਦੇ ਨਾਲ ਜਾਗੀਰਦਾਰੀਆਂ ਕਾਇਮ ਹੋਈਆਂ ਉਹ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਪੈਪਸੂ ਦੇ ਵਿਚ ਜਦੋਂ ਰਾਜਿਆਂ ਦਾ ਰਾਜ ਹੁੰਦਾ ਸੀ ਤਾਂ ਜਿਹੜਾ ਆਦਮੀ ਰਾਜਿਆਂ ਦੇ ਨਾਲ ਰਿਸ਼ਤਾ ਜੋੜ ਲੈਂਦਾ ਸੀ ਜਾਂ ਕਿਸੇ ਹੋਰ ਤਰੀਕੇ ਨਾਲ ਖਿਦਮਤ ਕਰਕੇ ਉਨ੍ਹਾਂ ਨੂੰ ਖੁਸ਼ ਕਰ ਲੈਂਦਾ ਸੀ ਰਾਜੇ ਉਨ੍ਹਾਂ ਤੇ ਦਿਆਲ ਹੋ ਕੇ ਉਨ੍ਹਾਂ ਨੂੰ ਪਿੰਡ ਬਖਸ਼ ਦਿੰਦੇ ਸਨ । ਉਨ੍ਹਾਂ ਪਿੰਡਾਂ ਦੀ ਜ਼ਮੀਨ ਦੇ ਮਾਲਿਕ ਲੋਕ ਹੁੰਦੇ ਸੀ ਲੇਕਿਨ ਇਹ ਉਨ੍ਹਾਂ ਦੇ ਸਿਰਾਂ ਤੇ ਜ਼ਬਰਦਸਤੀ ਜਾਗੀਰਦਾਰ ਬਣਾ ਕੇ ਬੈਠਾ ਦਿੱਤੇ ਜਾਂਦੇ ਸੀ। ਇਹ ਜਾਗੀਰਦਾਰ ਰਾਜਿਆਂ ਦੇ ਨਾਲ ਮੇਲ ਜੋਲ ਹੋਣ ਕਰਕੇ ਆਪਣੇ ਮੁੰਡੇ, ਪੁਲੀਸ, ਫੌਜ, Magistracy ਅਤੇ Executive ਵਿਚ ਚੰਗੀਆਂ ੨ ਨੌਕਰੀਆਂ ਤੇ ਲਵਾ ਲੈਂਦੇ ਸੀ ਔਰ ਏਸ ਕਰਕੇ ਆਪਣੇ ਅਫਸਰਾਂ ਦੀ ਮਦਦ ਦੇ ਨਾਲ ਇਹ ਜਾਗੀਰਦਾਰ ਲੋਕਾਂ ਦੇ ਕੋਲੋਂ ਜ਼ਬਰਦਸਤੀ ਬਟਾਈ ਲੈਂਦੇ ਸੀ । ਲੋਕ ਕਿਉਂਕਿ ਆਪ ਜ਼ਮੀਨਾਂ ਦੇ ਮਾਲਿਕ ਸੀ ਇਸ ਕਰਕੇ ਉਹ resist ਕਰਦੇ ਸੀ ਕਿ ਅਸੀਂ ਬਟਾਈ ਨਹੀਂ ਦੇਵਾਂਗੇ । ਇਸ ਕਰਕੇ ਹਰ ਫਸਲ ਦੇ ਮੌਕੇ ਤੇ ਗੋਲੀ ਚਲਦੀ ਸੀ ਔਰ ਜਿਨ੍ਹਾਂ ਨੂੰ ਰਾਜਿਆਂ ਨੇ ਜਾਗੀਰਦਾਰ ਬਣਾਇਆ ਹੋਇਆ ਹੁੰਦਾ ਸੀ ਉਹ ਡਾਕੂਆਂ ਅਤੇ ਗੁੰਡਿਆਂ ਨੂੰ ਪਾਲਦੇ ਸੀ ਤਾਕਿ ਉਨ੍ਹਾਂ ਮਾਲਕਾਂ ਦੇ ਕੋਲੋਂ ਜ਼ਬਰਦਸਤੀ ਬਟਾਈ ਲੈ ਸਕਣ । ਇਸ ਲਈ ਉਹ ਜਾਗੀਰਦਾਰੀ ਨਹੀਂ ਸੀ ਬਲਕਿ ਲੋਕਾਂ ਤੇ ਜ਼ਬਰਦਸਤੀ ਠੋਸੀ ਹੋਈ ਜਾਗੀਰਦਾਰੀ ਸੀ । ਜਦੋਂ ਲੋਕ ਬਹੁਤ ਜ਼ਿਆਦਾ ਆਵਾਜ਼ ਉਠਾਉਣ ਲਗੇ ਤਾਂ ਮਹਾਰਾਜਾ ਪਟਿਆਲਾ ਨੇ ਏਸ ਝਗੜੇ ਨੂੰ ਖਤਮ ਕਰਨ ਦੇ ਵਾਸਤੇ 1946 ਦੇ ਵਿਚ ਇਕ ਫਰਮਾਨੇਸ਼ਾਹੀ ਜਾਰੀ ਕੀਤਾ ਜਿਸ ਦੇ ਰਾਹੀਂ ਇਹ ਕਿਹਾ ਗਿਆ ਕਿ ਮੁਜ਼ਾਰਿਆਂ ਦੇ ਕੋਲੋਂ ਜ਼ਮੀਨ ਦਾ 1/3 ਹਿੱਸਾ ਜਾਗੀਰਦਾਰਾਂ ਨੂੰ ਦਵਾਇਆ ਜਾਵੇ । ਇਹ ਚੀਜ਼ ਵੀ ਲੋਕਾਂ ਨੇ ਨਾਮਨਜ਼ੂਰ ਕੀਤੀ । ਫੇਰ ਉਸ ਦੇ ਬਾਅਦ ਇਕ ਹੋਰ ਫਰਮਾਨੇਸ਼ਾਹੀ ਜਾਰੀ ਹੋਇਆ ਜਿਸ ਰਾਹੀ ਜ਼ਮੀਨ ਦਾ 1/4 ਹਿੱਸਾ ਦੇਣ ਲਈ ਆਖਿਆ ਗਿਆ । ਮਗਰ ਇਸ ਦੀ ਵੀ ਬਹੁਤ ਜ਼ਬਰਦਸਤ ਮੁਖਾਲਫਤ ਹੋਈ । ਇਸ ਤੋਂ ਮਗਰੋਂ 1950 ਦੇ ਵਿਚ ਐਕਟ ਆਇਆ ਜਿਸ ਦੇ ਵਿਚ 100 ਏਕੜ ਜ਼ਮੀਨ ਜਾਗੀਰਦਾਰਾਂ ਨੂੰ ਦੇਣ ਲਈ ਕਿਹਾ ਗਿਆ ਮਗਰ ਕਿਸਾਨਾਂ ਨੇ ਉਸ ਨੂੰ ਵੀ accept ਨਾ ਕੀਤਾ । ਉਦੋਂ ਮਹਾਰਾਜੇ ਦਾ ਰਾਜ ਖਤਮ ਹੋ ਚੁਕਾ ਹੋਇਆ ਸੀ ਇਸ ਕਰਕੇ ਇਸ ਮਸਲੇ ਤੇ ਗੌਰ ਕਰਦਿਆਂ ਜਾਗੀਰਦਾਰਾਂ ਨੇ ਆਪਣੀ ਜ਼ਮੀਨ ਬਚਾਉਣ ਦੇ ਵਾਸਤੇ ਜਿਹੜੇ occupancy tenants ਸਨ ਉਨ੍ਹਾਂ

ਨੂੰ non- occupancy tenants ਬਣਾਉਣ ਦੀ ਕੋਸ਼ਿਸ਼ ਕੀਤੀ । ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਹ ਪੈਪਸੂ ਦਾ ਰੀਕਾਰਡ ਵੇਖਣ । ਪੈਪਸੂ ਦੇ ਵਿਚ ਬਿਸਵੇਦਾਰਾਂ ਨੇ 1946 ਤੋਂ ਬਾਅਦ ਰੀਕਾਰਡ ਬਦਲ ਕੇ non-occupancy ਬਣਾਉਣ ਦੀ ਕੋਸ਼ਿਸ਼ ਕੀਤੀ । Occupancy tenants ਦਾ ਝਗੜਾ ਖਤਮ ਹੋ ਗਿਆ ਕਿਉਂਕਿ ਰੀਕਾਰਡ ਤਬਦੀਲ ਹੋ ਗਏ ਸਨ । ਇਸ ਦੇ ਬਾਅਦ 1953 ਦੇ ਵਿਚ non-occupancy tenants ਦਾ ਝਗੜਾ ਰਹਿ ਗਿਆ । ਇਨ੍ਹਾਂ ਨੂੰ ਵੀ ਖਤਮ ਕਰਨ ਵਾਸਤੇ ਬਿਸਵੇਦਾਰਾਂ ਨੇ ਬਦਲ ਬਦਲ ਕੇ ਮੁਜ਼ਾਰੇ ਰਖਣੇ ਸ਼ੁਰੂ ਕਰ ਦਿੱਤੇ । ਜਦੋਂ ਇਹ ਚੀਜ਼ ਹੋਣ ਲਗੀ ਤਾਂ ਸਨ 1953 ਦੇ ਵਿਚ ਇਕ ਕਾਨੂੰਨ ਲਿਆਂਦਾ ਗਿਆ ਜਿਸ ਦੇ ਨਾਲ ਬੇਦਖਲੀਆਂ ਬੰਦ ਕਰ ਦਿੱਤੀਆਂ ਗਈਆਂ ਔਰ permissible limit ਮਕਰਰ ਕਰ ਦਿੱਤੀ ਗਈ ਕਿ ਇਨ੍ਹਾਂ ਸ਼ਰਤਾਂ ਦੇ ਨਾਲ landlord ਇਤਨੀ ਜ਼ਮੀਨ ਲੈ ਸਕਦਾ ਹੈ । ਇਸ ਦੇ ਨਾਲ ਹੀ tenant ਲਈ ਵੀ ਕੁਝ ਜ਼ਮੀਨ ਛਡਣੀ ਪੈਂਦੀ ਸੀ । ਏਸ ਕਾਨੂੰਨ ਦੇ ਨਾਲ ਵੀ ਮਸਲਾ ਹਲ ਨਹੀਂ ਹੋਇਆ । ਬਿਸਵੇ-ਦਾਰਾਂ ਨੇ ਮੁਜ਼ਾਰਿਆਂ ਨੂੰ ਬੇਦਖਲ ਕਰਨਾ ਜਾਰੀ ਰਖਿਆ । ਇਸ ਤੋਂ ਮਗਰੋਂ 1955 ਦੇ ਵਿਚ ਇਕ Act ਆਇਆ ਉਚੋਂ ਵੀ ਹਜ਼ਾਰਾਂ ਬੇਦਖਲੀਆਂ ਹੋਈਆਂ ਅਤੇ ਬੜੇ ਝਗੜੇ ਹੋਏ । ਉਸ ਵੇਲੇ Law and Order ਦੀ ਹਾਲਤ ਅਜਿਹੀ ਸੀ ਕਿ ਜਿਹੜੇ ਵਡੇ ਵਡੇ ਬਿਸਵੇਦਾਰ ਸਨ ਉਹ ਡਾਕੂਆਂ ਨੂੰ ਪਾਲਦੇ ਹੁੰਦੇ ਸਨ । ਇਸ ਕਰਕੇ ਦਿਨ ਦਿਹਾੜੇ ਬਸਾਂ ਨਹੀਂ ਸਨ ਚਲ ਸਕਦੀਆਂ । ਇਸ ਚੀਜ਼ ਦੇ ਵਿਚ ਉਸ ਵੇਲੇ ਦੀ ਪੈਪਸੂ ਸਰਕਾਰ ਦਾ ਵੀ ਹੱਥ ਸੀ । ਜਿਹੜੀ ਉਥੋਂ ਦੀ ਅਸੈਂਬਲੀ ਸੀ ਇਹ ਬਿਸਵੇਦਾਰਾਂ ਦੇ ਹੱਥਾਂ ਵਿਚ ਸੀ । ਇਸ ਕਰਕੇ ਜਦੋਂ ਅਮਨ ਬਹੁਤ ਭੰਗ ਹੋਣ ਲਗਾ ਤਾਂ ਉਹ ਮਿਨਿਸਟਰੀ ਖਤਮ ਕਰ ਦਿੱਤੀ ਗਈ ਅਤੇ ਉਥੇ President ਦਾ ਰਾਜ ਹੋ ਗਿਆ । ਫੇਰ ਕੁਝ ਬੇਦਖਲੀਆਂ ਬੰਦ ਕੀਤੀਆਂ ਗਈਆਂ । ਉਸ ਤੋਂ ਬਾਅਦ ਬਿਸਵੇਦਾਰਾਂ ਨੂੰ ਇਹ smell ਆ ਗਈ ਕਿ ਜ਼ਮੀਨ ਤੇ ceiling ਲਗ ਜਾਣੀ ਹੈ । ਉਨ੍ਹਾਂ ਨੇ ਫੇਰ ਰੀਕਾਰਡ ਬਦਲਾਉਣ ਦੀ ਕੋਸ਼ਿਸ਼ ਕੀਤੀ ਕਿਉਂਕਿ ਉਨ੍ਹਾਂ ਦੇ ਆਦਮੀ ਮਹਿਕਮਾ ਮਾਲ ਦੇ ਵਿਚ ਵੀ ਵਡੇ ਵਡੇ ਅਫਸਰ ਲਗੇ ਹੋਏ ਸਨ । ਉਨ੍ਹਾਂ ਨੇ 30 ਸਟੈਂਡਰਡ ਏਕੜ ਜ਼ਮੀਨ ਆਪਣੇ ਕੋਲ ਰਖ ਕੇ ਬਾਕੀ ਦੀ ਜ਼ਮੀਨ ਆਪਣੇ ਰਿਸ਼ਤੇਦਾਰਾਂ ਦੇ ਨਾਮ ਕਰਵਾ ਦਿੱਤੀ ਜਾਂ ਉਨ੍ਹਾਂ ਦੀ tenancy create ਕਰਨ ਦੀ ਕੋਸ਼ਿਸ਼ ਕੀਤੀ । ਇਹ ਹੈ ਮੁਖਤਸਿਰ ਜਿਹੀ ਹਿਸਟਰੀ ਜਿਹੜੀ ਮੈਂ ਬਿਆਨ ਕੀਤੀ ਹੈ । ਸਨ 1955 ਦੇ ਐਕਟ ਦੇ ਵਿਚ ਜਿਹੜੀ operative clause ਚੈਪਟਰ (4) ਸੀ ਉਸ ਦੇ ਤਹਿਤ tenant ਮਾਲਿਕ ਦੀ ਜ਼ਮੀਨ ਨੂੰ acquire ਕਰ ਸਕਦਾ ਸੀ । ਏਸ operative clause ਤੋਂ ਬਚਣ ਦੇ ਵਾਸਤੇ ਪੈਪਸੂ ਦੇ ਬਿਸਵੇਦਾਰਾਂ ਨੇ ਪੈਪਸੂ ਦੇ ਚੀਫ ਮਿਨਿਸਟਰ ਨੂੰ ਜਿਹੜਾ ਪਰਜਾ ਮੰਡਲ ਦਾ ਲੀਡਰ ਸੀ ਆਪਣੇ ਨਾਲ ਰਲਾ ਲਿਆ ਕਿਉਂਕਿ ਉਹ ਵੀ ਆਪਣੀ ਚੀਫ-ਮਿਨਿਸਟਰੀ ਕਾਇਮ ਰਖਣਾ ਚਾਹੁੰਦਾ ਸੀ । ਇਸ ਕਰਕੇ ਉਨ੍ਹਾਂ ਨੇ ਏਸ ਐਕਟ ਨੂੰ ਲਾਗੂ ਨਾ ਹੋਣ ਦਿੱਤਾ । ਫੇਰ ਸਨ 1956 ਦੇ ਵਿਚ ਜਿਸ ਵੇਲੇ ਪੈਪਸੂ ਪੰਜਾਬ ਦੇ ਵਿਚ ਮਿਲਣ ਲਗਾ ਤਾਂ ਉਸ clause ਨੂੰ ਲਾਗੂ ਕੀਤਾ ਗਿਆ । ਲੇਕਿਨ ਉਦੋਂ ਸਾਰੇ ਬਿਸਵੇਦਾਰ ਆਪਣੀਆਂ ਜ਼ਮੀਨਾਂ ਤੇ tenancies create ਕਰ ਚੁਕੇ ਸੀ । ਇਸ ਵਾਸਤੇ ਮੈਂ ਇਹ ਕਹਾਂਗਾ ਕਿ ਹੁਣ ਜਿਹੜੀ amendment ਲਿਆਂਦੀ ਗਈ ਹੈ ਇਸ ਨੂੰ 21 ਅਗਸਤ, 1956 ਤੋਂ ਲਾਗੂ ਕਰਨ ਦੀ ਬਜਾਏ 1955 ਤੋਂ ਲਾਗੂ ਕੀਤਾ ਜਾਵੇ ਕਿਉਂਕਿ ਬਿਸਵੇਦਾਰਾਂ ਨੇ ਸਾਰੀ ਜ਼ਮੀਨ ਖੁਰਦ-ਬੁਰਦ ਕਰ ਲਈ ਹੈ । ਇਥੇ ਪੈਪਸੂ ਦੇ ਬਿਸਵੇਦਾਰ ਵੀ ਬੈਠੇ ਹਨ । ਤੇ ਇਸ ਮੌਕੇ ਤੇ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਬਿਸਵੇਦਾਰ ਦੀ ਜ਼ਮੀਨ ਵੀ surplus ਨਿਕਲੀ ਹੈ । ਜਿਥੋਂ ਤਕ ਮੈਨੂੰ ਪਤਾ ਹੈ ਛੋਟੇ ਛੋਟੇ ਜ਼ਮੀਂਦਾਰਾਂ ਦੀ ਜ਼ਮੀਨ ਹੀ surplus ਨਿਕਲੀ ਹੈ । ਜਿਹੜਾ ਜ਼ਿਮੀਂਦਾਰ 31 ਜਾਂ 32 ਏਕੜ ਦਾ ਮਾਲਿਕ ਸੀ ਉਸਦੀ ਜ਼ਮੀਨ ਹੀ surplus ਨਿਕਲੀ ਹੈ । ਜਿਹੜੇ ਵਡੇ ਵਡੇ ਜ਼ਿਮੀਂਦਾਰ ਸਨ ਉਨ੍ਹਾਂ ਦੀ ਜ਼ਮੀਨ surplus ਨਹੀਂ ਨਿਕਲੀ ਹੈ ਬਲਕਿ ਉਨ੍ਹਾਂ ਨੂੰ ਖੁਰਦ-ਬੁਰਦ ਕਰਨ ਦਾ ਪੂਰਾ

[ਸ੍ਰੀ ਰਾਮ ਪਰਤਾਪ ਗਰਗ]

ਮੌਕਾ ਦਿਤਾ ਗਿਆ ਹੈ। ਤੁਸੀਂ ਮੈਨੂੰ ਦੱਸੋ ਕਿ ਕਿਸੇ ਰਾਜੇ ਮਹਾਰਾਜੇ ਜਾਗੀਰਦਾਰ ਦੀ ਜ਼ਮੀਨ ਵੀ ਇਸ Act ਦੀ ਜ਼ਦ ਵਿਚ ਆਈ ਹੈ। ਮੈਂ ਕਹਿੰਦਾ ਹਾਂ ਕਿ ਨਹੀਂ। ਇਸ ਐਕਟ ਨਾਲ ਠੀਕ ਹੈ ਕਿ ਜ਼ਮੀਨ ਦਾ ਮਸਲਾ ਹਲ ਕਰ ਦਿਤਾ ਹੈ ਲੇਕਿਨ tenants ਨੂੰ ਇਸਦਾ ਕੋਈ ਫਾਇਦਾ ਨਹੀਂ ਹੋਇਆ ਹੈ ਤੇ ਨਾ ਹੋ ਰਿਹਾ ਹੈ। 1955 ਤੋਂ ਬਾਅਦ ਇਸ ਐਕਟ ਵਿਚ 7 amendments ਯਕੇ ਬਾਅਦ ਦੀਗਰੇ ਕੀਤੀਆਂ ਗਈਆਂ ਕਿਉਂਕਿ ਇਸ ਐਕਟ ਤੇ ਨਾ ਹੀ ਲੀਡਰ ਅਮਲ ਕਰਨਾ ਚਾਹੁੰਦੇ ਸਨ ਅਤੇ ਨਾ ਹੀ services implement ਕਰਨਾ ਚਾਹੁੰਦੀਆਂ ਸਨ ਤਾਕਿ ਬਿਸਵੇਦਾਰ ਜ਼ਮੀਨਾਂ ਖੁਰਦ-ਬੁਰਦ ਕਰਦੇ ਰਹਿਨ। ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਨ੍ਹਾਂ ਨੇ 34 ਹਜ਼ਾਰ ਏਕੜ ਜ਼ਮੀਨ surplus declare ਕੀਤੀ ਹੈ ਅਤੇ 4 ਹਜ਼ਾਰ ਮੁਜ਼ਾਰੇ ਉਸ ਤੇ ਆਬਾਦ ਕੀਤੇ ਹਨ। ਇਸ ਐਕਟ ਵਿਚ ਜੋ date ਰਖੀ ਗਈ ਹੈ ਉਸ ਨਾਲ genuine ਮੁਜ਼ਾਰੇ suffer ਕਰਨਗੇ ਅਤੇ ਜਿਹੜੇ ਮੁਜ਼ਾਰੇ ਬਿਸਵੇਦਾਰਾਂ ਨੇ create ਕੀਤੇ ਹਨ ਉਨ੍ਹਾਂ ਨੂੰ ਇਸ ਨਾਲ ਫਾਇਦਾ ਪਹੁੰਚਦਾ ਹੈ। ਇਹ ਜੋ date ਰਖੀ ਗਈ ਹੈ ਬਿਸਵੇਦਾਰਾਂ ਨੂੰ suit ਕਰਨ ਲਈ ਹੀ ਰਖੀ ਗਈ ਹੈ। ਸਾਰੇ genuine tenants ਉਹ ਇਸਦੀ ਜ਼ਦ ਵਿਚ ਆਉਣਗੇ। ਇਹ ਜੋ ਸਾਰੇ ਪਿੰਡ ਵਿਚ ਇਕ ਜਾਂ ਦੋ ਏਕੜ ਜ਼ਮੀਨ surplus ਮਿਲੀ ਹੈ ਜਿਸਨੂੰ ਦੇ ਰਹੇ ਹੋ ਉਸ ਨਾਲ ਮਸਲਾ ਹਲ ਨਹੀਂ ਹੋ ਜਾਂਦਾ ਹੈ। ਮੈਂ ਇਸ ਬਾਰੇ ਇਹ ਤਜਵੀਜ਼ ਦਿੰਦਾ ਹਾਂ ਕਿ ਸਾਰੀ ਜ਼ਮੀਨ ਨੂੰ nationalise ਕੀਤਾ ਜਾਵੇ ਅਤੇ ਇਕ minimum unit ਮੁਕਰਰ ਕੀਤਾ ਜਾਵੇ। ਇਸ ਤੋਂ ਇਲਾਵਾ ਇਹ ਕਰੋ ਕਿ ਇਕ ਮੁੰਡੇ ਕੋਲ ਹੀ ਸਾਰੀ ਉਸ unit ਦੀ ਜ਼ਮੀਨ ਰਹੇਗੀ ਅਤੇ ਬਾਕੀਆਂ ਵਿਚ divide ਨਹੀਂ ਹੋਵੇਗੀ। ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਪਿੰਡਾਂ ਦੇ ਲੋਕ ਸਿਰਫ ਮਜ਼ਦੂਰ ਬਣ ਕੇ ਰਹਿ ਜਾਣਗੇ। ਉਨ੍ਹਾਂ ਲੋਕਾਂ ਨੂੰ ਹੀ ਜ਼ਮੀਨ ਦਿਤੀ ਜਾਵੇ ਜਿਹੜੇ ਖ਼ੁਦ ਜ਼ਮੀਨ ਤੇ ਬੈਠ ਕੇ ਕੰਮ ਕਰਦੇ ਹੋਣ। ਜਿਸ ਤਰ੍ਹਾਂ ਹੁਣ ਕੀਤਾ ਜਾ ਰਿਹਾ ਹੈ ਇਸ ਤਰ੍ਹਾਂ ਮਸਲਾ ਹਲ ਨਹੀਂ ਹੋਵੇਗਾ ਅਤੇ ਨਾ ਹੀ production ਵਧੇਗੀ। ਇਸ ਤਰ੍ਹਾਂ ਦੋਵੇਂ objections defeat ਹੋ ਜਾਣਗੇ। Opposition ਦੇ ਇਕ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਜੇਕਰ ਇਕ ਮੁੰਡੇ ਨੂੰ ਹੀ ਸਾਰੀ ਜ਼ਮੀਨ ਦੇ ਦਿਤੀ ਜਾਵੇ ਤਾਂ ਬਾਕੀ ਦੇ ਮੁੰਡੇ ਕੀ ਕਰਨਗੇ। ਮੈਂ ਕਹਿੰਦਾ ਹਾਂ ਕਿ ਇਹ ਜੋ 30 ਏਕੜ ਦਾ unit ਹੋਵੇਗਾ ਇਸ ਨਾਲ co-operative farms ਬਣ ਸਕਦੇ ਹਨ ਅਤੇ ਹੋਰ ਦੂਜੇ professions create ਕੀਤੇ ਜਾ ਸਕਦੇ ਹਨ। ਇਸ ਵਕਤ ਸਾਡੇ ਜੋ service co-operatives ਤੇ co-operative farms ਹਨ ਉਹ ਕਾਮਯਾਬ ਨਹੀਂ ਹੋ ਰਹੇ ਹਨ, ਇਨ੍ਹਾਂ ਵਲ ਧਿਆਨ ਦੇਣ ਦੀ ਲੋੜ ਹੈ। 30 ਏਕੜ ਦੀ ਵੀ ਜੋ ਅਗੇ sub-division ਹੋ ਰਹੀ ਹੈ ਉਸ ਨਾਲ ਕੰਮ ਹੋਰ ਵੀ ਖਰਾਬ ਹੋ ਜਾਵੇਗਾ। Co-operative farms ਬਣਾਏ ਜਾਣ ਤਾਂ ਹੀ ਇਹ ਮਸਲਾ ਹਲ ਹੋ ਸਕਦਾ ਹੈ। ਇਸ ਬਾਰੇ ਮੈਂ ਤਜਵੀਜ਼ ਕਰਦਾ ਹਾਂ ਕਿ ਇਕ experts ਦੀ ਕਮੇਟੀ ਬਣਾ ਕੇ ਇਨ੍ਹਾਂ ਸਾਰੀਆਂ ਗੱਲਾਂ ਤੇ ਵਿਚਾਰ ਕੀਤਾ ਜਾਵੇ। ਜਿਥੋਂ ਤਕ ਇਸ ਕਾਨੂੰਨ ਦਾ ਤਾਅੱਲੁਕ ਹੈ ਮੈਂ ਅਰਜ਼ ਕਰਦਾ ਹਾਂ ਕਿ ਕਿਸੇ genuine ਮੁਜ਼ਾਰੇ ਨੂੰ ਫਾਇਦਾ ਨਹੀਂ ਹੋਇਆ ਹੈ। ਬਿਸਵੇਦਾਰਾਂ ਨੇ ਸਾਰੀ ਜ਼ਮੀਨ ਇਧਰ-ਉੱਧਰ ਕਰ ਦਿਤੀ ਹੈ। ਤੁਸੀਂ ਕਿਸੇ ਬਿਸਵੇਦਾਰ ਦੀ ਜ਼ਮੀਨ touch ਨਹੀਂ ਕਰ ਸਕੇ ਹੋ। ਸਿਰਫ peasant proprietors ਦੀ ਜ਼ਮੀਨ ਹੀ ਤੁਸੀਂ ਟਚ ਕੀਤੀ ਹੈ। ਵੈਸੇ ਜੋ ਇਹ ਬਿਲ ਹੈ ਇਸ ਵਿਚ ਬਹੁਤ ਸਾਰੀਆਂ ਚੰਗੀਆਂ ਗੱਲਾਂ ਹਨ ਅਤੇ ਮੈਂ ਇਸਦੀ ਮੁਖਾਲਫਤ ਨਹੀਂ ਕਰਦਾ, ਬਲਕਿ ਇਸ ਨੂੰ ਪਾਸ ਹੀ ਕਰਨਾ ਚਾਹੀਦਾ ਹੈ। ਲੇਕਿਨ ਜੋ ਖਾਮੀਆਂ ਮੈਂ ਦਸੀਆਂ ਹਨ ਮੈਨੂੰ ਉਮੀਦ ਹੈ ਕਿ ਵਜ਼ੀਰ ਸਾਹਿਬ ਉਨ੍ਹਾਂ ਨੂੰ ਦੂਰ ਕਰਨ ਲਈ ਅਗਲੇ ਸੈਸ਼ਨ ਵਿਚ ਕੋਈ ਬਿਲ ਲਿਆਉਣਗੇ।

ਸਰਦਾਰ ਗਿਆਨ ਸਿੰਘ ਰਾੜੇਵਾਲਾ (ਸਰਹੰਦ) : ਸਪੀਕਰ ਸਾਹਿਬ, ਪਹਿਲਾਂ ਤਾਂ ਮੇਰਾ ਇਰਾਦਾ ਨਹੀਂ ਸੀ ਕਿ ਮੈਂ ਇਸ ਤਰਮੀਮੀ ਬਿਲ ਤੇ ਬੋਲਾਂ ਲੇਕਿਨ ਕਲ ਤੇ ਅਜ ਮੈਨੂੰ ਦੋ ਤਕਰੀਰਾਂ ਸੁਣਨ ਦਾ ਮੌਕਾ ਮਿਲਿਆ ਹੈ ਜਿਨ੍ਹਾਂ ਨੂੰ ਸੁਣਕੇ ਮੈਂ ਮਜਬੂਰ ਹੋਇਆ ਹਾਂ ਕਿ ਕੁਛ ਗਲਾਂ ਕਹਾਂ। ਇਨ੍ਹਾਂ ਸਜਣਾਂ ਨੇ ਹਕਾਇਕ

ਤੇ ਤਾਰੀਖ ਨੂੰ ਮੋੜਨ ਤੋੜਨ ਦੀ ਕੋਸ਼ਸ਼ ਕੀਤੀ ਹੈ ਅਤੇ ਮਨ ਘੜਤ ਗਲਾਂ ਕੀਤੀਆਂ ਹਨ। ਮੈਂ ਸਮਝਦਾ ਹਾਂ ਕਿ ਬਜਾਏ ਇਸਦੇ ਕਿ ਇਕ ਸਹੀ ਤਸਵੀਰ ਹਾਊਸ ਦੇ ਸਾਹਮਣੇ ਰਖੀ ਜਾਂਦੀ ਇਕ ਗਲਤ ਢੰਗ ਨਾਲ ਗਲਤ ਤਸਵੀਰ ਇਥੇ ਪੇਸ਼ ਕੀਤੀ ਗਈ ਹੈ। ਸਪੀਕਰ ਸਾਹਿਬ, ਮੈਂ ਬਿਲਾ ਖੌਫ਼ ਤਰਦੀਦ ਕਹਿ ਸਕਦਾ ਹਾਂ ਕਿ ਪੰਜਾਬ ਜਿਹੜਾ ਹੈ ਜਿਸਦੇ ਵਿਚ ਹੁਣ ਪੈਪਸੂ ਵੀ ਸ਼ਾਮਲ ਕਰ ਦਿਤਾ ਹੈ ਇਹ peasant proprietors ਦਾ ਦੇਸ਼ ਹੈ। ਇਥੇ ਛੋਟੇ ਛੋਟੇ ਕਿਸਾਨ ਵਸਦੇ ਹਨ। ਇਥੇ ਉਸ ਤਰ੍ਹਾਂ ਦੇ ਤਅੱਲੁਕਦਾਰ ਤੇ ਜਾਗੀਰਦਾਰ ਨਹੀਂ ਜਿਸ ਤਰ੍ਹਾਂ ਯੂ. ਪੀ. , ਬਿਹਾਰ ਤੇ ਰਾਜਸਥਾਨ ਵਗੈਰਾ ਵਿਚ ਸਨ। ਇਥੇ ਜਿਨ੍ਹਾਂ ਜਾਗੀਰਦਾਰਾਂ ਤੇ ਬਿਸਵੇਦਾਰਾਂ ਵਲ ਇਸ਼ਾਰਾ ਕੀਤਾ ਗਿਆ ਹੈ ਉਹ ਉਂਗਲੀਆਂ ਤੇ ਗਿਣੇ ਜਾ ਸਕਦੇ ਹਨ। ਪੈਪਸੂ ਦੇ ਹਾਲਾਤ ਪੰਜਾਬ ਨਾਲੋਂ ਮੁਖਤਲਿਫ ਸਨ ਲੇਕਿਨ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਵਿਚ ਵਧ landlords ਸਨ। ਇਹ ਠੀਕ ਹੈ ਕਿ ਪਟਿਆਲੇ ਦੇ ਅੰਦਰ ਕੋਈ ਇਕ ਦਰਜਨ ਦੇ ਕਰੀਬ ਐਸੇ ਪਿੰਡ ਸਨ ਜਿਥੇ ਬਿਸਵੇਦਾਰਾਂ ਤੇ ਮੁਜ਼ਾਰਿਆਂ ਵਿਚ ਝਗੜੇ ਸਨ ਜਿਹੜੇ ਕਿ ਅਦਾਲਤਾਂ ਵਿਚ ਚਲਦੇ ਰਹੇ। ਇਹ ਝਗੜੇ ਉਸ ਵਕਤ ਦੇ ਜਾਰੀ ਸਨ ਜਦੋਂ ਕਿ ਪੱਕਾ ਬੰਦੋਬਸਤ ਹੋਇਆ ਸੀ। ਲੇਕਿਨ ਉਨ੍ਹਾਂ ਨੂੰ ਇਸ ਤਰ੍ਹਾਂ generalise ਕਰ ਦੇਣਾ ਕਿ ਇਹ ਸਾਰਾ ਦੇਸ਼ ਹੀ ਗਾਸਬਾਂ ਦਾ ਦੇਸ਼ ਸੀ ਜਿਨ੍ਹਾਂ ਨੇ ਨਾਜਾਇਜ਼ ਜ਼ੁਲਮੋਂ ਤਸ਼ੱਦਦ ਕੀਤੇ ਠੀਕ ਨਹੀਂ ਬਲਕਿ ਜ਼ਿਆਦਤੀ ਹੈ। ਇਸ ਸਿਲਸਿਲੇ ਵਿਚ ਮੈਂ ਇਕ ਗੱਲ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਮੇਸ਼ਾ ਤੋਂ ਦੁਨੀਆਂ ਵਿਚ ਕਾਇਦਾ ਨਹੀਂ ਰਿਹਾ ਅਤੇ ਅੱਗੇ ਨੂੰ ਵੀ ਕਾਇਮ ਹੈ ਤੇ ਰਹੇਗਾ ਕਿ ਜਿਸ ਕੋਲ power ਹੁੰਦੀ ਹੈ ਉਸਨੂੰ ਉਹ corrupt ਕਰ ਦਿੰਦੀ ਹੈ ਅਤੇ ਜਿਸ ਕੋਲ absolute power ਹੁੰਦੀ ਹੈ ਉਸਨੂੰ absolutely corrupt ਕਰ ਦਿੰਦੀ ਹੈ। ਅਜ ਹਾਲਾਤ ਬਦਲੇ ਹਨ ਅਤੇ ਜਾਇਦਾਦਾਂ ਦੇ ਨਕਸ਼ੇ ਬਦਲੇ ਹਨ। ਮੈਂ ਪੁਛਦਾ ਹਾਂ ਕਿ ਜਦੋਂ ਜਾਇਦਾਦ ਦੇ ਨਕਸ਼ੇ ਬਦਲਨ ਤੋਂ ਬਾਅਦ ਉਨ੍ਹਾਂ ਪਾਸ power ਆਈ ਤਾਂ ਕੀ ਉਨ੍ਹਾਂ ਨੇ ਕਿਸੇ ਹੋਰ ਢੰਗ ਅਤੇ ਸ਼ਕਲ ਵਿਚ ਜਾਇਦਾਦਾਂ ਪੈਦਾ ਕਰਨ ਦੀ ਕੋਸ਼ਸ਼ ਨਹੀਂ ਕੀਤੀ ? ਮੈਂ ਪੁਛਦਾ ਹਾਂ ਕਿ ਜਿਨ੍ਹਾਂ ਕੋਲ power ਆਉਣ ਤੋਂ ਪਹਿਲਾਂ 100 ਰੁਪਏ ਮਹੀਨੇ ਦੀ ਆਮਦਨ ਨਹੀਂ ਸੀ ਉਨ੍ਹਾਂ ਦੀ ਇਕ ਇਕ ਲਖ ਰੁਪਏ ਰੋਜ਼ ਦੀ income ਕਿਸ ਤਰ੍ਹਾਂ ਹੋ ਗਈ ਹੈ ? ਜਿਹੜੇ ਪੈਪਸੂ ਤੋਂ ਆਏ ਹਨ ਉਨ੍ਹਾਂ ਦੀ 10 ਰੁਪਏ ਦੀ practice ਨਹੀਂ ਹੁੰਦੀ ਸੀ ਉਨ੍ਹਾਂ ਨੇ ਹੁਣ ਦੋ ਦੋ ਲੱਖ ਦੀਆਂ ਕੋਠੀਆਂ ਖੜੀਆਂ ਕਰ ਲਈਆਂ ਹਨ। ਮੈਂ ਪੁਛਦਾ ਹਾਂ ਕਿ ਆਖਰ ਐਨੀ ਜਾਇਦਾਦ ਉਨ੍ਹਾਂ ਨੇ ਕਿਸ ਤਰ੍ਹਾਂ ਪੈਦਾ ਕਰ ਲਈ ਹੈ। ਮੈਂ ਕਹਿੰਦਾ ਹਾਂ ਕਿ ਜਾਇਦਾਦਾਂ ਉਸ ਨਾਲੋਂ ਵੀ ਵੱਧ ਬਣ ਗਈਆਂ ਹਨ ਲੇਕਿਨ ਉਨ੍ਹਾਂ ਦਾ ਨਕਸ਼ਾ ਬਦਲ ਗਿਆ ਹੈ। ਇਨ੍ਹਾਂ ਹਾਲਾਤ ਵਿਚ ਇਹ ਕਹਿਣਾ ਕਿ ਉਥੇ ਤਾਂ ਜ਼ਾਲਮ ਵਸਦੇ ਸਨ ਕਿਤਨੀ ਹਕਾਇਕ ਨੂੰ ਤੋੜਨ ਵਾਲੀ ਗੱਲ ਹੈ। ਹਿੰਦੁਸਤਾਨ ਦੇ ਨਕਸ਼ੇ ਤੇ ਨਿਗਾਹ ਮਾਰਨ ਤੋਂ ਪਤਾ ਲਗਦਾ ਹੈ ਅਤੇ ਤਾਰੀਖ ਇਸਦੀ ਗਵਾਹ ਹੈ ਕਿ ਉਨ੍ਹਾਂ ਰਿਆਸਤਾਂ ਨੇ ਮੁਗਲਾਂ ਦੇ ਰਾਜ ਵਿਚ ਕਿਤਨਾ ਜ਼ੁਲਮ ਦਾ ਮੁਕਾਬਲਾ ਕੀਤਾ ਸੀ। ਕਦੇ ਇਨ੍ਹਾਂ ਰਿਆਸਤਾਂ ਨੇ ਜ਼ੁਲਮ ਦਾ ਮੁਕਾਬਲਾ ਕੀਤਾ ਸੀ ? ਇਨ੍ਹਾਂ ਲੋਕਾਂ ਨੇ ਉਨ੍ਹਾਂ ਰਿਆਸਤਾਂ ਦੇ ਨਾਲ ਮਿਲ ਕੇ ਉਨ੍ਹਾਂ ਦੀ ਮਦਦ ਕੀਤੀ ਤੇ ਜਾਇਦਾਦਾਂ ਬਣਾਈਆਂ। ਉਸ ਵਕਤ ਉਹ ਆਪਣਾ ਰਾਜ ਕਾਇਮ ਕਰਨਾ ਚਾਹੁੰਦੇ ਸਨ। ਹਿੰਦੁਸਤਾਨ ਵਿਚੋਂ ਮੁਗਲੀਆ ਰਾਜ ਖਤਮ ਹੋ ਗਿਆ ਸੀ। ਮਹਿਜ਼ ਇਹ ਗਲ ਆਖ ਦੇਣੀ ਕਿ ਰਿਸ਼ਤੇਦਾਰੀਆਂ ਕਰਕੇ ਜਾਗੀਰਾਂ ਕਾਇਮ ਹੋ ਗਈਆਂ ਮੈਂ ਸਮਝਦਾ ਹਾਂ ਕਿ ਬਿਲਕੁਲ exaggerated ਗੱਲ ਕਹੀ ਜਾ ਰਹੀ ਹੈ, ਮੁਬਾਲਗਾ ਆਮੇਜ਼ ਗਲ ਕਹੀ ਜਾ ਰਹੀ ਹੈ। ਜਿਹੜੇ ਲੋਕ ਇਹ ਕਹਿੰਦੇ ਹਨ ਮੈਂ ਉਨ੍ਹਾਂ ਤੋਂ ਪੁਛਦਾ ਹਾਂ ਕਿ ਕੀ ਉਨ੍ਹਾਂ ਦੀ ਹਜ਼ਾਰਾਂ ਏਕੜ ਜ਼ਮੀਨ ਨਹੀਂ ਲਈ ਗਈ। ਜਦੋਂ ਕਾਨੂੰਨ ਬਣ ਰਿਹਾ ਸੀ ਮੈਂ ਕਿਹਾ ਸੀ ਕਿ ਇਸ ਕਿਸਮ ਦੇ ਫਾਰਮ ਨੂੰ exempt ਨਹੀਂ ਕਰਨਾ ਚਾਹੀਦਾ। ਲੀਜ਼ ਤੇ ਲਈਆਂ ਹਜ਼ਾਰਾਂ ਏਕੜ ਜ਼ਮੀਨਾਂ ਨੂੰ exempt ਨਹੀਂ ਕਰਨਾ ਚਾਹੀਦਾ। ਅਗਰ ਦੋ ਹਜ਼ਾਰ ਬਿਘੇ ਜ਼ਮੀਨ ਦੇ ਅੰਦਰ ਲਖ ਰੁਪਏ ਦਾ ਮਕਾਨ ਪਾ ਲਿਆ ਮਹਿਜ਼ ਇਸ ਕਰਕੇ ਕਿ ਮਕਾਨ

[ਸਰਦਾਰ ਗਿਆਨ ਸਿੰਘ ਰਾੜੇਵਾਲਾ]

ਤੇ ਰੁਪਿਆ ਇਨਵੈਸਟ ਹੋ ਗਿਆ ਹੈ ਉਸ ਨੂੰ exempt ਕਰ ਲਿਆ ਜਾਏ, ਇਹ ਠੀਕ ਨਹੀਂ। ਅਜ ਇਸ ਤਰ੍ਹਾਂ ਆਖਿਆ ਜਾਂਦਾ ਹੈ। ਸਭ ਤੋਂ ਪਹਿਲਾਂ ਮੈਂ ਜਾਗੀਰਦਾਰੀ ਦਾ ਖਾਤਮਾ ਕੀਤਾ ਸੀ। ਮੈਨੂੰ ਉਹ ਦਿਨ ਯਾਦ ਹੈ। ਇਸ ਕਿਸਮ ਦੀਆਂ ਜੋ ਜਾਗੀਰਾਂ ਮਿਲੀਆਂ ਸਨ, ਨਵਾਬ ਲਿਆਕਤ ਹਿਆਤ ਖਾਂ ਦੀਆਂ ਜਿਸ ਨੂੰ unprecedented history ਸਮਝਦੇ ਸਨ, ਜ਼ਬਤ ਕੀਤੀਆਂ ਗਈਆਂ ਸਨ। ਜਾਗੀਰਦਾਰੀ ਖਤਮ ਕੀਤੀ ਗਈ ਸੀ। ਪਹਿਲੀ attempt ਓਦੋਂ ਕੀਤੀ ਗਈ ਜਦੋਂ ਕਿ ਮਲਕ ਸਾਹਿਬ ਪਟਿਆਲਾ ਸਟੇਟ ਦੇ Prime Minister ਸਨ। ਉਨ੍ਹਾਂ ਨੇ ਕਿਹਾ ਕਿ ਪਿੰਡਾਂ ਦੀ ਤਸੱਲੀ-ਬਖਸ਼ ਹਾਲਤ ਕੀਤੀ ਜਾਵੇ। Tenancy ਦਾ ਤੀਸਰਾ ਹਿੱਸਾ ਮਾਲਕ ਨੂੰ ਦਿਤਾ ਜਾਵੇ ਤੇ ਸਾਰੀ ਦੀ ਸਾਰੀ ਜ਼ਮੀਨ ਮੁਜ਼ਾਰੇ ਨੂੰ ਦੇ ਦਿਤੀ ਜਾਵੇ ਤੇ ਉਸ ਨੂੰ ਮਾਲਕ ਕੁਲ ਬਣਾ ਦਿਤਾ ਜਾਵੇ। ਉਥੇ ਇਸ ਕਿਸਮ ਦੀ ਬਿਸਵੇਦਾਰੀ ਸੀ। ਮੈਨੂੰ ਪਤਾ ਨਹੀਂ ਕਿ ਉਸ ਵਿਚ ਕੀ ਨੁਕਸ ਸੀ ਤੇ ਕੀ ਕੁਛ ਕੀਤਾ। ਉਸ ਨਾਲ ਇਕ ਤਰੀਕਾ ਕਢ ਲਿਆ ਸੀ ਕਿ Tenancy Law ਲਿਆਉਣਾ ਹੈ। ਮੈਂ ਅਰਜ਼ ਕਰਾਂ ਕਿ ਇਹ ਗਲ ਭੁਲ ਜਾਂਦੇ ਸਨ ਕਿ ਓਥੇ compensation ਦਾ ਸਵਾਲ ਸੀ। ਮਲਕ ਸਾਹਿਬ ਨੇ ਸੋਚਿਆ ਕਿ ਇਸ ਤਰ੍ਹਾਂ ਇਹ ਜ਼ਿਆਦਾ ਤਵਾਲਤ ਵਿਚ ਪੈ ਜਾਏਗਾ, ਇਸ ਦਾ ਫੈਸਲਾ ਕੀਤਾ ਜਾ ਸਕਦਾ ਹੈ। ਇਸ ਵਾਸਤੇ ਇਹ ਕੀਤਾ ਗਿਆ ਸੀ ਕਿ ਜ਼ਮੀਨ ਦੇ 2/3 ਤੇ ਕੋਈ compensation ਨਹੀਂ ਲਿਆ ਜਾਏਗਾ। ਬਗੈਰ compensation ਤੋਂ ਜ਼ਮੀਨ ਦਿਤੀ ਗਈ ਸੀ। ਮੈਂ ਮਸਝਦਾ ਹਾਂ ਕਿ ਇਹ ਠੀਕ ਹੈ ਕੋਈ ਵੀ ਕਾਨੂੰਨ ਬਣਾ ਲਿਆ ਜਾਵੇ ਇਹ ਨਹੀਂ ਹੋ ਸਕਦਾ ਕਿ ਉਸ ਦਾ ਅਸਰ ਨਾ ਪਵੇ। ਕਈ ਗਲਾਂ ਐਸੀਆਂ ਹੋ ਸਕਦੀਆਂ ਹਨ। ਇਹ ਕਹਿਣਾ ਕਿ generally ਸਾਰਾ ਸਿਲਸਿਲਾ ਮੁਜ਼ਾਰਿਆਂ ਦੇ ਖਿਲਾਫ ਸੀ, ਗਲਤ ਹੈ। ਇਕ ਦੋਸਤ ਨੇ ਹੁਣੇ ਕਿਹਾ ਕਿ ਪੈਪਸੂ ਵਿਚ ਐਸੇ ਹਾਲਾਤ ਹੋ ਗਏ ਸਨ, ਓਥੇ ਮੁਸ਼ਕਲਾਂ ਹੋ ਗਈਆਂ ਸਨ। ਮੈਂ ਦਾਅਵੇ ਨਾਲ ਕਹਿੰਦਾ ਹਾਂ ਅੱਜ ਦੇ ਪੰਜਾਬ ਦੇ ਅਦਾਦੋ ਸ਼ੁਮਾਰ ਲੈ ਲਏ ਜਾਣ ਜੋ ਜ਼ਮੀਨ ਤੇ ਕੰਮ ਕਰਦੇ ਹਨ ਤੇ ਉਨ੍ਹਾਂ ਦੇ ਵੀ ਲੈ ਲਏ ਜਾਣ ਤੇ ਮੁਕਾਬਲਾ ਕਰ ਲਿਆ ਜਾਵੇ। ਕੀ ਇਸ ਗਲ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਉਸ ਵਕਤ ਦੀ Opposition Party ਨੇ ਉਸ ਵਕਤ ਦੀ ਗੌਰਮੈਂਟ ਨੂੰ ਬਦਨਾਮ ਕਰਨ ਵਾਸਤੇ ਖ਼ੁਦ ਮੈਂਬਰ ਅਗ਼ਵਾ ਕਰਕੇ ਮੁਕਦਮਾ ਕੀਤਾ। ਕੀ ਇਹ ਗਲਤ ਸੀ ? ਇਸ tenancy ਬਿਲ ਦੇ ਅੰਦਰ ਤਰਮੀਮ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਇਹ ਕੋਸ਼ਿਸ਼ ਨਹੀਂ ਹੋਣੀ ਚਾਹੀਦੀ। ਮੈਂ ਅਰਜ਼ ਕਰਾਂਗਾ ਕਿ ਇਸ ਸਬੰਧੀ ਮੈਂ ਵਜ਼ੀਰ ਸਾਹਿਬ ਦੀ ਖਿਦਮਤ ਵਿਚ ਸਿਰਫ ਦੋ ਹੀ ਗਲਾਂ ਕਹਿਣੀਆਂ ਹਨ ਜੋ ਇਸ amendment ਵਿਚ ਆਈਆਂ ਹਨ। ਇਕ ਇਹ ਕਿ ਜਿਹੜੇ allottees ਹਨ, ਜਿਹੜੇ refugees ਏਥੇ ਆਬਾਦ ਹੋਏ ਸਨ ਉਨ੍ਹਾਂ ਵਿਚੋਂ ਜਿਹੜਾ ਜ਼ਮੀਨ ਦਾ land owner ਹੈ ਉਸ ਲਈ permissible limit ਰਖੀ ਗਈ ਹੈ। ਲੇਕਿਨ ਵਜ਼ੀਰ ਸਾਹਿਬ ਇਸ ਗਲ ਨੂੰ ਨਜ਼ਰਅੰਦਾਜ਼ ਨਾ ਕਰਨ ਕਿ ਉਨ੍ਹਾਂ ਵਿਚ ownership ਕਦੋਂ vest ਹੋਈ। ਉਸ ਤੋਂ ਪਹਿਲਾਂ ਇਹ ਕਰ ਨਹੀਂ ਸਕਦੇ। ਅਗਰ ਇਸ ਤਰਦਦ ਦੇ ਜ਼ਮਾਨੇ ਵਿਚ ਉਹ ਲੋਕ ਨਹੀਂ ਕਰ ਸਕੇ ਤਾਂ ਉਨ੍ਹਾਂ ਦਾ ਕਸੂਰ ਨਹੀਂ, ਹਕੂਮਤ ਦਾ ਕਸੂਰ ਹੈ ਕਿ ਉਨ੍ਹਾਂ ਦਾ ਫਾਇਦਾ ਨਹੀਂ ਕਰ ਸਕੀ, allotment ਮੁਕੰਮਲ ਨਹੀਂ ਕਰ ਸਕੀ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਇਹ ਪਤਾ ਨਹੀਂ ਕਿ ਜ਼ਮੀਨ ਕਿਥੇ ਅਲਾਟ ਹੋਣੀ ਹੈ। ਅਜੇ ਤਕ ਵੀ ਉਨ੍ਹਾਂ ਨੂੰ ਉਠਾਇਆ ਜਾ ਰਿਹਾ ਹੈ, ਇਕ ਜਗਾਹ ਤੋਂ ਦੂਜੀ ਜਗਾਹ ਤੇ ਦੂਜੀ ਜਗਾਹ ਤੋਂ ਤੀਜੀ ਜਗਾਹ। ਇਹ ਜਿਹੜੀ amendment ਲਿਆਂਦੀ ਜਾ ਰਹੀ ਹੈ ਕਿ ਉਨ੍ਹਾਂ ਦੇ heirs ਤੇ ਲਾਗੂ ਕੀਤੀ ਜਾਏਗੀ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨਾਲ ਇਹ ਕੋਈ ਇਨਸਾਫ ਨਹੀਂ ਹੋਵੇਗਾ। ਮੈਂ ਸਖਤ ਲਫਜ਼ ਇਸਤੇਮਾਲ ਨਹੀਂ ਕਰਨਾ ਚਾਹੁੰਦਾ। ਉਨ੍ਹਾਂ ਦੇ ਪਾਸ owner ship ਹੈ। ਮੈਂ ਧਿਆਨ ਦਿਲਾਉਣਾ ਚਾਹੁੰਦਾ ਹਾਂ। ਜਦੋਂ ਉਹ ਆਏ ਓਦੋਂ ਇਹ ਸਵਾਲ ਪੈਦਾ ਨਹੀਂ ਸੀ ਹੁੰਦਾ। ਅੱਜ ਉਨ੍ਹਾਂ ਨੂੰ owner ship ਦਿਤੀ ਜੋ

ਰਹੀ ਹੈ। ਜੋ ਅਜ owners ਹਨ ਉਨ੍ਹਾਂ ਨੂੰ ਇਸ ਗਲ ਤੇ ਮਜਬੂਰ ਨਹੀਂ ਕਰਨਾ ਚਾਹੀਦਾ ਕਿ 50 ਸਟੈਂਡਰਡ ਏਕੜ ਜਾਂ 30 ਸਟੈਂਡਰਡ ਏਕੜ ਜ਼ਮੀਨ ਹੀ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ। ਮੈਂ ਸਿਰਫ ਇਹ ਵਜ਼ੀਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ।

ਦੂਸਰੀ ਗਲ ਇਹ ਹੈ। ਮੈਂ ਇਸ ਗਲ ਦਾ ਦਾਅਵਾ ਨਹੀਂ ਕਰਦਾ ਕਿ ਮੈਂ courts ਦੀਆਂ judgments ਦਾ ਮੁਲਾਹਜ਼ਾ ਕੀਤਾ ਹੈ। ਉਹ ਮੈਂ ਨਹੀਂ ਪੜ੍ਹੀਆਂ। High Court ਦੀ judgment ਯਾ ਕਿੰਨੀਆਂ decrees ਹਨ ਜਿਹੜੀਆਂ ਕਿ settled ਚੀਜ਼ਾਂ ਹਨ। ਅੱਜ ਇਸ ਹਾਊਸ ਤੋਂ ਇਹ ਪਾਸ ਕਰਵਾਇਆ ਜਾ ਰਿਹਾ ਹੈ, ਕਿ ਜਿੰਨੀਆਂ decrees ਹਨ, ਜਿੰਨੇ courts ਦੇ orders ਹਨ,

'any judgement, decree or order of a court or other authority, obtained after the commencement of that Act and having the effect of diminshing the area of such person which would have declared as his surplus area' shall be ignored.

ਜਿੰਨੇ High Court ਦੇ ਫੈਸਲੇ ਯਾ ਦੂਜੀਆਂ courts ਦੇ ਫੈਸਲੇ ਹਨ ਉਹ ਸਾਰੇ upset ਕਰ ਦੇਣੇ, ਮੈਂ ਨਹੀਂ ਸਮਝਦਾ ਕਿ ਇਸ ਦੇ consequences ਕੀ ਨਿਕਲਣਗੇ। ਕਿਤੇ ਐਸਾ ਨਾ ਹੋਵੇ ਕਿ ਇਕ ਗਲ ਦਾ ਹਲ ਕਰਦੇ ਹੋਏ ਹੋਰ ਜ਼ਿਆਦਾ ਤਰਮੀਮਾਂ ਕਰਨੀਆਂ ਪੈਣ, ਗੌਰਮੈਂਟ ਦੇ ਸਾਹਮਣੇ ਵੀ ਬਹੁਤ ਸਾਰੀਆਂ ਮੁਸ਼ਕਲਾਂ ਆ ਜਾਣ। ਇਸ ਕਰਕੇ ਮੈਂ ਸਮਝਦਾ ਹਾਂ ਕਿ ਕਿਤੇ ਨਾ ਕਿਤੇ ਇਸ ਦਾ ਹਲ ਹੋਣਾ ਚਾਹੀਦਾ ਹੈ। ਕਾਨੂੰਨ ਦੇ ਮੁਤੱਲਿਕ ਇਹ ਕਹਿਣਾ ਕਿ 1, 2, 3, 4, 7 ਜਾਂ 10 amendments ਲੈ ਆਉਣੀਆਂ ਹਨ, ਠੀਕ ਨਹੀਂ। ਅਗਰ ਇਹ ਗੌਰਮੈਂਟ ਇਹ ਰਵੈਯਾ ਅਖਤਿਆਰ ਕਰ ਲਵੇ ਕਿ ਜੇ ਕੋਈ judgment ਉਨ੍ਹਾਂ ਦੇ ਖਿਲਾਫ ਜਾਏਗੀ legislation ਲਿਆ ਕੇ ਇਕ ਹੋਰ amendment ਪਾਸ ਕਰ ਦਿਤੀ ਜਾਵੇ, ਇਹ ਠੀਕ ਨਹੀਂ ਹੋਏਗਾ। Interpretation of law courts ਨੇ ਕਰਨੀ ਹੈ। ਜੋ interpretation ਹੈ ਉਸ ਨੂੰ ਦੇਖਣਾ ਹੈ। (*At this stage The Deputy Speaker occupied the Chair*) ਇਹ ਠੀਕ ਹੈ ਕਿ ਗੌਰਮੈਂਟ ਦੇ ਪਾਸ ਅਖਤਿਆਰਾਤ ਹਨ, ਲੈਜਿਸਲੇਸ਼ਨ ਲੈ ਆਏ। ਲੇਕਿਨ ਇਸ ਨਾਲ finality ਨਹੀਂ ਹੋਵੇਗੀ। ਲੋਕਾਂ ਨੂੰ ਇਹ ਯਕੀਨ ਨਹੀਂ ਹੋ ਸਕੇਗਾ ਕਿ ਇਹ ਚੀਜ਼ ਹੈ ਯਾ ਨਹੀਂ। ਇਸ ਲਈ ਮੈਂ ਇਹ ਅਰਜ਼ ਕਰਾਂਗਾ ਕਿ ਇਨ੍ਹਾਂ ਦੋਵਾਂ ਗਲਾਂ ਤੇ ਧਿਆਨ ਦੇਵੋ।

ਬਾਬੂ ਬਚਨ ਸਿੰਘ (ਲੁਧਿਆਣਾ, ਉੱਤਰ) : ਡਿਪਟੀ ਸਪੀਕਰ ਸਾਹਿਬਾ, ਮੈਂ ਤਿੰਨ ਦਿਨ ਤੋਂ Punjab Security of Land Tenures Act ਅਤੇ Pepsu Tenancy and Agricultural Land Act ਤੇ ਜਿਹੜੇ ਅਮੈਂਡਿੰਗ ਬਿਲ ਆਏ ਹਨ ਬਹੁਤ ਗੌਰ ਨਾਲ ਸਾਰੇ ਮੈਂਬਰਾਂ ਦੀਆਂ ਅਤੇ ਵਜ਼ੀਰ ਸਾਹਿਬਾਨ ਦੀਆਂ ਤਕਰੀਰਾਂ ਸੁਣਦਾ ਰਿਹਾ ਹਾਂ।

10.00 a. m.

ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਜਿਸ ਤਰ੍ਹਾਂ ਬਾਕੀ ਹਿੰਦੁਸਤਾਨ ਵਿਚ ਹੈ ਏਸੇ ਤਰ੍ਹਾਂ ਪੰਜਾਬ ਵਿਚ ਜ਼ਮੀਨ ਦਾ ਮਸਲਾ, ਸਾਰੇ ਮਸ਼ਲਿਆਂ ਨਾਲੋਂ ਵਡਾ ਮਸਲਾ ਹੈ। ਅਸੀਂ ਇਸ ਮਸਲੇ ਦਾ ਹਲ ਕਰਨਾ ਸੀ ਅਤੇ ਇਹ ਬਹੁਤ ਜ਼ਰੂਰੀ ਸੀ ਕਿਉਂ ਕਿ ਇਹ ਪੰਜਾਬ ਦੀ 80% ਆਬਾਦੀ ਲਈ ਸੀ ਜੋ ਪਿੰਡਾਂ ਵਿਚ ਵਸਦੀ ਹੈ ਲੇਕਿਨ ਜਿਸ ਤਰੀਕੇ ਨਾਲ ਸਾਡੀ ਗੌਰਮੈਂਟ ਕਰ ਰਹੀ ਹੈ ਇਸ ਤੋਂ ਵਧ incompetency ਕੋਈ ਹੋਰ show ਨਹੀਂ ਕੀਤੀ ਜਾ ਸਕਦੀ। ਪੈਪਸੂ ਅਤੇ ਪੰਜਾਬ ਨੂੰ merge ਕੀਤਿਆਂ ਅਜ ਛੇ ਸਾਲ ਹੋ ਗਏ ਹਨ ਲੇਕਿਨ ਅਜੇ ਤਕ ਸਾਡੀ ਸਰਕਾਰ ਪੰਜਾਬ ਅਤੇ ਪੈਪਸੂ ਦੇ ਕਾਨੂੰਨਾਂ ਨੂੰ ਇਕ ਨਹੀਂ ਬਣਾ ਸਕੀ ਹਾਲਤ ਇਹ ਹੈ ਕਿ ਤਿੰਨ ਚੌਥਾਈ ਇਲਾਕੇ ਵਿਚ ਇਕ ਕਾਨੂੰਨ ਚਲਦਾ ਹੈ ਅਤੇ ਇਕ ਚੌਥਾਈ ਵਿਚ ਦੂਜਾ ਕਾਨੂੰਨ ਲਾਗੂ ਹੈ ਇਸ ਤਰ੍ਹਾਂ

[ਬਾਬੂ ਬਚਨ ਸਿੰਘ]

ਦਾ confusion ਅਜੇ ਤਕ ਕਾਇਮ ਹੈ। ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਮਸਲੇ ਨੂੰ ਹਲ ਕਰਨ ਦੀ ਲੋੜ ਸੀ। ਸਾਡੀ ਸਰਕਾਰ ਨੇ ਪੁਲਿਸ ਵਰਗੇ ਮਾਮਲੇ ਤੇ ਇਕ ਕਮਿਸ਼ਨ ਬਿਠਾਣ ਦਾ ਫੈਸਲਾ ਕੀਤਾ ਸੀ ਮੈਂ ਪੁਲਿਸ ਦੇ ਮਹਿਕਮੇ ਦੀ importance ਨੂੰ ਸਮਝਦਾ ਹਾਂ ਲੇਕਿਨ ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਜ਼ਮੀਨ ਦਾ ਮਾਮਲਾ ਇਸ ਨਾਲੋਂ ਘਟ ਮਹਤੱਵ ਵਾਲਾ ਨਹੀਂ। ਪੁਲਿਸ ਦੇ ਮਾਮਲੇ ਤੇ ਵਿਚਾਰ ਕਰਨ ਲਈ ਇਹ Police Commission ਬਣਾ ਸਕਦੇ ਹਨ ਜਿਸ ਦੇ ਪ੍ਰੈਜ਼ੀਡੈਂਟ ਨੂੰ 200 ਰੁਪਏ ਰੋਜ਼ ਯਾਨੀ 6,000 ਰੁਪਏ ਮਾਹਵਾਰ ਤਨਖਾਹ ਦਿਤੀ ਜਾਂਦੀ ਰਹੀ ਹੈ। ਇਸ ਵਿਚ ਅਛੇ ਅਛੇ ਅਫਸਰ ਵੀ ਸ਼ਾਮਿਲ ਸਨ। ਜਿਸ ਤਰ੍ਹਾਂ ਸਰਕਾਰ ਨੇ Police Commission ਮੁਕਰਰ ਕੀਤਾ ਹੈ ਇਸੇ ਤਰ੍ਹਾਂ ਸਰਕਾਰ ਨੂੰ ਸਾਰਿਆਂ ਤੋਂ ਪਹਿਲਾਂ ਆਪਣੀ ਇਹ duty ਸਮਝਣੀ ਚਾਹੀਦੀ ਸੀ ਕਿ ਪੈਪਸੂ ਅਤੇ ਪੰਜਾਬ ਦੇ ਜ਼ਮੀਨੀ ਮਾਮਲਿਆਂ ਨੂੰ examine ਕਰਨ ਲਈ ਇਕ Land Commission ਮੁਕਰਰ ਕਰ ਦਿੰਦੀ। ਜੋ ਸਾਰੀਆਂ problems ਤੇ ਸੋਚ ਵਿਚਾਰ ਕਰਦੀ ਅਤੇ ਫਿਰ ਆਪਣੀ ਰੀਪੋਰਟ ਦਿੰਦੀ ਅਤੇ ਇਹ ਮਾਮਲਾ ਬਿਹਤਰ ਤਰੀਕੇ ਨਾਲ ਅਤੇ permanent ਤੌਰ ਤੇ ਹਲ ਹੋ ਜਾਂਦਾ। ਲੇਕਿਨ ਜਿਸ ਤਰ੍ਹਾਂ ਮੇਰੇ ਇਕ ਦੋਸਤ ਨੇ ਕਿਹਾ ਹੈ ਕਿ ਇਹ ਸਰਕਾਰ ਤਾਂ ਭੁਲ ਭੁਲੱਈਆਂ ਵਿਚ ਫਿਰ ਰਹੀ ਹੈ ਅਤੇ ਇਕ zig zag ਤਰੀਕੇ ਨਾਲ ਕੰਮ ਕਰ ਰਹੀ ਹੈ ਇਹ ਠੀਕ ਹੈ ਅਤੇ ਮੇਰਾ ਖਿਆਲ ਹੈ ਕਿ ਵਜ਼ੀਰ ਸਾਹਿਬ ਨੇ ਇਸ ਬਿਲ ਨੂੰ ਪੇਸ਼ ਕਰਨ ਲਗਿਆਂ ਜੋ ਦਲੀਲਾਂ ਦਿਤੀਆਂ ਹਨ ਉਹ ਆਪ ਵੀ ਇਨ੍ਹਾਂ ਭੁਲ ਭੁਲੱਈਆਂ ਵਿਚ ਉਲਝ ਕੇ ਰਹਿ ਗਏ ਹਨ।

Revenue Minister : Not in the least.

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬ, ਜਿੰਨਾਂ ਵੀ ਇਸ ਕਿਸਮ ਦਾ legislation ਆਵੇ ਜਿਸ ਦਾ ਸਬੰਧ ਮਾਲਕ ਅਤੇ ਮੁਜ਼ਾਰੇ ਨਾਲ ਹੋਵੇ ਤਾਂ ਹਰ ਮੈਂਬਰ ਪਾਸ ਸਰਕਾਰ ਵਲੋਂ ਕੋਈ data ਮੁਹਈਆ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮੈਂਬਰਜ਼ ਉਸ data ਨੂੰ study ਕਰਨ ਅਤੇ ਫਿਰ ਤਿਆਰ ਹੋ ਕੇ ਆਣ ਅਤੇ ਦੂਜਾ ਉਨ੍ਹਾਂ ਨੂੰ ਇਹ ਪਤਾ ਲਗ ਸਕੇ ਕਿ ਕਿਸ ਪਾਸੇ ਵਲ ਸਰਕਾਰ ਤਰੱਕੀ ਕੁਰ ਰਹੀ ਹੈ। ਸੰਨ 1954 ਵਿਚ ਜੋ figures Planning Commission ਨੇ ਸਾਰੇ ਮੁਲਕ ਲਈ ਦਿਤੀਆਂ ਸਨ ਉਨ੍ਹਾਂ ਤੋਂ ਪਹਿਲਾਂ ਇਹ figures ਹਰ ਰਾਜ ਦੀ ਸਰਕਾਰ ਪਾਸੋਂ ਤਲਬ ਕੀਤੀਆਂ ਗਈਆਂ ਸਨ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਅਠ ਸਾਲਾਂ ਵਿਚ ਵੀ ਇਸ ਸਰਕਾਰ ਵਲੋਂ ਕੋਈ data ਤਿਆਰ ਨਹੀਂ ਕੀਤਾ ਗਿਆ ਤੇ ਨਾ ਹੀ ਸਪਲਾਈ ਕੀਤਾ ਗਿਆ ਹੈ। 30 ਸਾਲਾਂ ਵਿਚ ਤਾਂ ਇਕ ਆਦਮੀ ਦੀ ਨਸਲ ਖਤਮ ਹੋ ਜਾਂਦੀ ਹੈ। ਤੇ ਅਠ ਸਾਲ ਗੁਜ਼ਰ ਜਾਣ ਨਾਲ ਉਸ ਦੀ ਇਕ ਚੌਥਾਈ ਨਸਲ ਖਤਮ ਵੀ ਹੋ ਗਈ ਹੈ ਪਰ data ਅਜੇ ਤਕ ਤਿਆਰ ਨਹੀਂ ਕੀਤਾ ਜਾ ਸਕਿਆ। ਸਰਕਾਰ ਅਜੇ ਤਕ ਇਹ ਨਹੀਂ ਦਸ ਸਕੀ ਕਿ 1960-61 ਵਿਚ ਜਾਂ 1961-62 ਵਿਚ ਕਿੰਨੇ ਇਕ ਏਕੜ ਦੇ ਮਾਲਕ ਸਨ ਕਿੰਨੇ ਦੋ ਏਕੜ ਦੇ ਮਾਲਕ ਸਨ ਕਿੰਨੇ 5 ਤੋਂ 10 ਏਕੜ ਦੇ ਮਾਲਕ ਸਨ ਕਿੰਨੇ 10 ਤੋਂ 15 ਏਕੜ ਦੇ ਮਾਲਕ ਸਨ ਅਤੇ ਕਿੰਨੇ 15 ਤੋਂ 20 ਤਕ ਦੇ ਸਨ, ਜੇਕਰ ਸਰਕਾਰ ਇਸ ਤਰ੍ਹਾਂ ਦਾ data ਤਿਆਰ ਕਰਕੇ ਇਸ ਹਾਊਸ ਦੇ ਸਾਹਮਣੇ ਰਖਦੀ ਤਾਂ ਇਨ੍ਹਾਂ ਬਿਲਾਂ ਤੇ ਅਛੀ ਤਰ੍ਹਾਂ ਬਹਿਸ ਹੋ ਸਕਦੀ ਸੀ। ਜਿਸ ਤਰੀਕੇ ਨਾਲ ਜਿਸ haphazard ਢਗ ਨਾਲ ਇਸ ਬਿਲ ਵਿਚ ਤਰਮੀਮਾਂ ਲਿਆਂਦੀਆਂ ਗਈਆਂ ਹਨ। ਮੈਨੂੰ ਉਸ ਉਪਰ ਅਫਸੋਸ ਹੈ। ਕੋਰਟ ਇਕ ਡਿਗਰੀ ਕਰਦੀ ਹੈ ਤਾਂ ਉਸ ਡਿਗਰੀ ਨੂੰ ਰਦ ਕਰਨ ਦੀ ਕੋਸ਼ਿਸ਼ ਸਰਕਾਰ ਵਲੋਂ ਕੀਤੀ ਜਾਂਦੀ ਹੈ। ਜਿਸ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ ਇਸ ਤਰੀਕੇ ਨਾਲ ਕੰਮ ਚਲ ਨਹੀਂ ਸਕਦਾ। ਮੈਂ ਅਰਜ਼ ਕਰਾਂ ਕਿ ਸਵੇਰ ਦਾ ਭੁਲਿਆ ਜੇਕਰ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁਲਿਆ ਨਹੀਂ ਸਮਝਣਾ ਚਾਹੀਦਾ ਅਤੇ ਉਸ ਨੂੰ ਰਾਹ ਪਿਆ ਜਾਨਣਾ ਚਾਹੀਦਾ ਹੈ। ਅਜੇ ਵੀ ਸਰਕਾਰ ਨੂੰ ਜੁਰਤ ਕਰਨੀ ਚਾਹੀਦੀ ਹੈ, ਗੌਰਮੈਂਟ ਨੂੰ ਹਿੰਮਤ ਕਰਨੀ ਚਾਹੀਦੀ ਹੈ ਕਿ ਇਸ ਸੂਬੇ ਦੀ land problems ਜੋ ਸਦਾ ਲਈ ਹਲ ਕਰਨ ਲਈ ਇਕ

experts ਦਾ ਕਮਿਸ਼ਨ ਮੁਕਰਰ ਕਰੇ ਜੋ ਸਰਕਾਰ ਵਲੋਂ ਦਿਤੇ ਗਏ ਸਾਰੇ data ਨੂੰ ਛਾਨ ਬੀਨ ਕਰੇ ਅਤੇ ਆਪਣੀਆਂ ਸਿਫਾਰਸ਼ਾਤ ਦੇਵੇ ਅਤੇ ਅਜਿਹੀਆਂ ਸਿਫਾਰਸ਼ਾਤ ਦੇ basis ਤੇ ਇਕ ਪੂਰਾ ਅਤੇ comprehensive ਬਿਲ ਇਸ ਹਾਊਸ ਵਿਚ ਪੇਸ਼ ਕੀਤਾ ਜਾਵੇ ਇਸ ਤਰ੍ਹਾਂ ਇਕ ਗ਼ਲਤ ਤਰੀਕੇ ਨਾਲ ਬਾਰ ਬਾਰ ਇਸ ਹਾਊਸ ਸਾਹਮਣੇ ਤਰਮੀਮਾਂ ਲਿਆਣ ਨਾਲ ਹਾਊਸ ਦਾ time ਖਰਾਬ ਹੁੰਦਾ ਹੈ ਅਤੇ ਇਸ ਦੇ ਨਾਲ ਹੀ ਸੂਬੇ ਵਿਚ ਵਸਦੇ ਲੋਕਾਂ ਨੂੰ ਤਸ਼ਵੀਸ਼ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵੇਲੇ ਪੰਜਾਬ ਦੀ ਕੀ ਹਾਲਤ ਹੈ, ਨਾ ਮਾਲਕ ਇਨ੍ਹਾਂ ਬਿਲਾਂ ਅਤੇ ਇਨ੍ਹਾਂ ਐਕਟਾਂ ਤੋਂ ਮੁਤਮੈਨ ਹੈ, ਨਾ ਹੀ ਮੁਜ਼ਾਰਾ ਮੁਤਮੈਨ ਹੈ, ਨਾ ਅਪੋਜ਼ੀਸ਼ਨ ਵਾਲੇ ਮੁਤਮੈਨ ਹਨ ਨਾ ਸਰਕਾਰੀ ਬੈਂਚਾਂ ਤੇ ਬੈਠਣ ਵਾਲੇ। ਵਜ਼ੀਰ ਸਾਹਿਬ ਨੇ ਵੀ ਇਹ ਗਲ ਮਹਿਸੂਸ ਕੀਤੀ ਹੋਣੀ ਹੈ ਕਿ ਇਥੇ ਇਸ ਬਿਲ ਤੇ ਭਾਂਤ ਭਾਂਤ ਦੀਆਂ ਬੋਲੀਆਂ ਬੋਲੀਆਂ ਗਈਆਂ ਭਾਵੇਂ ਉਹ ਹੁਕਮਰਾਨ ਧੜੇ ਦੇ ਹੋਣ ਜਾਂ ਵਿਰੋਧੀ ਧੜੇ ਦੇ। ਵਜ਼ੀਰ ਸਾਹਿਬ ਕੁਝ ਹੋਰ ਕਹਿੰਦੇ ਨੇ ਤੇ ਗਰਗ ਸਾਹਿਬ ਨੇ ਕੁਝ ਹੋਰ ਨਜ਼ਰੀਆ ਪੇਸ਼ ਕੀਤਾ ਹੈ। ਸਰਦਾਰ ਰਾੜੇਵਾਲਾ ਸਾਹਿਬ ਇਸ ਨੂੰ ਹੋਰ ਤਰ੍ਹਾਂ ਨਾਲ ਵੇਖਦੇ ਨੇ। ਇਨ੍ਹਾਂ ਸਾਰੀਆਂ ਗਲਾਂ ਦੇ ਬਾਵਜੂਦ ਅਸੀਂ ਵੇਖਦੇ ਹਾਂ ਕਿ ਇਕ ਤੋਂ ਦੂਜੀ ਤੇ ਫਿਰ ਦੂਜੀ ਤੋਂ ਤੀਜੀ ਅਤੇ ਫਿਰ ਦਸਵੀਂ ਤਰਮੀਮ ਲਿਆਂਦੀ ਜਾਂਦੀ ਹੈ। ਕੀ ਵਜ਼ੀਰ ਸਾਹਬ ਆਪਣੀ ਹਿਕ ਤੇ ਹਥ ਰਖ ਕੇ ਇਹ ਗਲ ਆਖ ਸਕਦੇ ਨੇ ਕਿ ਪੰਜਾਬ ਵਿੱਚ land problem ਹਲ ਹੋ ਗਈ ਹੈ। ਪਰ ਨਹੀਂ ਇਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਅਜ ਲੋਕਾਂ ਦੀ ਹਾਲਤ ਤਸ਼ਵੀਸ਼ਨਾਕ ਹੈ। ਦੁਖ ਹੈ ਉਨ੍ਹਾਂ ਨੂੰ ਇਸ ਗਲ ਦਾ ਕਿ ਕਿਸ ਤਰੀਕੇ ਨਾਲ haphazard legislation ਲਿਆਂਦੀ ਜਾਂਦੀ ਹੈ ਅਤੇ ਫਿਰ ਬਾਰ ਬਾਰ ਬਿਲ ਪੇਸ਼ ਕੀਤੇ ਜਾਂਦੇ ਹਨ ਇਸ ਲਈ ਇਨ੍ਹਾਂ ਨੂੰ ਚਾਹੀਦਾ ਹੈ ਕਿ ਇਕ ਕਮਿਸ਼ਨ ਮੁਕੱਰਰ ਕਰ ਦੇਣ ਉਹ ਕਮਿਸ਼ਨ ਇਕ questionnaire ਤਿਆਰ ਕਰੇਗਾ ਅਤੇ ਸੈਂਕੜੇ ਹਜ਼ਾਰਾਂ ਆਦਮੀਆਂ ਪਾਸ ਜਾਵੇਗਾ ਉਨ੍ਹਾਂ ਦੀ ਰਾਏ ਦਾ ਵੀ ਪਤਾ ਲਗ ਜਾਵੇਗਾ ਅਤੇ ਫਿਰ ਹਰ ਇਕ ਮਾਮਲੇ ਨੂੰ ਪੂਰੀ ਤਰ੍ਹਾਂ sift ਕਰਨ ਤੋਂ ਬਾਦ ਕਮਿਸ਼ਨ ਛੇ ਮਹੀਨੇ ਜਾਂ ਅਠ ਮਹੀਨੇ ਦੇ ਅੰਦਰ ਅੰਦਰ ਆਪਣੀ ਰੀਪੋਰਟ ਪੇਸ਼ ਕਰੇ ਤਾਂ ਹੀ ਇਸ land problem ਨੂੰ ਹਲ ਕਰਨ ਲਈ ਕੋਈ final ਸ਼ਕਲ ਦਿਤੀ ਜਾ ਸਕਦੀ ਹੈ ਅਤੇ ਤਾਂ ਹੀ ਅਸੀਂ ਇਹ ਖਿਆਲ ਕਰ ਸਕਦੇ ਹਾਂ ਕਿ ਪੰਜਾਬ ਦੀ ਗੈਰ ਯਕੀਨੀ ਹਾਲਤ ਨੂੰ ਦਰੁਸਤ ਕੀਤਾ ਜਾ ਸਕੇਗਾ। ਮੇਰਾ ਯਕੀਨ ਇਹ ਹੈ ਕਿ ਇਸ ਮਾਮਲੇ ਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਹ ਮਾਮਲਾ ਕੋਈ political ਮਾਮਲਾ ਨਹੀਂ ਇਹ ਇਕ economic ਅਤੇ social ਮਾਮਲਾ ਹੈ ਇਸ ਵਿਚ ਕਈ ਤਰ੍ਹਾਂ ਦੇ cross section ਵੀ ਹਨ। ਗੌਰਮੈਂਟ ਪਾਰਟੀ ਦੇ ਆਪਣੇ ਮੈਂਬਰਾਂ ਦੀ ਰਾਏ ਵੀ differ ਕਰਦੀ ਹੈ ਅਤੇ ਅਪੋਜ਼ੀਸ਼ਨ ਦੇ ਮੈਂਬਰਾਂ ਦੀ ਰਾਏ ਵੀ ਆਪਸ ਵਿਚ differ ਕਰਦੀ ਹੈ। ਇਹ ਕੁਦਰਤੀ ਗਲ ਹੈ ਕਿਉਂ ਕਿ ਸਾਰੇ ਦੇ ਸਾਰੇ ਆਦਮੀ ਕਿਸੇ ਨਾ ਕਿਸੇ interest ਨੂੰ ਇਸ ਹਾਊਸ ਵਿਚ represent ਕਰਦੇ ਹਨ ਇਸ ਲਈ ਉਨ੍ਹਾਂ ਨੇ ਉਸ interest ਦੀ ਗਲ ਕਰਨੀ ਹੁੰਦੀ ਹੈ। ਇਸ ਲਈ ਇਸ ਦਾ ਹਲ ਗੈਰ ਜਾਨਬਦਾਰਾਨਾ ਤਰੀਕੇ ਨਾਲ ਕੀਤਾ ਜਾਵੇ ਤਾਂ ਹੀ ਮੁਨਾਸਿਬ ਅਤੇ ਸਹੀ ਤਰੀਕੇ ਨਾਲ ਹਲ ਕੀਤਾ ਜਾ ਸਕਦਾ ਹੈ। ਇਸ ਕਮਿਸ਼ਨ ਨਾਲ ਸਾਰੇ ਲੋਕਾਂ ਨੂੰ ਸਾਰੇ ਸੂਬੇ ਨੂੰ ਇਤਮੀਨਾਨ ਹੋ ਸਕਦਾ ਹੈ। ਅਤੇ ਇਸ major problem ਨੂੰ ਹਲ ਕੀਤਾ ਜਾ ਸਕਦਾ ਹੈ, ਨਿਤ ਦੀ ਕਲ੍ਹਾ ਨੂੰ ਮੁਕਾਇਆ ਜਾ ਸਕਦਾ ਹੈ ਇਸ ਨਾਲ ਇਕ ਹੋਰ ਵੀ ਫਾਇਦਾ ਸਰਕਾਰ ਨੂੰ ਹੋਏਗਾ ਕਿ ਹਰ ਰੋਜ਼ ਜਾਂ ਦੂਜੇ ਤਿਜੇ ਇਹ ਜੋ ਤਰਮੀਮੀ ਬਿਲ ਪੇਸ਼ ਕਰਦੇ ਹਨ ਇਨ੍ਹਾਂ ਨੂੰ ਇਹ ਖੇਚਲ ਨਹੀਂ ਕਰਨੀ ਪਏਗੀ ਫਿਰ ਇਨ੍ਹਾਂ ਦੇ ਫੈਸਲਿਆਂ ਦੇ ਖਿਲਾਫ ਹਾਈ ਕੋਰਟ ਦੇ ਫੈਸਲੇ ਨਹੀਂ ਆਉਣਗੇ। ਅਤੇ ਡਿਗਰੀਆਂ ਨਹੀਂ ਹੋਣ ਗੀਆਂ। ਇਸੇ ਤਰ੍ਹਾਂ ਇਸ ਨਾਲ ਫਿਨਾਂਸ਼ਲ ਕਮਿਸ਼ਨਰ ਵਰਗੇ ਸਿਆਣਿਆਂ ਅਫਸਰਾਂ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ ਤਾਂ ਜੋ ਸਾਰੇ ਪੰਜਾਬ ਦੀ ਸਮੂਚੀ land problem ਨੂੰ ਹਮੇਸ਼ਾਂ ਲਈ ਦੂਰ ਕੀਤਾ ਜਾ ਸਕੇ। ਇਨ੍ਹਾਂ ਕਹਿ ਕੇ ਮੈਂ ਆਪਣੀ seat resume ਕਰਦਾ ਹਾਂ।

ਕਾਮਰੇਡ ਜੰਗੀਰ ਸਿੰਘ ਜੋਗਾ (ਤਲਵੰਡੀ ਸਾਬੋ) : ਡਿਪਟੀ ਸਪੀਕਰ ਸਾਹਿਬਾ, ਮਾਲ ਮੰਤਰੀ ਨੇ ਜੋ ਤਰਮੀਮ ਲਿਆਂਦੀ ਹੈ ਮੈਂ ਇਸ ਤਰਮੀਮ ਦਾ ਸਵਾਗਤ ਕਰਦਾ ਹਾਂ (ਪ੍ਰਸੰਸਾ) ਅਸੀਂ ਜਦੋਂ ਪੈਪਸੂ ਦੇ ਇਤਹਾਸ ਨੂੰ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਹ ਬਿਲ ਇਕ ਚੰਗਾ measure ਹੈ ਜੋ ਸਰਕਾਰ ਵਲੋਂ ਪੇਸ਼ ਕੀਤਾ ਗਿਆ ਹੈ। ਜਦੋਂ ਪੈਪਸੂ ਦਾ ਇਲਾਕਾ ਕਾਇਮ ਸੀ ਤਾਂ ਕੁਝ ਰਿਆਸਤਾਂ ਇਸ ਵਿਚ ਸ਼ਾਮਿਲ ਸਨ। ਪੈਪਸੂ ਵਿਚ ਦੋ ਵਜ਼ਾਰਤਾਂ ਬਣੀਆਂ ਅਤੇ ਦੋਹਾਂ ਵਲੋਂ ਇਸ ਜ਼ਮੀਨ ਦੇ ਮਸਲੇ ਨੂੰ ਹਲ ਕਰਨ ਦੇ ਯਤਨ ਕੀਤੇ ਗਏ ਭਾਵੇਂ ਦੋਹਾਂ ਹੀ ਵਜ਼ਾਰਤਾਂ ਦਾ ਨੁਕਤਾ ਨਿਗਾਹ ਮੁਖਤਲਿਫ ਸੀ। ਸਰਦਾਰ ਗਿਆਨ ਸਿੰਘ ਰਾੜੇਵਾਲਾ ਦੀ ਵਜ਼ਾਰਤ ਭਾਵੇਂ ਇਕ ਅਕਾਲੀ ਵਜ਼ਾਰਤ ਸੀ ਪਰ ਇਸ ਵਿਚ ਵੀ ਆਲਾ ਅਤੇ ਅਦਨਾ ਮਾਲਕਾਂ ਦੇ ਮਸਲੇ ਨੂੰ ਹਲ ਕਰਨ ਦਾ ਯਤਨ ਕੀਤਾ ਗਿਆ। ਇਸ ਵਿਚ ਅਠ ਸਟੇਟਾਂ ਇਕਠੀਆਂ ਹੋਈਆਂ ਸਨ ਇਨ੍ਹਾਂ ਵਿਚੋਂ ਤਿੰਨ ਅਜਿਹੀਆਂ ਸਨ ਜਿਨ੍ਹਾਂ ਵਿਚ ਆਲਾ ਮਾਲਕ ਹੀ ਸਨ ਜਿਵੇਂ ਕਿ ਨਵਾਬ ਮਲੇਰਕੋਟਲਾ, ਰਾਜਾ ਸਾਹਿਬ ਫਰੀਦਕੋਟ ਅਤੇ ਰਾਜਾ ਸਾਹਿਬ ਨਾਲਾਗੜ੍ਹ। ਇਥੇ ਸਾਰੀ ਜ਼ਮੀਨ ਹੀ ਰਾਜਿਆਂ ਦੀ ਮਲਕੀਅਤ ਸੀ। ਇਥੇ ਇਸ ਮਸਲੇ ਨੂੰ ਹਲ ਕਰਨ ਲਈ ਇਕ ਪਾਈ ਮੁਆਵਜ਼ੇ ਦੀ ਗਲ ਤੋਰੀ ਗਈ। ਪਰ ਜਦੋਂ ਇਹ ਗਲ Central Government ਪਾਸ ਗਈ ਤਾਂ ਉਨ੍ਹਾਂ ਨੇ ਨਾਮੰਜ਼ੂਰ ਕਰ ਦਿਤੀ ਸੀ ਤੇ ਫਿਰ ਪੰਜ ਗੁਣਾ ਦੀ ਗਲ ਚਲੀ। ਏਸੇ ਤਰ੍ਹਾਂ ਜਿਹੜੇ ਦਫਾ 5 ਦੇ ਮੌਰੂਸ ਸੀ, ਜਿਨ੍ਹਾਂ ਨੂੰ 1946 ਵਿੱਚ ਇਕ ਫਰਮਾਨ ਸ਼ਾਹੀਂ ਤੀਸਰਾ ਹਿੱਸਾ ਦੇਣ ਦਾ ਹੁਕਮ ਹੋਇਆ ਸੀ, ਅਤੇ ਉਨ੍ਹਾਂ ਨੇ ਮੁਜ਼ਾਰਿਆਂ ਨੂੰ ਇਹ ਹਿੱਸਾ ਦੇਣ ਤੋਂ ਇਨਕਾਰ ਕੀਤਾ ਸੀ। ਇਸ ਤੋਂ ਮੁਜ਼ਾਰਿਆਂ ਅਤੇ ਮਾਲਕਾਂ ਵਿੱਚ ਬੜੀ ਭਾਰੀ ਟੱਕਰ ਹੋਈ ਸੀ। ਕਿਸ਼ਨ ਗੜ੍ਹ ਦਾ ਵਾਕਿਆ ਇਕ ਬੜਾ ਭਾਰੀ ਮਸ਼ਹੂਰ ਵਾਕਿਆ ਹੈ ਜਿਥੇ ਕਿ ਫੌਜ ਨੇ ਜਾ ਕੇ ਦਖਲ ਦਿੱਤਾ ਸੀ। ਸਰਦਾਰ ਗਿਆਨ ਸਿੰਘ ਜੀ ਨੇ ਆਪਣੀ ਵਜ਼ਾਰਤ ਵੇਲੇ, ਇਸ ਮਸਲੇ ਦਾ ਹਲ 12 ਗੁਣਾ ਮੁਆਵਜ਼ੇ ਤੇ ਕੀਤਾ ਸੀ, ਪਰ ਮੇਰਾ ਖਿਆਲ ਹੈ ਪੰਜਾਬ ਗੌਰਮੈਂਟ ਇਸ ਪਾਸੇ ਧਿਆਨ ਹੀ ਨਹੀਂ ਦੇ ਸਕੀ, ਉਹ ਮੈਨੂੰ ਦੱਸਣ ਇਸ ਪਾਸੇ ਉਨ੍ਹਾਂ ਨੇ ਕੀਤਾ ਕੀ ਹੈ ਜੇ 12 ਗੁਣਾ ਨਹੀਂ ਤਾਂ ਉਹ 20 ਗੁਣਾ ਕਰਕੇ ਹੀ, ਕੁਝ ਇਮਦਾਦ ਕਰਦੇ। 12 ਗੁਣਾ ਮੁਆਵਜ਼ੇ ਦੀ ਪਰਵਾਨਗੀ ਉਸ ਵਕਤ ਹੋਈ ਜਦੋਂ ਕਿ ਪੈਪਸੂ ਵਿਚ ਪ੍ਰਧਾਨ ਰਾਜ ਕਾਇਮ ਹੋ ਗਿਆ ਸੀ। ਇਸ ਤਰ੍ਹਾਂ ਹੌਲੀ ਹੌਲੀ tenancy ਦਾ ਮਸਲਾ ਪੈਪਸੂ ਵਿੱਚ ਚਲਦਾ ਰਿਹਾ। ਇਸ ਤੋਂ ਇਲਾਵਾ ਕੁਝ ਪਿੰਡਾਂ ਵਿੱਚ ਮੌਰੂਸ ਮੁਜ਼ਾਰੇ ਸਨ ਅਤੇ ਕੁਝ ਪਿੰਡਾਂ ਵਿੱਚ ਗ਼ੈਰ ਮੌਰੂਸ ਮੁਜ਼ਾਰੇ ਸਨ। ਇਸ ਤਰ੍ਹਾਂ ਗੈਰ- ਮੌਰੂਸ ਮੁਜ਼ਾਰੇ ਫੇਰ ਵੀ ਰਹਿ ਗਏ। ਪਰ ਇਸ ਬਿਲ ਵਿੱਚ ਵੀ 200 ਏਕੜ ਤੋਂ ਵਧ ਕਿਸੇ ਨੂੰ ਜ਼ਮੀਨ ਰੱਖਣ ਦਾ ਇਖਤਿਆਰ ਨਹੀਂ ਸੀ। ਪਰ ਪੰਜਾਬ ਗਵਰਨਮੈਂਟ ਨੇ ਇਸ ਪਾਸੇ ਕੋਈ ਕਦਮ ਨਹੀਂ ਉਠਾਇਆ ਅਤੇ ਉਹ ਇਸ ਵੇਲੇ ਵੀ ਕੁਝ ਕਰਨ ਨੂੰ ਤਿਆਰ ਨਹੀਂ ਕਿਉਂਕਿ ਇਹ ਸਰਕਾਰ ਜ਼ਿਆਦਾ ਜਾਗੀਰਦਾਰਾਂ ਦੀ ਹੇਜਲੀ ਹੈ। ਇਨ੍ਹਾਂ ਨੇ ਮੁਆਵਜ਼ੇ ਦੀ ਕੋਈ ਸ਼ਰਤ ਨਹੀਂ ਰੱਖੀ। ਪੈਪਸੂ ਗੌਰਮੈਂਟ ਨੇ 90 ਗੁਣਾ ਮਾਲੀਏ ਦਾ ਜਾਂ 200 ਰੁਪਏ ਫੀ ਏਕੜ ਦੇ ਹਿਸਾਬ ਨਾਲ ਜਿਹੜਾ ਵੀ ਮੁਜ਼ਾਰਾ ਠੀਕ ਸਮਝੇ ਜ਼ਮੀਨ ਲੈ ਸਕਦਾ ਸੀ। ਪੈਪਸੂ ਸਰਕਾਰ ਦੇ ਇਸ ਪਾਸ ਕੀਤੇ ਹੋਏ ਕਾਨੂੰਨ ਨੇ 1952 ਵਿੱਚ ਇਕ ਐਕਟ ਦੀ ਸ਼ਕਲ ਇਖਤਿਆਰ ਕੀਤੀ ਸੀ ਪਰ ਇਹ ਸਾਰੀ ਚੀਜ਼ ਨੂੰ ਜਦੋਂ ਪੰਜਾਬ ਵਿੱਚ ਪੈਪਸੂ ਦੀ Merger ਹੋਈ, ਇਸ ਸਰਕਾਰ ਨੇ ਕੋਈ ਸੁਲਝਾਉਣ ਦਾ ਮਸਲਾ ਇਖਤਿਆਰ ਨਹੀਂ ਕੀਤਾ ਬਲਕਿ ਇਹ ਮੁਆਮਲਾ ਹੋਰ ਵੀ ਪੇਚੀਦਾ ਬਣਾ ਦਿਤਾ ਗਿਆ। ਕਿਉਂਕਿ ਅਸੀਂ ਜਾਣਦੇ ਹਾਂ ਇਹ ਸਰਕਾਰ ਤਾਂ ਜਾਗੀਰ ਦਾਰਾਂ ਦੇ ਸਿਰ ਤੇ ਹੀ ਖੜ੍ਹੀ ਹੈ। ਇਨ੍ਹਾਂ ਨੇ ਇਕ ਕਾਨੂੰਨ 1956 ਵਿੱਚ ਬਣਾਇਆ ਅਤੇ ਦੋ ਸਾਲ ਬਾਦ 1958 ਵਿਚ ਇਸ ਨੂੰ ਲਾਗੂ ਕੀਤਾ, ਇਹ ਇਸ ਲਈ ਤਾਂ ਜੋ ਵੱਡੇ ਜ਼ਮੀਨ ਵਾਲੇ ਨੁਕਸਾਨ ਵਿਚ ਨਾ ਰਹਿਣ ਅਤੇ ਉਹ ਆਪਣੀ ਜਾਇਦਾਦ ਵੇਚ ਸਕਣ। ਅਜੇ ਵੀ ਜਿਹੜੇ ਰਹਿ ਗਏ ਸਨ ਉਨ੍ਹਾਂ ਨੂੰ ਫੇਰ ਮੌਕਾ ਦਿੱਤਾ ਅਤੇ 6 ਮਹੀਨੇ ਦੇ ਵਕਫੇ ਦੀ ਮਿਆਦ ਦਿੱਤੀ ਗਈ ਤਾਂ ਜੋ ਉਹ 30 standard ਏਕੜ ਰੱਖ ਕੇ ਸਾਰੀ ਜ਼ਮੀਨ ਵੇਚ ਸਕੇ। ਕਿਸੇ ਇਕ ਫੈਸਲੇ ਤੇ ਪੰਜਾਬ ਸਰਕਾਰ ਕਾਇਮ ਨਹੀਂ ਰਹੀ ਅਤੇ ਉਸ ਤੋਂ 6—6 ਮਹੀਨੇ ਬਾਅਦ ਦੀ ਮਿਆਦ ਹੁਣ ਤਕ ਇਹ ਸਰਕਾਰ

ਦਿੰਦੀ ਚਲੀ ਆ ਰਹੀ ਹੈ। ਇਹ ਸਰਕਾਰ ਸਰਮਾਏਦਾਰੀ ਨਿਜ਼ਾਮ ਨੂੰ ਮਜਬੂਤ ਕਰਦੀ ਚਲੀ ਆ ਰਹੀ ਹੈ ਅਸੀਂ ਜਾਣਦੇ ਹਾਂ ਕਿਸ ਤਰ੍ਹਾਂ ਇਸ ਹਕੂਮਤ ਨੇ ਆਪਣੇ ਆਦਮੀਆਂ ਨੂੰ ਇਸ ਨਿਜ਼ਾਮ ਰਾਹੀਂ ਕਮਾਈ ਕਰਵਾਈ ਅਤੇ ਉਹ ਮਨਿਸਟਰ ਜਿਹੜੇ ਕਿ ਸਾਡੇ ਨਾਲ 1946 ਤੋਂ ਪਹਿਲਾਂ ਜੇਲ੍ਹਾਂ ਵਿਚ ਜਾਂਦੇ ਰਹੇ ਹਨ ਅਤੇ ਸਾਡੇ ਵਰਗੇ ਹੀ ਸਨ ਅੱਜ ਇਸ ਨਿਜ਼ਾਮ ਦਾ ਹੀ ਨਤੀਜਾ ਹੈ ਕਿ ਅਜ ਉਹ ਕਰੋੜਾਂ ਰੁਪਏ ਦੇ ਮਾਲਕ ਹਨ। ਮੈਂ ਕਹਿੰਦਾ ਹਾਂ ਜੇ ਉਹ ਮੇਰੀ ਗੱਲ ਤੇ ਯਕੀਨ ਨਹੀਂ ਕਰਦੇ ਤਾਂ ਮੈਂ challenge ਕਰਦਾ ਹਾਂ ਕਿ ਜਿਨ੍ਹਾਂ ਨੇ 1946 ਤੋਂ ਬਾਦ ਜਾਇਦਾਦ ਬਣਾਈ ਹੈ ਉਨ੍ਹਾਂ ਬਾਰੇ ਪੜਤਾਲ ਕਰਵਾਈ ਜਾਵੇ ਕਿ ਕਿਸ ਤਰ੍ਹਾਂ ਇਹ ਜਾਇਦਾਦ ਆਈ। ਇਹ ਮੇਰੀ ਹੀ ਰਾਏ ਨਹੀਂ ਇਹ ਇਕ public opinion ਹੈ। (ਤਾੜੀਆਂ)

ਡਿਪਟੀ ਸਪੀਕਰ : ਜੋਗਾ ਜੀ ਕਿਤਨਾ ਚੰਗਾ ਹੋਵੇ ਜੇ ਤੁਸੀਂ ਆਪਣੀ motion ਤੇ ਹੀ ਬੋਲੋ। ਫੇਰ time ਹੋ ਜਾਵੇਗਾ, ਤੁਸੀਂ ਪੂਰੀ ਗੱਲ ਵੀ ਨਹੀਂ ਕਹਿ ਸਕਣੀ।

(Addressing Comrade Jangir Singh Joga) (It would be better if the hon. Member confines himself to his motion otherwise the time would be over and he will not be able to express himself fully.)

ਕਾਮਰੇਡ ਜੰਗੀਰ ਸਿੰਘ ਜੋਗਾ : ਮੇਰੀ ਇਸ ਬਾਰੇ ਇਕ ਤਰਮੀਮ ਹੈ ਜੀ ਕਿ ਪ੍ਰਧਾਨ ਰਾਜ ਵਿੱਚ ਜੋ ordinance ਜਾਰੀ ਹੋਇਆ ਸੀ, ਉਸ ਤੋਂ ਬਾਅਦ ਜੋ ਵੀ ਜ਼ਮੀਨਾਂ ਵੇਚੀਆਂ ਗਈਆਂ ਉਨ੍ਹਾਂ ਦੀ sale ਗੈਰ ਕਾਨੂੰਨੀ ਕਰਾਰ ਦਿੱਤੀ ਜਾਵੇ। ਇਹ ਠੀਕ ਹੈ ਕਿ ਜ਼ਮੀਨ ਦੇ ਮਸਲੇ ਬਾਰੇ ਕੁਝ ਖਾਸ ਗੱਲਾਂ ਹੁੰਦੀਆਂ ਹਨ ਜੋ ਜਲਦੀ ਜਲਦੀ ਤਹਿ ਨਹੀਂ ਹੋ ਸਕਦੀਆਂ ਪਰ ਇਸ ਦੀ ਇਹ ਸ਼ਕਲ ਵੀ ਬਣ ਜਾਣੀ ਨਹੀਂ ਚਾਹੀਦੀ ਕਿ ਅਸਲ ਮੁਦਾ ਹੀ ਖੋ ਦਿੱਤਾ ਜਾਵੇ ਜਦੋਂ ਤਕ ਇਹ ਜ਼ਮੀਨ ਤੇ ਪੂਰੀ ਤਰ੍ਹਾਂ Act ਲਾਗੂ ਹੋਵੇ ਜ਼ਮੀਨਾਂ ਹੀ ਖੁਰਦ ਬੁਰਦ ਹੋ ਜਾਣ। ਮੈਂ ਆਪ ਦੀ ਮਾਰਫਤ Minister ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਕਾਨੂੰਨ ordinance ਵੇਲੇ ਤੋਂ ਲਾਗੂ ਹੋਵੇ ਵਰਨਾ ਪਿਛਲੇ ਕਾਨੂੰਨਾਂ ਦੇ ਕੋਈ ਮਾਇਨੇ ਹੀ ਨਹੀਂ ਹਨ, ਜ਼ਮੀਨ sale ਹੁੰਦੀ ਜਾ ਰਹੀ ਹੈ. ਲੋਕਾਂ ਦੇ 10—15 ਸਾਲਾਂ ਤੋਂ ਮੁਕੱਦਮੇ ਚਲੇ ਆਉਂਦੇ ਹਨ। ਜਿਸ ਤਰ੍ਹਾਂ ਜ਼ਿਲਾ ਬਠਿੰਡੇ ਦਾ ਇਕ ਪਿੰਡ ਹੈ। ਮੈਂ ਸਪੀਕਰ ਸਾਹਿਬਾ, ਅਰਜ਼ ਕਰਾਂਗਾ ਕਿ ਚੰਗਾ ਤਾਂ ਇਹੋ ਹੈ ਕਿ ਇਹ ਬਿਲ ਪਹਿਲਾਂ Select Committee ਦੇ ਹਵਾਲੇ ਕੀਤਾ ਜਾਵੇ, ਜਿਹੜੀ 2-4 ਹਫਤੇ ਵਿੱਚ ਇਸ ਤੇ ਮੁਕੰਮਲ ਤੌਰ ਤੇ ਵਿਚਾਰ ਕਰਕੇ ਬਿਲ ਲਿਆਵੇ ਤਾਂ ਜੋ ਜਿਹੜੀਆਂ ਬਾਕੀ ਦੀਆਂ ਜ਼ਮੀਨਾਂ ਰਹਿ ਗਈਆਂ ਹਨ ਉਹ ਖੁਰਦ ਬਰਦ ਨਾ ਹੋਣ ਨਹੀਂ ਤਾਂ ਸਰਦਾਰ ਅਜਮੇਰ ਸਿੰਘ ਜੀ ਜਦੋਂ 6 ਮਹੀਨੇ ਦੀ ਇਹ ਮਿਆਦ ਖਤਮ ਹੋ ਗਈ ਕੋਈ ਹੋਰ amendment ਇਸ ਬਿਲ ਤੇ ਲਿਆਉਣਗੇ ਅਤੇ ਇਹ ਮੁਆਮਲਾ ਲਟਕਦਾ ਹੀ ਰਹੇਗਾ। ਜਿਸ ਵੇਲੇ ਪਰਧਾਨ ਰਾਜ ਪੈਪਸੂ ਵਿੱਚ ਲਾਗੂ ਕੀਤਾ ਹੈ ਉਸ ਵੇਲੇ ਜਾਗੀਰਦਾਰਾਂ ਕੋਲ 1,26,000 ਏਕੜ ਜ਼ਮੀਨ ਸੀ ਅਤੇ ਉਸ ਵੇਲੇ 9,740 ਮਾਲਕ ਸਨ। ਪੈਪਸੂ ਵਿੱਚ ਜਿਨ੍ਹਾਂ ਦੀ ਕਿ 60 standard ਏਕੜ ਜ਼ਮੀਨ fix ਕੀਤੀ ਗਈ ਲੇਕਿਨ ਹੁਣ ਮਹਿਜ਼ ਐਸੇ 959 ਹੀ ਰਹਿ ਗਏ ਹਨ। ਇਸ ਤਰ੍ਹਾਂ ਇਹ ਅਦਾਦੋ ਸ਼ੁਮਾਰ ਦਿਨ ਬਦਿਨ ਘਟਦੇ ਹੀ ਜਾ ਰਹੇ ਹਨ। ਮੈਂ ਸਰਕਾਰ ਨੂੰ ਇਸ ਬਾਰੇ ਦਰਖਾਸਤ ਕਰਾਂਗਾ ਕਿ ਪਿਛਲਾ record ਵੇਖਣ ਅਤੇ ਪਤਾ ਕਰਨ ਇਹ ਕਿਸਤਰ੍ਹਾਂ ਖੁਰਦ ਬੁਰਦ ਵਾਲਾ ਸਿਲਸਿਲਾ ਹੋਇਆ ਹੈ। ਜਿਸ ਤਰ੍ਹਾਂ ਚਮਕ ਹੋਰਾਂ ਨੇ ਜ਼ਿਕਰ ਕੀਤਾ ਹੈ ਬਾਗੜੀਆਂ ਦੇ ਮੁਜ਼ਾਰੇ ਹਨ ਦਿਆਲ ਪੁਰਾ ਭਾਈਕਾ ਦੇ ਮੁਜ਼ਾਰੇ ਹਨ, ਇਨ੍ਹਾਂ ਦੇ ਹਕ ਵਿੱਚ High Court ਤੋਂ ਫੈਸਲੇ ਹੋ ਚਕੇ ਹਨ ਪਰ ਅਜੇ ਤੱਕ ਕਬਜ਼ਾ ਨਹੀਂ ਦਿਵਾਇਆ ਗਿਆ। ਉਨ੍ਹਾਂ ਮੁਜ਼ਾਰਿਆਂ ਨੂੰ ਉਜਾੜ ਦਿੱਤਾ ਗਿਆ ਅਤੇ ਇਸ ਤੇ ਆਪਣਾ ਕਬਜ਼ਾ ਕਾਇਮ ਰੱਖਣ ਲਈ ਉਨ੍ਹਾਂ ਨੂੰ 35 families ਦੇ ਵਿੱਚ ਵੰਡਿਆ ਗਿਆ ਹੈ। ਕਈ ਮੁਜ਼ਾਰੇ ਪਿੰਡਾਂ ਦੇ farms ਬਣਾ ਕੇ ਉਨ੍ਹਾਂ ਦੇ ਉਤੇ ਕਬਜ਼ਾ ਕੀਤਾ ਗਿਆ ਹੈ। ਇਸ ਦਾ ਨਤੀਜਾ ਇਹ ਨਿਕਲਿਆ

[ਕਾਮਰੇਡ ਜੰਗੀਰ ਸਿਘ ਜੋਗਾ]

ਹੈ ਕਿ ਬਹੁਤ ਸਾਰੀਆਂ families ਨੂੰ ਜੋ ਇਨ੍ਹਾਂ ਦੇ ਵਿਰੁਧ ਸੀ ਭਜਾ ਦਿੱਤਾ ਗਿਆ ਹੈ ਅਤੇ ਜ਼ਮੀਨ ਉਸੇ ਤਰ੍ਹਾਂ ਜਾਗੀਰਦਾਰਾਂ ਦੇ ਕਬਜ਼ੇ ਵਿੱਚ ਹੀ ਹੈ। ਕੁਝ ਇਨ੍ਹਾਂ ਨੇ ਜ਼ਮੀਨ ਵੇਚ ਕੇ ਖੁਰਦ ਬੁ ਰਦ ਕਰ ਦਿਤੀ ਹੈ। ਦੋ ਸਾਲ ਤੋਂ ਤਾਂ ਪੰਜਾਬ Government rules ਹੀ ਤਿਆਰ ਨਹੀਂ ਕਰ ਸਕੀ। 1956 ਤੋਂ ਲੈ ਕੇ ਜਦੋਂ ਦਾ ਇਹ ਕਾਨੂੰਨ ਆਇਆ ਹੈ ਇਹ ਸਰਕਾਰ ਜਾਗੀਰਦਾਰਾਂ ਦਾ ਪਖ ਕਰਦੀ ਚਲੀ ਆ ਰਹੀ ਹੈ ਅਤੇ ਉਨ੍ਹਾਂ ਨੂੰ ਬਚਾਉਂਦੀ ਆ ਰਹੀ ਹੈ। ਇਸ ਲਈ ਮੇਰੀ ਇਹ ਤਰਮੀਮ ਮਨਜ਼ੂਰ ਕੀਤੀ ਜਾਵੇ। ਜਿਹੜੀ ਇਹ ਦਲੀਲ living standard ਦੀ ਦਿੰਦੇ ਹਨ ਮੈਂ ਪੁਛਦਾ ਹਾਂ ਕਿ ਇਹ ਮੈਨੂੰ ਦੱਸਣ ਕਿ ਆਇਆ ਦੂਜਿਆਂ ਜ਼ਿਲ੍ਹਿਆਂ ਵਿੱਚ ਇਹ ਉਚਾ ਹੈ ਅਤੇ ਬਠਿੰਡਾ ਜ਼ਿਲੇ ਦਾ ਕੀ ਨੀਵਾਂ ਹੈ ? ਜਿਥੋਂ ਦੀ ਇਹ ਜ਼ਮੀਨ ਤਕਸੀਮ ਨਹੀਂ ਕਰਦੇ। ਮੇਰੀ ਤਰਮੀਮ ਇਸ ਲਈ ਮੰਨੀ ਜਾਵੇ।

ਸਰਦਾਰ ਗੁਰਬਖਸ਼ੀਸ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬਾ, ਅਜ ਜਿਹੜਾ amending ਬਿਲ ਹਾਊਸ ਦੇ ਸਾਹਮਣੇ ਆਇਆ ਹੈ ਉਸ ਦੇ ਬਾਰੇ ਬੜੀਆਂ ਧੂਆਂਧਾਰ ਤਕਰੀਰਾਂ ਹੋਈਆਂ ਹਨ। ਬਿਸਵੇਦਾਰਾਂ ਤੇ ਬੜੀ ਨੁਕਤਾਚੀਨੀ ਕੀਤੀ ਗਈ ਹੈ। ਮਗਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਿਹੜੀਆਂ ਜ਼ਮੀਨਾਂ ਮੁਜ਼ਾਰਿਆਂ ਦੇ ਕੋਲ ਸੀ ਉਹ ਕਿਸੇ ਬਿਸਵੇਦਾਰ ਨੇ ਨਹੀਂ ਵੇਚੀਆਂ। ਉਹ ਉਨ੍ਹਾਂ ਦੇ ਕੋਲ ਹੀ ਰਹੀਆਂ ਹਨ। ਜਿਹੜੇ ਇਹ ਗਲ ਆਖਦੇ ਹਨ ਕਿ ਉਨ੍ਹਾਂ ਦੀਆਂ ਜ਼ਮੀਨਾਂ ਵੀ ਬਿਸਵੇਦਾਰਾਂ ਨੇ ਵੇਚ ਲਈਆਂ ਹਨ ਉਹ ਮੈਨੂੰ record ਲਿਆ ਕੇ ਦਖਾਲ ਦੇਣ। ਮਸਲਾ ਸਿਰਫ ਇਹ ਸੀ ਕਿ ਮੁਜ਼ਾਰਾ ਜਿਹੜਾ ਜ਼ਮੀਨ ਤੇ ਬੈਠਾ ਹੈ ਉਹ ਬੇਦਖਲ ਨਾ ਹੋਵੇ। ਇਸ ਗਲ ਨੂੰ ਛਡ ਕੇ ਇਹ ਇਹੋ ਰਟ ਲਾਈ ਜਾਂਦੇ ਹਨ ਕਿ ਜੀ ਬਿਸਵੇਦਾਰਾਂ ਨੇ ਜ਼ਮੀਨਾਂ ਵੇਚ ਦਿੱਤੀਆਂ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਬਿਸਵੇਦਾਰਾਂ ਨੇ ਬੁਰਾ ਕੀ ਕੀਤਾ ਹੈ। ਜਿਹੜੀ ਸਰਕਾਰ ਹੈ ਇਸ ਨੇ ਵੀ ਉਨ੍ਹਾਂ ਜ਼ਮੀਨਾਂ ਨੂੰ ਲੈ ਕੇ ਲੋਕਾਂ ਨੂੰ ਵੰਡ ਕੇ ਦੇਣੀਆਂ ਸੀ ਮੈਂ ਕਹਿੰਦਾ ਹਾਂ ਕਿ ਜੇ ਕਿਸੇ ਜ਼ਿਮੀਦਾਰ ਨੇ ਆਪਣੀ ਜ਼ਮੀਨ ਕਿਸੇ ਬੇ-ਜ਼ਮੀਨੇ ਕਿਸਾਨ ਦੇ ਕੋਲ ਸਸਤੇਭਾ ਤੇ ਵੇਚ ਦਿੱਤੀ ਹੈ ਤਾਂ ਇਸ ਦੇ ਵਿਚ ਕਿਹੜੀ ਹਰਜ ਵਾਲੀ ਗਲ ਕੀਤੀ ਹੈ। ਜਿਹੜਾ ਕੰਮ ਸਰਕਾਰ ਨੇ ਕਰਨਾ ਸੀ ਉਹ ਸਗੋਂ ਬਿਸਵੇਦਾਰਾਂ ਨੇ ਆਪਣੇ ਆਪ ਹੀ ਕਰ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬਾ, ਜੇ ਕਿਸੇ ਭਾਈ ਦੇ ਕੋਲ 34 standard acre ਜ਼ਮੀਨ ਇਹ act ਲਾਗੂ ਹੋਣ ਤੋਂ ਪਹਿਲਾਂ ਸੀ ਤਾਂ ਨਵੀਂ ਮੁਰੱਬੇਬੰਦੀ ਤੋਂ ਬਾਅਦ ਇਨ੍ਹਾਂ ਨੇ ਉਸ ਦੀ ਚਾਰ ਏਕੜ ਨਹੀਂ ਕਟਣੀ ਬਲਕਿ ਛੇ ਏਕੜ ਕਟ ਕੇ ਉਸ ਦੇ ਕੋਲ 28 ਏਕੜ ਹੀ ਰਹਿਣ ਦੇਣੀ ਹੈ। ਜਿਹੜੀ ਛੇ ਏਕੜ ਕਟਣੀ ਹੈ ਉਹ ਇਨ੍ਹਾਂ ਨੇ ਹਰੀਜਨਾਂ ਨੂੰ ਰਿਸ਼ਵਤ ਦੇ ਤੌਰ ਤੇ ਦੇਣੀ ਹੈ ਤਾਕਿ ਉਹ ਇਨ੍ਹਾਂ ਦੇ ਕਬਜ਼ੇ ਵਿਚ ਰਹਿਣ। ਡਿਪਟੀ ਸਪੀਕਰ ਸਾਹਿਬਾ, 15 ਸਾਲ ਇਨ੍ਹਾਂ ਨੂੰ ਇਸ ਗਲ ਦਾ ਖਿਆਲ ਨਹੀਂ ਆਇਆ ਕਿ ਹਰੀਜਨਾਂ ਨੂੰ ਮਕਾਨ ਬਣਾ ਕੇ ਦੇਣੇ ਹਨ। ਹੁਣ ਜਦੋਂ ਇਨ੍ਹਾਂ ਨੂੰ ਇਸ ਗਲ ਦਾ ਖਤਰਾ ਮਹਿਸੂਸ ਹੋਣ ਲਗਾ ਹੈ ਕਿ ਸਾਡੇ ਗੌਰਮੈਂਟ ਨਹੀਂ ਰਹਿਣੀ ਤਾਂ ਇਹ ਲੋਕਾਂ ਤੇ ਟੈਕਸ ਲਗਾ ਕੇ ਹਰੀਜਨਾਂ ਨੂੰ ਮਕਾਨ ਬਣਾ ਕੇ ਦੇਣ ਦਾ ਢੋਂਗ ਰਚਣ ਲਗੇ ਹਨ। ਮੈਂ ਕਹਿੰਦਾ ਹਾਂ ਕਿ ਜਿਸ ਦਾ ਰੋਟੀ ਦਾ ਗੁਜ਼ਾਰਾ ਨਾ ਹੋਵੇ ਉਹ ਹੋਰ ਕਿਸੇ ਚੀਜ਼ ਨੂੰ ਕੀ ਕਰੇਗਾ। ਡਿਪਟੀ ਸਪੀਕਰ ਸਾਹਿਬਾ, ਪਿੰਡਾਂ ਦੇ ਵਿਚ ਜੇ ਕਿਸੇ ਨੂੰ ਦੋ ਏਕੜ ਜ਼ਮੀਨ ਮਿਲ ਜਾਵੇ ਤਾਂ ਕੀ ਉਸ ਦੇ ਨਾਲ ਗੁਜ਼ਾਰਾ ਹੋ ਸਕਦਾ ਹੈ। ਮੈਂ ਹਰੀਜਨ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਤੁਹਾਡੇ ਨਾਲ ਹਮਦਰਦੀ ਕੋਈ ਨਹੀਂ ਕਰ ਰਹੀ ਇਹ ਤਾਂ ਆਪਣੀ ਗੱਦੀ ਕਾਇਮ ਰਖਣ ਲਈ ਤੁਹਾਡੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੀ ਗਲ ਕਰ ਰਹੀ ਹੈ। ਜੇ ਤੁਹਾਨੂੰ ਦੋ ਦੋ ਏਕੜ ਜ਼ਮੀਨ ਮਿਲ ਵੀ ਗਈ ਤਾਂ ਉਸ ਦੇ ਨਾਲ ਤੁਹਾਡਾ ਗੁਜ਼ਾਰਾ ਨਹੀਂ ਹੋ ਸਕਦਾ ਔਰ ਜੇ ਕਰ ਤੁਸੀਂ ਸਰਕਾਰ ਦੇ ਕੋਲੋਂ ਕਰਜ਼ਾ ਲੈ ਕੇ ਬੈਲ ਵਗੈਰਾ ਖਰੀਦੋਗੇ ਜਾਂ ਖੂਹ ਲਗਾਉਗੇ ਤਾਂ ਤੁਹਾਡੇ ਕੋਲੋਂ ਉਹ ਕਰਜ਼ਾ ਵਾਪਿਸ ਨਹੀਂ ਦਿੱਤਾ ਜਾਣਾ। ਫੇਰ ਏਸ ਸਰਕਾਰ ਨੇ ਤੁਹਾਡਾ ਗਲ ਘੁਟ ਕੇ recovery ਕਰਨੀ ਹੈ। ਇਸ ਕਰਕੇ ਤੁਹਾਨੂੰ ਸਹੂਲਤ ਦੇਣ ਲਈ ਇਹ ਸਰਕਾਰ ਕੁਝ ਨਹੀਂ

ਕਰ ਰਹੀ ਬਲਕਿ ਤੁਹਾਡੇ ਲਈ ਤਕਲੀਫ ਪੈਦਾ ਕਰਨ ਲਈ ਇਮ ਤਰ੍ਹਾਂ ਕਰ ਰਹੀ ਹੈ। ਇਹ ਜਿਹੜੀ ਸਰਕਾਰ ਹੈ ਇਹ ਕਿਸੇ ਵਡੀ ਤੋਂ ਵਡੀ ਕਚਹਿਰੀ ਤੇ ਵੀ ਵਿਸ਼ਵਾਸ ਨਹੀਂ ਰਖਦੀ। ਜਿੱਥੇ ਇਸ ਤਰ੍ਹਾਂ ਦੇ ਹਾਲਾਤ ਹੋਣ ਉਥੇ ਲੋਕਾਂ ਨੂੰ ਸਰਕਾਰ ਤੇ ਕਿਸ ਤਰ੍ਹਾਂ ਵਿਸ਼ਵਾਸ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬਾ, ਜੇ ਤਿੰਨ ਭਾਈ ਹੋਣ ਔਰ ਤਿੰਨਾਂ ਦੇ ਕੋਲ 20, 20 ਏਕੜ ਜ਼ਮੀਨ ਹੋਵੇ) ਇਕ ਉਨ੍ਹਾਂ ਵਿੱਚੋਂ ਲਾਵਲਦ ਮਰ ਜਾਵੇ ਔਰ ਮਰਨ ਤੋਂ ਪਹਿਲੇ ਆਪਣੇ ਦੂਸਰੇ ਭਰਾ ਦੇ ਨਾਮ ਵਸੀਅਤ ਕਰ ਜਾਵੇ ਤਾਂ ਉਸ ਦੇ ਕੋਲ 40 ਏਕੜ ਜ਼ਮੀਨ ਹੋ ਗਈ। ਜਿਹੜਾ ਤੀਸਰਾ ਭਰਾ ਹੈ ਉਹ ਦਾਅਵਾ ਕਰਦਾ ਹੈ ਕਿ ਚੂੰਕਿ ਜਿਹੜਾ ਮਰਿਆ ਹੈ ਉਹ ਮੇਰਾ ਵੀ ਸਕਾ ਭਰਾ ਸੀ ਇਸ ਵਾਸਤੇ ਉਸ ਦੀ ਜਿਹੜੀ 20 ਏਕੜ ਜ਼ਮੀਨ ਸੀ ਉਸ ਦੇ ਵਿੱਚੋਂ 10 ਏਕੜ ਮੈਨੂੰ ਮਿਲਨੀ ਚਾਹੀਦੀ ਹੈ। ਲੇਕਿਨ ਇਸ ਕਲਾਜ਼ ਦੇ ਨਾਲ ਉਸ ਦਾ ਕਲੇਮ null and void ਹੋ ਜਾਂਦਾ ਹੈ। ਸਰਕਾਰ ਨੇ ਜਿਸ ਦੇ ਨਾਮ will ਹੋਈ ਸੀ ਉਸ ਨੂੰ 10 ਏਕੜ ਛਡ ਕੇ ਬਾਕੀ ਦੀ 10 ਏਕੜ surplus declare ਕਰ ਦੇਣੀ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਕਲਾਜ਼ ਚੰਗੀ ਨਹੀਂ ਹੈ। ਇਸ ਦੇ ਨਾਲ ਲੋਕਾਂ ਦਾ ਹਕ ਮਰਦਾ ਹੈ। ਜੇ ਦੋਨਾਂ ਭਰਾਵਾਂ ਨੂੰ ਦਸ ਦਸ ਏਕੜ ਉਹ ਜ਼ਮੀਨ ਦੇ ਦਿੱਤੀ ਜਾਂਦੀ ਤਾਂ ਦੋਵਾਂ ਦੇ ਕੋਲ 30, 30 ਏਕੜ ਜ਼ਮੀਨ ਹੋ ਜਾਣੀ ਸੀ। ਲੇਕਿਨ ਇਸ ਕਲਾਜ਼ ਦੇ ਮੁਤਾਬਿਕ ਇਕ ਦੇ ਨਾਲ ਹੋਰ ਤਰ੍ਹਾਂ ਦਾ ਸਲੂਕ ਹੁੰਦਾ ਹੈ ਅਤੇ ਦੂਸਰੇ ਭਰਾ ਦੇ ਨਾਲ ਹੋਰ ਤਰ੍ਹਾਂ ਦਾ ਸਲੂਕ ਹੁੰਦਾ ਹੈ। ਇਸ ਕਰਕੇ ਇਹ ਜਿਹੜੀ ਕਲਾਜ਼ ਹੈ ਮੈਂ ਇਸ ਦੇ ਹਕ ਵਿਚ ਨਹੀਂ ਹਾਂ। ਇਸ ਤੋਂ ਇਲਾਵਾ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ parent Act ਦੇ ਵਿਚ ਇਹ ਚੀਜ਼ ਸੀ ਕਿ ਮੁਜ਼ਾਰਾ ਛੇ ਕਿਸ਼ਤਾਂ ਭਰ ਕੇ ਮਾਲਿਕ ਬਣਨ ਤੋਂ ਬਾਅਦ ਵੀ ਛੇ ਸਾਲ ਤਕ ਜ਼ਮੀਨ ਨਾ ਗਹਿਣੇ ਰਖ ਸਕਦਾ ਸੀ ਅਤੇ ਨਾ ਹੀ ਵੇਚ ਸਕਦਾ ਸੀ। ਲੇਕਿਨ ਹੁਣ ਏਸ ਤਰਮੀਮ ਰਾਹੀਂ ਇਹ ਕੀਤਾ ਜਾ ਰਿਹਾ ਹੈ ਕਿ ਪਹਿਲੀ ਕਿਸ਼ਤ ਦੇ ਕੇ ਹੀ ਮੁਜ਼ਾਰਾ ਜ਼ਮੀਨ ਨੂੰ ਗਹਿਣੇ ਰਖ ਸਕਦਾ ਹੈ। ਮੈਂ ਇਸ ਦੇ ਵਿਚ ਕੁਝ ਤਰਮੀਮ ਕਰਨ ਲਈ ਰਾਏ ਦਿਆਂਗਾ। ਉਹ ਇਹ ਹੈ ਕਿ ਜਦੋਂ ਬੈਂਕ ਦੇ ਕੋਲ ਮੁਜ਼ਾਰਾ ਜ਼ਮੀਨ ਗਹਿਣੇ ਰਖੇ ਤਾਂ ਮਾਲਿਕ ਦੀ ਰਕਮ safe ਰਖਣ ਲਈ ਬੈਂਕ ਉਹ ਰਕਮ ਕਟ ਕੇ ਬਾਕੀ ਦੇ ਪੈਸੇ ਉਸ ਨੂੰ ਦੇਵੇ। ਇਸ ਗਲ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬਾ, ਮੈਂ ਖੁਦ ਬਿਸਵੇਦਾਰ ਰਿਹਾ ਹਾਂ ਇਸ ਕਰਕੇ ਮੈਨੂੰ ਬਹੁਤ ਸਾਰੀਆਂ ਗੱਲਾ ਦਾ ਜ਼ਾਤੀ ਤਜਰਬਾ ਹੈ। ਮੈਂ ਪੌਣੇ ਚਾਰ ਰੁਪਏ ਬਿਘੇ ਦੇ ਹਿਸਾਬ ਦੇ ਨਾਲ ਜ਼ਮੀਨ ਦੇ ਕੇ ਆਪਣੇ ਮੁਜ਼ਾਰਿਆਂ ਨੂੰ ਮਾਲਿਕ ਬਣਾ ਦਿੱਤਾ ਹੈ ਜਦਕਿ ਮੈਨੂੰ 50 ਰੁਪਏ ਵਿਘਾ ਚਕੋਤੇ ਦਾ ਮਿਲਦਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਉਹ ਸਾਡੇ ਭਰਾ ਸਾਡੇ ਨਾਲ ਬਹੁਤ ਖੁਸ਼ ਹਨ ਔਰ ਇਹ ਜਿਹੜੇ ਕਾਂਗਰਸੀ ਜਾਂ ਕਮਊਨਿਸਟ ਆਪਣਾ ਹਲਵਾ ਮਾਂਡਾ ਖਾਣ ਲਈ ਉਨ੍ਹਾਂ ਨੂੰ exploit ਕਰਦੇ ਸਨ ਇਨ੍ਹਾਂ ਲਈ ਐਸਾ ਕਰਨ ਦੀ ਹੁਣ ਕੋਈ ਗੁੰਜਾਇਸ਼ ਨਹੀਂ ਰਹੀ। ਇਹ ਉਨ੍ਹਾਂ ਦੇ ਨਾਲ ਉਸ ਮਾਂ ਵਾਂਗ ਪਿਆਰ ਕਰਦੇ ਸੀ ਜਿਹੜੀ ਦੁਧ ਪਿਆਉਣਾ ਨਹੀਂ ਚਾਹੁੰਦੀ ਪਰ ਵੈਸੇ ਹੀ ਲੋਰੀਆਂ ਦਿੰਦੀ ਹੈ। ਇਨ੍ਹਾਂ ਨੂੰ ਕਿਸੇ ਗਰੀਬ ਦੇ ਨਾਲ ਕੋਈ ਦਿਲੀ ਹਮਦਰਦੀ ਨਹੀਂ। ਇਹ ਜਿਤਨੇ ਕੰਮ ਕਰਦੇ ਹਨ ਆਪਣੇ ਦਾਲ ਫੁਲਕੇ ਲਈ ਕਰਦੇ ਹਨ। ਡਿਪਟੀ ਸਪੀਕਰ ਸਾਹਿਬਾ ਕੀ ਅੱਛਾ ਹੁੰਦਾ ਜੇ ਇਹ ਸਾਡੇ ਵਜ਼ੀਰ ਸਾਹਿਬ ਲੋਕਾਂ ਦੀ ਆਮਦਨ ਤੇ ਅਤੇ ਸਾਰੀ ਜਾਇਦਾਦ ਤੇ ceiling ਲਗਾ ਦਿੰਦੇ। ਫੇਰ ਅਸੀਂ ਸਮਝਦੇ ਕਿ ਇਹ ਸਾਰੇ ਲੋਕਾਂ ਸਰਕਾਰ ਦੇ ਨਾਲ ਇਕੋ ਜਿਹਾ ਸਲੂਕ ਕਰ ਰਹੀ ਹੈ। ਤੁਸੀਂ ਹਰੀਜਨਾਂ ਦਾ ਨਾਮ ਲੈ ਲੈ ਕੇ ਕਾਨੂੰਨ ਬਣਾਉਂਦੇ ਹੋ, ਟੈਕਸ ਲਾਉਂਦੇ ਹੋ ਲੇਕਿਨ ਦਿੰਦੇ ਉਨ੍ਹਾਂ ਨੂੰ ਵੀ ਕਖ ਨਹੀਂ। ਇਹ ਜਿਹੜਾ ਐਕਟ ਹੈ ਇਹ 21 ਅਗਸਤ ਦੀ ਬਜਾਏ 30 ਅਕਤੂਬਰ, 1956 ਤੋਂ ਲਾਗੂ ਹੋਣਾ ਚਾਹੀਦਾ ਹੈ ਅਤੇ ਜਿਹੜੇ ਫੈਸਲੇ ਕਿਸੇ ਕੋਰਟ ਨੇ ਦਿੱਤੇ ਹੋਏ ਹਨ ਉਹ ਉਸੇ ਤਰ੍ਹਾਂ ਬਦਸਤੂਰ ਰਹਿਣੇ ਚਾਹੀਦੇ ਹਨ। ਸ਼੍ਰੀ ਰਾਮ ਪ੍ਰਤਾਪ ਹੋਰਾਂ ਨੇ ਕਿਹਾ ਹੈ ਕਿ ਇਹ 1955 ਤੋਂ ਲਾਗੂ ਕਰਨਾ ਚਾਹੀਦਾ ਹੈ। ਇਸ ਦਾ ਮਤਲਬ ਇਹ ਹੈ ਕਿ ਇਹ ਉਸ ਮੁੰਡੇ ਨੂੰ ਫਾਂਸੀ ਦੇਣਾ ਚਾਹੁੰਦੇ ਹਨ ਜਿਹੜਾ ਹਾਲੇ ਤਕ ਜਮਿਆ ਵੀ ਨਹੀਂ। ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਕਾਨੂੰਨ ਤਾਂ 1956 ਦੇ ਵਿਚ ਆਇਆ ਸੀ।

[ਸਰਦਾਰ ਗੁਰਬਖਸ਼ੀਸ਼ ਸਿੰਘ]

ਇਸ ਕਰਕੇ ਇਹ ਲਾਗੂ ਉਸ ਤੋਂ ਪਹਿਲੇ ਕਿਸ ਤਰ੍ਹਾਂ ਹੋ ਸਕਦਾ ਹੈ। ਬਸ ਮੈਂ ਇਤਨਾ ਕਹਿ ਕੇ ਆਪਦਾ ਸ਼ੁਕਰੀਆ ਅਦਾ ਕਰਦਾ ਹਾਂ।

श्री केसरा राम (डबवाली, S.C.) : डिप्टी स्पीकर साहिबा, पहले दो दिन तो पंजाब के security of land tenures बिल पर बहस होती रही है और वह कल पास हो गया और कल से पैप्सू के tenancy बिल पर बहस चल रही है । मैं ने इस ऐवान में जो इन बिलों पर तकरीरें हुई हैं उनको सुना है । यहां पर बड़े और छोटे मालकों की बातें की गई हैं । मैं आप की विसातित से अपनी सरकार से यह अर्ज़ करूंगा कि अगर आप ने ज़रई मसले को हल करना है तो आप इस बारे में कोई ठोस कदम उठायें । यह रोज़ रोज़ के तरमीमी बिलों से जैसा कि अब पैप्सू का tenancy तरमीमी बिल हाऊस के सामने पेश है, यह मसला हल होने वाला नहीं इस से तो वैसा ही हाल पैप्सू के मुज़ारों का रहेगा जैसा कि पंजाब के मुज़ारों का हो रहा है । मैं इस बिल को ले आने के लिये माल मन्त्री जीको मुबारिकबाद कहता हूं और साथ यह भी अर्ज़ रकता हूं कि अगर आप ने सही मायनों में मुज़ारों की इमदाद करनी है तो आप उन को वह ज़मीन दें, जो वह काश्त कर रहे हैं । उस ज़मीन का आप उन्हें मालक बना दें और ऐसा करने के लिये आप एक ही बार कानून ले आयें तब ही यहां का ज़रई मसला हल होगा । जब तक आप मालक का खाना revenue record में रखेंगे तब तक यह काम पूरा नहीं होगा । यहां पर कई भाइयों ने अपनी तकरीरों में कहा है ज़मींदारों को यह बिल ला कर सरकार ने मार दिया है मैं उन से यह अर्ज़ करनी चाहता हूं कि यहां ज़िमींदार और मुज़ारे का सवाल नहीं है । जो आदमी अपने हाथों से खेती करता है ज़मीन तो उसी की होनी चाहिये लेकिन जिस ने पुश्तों से कभी अपने हाथों से खेती नहीं की और जिस को यह भी मालूम नहीं कि हल किस हाथ में पकड़ कर चलाया जाता है ऐसे आदमी को 30 standard एकड़ ज़मीन देना कहां का इन्साफ है । ऐसे आदमी जो हैं वैसे तो वे कलकत्ता और बम्बई में हैं और यहां अपनी ज़मीन की आमदनी खा रहे हैं हालांकि उन का वहां लाखों रुपये का व्यापार चलता है, थोक की दुकानें चलती हैं और कारखाने चलते हैं । उधर वह कारोबार से कमाई कर रहे हैं और इधर इस कानून केतहत फायदा उठा रहे हैं । मैं पूछना चाहता हूं कि क्या यह बेकारी को दूर करने में मददगार हो सकेगा या इस से पैदावार बढ़ सकेगी ? इस लिये मैं अर्ज़ करूंगा कि जब हम इस बिल के पास करने से काम करने वालों को काम नहीं दे सकते तो इस के पास करने का क्या फायदा । 1947 के बाद जो मुज़ारे हैं उन की हालत, सदर साहिबा, बहुत बुरी हो चुकी है । उन को सिवाये मुक्दमाबाजी लड़ने के वक्त ही नहीं मिलता कि वह खेती का काम करें । आप ने ती कानून बनाया हुआ है कि बड़े मालकों की surplus ज़मीन मुज़ारों को ले कर दी जाए । इस से मुज़ारों का मसला हल नहीं हो सकता और न हो सकेगा । आप को चाहिये कि जिस तरह आप ने कानून पास कर के मारूसी मुज़ारों को मालक बना दिया है उसी तरह बाकी मुज़ारों को उन ज़मीनों का मालक बना दें जो ज़मीनें वह काश्त कर रहे हैं । यह मुज़ारों का हक है । आप देखें कि जितनी बंजर ज़मीन पड़ी थी उस को उन्हों ने ही निकाला है। फिर यह ज़मीन जो थी उन की थी लेकिन यह इन से छीन कर 1857 में अंग्रेज़ों ने उन को दे दी थी जिन्हों ने देश के साथ गद्दारी की थी ।

किसान मेहनत करके जमीन से अनाज पैदा करता है और ला कर बड़े बड़े सेठों की भेंट कर देता है जो कि दुकानों पर बैठे रहते हैं । हमारी सरकार ने जमीन इस काम के लिये नहीं दी। जब अंग्रेजों के वक्त में मुज़ारा तीसरा हिस्सा पैदावार का दिया करता था तो उस वक्त उसे कोई तकलीफ नहीं थी लेकिन आज मुज़ारा इतना दुखी है कि उस को खाने के लिये रोटी भी नसीब नहीं होती । जब तक देश में बटाई system है उस वक्त तक मेहनत करने वाले किसान को कोई फायदा नहीं पहुंच सकता । इस लिये मेरी राय है कि लगान नकदी की शकल में वसूल किया जाना चाहिये । जो लोग खेती अपने हाथ से नहीं करते, जो खेती करना जानते ही नहीं उन से ज़मीन से कर उन को दी जानी चाहिये जो कि अपने हाथ से काम करते हैं । बड़े बड़े कारखानेदारों को, बड़े बड़े अफसरों को या बड़े बड़े दुकानदारों को ज़मीन क्यों दी जाये। (Interruptions) सरदार साहिब वह सब ज़मीन बंजर पड़ी है । ज़मीन खेती करने वाले को मिलनी चाहिये ताकि वह खुद काम करके अपने बच्चों का पेट पाल सके । मैं आप की बदौलत अपनी सरकार से प्रार्थना करना चाहता हूं कि अगर आप इस मसले को हल करना चाहते हैं तो मालकी के खाने को ही उड़ा दें । मुज़ारे को कहो कि मेहनत मजदूरी करके ज़मीन की काश्त करे और देश की सेवा करे । अगर ज्यादा बातें कहूं तो वक्त बहुत लगेगा इस लिये आप का शुक्रिया अदा करता हुआ मैं अपना स्थान लेता हूं । अब मैं फिर यही कहूंगा कि अगर जमीन का मसला हल करना है तो ज़मीन खेती करने वाले को दीजिये ताकि देश में अन्न बढ़े और देश खुशहाल हो ।

मकर की चालों से ले गया बाज़ी सरमायदार ।
इन्तहाय सादगी से खा गया मज़दूर मात ।।

Mr. Speaker : Question is—

That Clause 11 stand part of the Bill.

The motion was carried

CLAUSE 12

Mr. Speaker : Question is—

That Clause 12 stand part of the Bill.

The motion was carried

CLAUSE 13

Mr. Speaker : Question is—

That Clause 13 stand part of the Bill.

The motion was carried

SUB-CLAUSE (1) OF CLAUSE 1

Mr. Speaker : Question is—

That Sub-Clause (1) of Clause 1 stand part of the Bill.

The motion was carried

TITLE

Mr. Speaker : Question is—

That Title be the Title of the Bill.

The motion was carried

Revenue Minister (Sardar Ajmer Singh) : Sir, I beg to move—

That the Pepsu Tenancy and Agricultural Lands (Amendment and Validation) Bill be passed.

Mr. Speaker : Motion moved—

That the Pepsu Tenancy and Agricultural Lands (Amendment and Validation) Bill be passed.

12-00 Noon

श्री मंगल सैन (रोहतक): स्पीकर साहिब, क्योंकि Opposition के सब मित्र मुझे यह कह रहे हैं कि मैं न बोलूं इस लिये मैं ज्यादा न बोलूंगा और सिर्फ इतनी बात कहना चाहता हूं कि 1st reading और 2nd reading पर मन्त्री महोदय . . . (आवाजें : डाक्टर साहब रहने दीजिए) अच्छा स्पीकर साहिब, मैं नहीं बोलता और अपनी seat resume करता हूं ।

Mr. Speaker : Question is—

That the Pepsu Tenancy and Agricultural Lands (Amendment and Validation) Bill be passed.

The motion was carried

THE LAND ACQUISITION (PUNJAB AMENDMENT) BILL, 1962 AS AMENDED BY THE PUNJAB LEGISLATIVE COUNCIL

Revenue Minister (Sardar Ajmer Singh) : Sir, I beg to move—

That the amendment made by the Punjab Legislative Council in the Land Acquisition (Punjab Amendment) Bill, which was passed by the Punjab Legislative Assembly on the 9th May, 1962, be taken into consideration.

ਸਪੀਕਰ ਸਾਹਿਬ, ਇਸ ਬਿਲ ਵਿਚ ਸਾਧਾਰਨ ਜਿਹੀ ਗਲਤੀ ਹੋ ਗਈ ਸੀ (ਵਿਘਨ)

ਆਪੋਜ਼ੀਸ਼ਨ ਵੱਲੋਂ ਆਵਾਜ਼ਾਂ : ਸਾਨੂੰ ਮਨਜ਼ੂਰ ਹੈ, ਪਾਸ ਕਰ ਦਿਉ ਇਸ ਬਿਲ ਨੂੰ ਅਤੇ taxation ਬਿਲ ਲਈ ਵਕਤ ਰਹਿਣ ਦਿਉ ।

ਮਾਲ ਮੰਤਰੀ : ਬਹੁਤ ਅੱਛਾ ਜੀ, ਠੀਕ ਹੈ । ਮੈਂ ਬੈਠ ਜਾਂਦਾ ਹਾਂ ।

Mr. Speaker : Motion moved—

That the amendment made by the Punjab Legislative Council in the Land Acquisition (Punjab Amendment) Bill which was passed by the Punjab Legislative Assembly on the 9th May, 1962, be taken into consideration.

Mr. Speaker : Question is—

That the amendment made by the Punjab Legislative Council in the Land Acquisition (Punjab Amendment) Bill which was passed by the Punjab Legislative Assembly on the 9th May, 1962, be taken into consideration.

The motion was carried

Mr. Speaker : The House will now proceed to consider the following amendment made by the Council in clause 4 of the Bill. The amendment may be deemed to have been read and moved.

In page 2, line 1 of Explanation of proposed Section (2A) *for* "Chapter" *substitute* "Part".

(*No Member rose to speak*)

Mr. Speaker : Question is—

In page 2, line 1 of Explanation of proposed Section (2A), *for* "Chapter" *substitute* "Part".

The motion was carried

Mr. Speaker : Would the hon. Members like that we should adjourn for lunch at 12.30 p. m. and meet again in the afternoon ?

ਕਾਮਰੇਡ ਮਖਣ ਸਿੰਘ ਤਰਸਿੱਕਾ : ਸਪੀਕਰ ਸਾਹਿਬ, ਇਕ ਘੰਟਾ ਰੋਟੀ ਖਾਣ ਲਈ ਛੁੱਟੀ ਕਰ ਲਉ । ਫੇਰ 3 ਵਜੇ ਤੋਂ 7 ਵਜੇ ਤਕ ਸੈਸ਼ਨ ਕਰ ਲੈਣਾ ।

ਮਾਲ ਮੰਤਰੀ : ਸਪੀਕਰ ਸਾਹਿਬ, ਜਿਹੜਾ ਅੱਗੇ ਫੈਸਲਾ ਹੋਇਆ ਹੈ ਉਹ ਹੀ ਠੀਕ ਹੈ ।

Mr. Speaker : In that case there will be discussion on the Bill up to 2.30 p. m. Thereafter, the House will take up half-an-hour discussion.

Revenue Minister (Sardar Ajmer Singh) : Sir, I beg to move—

That the Land Acquisition (Punjab Amendment) Bill as amended by the Council be passed.

Mr. Speaker : Motion moved—

That the Land Acquisition (Punjab Amendment) Bill, as amended by the Council, be passed.

Mr. Speaker : Question is—

That the Land Acquisition (Punjab Amendment) Bill as amended by the Council be passed.

The motion was carried.

THE PUNJAB TEMPORARY TAXATION BILL, 1962

Planning Minister (Giani Kartar Singh) : Sir, I beg to introduce the Punjab Temporary Taxation Bill, 1962.

Planning Minister (Giani Kartar Singh) : Sir, I beg to move—

That the Punjab Temporary Taxation Bill be taken into consideration at once.

ਸ੍ਰੀਮਾਨ ਸਪੀਕਰ ਸਾਹਿਬ, ਇਹ ਬਿਲ ਪੇਸ਼ ਕਰਨ ਲਗਿਆਂ ਮੈਂ ਇਜ਼ਤ ਵੀ ਮਹਿਸੂਸ ਕਰਦਾ ਹਾਂ ਅਤੇ ਫ਼ਖ਼ਰ ਵੀ ਮਹਿਸੂਸ ਕਰਦਾ ਹਾਂ। ਇਹ ਉਸ ਘਾਪੇ ਨੂੰ ਪੂਰਾ ਕਰਨ ਲਈ ਹੈ ਜੋ ਸਦੀਆਂ ਤੋਂ ਏਥੇ ਪਛੜੀਆਂ ਜਾਤੀਆਂ ਦੇ ਲੋਕਾਂ ਨਾਲ ਵਰਤਾਉ ਹੁੰਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਨ ਦੇ ਨਾਲ ਪੈਦਾ ਹੋਇਆ ਹੈ। ਦੂਰ ਭੂਤਕਾਲ ਤੋਂ ਲੈ ਕੇ ਅਜ ਤਕ ਵੀ ਉਹ ਕਮੀ ਤੁਰੀ ਆਉਂਦੀ ਹੈ। ਉਸ ਲਹੂ ਸੁਕਾਉਣ ਵਾਲੀ ਛੂਤ ਛਾਤ ਦੇ ਅਸਰਾਤ ਨੂੰ ਦੂਰ ਕਰਨ ਲਈ ਇਹ ਬਿਲ ਲਿਆਂਦਾ ਗਿਆ ਹੈ। ਇਸ ਦੇਸ਼ ਦੇ ਵਿਚ ਹੁਣ ਤੋਂ ਸਦੀਆਂ ਪਹਿਲਾਂ ਇਹ ਸਿਲਸਿਲਾ ਕਿਸੇ ਨਾ ਕਿਸੇ ਤਰ੍ਹਾਂ ਸ਼ੁਰੂ ਹੋਇਆ, ਕੁਝ ਸਾਡੇ ਧਰਮਗ੍ਰੰਥ ਜੋ ਹਨ ਉਨ੍ਹਾਂ ਨੇ ਵੀ ਛੂਤ ਛਾਤ ਨੂੰ ਬੜ੍ਹਾਵਾ ਦਿੱਤਾ। ਉਸ ਦੇ ਬਾਅਦ ਇਹ ਇਕ ਸੋਸ਼ਲ ਕਸਟਮ ਹੀ ਬਣ ਗਈ। ਸੋਸ਼ਲ ਕਸਟਮ ਬਹੁਤ ਜ਼ੋਰ ਵਾਲੀ ਚੀਜ਼ ਹੁੰਦੀ ਹੈ। ਇਸ ਦਾ ਅਸਰ ਲੋਕਾਂ ਦੇ ਮਗਜ਼ ਤੋਂ ਆਸਾਨੀ ਨਾਲ ਦੂਰ ਨਹੀਂ ਕੀਤਾ ਜਾ ਸਕਦਾ। ਇਸ ਦੇਸ਼ ਦੇ ਵਿਚ ਮੁੱਦਤ ਤੋਂ ਪਿੱਛੋਂ ਕਈ ਭਲੇ ਪੁਰਖ ਹੋਏ ਜਿਨ੍ਹਾਂ ਨੇ ਇਸ ਛੂਤ ਛਾਤ ਦੇ ਵਿਰੁਧ ਆਵਾਜ਼ ਉਠਾਈ। ਸੰਤ ਭਗਤ ਅਤੇ ਗੁਰੂ ਇਸ ਸਿਲਸਿਲੇ ਵਿਚ ਅਗਵਾਹੀ ਕਰਦੇ ਰਹੇ। ਉਨ੍ਹਾਂ ਨੇ ਇਹ ਪ੍ਰਚਾਰ ਕੀਤਾ ਕਿ ਰਬ ਦੇ ਸਾਹਮਣੇ ਸਭ ਬਰਾਬਰ ਹਨ ਇਸ ਕਰਕੇ ਸਮਾਜ ਦੇ ਵਿਚ ਸਾਰੇ ਇਕੋ ਜਿਹੇ ਸਮਝੇ ਜਾਣੇ ਚਾਹੀਦੇ ਹਨ। ਇਨ੍ਹਾਂ ਵਿਚਾਰਾਂ ਦਾ ਬੜਾ ਪਰਚਾਰ ਹੋਇਆ। ਸਾਹਿਬ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੇ ਵਿਚ ਕਿਹਾ—

"ਨੀਚਾ ਅੰਦਰਿ ਨੀਚ ਜਾਤਿ ਨੀਚਹੁ ਹੀ ਅਤਿ ਨੀਚੁ
ਨਾਨਕੁ ਤਿਨ ਕੈ ਸੰਗਿ ਸਾਥ ਵਡਿਆਂ ਸਿਉ ਕਿਆ ਰੀਸ।"

ਉਨ੍ਹਾਂ ਨੇ ਕਿਹਾ ਕਿ ਮੈਂ ਆਪਣੇ ਆਪਨੂੰ ਨੀਚਾਂ ਦਾ ਸੰਗੀ ਸਾਥੀ ਗਿਣਦਾ ਹਾਂ। ਨੀਚਾਂ ਤੋਂ ਵੀ ਜੋ ਵਧ ਨੀਚ ਸਮਝੇ ਜਾਣ ਮੈਂ ਉਨ੍ਹਾਂ ਦਾ ਵੀ ਸੰਗੀ ਸਾਥੀ ਹਾਂ। ਉਨ੍ਹਾਂ ਨੇ ਵੱਡੇ ਵੱਡੇ ਠੇਕੇਦਾਰਾਂ, ਕਾਰਖਾਨੇਦਾਰਾਂ, ਜ਼ਮੀਂਦਾਰਾਂ ਤੇ ਸਰਮਾਏਦਾਰਾਂ ਦਾ ਸੰਗੀ ਸਾਥੀ ਬਣਨ ਦਾ ਦਾਵ੍ਹਾ ਨਹੀਂ ਕੀਤਾ। ਇਸ ਦੇ ਨਾਲ ਉਨ੍ਹਾਂ ਨੇ ਇਹ ਸਚਾਈ ਵੀ ਬਿਆਨ ਕੀਤੀ ਕਿ ਜਿਥੇ ਨੀਚ ਲੋਕਾਂ ਦੀ ਸੰਭਾਲ ਹੋਵੇਗੀ, ਐ ਵਾਹਿਗੁਰੂ! ਉਥੇ ਹੀ ਤੇਰੀ ਮਿਹਰਬਾਨੀ ਹੋਵੇਗੀ। ਇਸ ਦੇਸ਼ ਤੇ ਬਾਹਰੋਂ ਹਮਲੇ ਹੁੰਦੇ ਰਹੇ ਅਤੇ ਉਨ੍ਹਾਂ ਦੀਆਂ ਜਿੱਤਾਂ ਹੁੰਦੀਆਂ ਰਹੀਆਂ। ਉਨ੍ਹਾਂ ਜਿੱਤਾਂ ਦੇ ਹਾਸਲ ਕਰਨ ਦਾ ਇਕ ਕਾਰਨ ਇਹ ਵੀ ਸੀ ਕਿ ਇਸ ਦੇਸ਼ ਦੇ ਮਜਲਸੀ ਜੀਵਨ ਵਿਚ ਨਾ ਬਰਾਬਰੀ ਸੀ। ਬਹੁਤ ਗਿਣਤੀ ਐਸੇ ਬੰਦਿਆਂ ਦੀ ਸੀ ਜਿਨ੍ਹਾਂ ਨੂੰ ਕਿਸੇ ਪਰਕਾਰ ਦੇ ਹਕੂਕ ਹਾਸਲ ਨਹੀਂ ਸਨ। ਇਨ੍ਹਾਂ ਭਗਤ ਸੰਤਾਂ ਦੇ ਪਰਚਾਰ ਨੇ ਵੀ ਬੰਦਿਆਂ ਦੇ ਇਸ ਵਿਚਾਰ ਨੂੰ ਨਹੀਂ ਬਦਲਿਆ ਅਤੇ ਛੂਤ-ਛਾਤ ਚਲਦੀ

ਰਹੀ। ਜਿਹੜੇ ਭਗਤ ਸੰਤਾਂ ਨੂੰ ਮੰਨਣ ਵਾਲੇ ਵੀ ਸਨ, ਉਨ੍ਹਾਂ ਦੇ ਉਪਦੇਸ਼ ਤੋਂ ਮੁਤਾਸਰ ਵੀ ਹੁੰਦੇ ਸਨ ਅਤੇ ਹੋਰ ਕਈ ਗੱਲਾਂ ਵਿਚ ਉਨ੍ਹਾਂ ਦੇ ਉਪਦੇਸ਼ ਦੇ ਜ਼ੋਰੇ ਅਸਰ ਸਿਰ ਵੀ ਕਟਾ ਦਿਤੇ ਲੇਕਿਨ ਜਿਥੋਂ ਤਕ ਛੂਤ-ਛਾਤ ਦਾ ਮਸਲਾ ਸੀ ਇਸ ਵਿਚ ਫੇਲ ਰਹੇ। ਬਦੇਸ਼ੀ ਮੁਗਲਾਂ ਦੇ ਰਾਜ ਤੋਂ ਬਾਅਦ ਅੰਗਰੇਜ਼ਾਂ ਦਾ ਰਾਜ ਆਇਆ। ਅੰਗਰੇਜ਼ ਦੇ ਰਾਜ ਵਿਚ ਪਹਿਲੀ ਵਾਰ ਇਹ ਕਿਹਾ ਗਿਆ ਕਿ ਕਾਨੂੰਨ ਦੀ ਨਿਗਾਹ ਵਿਚ ਬਰਾਹਮਣ, ਜੱਟ, ਖੱਤਰੀ, ਅਛੂਤ ਵਗੈਰਾ ਸਭ ਬਰਾਬਰ ਹਨ। ਪਹਿਲੀ ਵਾਰ ਜਦੋਂ ਇਹ ਗੱਲ ਹੋਈ ਤਾਂ ਉੱਚੀ ਜ਼ਾਤ ਵਾਲਿਆਂ ਇਸ ਵਿਚ ਆਪਣੀ ਬੜੀ ਹੇਠੀ ਸਮਝੀ ਕਿ ਉਨ੍ਹਾਂ ਨੂੰ ਅਛੂਤਾਂ ਦੇ ਬਰਾਬਰ ਕਰ ਦਿਤਾ ਗਿਆ ਹੈ। ਉਸ ਅੰਗਰੇਜ਼ੀ ਤਰਜ਼ ਦੇ ਕਾਨੂੰਨ ਨਾਲ ਇਸ ਵਿਚ ਕੁਝ ਥੋੜ੍ਹਾ ਫਰਕ ਪਿਆ ਪਰ ਬਾਅਦ ਵਿਚ ਅੰਗਰੇਜ਼ਾਂ ਦਾ ਵੀ ਮਣਸ਼ਾ ਬਦਲ ਗਿਆ ਅਤੇ ਉਨ੍ਹਾਂ ਨੇ ਇਨ੍ਹਾਂ ਚੀਜ਼ਾਂ ਨੂੰ ਹਿੰਦੁਸਤਾਨ ਦੀ ਸਵਤੰਤਰਤਾ ਦੇ ਖਿਲਾਫ਼ ਵਰਤਿਆ। ਬਾਅਦ ਵਿਚ ਜਿਥੇ ਉਨ੍ਹਾਂ ਹਿੰਦੂ ਮੁਸਲਮਾਨਾਂ ਦੇ ਝਗੜੇ ਨੂੰ ਅਧਿਕਾਰ ਦੇਣ ਦੇ ਸਿਲਸਿਲੇ ਵਿਚ ਵਧਾਇਆ, ਉਥੇ ਉਹ ਛੂਤ-ਛਾਤ ਦੇ ਸਿਲਸਿਲੇ ਨੂੰ ਵੀ ਆਪਣੀ ਸੱਤਾ ਕਾਇਮ ਰਖਣ ਲਈ ਇਸਤੇਮਾਲ ਕਰਦੇ ਰਹੇ ਤਾਕਿ ਉਨ੍ਹਾਂ ਨੂੰ ਰਾਜ ਭਾਗ ਨਾ ਛੱਡਣਾ ਪਵੇ। ਇਨ੍ਹਾਂ ਹਾਲਾਤ ਵਿਚ ਇਸ ਦੇਸ਼ ਦੇ ਵਿਚ ਕਾਂਗਰਸ ਦੀ ਤਹਿਰੀਕ ਚੱਲੀ ਅਤੇ 1918 ਵਿਚ ਮਹਾਤਮਾ ਗਾਂਧੀ ਸਾਹਮਣੇ ਆਏ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਛੂਤ-ਛਾਤ ਸਮਾਜਕ ਮਸਲਾ ਹੈ ਅਤੇ ਉਨ੍ਹਾਂ ਨੂੰ ਹੀ ਇਹ ਵਡਿਆਈ ਹਾਸਲ ਹੋਈ ਕਿ ਉਨ੍ਹਾਂ ਦਾ ਜਿਹੜਾ ਰਾਜਸੀ ਪਰੋਗਰਾਮ ਸੀ ਉਸ ਵਿਚ ਉਨ੍ਹਾਂ ਨੇ ਇਸ ਮਸਲੇ ਨੂੰ ਵੀ ਸ਼ਾਮਲ ਕੀਤਾ। ਉਨ੍ਹਾਂ ਨੇ ਜਦੋਂ ਵੀ ਕਾਂਗਰਸ ਪਲੇਟਫਾਰਮ ਤੇ ਮਤੇ ਪੇਸ਼ ਕੀਤੇ ਤਾਂ ਉਨ੍ਹਾਂ ਨੇ ਇਸ ਗੱਲ ਨੂੰ ਵੀ ਬੜੇ ਜ਼ੋਰ ਨਾਲ ਉਸ ਪਰੋਗਰਾਮ ਵਿਚ ਸ਼ਾਮਲ ਕੀਤਾ ਕਿ ਸੁਤੰਤਰਤਾ ਲੈਣ ਲਈ ਹਿੰਦੂ ਸਮਾਜ ਵਿਚੋਂ ਛੂਤ-ਛਾਤ ਨੂੰ ਦੂਰ ਕਰਨਾ ਬਹੁਤ ਜ਼ਰੂਰੀ ਹੈ। ਛੂਤ ਛਾਤ ਨੂੰ ਹਟਾਣਾ ਜਿਹੜਾ ਹੈ ਉਹ ਮਹਾਤਮਾ ਜੀ ਦੀ ਮਿਹਰਬਾਨੀ ਹੈ ਅਤੇ ਉਨ੍ਹਾਂ ਦੇ original ਵਿਚਾਰ ਦੇ ਸਿੱਟੇ ਦੇ ਤੌਰ ਤੇ ਇਹ ਚੀਜ਼ political programme ਦਾ ਹਿੱਸਾ ਬਣ ਗਈ ਅਤੇ ਆਜ਼ਾਦੀ ਦੀ ਜੱਦੋਜਹਿਦ ਦਾ ਹਿੱਸਾ ਬਣ ਗਈ। ਆਜ਼ਾਦੀ ਤੋਂ ਬਾਅਦ ਜਦੋਂ ਹਿੰਦੁਸਤਾਨ ਦੀ ਰਾਜ-ਬਣਤਰ ਦਾ ਸਮਾਂ ਆਇਆ ਅਤੇ ਇਸ ਲਈ ਦਿੱਲੀ ਵਿਚ, Constituent Assembly ਬੈਠੀ ਤਾਂ ਉਨ੍ਹਾਂ ਨੇ ਜਿੱਥੇ ਬਾਕੀ ਬਹੁਤ ਸਾਰਿਆਂ ਮਸਲਿਆਂ ਤੇ ਗੌਰ ਕੀਤਾ ਉਥੇ ਇਸ ਮਸਲੇ ਤੇ ਵੀ ਪੂਰਾ ਗੌਰ ਕੀਤਾ। ਆਈਨ ਵਿਚ ਉਨ੍ਹਾਂ ਨੇ ਦੂਜਾ Chapter Fundamental Rights ਦਾ ਬਣਾਇਆ ਤੇ ਚੌਥਾ Chapter Directive Principles ਤੇ Sate policy ਦਾ ਬਣਾਇਆ ਅਤੇ ਉਸਦੇ ਅੰਦਰ ਉਨ੍ਹਾਂ ਨੇ ਜੋ ਕੁਝ ਲਿਖਿਆ ਉਸਦੀਆਂ ਦੋ ਚਾਰ ਮੱਦਾਂ ਮੈਂ ਆਪਦੇ ਸਾਹਮਣੇ ਪੇਸ਼ ਕਰਨੀਆਂ ਚਾਹੁੰਦਾ ਹਾਂ। ਉਨ੍ਹਾਂ ਵਿਚ ਪਹਿਲੀ Article 15 ਦੀ ਕਲਾਜ਼ (2) ਵਿਚ ਜੋ Fundamental Rights ਦੇ ਥੱਲੇ ਦਰਜ ਹੈ ਉਸ ਵਿਚ ਉਨ੍ਹਾਂ ਨੇ ਇਹ ਚੀਜ਼ ਸਾਫ ਕੀਤੀ ਹੈ :

> "(2) No citizen shall, on grounds only of religion, race, caste, sex, place of birth or any of them, be subject to any disability , liability, restriction or condition with regard to—
>
> (a) access to shops, public restaurants, hotels and places of public entertainment ; or
>
> (b) the use of wells, tanks, bathing ghats, roads and places of public resort maintained wholly or partly out of State funds or dedicated to the use of the general public."

ਇਸ ਤਰ੍ਹਾਂ ਬਹੁਤ ਸਾਰੀਆਂ ਛੂਤ-ਛਾਤ ਦੇ ਕਾਰਨ ਜੋ ਬੁਰਾਈਆਂ ਹੋ ਰਹੀਆਂ ਸਨ ਉਨ੍ਹਾਂ ਨੂੰ ਹਟਾਣ ਦਾ ਅਤੇ Fundamental Rights ਦੀ ਮਾਰਫਤ ਉਨ੍ਹਾਂ ਨੂੰ socially ਬਰਾਬਰ ਲਿਆਣ ਦਾ ਤੇ ਛੂਤ-ਛਾਤ ਦੂਰ ਕਰਨ ਦਾ ਉਪਾ ਕੀਤਾ ਗਿਆ। ਲੇਕਿਨ ਇਹ ਗੱਲ ਉਨ੍ਹਾਂ ਨੇ ਇਥੇ ਹੀ ਨਹੀਂ ਛੱਡੀ ਕਿ ਕਾਗਜ਼ ਦਿਆਂ ਪਤਰਿਆਂ ਵਿਚ ਹੀ ਬਰਾਬਰੀ ਕਰ ਦਿਤੀ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤਕ ਇਸ ਬਾਰੇ ਉਚੇਚਾ

[ਯੋਜਨਾ ਮੰਤਰੀ]

ਉਪਾ ਨਹੀਂ ਕੀਤਾ ਜਾਵੇਗਾ, ਅਮਲ ਵਿਚ ਬਰਾਬਰੀ ਨਹੀਂ ਹੋ ਸਕੇਗੀ। ਤੇ ਇਸੇ Article ਦੀ clause 4 ਵਿਚ ਉਨ੍ਹਾਂ ਨੇ ਇਹ ਕਿਹਾ :

> "(4) Nothing in this Article or in clause (2) of Article 29 shall prevent the State from making any special provision for the advancement of any socially and educationally backward classes of citizens or for the Scheduled Castes and the Scheduled Tribes."

ਇਸ ਦੇ ਵਿਚ ਇਸ ਗੱਲ ਦੀ ਨੀਂਹ ਰਖੀ ਕਿ ਅਛੂਤਾਂ ਲਈ ਉਚੇਚਾ ਉਪਾ ਵੀ ਕੀਤਾ ਜਾਵੇ ਤਾਕਿ ਉਨ੍ਹਾਂ ਦੀ backwardness ਦੂਰ ਹੋ ਸਕੇ ਅਤੇ ਉਨ੍ਹਾਂ ਨੂੰ ਦੂਜਿਆਂ ਦੇ ਬਰਾਬਰ ਲਿਆਂਦਾ ਜਾ ਸਕੇ। ਇਨ੍ਹਾਂ fundamental rights ਵਿੱਚ 17 ਨੰਬਰ ਦਾ ਜੋ article ਹੈ ਉਸ ਵਿਚ ਲਿਖਿਆ ਹੈ :

> 17. "Untouchability" is abolished and its practice in any form is forbidden. The enforcement of any disability arising out of "Untouchability" shall be an offence punishable in accordance with law.

ਔਰ ਸੈਕਸ਼ਨ 16 ਵਿਚ ਨੌਕਰੀਆਂ ਆਦਿ reserve ਕਰਨ ਲਈ ਅਤੇ ਇਨ੍ਹਾਂ backward classes ਲਈ ਵੀ provision ਕੀਤਾ। ਉਸਤੋਂ ਬਾਅਦ ਇਸੇ ਸਿਲਸਿਲੇ ਵਿਚ ਜੋ Directive Principles ਸਨ ਉਨ੍ਹਾਂ ਵਿਚ ਜੋ Article 46 ਹੈ ਉਸ ਵਿਚ ਉਨ੍ਹਾਂ ਨੇ ਇਨ੍ਹਾਂ sections ਦੇ ਮੁਤੱਲਿਕ ਖਾਸ ਖਿਆਲ ਰਖਣ ਅਤੇ ਇਨ੍ਹਾਂ weaker sections ਨੂੰ ਉਪਰ ਉਠਾਉਣ ਲਈ ਖਾਸ ਤਾਕੀਦ ਕੀਤੀ ਹੈ। ਸੈਕਸ਼ਨ 46 ਜੋ ਹੈ ਉਸ ਵਿਚ ਲਿਖਿਆ ਹੈ :—

> "46. The State shall promote with special care the educational and economic interests of the weaker sections of the people, and, in particular, of the Scheduled Castes and the Scheduled Tribes, and shall protect them from social injustice and all forms of exploitation."

ਤੇ ਇਹ ਜੋ Directive Principles ਹਨ ਇਨ੍ਹਾਂ ਦਾ ਤੇ Fundamental Rights ਵਿਚ ਇਤਨਾ ਹੀ ਫਰਕ ਹੈ ਕਿ ਇਕ ਤਾਂ ਅਦਾਲਤਾਂ ਰਾਹੀਂ enforce ਕਰਾਏ ਜਾ ਸਕਦੇ ਹਨ ਅਤੇ ਦੂਜੇ ਅਦਾਲਤਾਂ ਰਾਹੀਂ enforce ਤਾਂ ਨਹੀਂ ਹੁੰਦੇ ਲੇਕਿਨ States ਨੂੰ Directions ਹਨ ਕਿ ਉਨ੍ਹਾਂ ਤੇ ਅਮਲ ਕੀਤਾ ਜਾਵੇ। Directive Principles ਵਿਚ 5/7 ਗੱਲਾਂ States ਨੂੰ ਬਤੌਰ directions ਦੇ ਲਿਖੀਆਂ ਹਨ ਜਿਸ ਤਰ੍ਹਾਂ ਕਿ free primary education ਦੇਣਾ, living wage ਦੇਣਾ, old age pensions ਦੇਣਾ, ਪੰਚਾਇਤੀ ਰਾਜ ਨੂੰ ਲਾਗੂ ਕਰਨਾ, international peace ਨੂੰ ਪਕਿਆਂ ਕਰਨਾ ਹੈ। Judiciary ਅਤੇ executive ਨੂੰ ਅਲਗ ੨ ਕਰਨ ਦਾ ਮਸਲਾ ਹੈ। (ਵਿਘਨ) ਮੈਂ ਆਪਣੇ ਮਿਤਰਾਂ ਨੂੰ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਟੋਕਾ ਟਾਕੀ ਨਾ ਕਰਨ ਤਦ ਹੀ ਮੈਨੂੰ ਤੇ ਉਨ੍ਹਾਂ ਨੂੰ ਫਾਇਦਾ ਪਹੁੰਚੇਗਾ। ਇਸ ਨੂੰ ਸਾਰੇ ਸੱਜਣ ਧਿਆਨ ਨਾਲ ਸੁਣੋ।

चौधरी देवी लाल : बहुत फायदा पहुंच गया है।

ਯੋਜਨਾ ਮੰਤਰੀ : ਚੌਧਰੀ ਦੇਵੀ ਲਾਲ ਜੀ ਨੇ ਕਿਹਾ ਹੈ ਕਿ ਬਹੁਤ ਫਾਇਦਾ ਪਹੁੰਚ ਗਿਆ ਹੈ। ਇਸ ਦੇ ਵਿਚ ਉਨ੍ਹਾਂ ਨੇ ਟੂਕ ਕੀਤੀ ਹੈ। ਉਨ੍ਹਾਂ ਨਾਲ ਭਲੇ ਦਿਨ ਗੁਜ਼ਾਰੇ ਹੋਏ ਹਨ ਇਸ ਲਈ ਮੈਂ ਉਨ੍ਹਾਂ ਨੂੰ ਜਵਾਬ ਨਹੀਂ ਦਿੰਦਾ। Directive Principles ਨੂੰ ਲੋਕ ਬੜੀ ਖੁਸ਼ੀ ਨਾਲ ਪੜ੍ਹਦੇ ਹਨ। ਪੜ੍ਹਨ ਤੋਂ ਬਾਅਦ ਇਨ੍ਹਾਂ ਨੂੰ ਸਲਾਹੁੰਦੇ ਹਨ, ਇਨ੍ਹਾਂ ਤੇ ਚਲਣ ਦੀ ਇੱਛਾ ਵੀ ਕਰਦੇ ਹਨ। ਲੇਕਿਨ ਉਹ ਇਕ ਗਲ ਭੁੱਲ ਜਾਂਦੇ ਹਨ ਕਿ ਇਨ੍ਹਾਂ ਵਿਚੋਂ ਹਰ ਇਕ Directive Principle ਤੇ ਅਮਲ

ਕਰਨ ਲਈ ਉਸ ਦਾ ਮੁਲ ਤਾਰਨਾ ਪਵੇਗਾ ਤੇ ਉਸ ਤੇ ਪੈਸੇ ਖਰਚ ਹੋਣਗੇ । ਜਦੋਂ ਉਨ੍ਹਾਂ ਤੇ ਅਮਲ ਕੀਤਾ ਜਾਂਦਾ ਹੈ ਤਾਂ ਉਸ ਵੇਲੇ ਚੀਖੋ ਪੁਕਾਰ ਸ਼ੁਰੂ ਹੋ ਜਾਂਦੀ ਹੈ ਕਿ ਇਹ ਬੋਝ ਪਏਗਾ, ਉਹ ਬੋਝ ਪਏਗਾ । ਇਹ ਦੋ ਚੀਜ਼ਾਂ ਨਹੀਂ ਹੋ ਸਕਣਗੀਆਂ ਕਿ ਲੋਕਾਂ ਤੇ ਬੋਝ ਵੀ ਨਾ ਪਵੇ ਤੇ ਇਨ੍ਹਾਂ ਤੇ ਅਮਲ ਵੀ ਹੋਵੇ । ਨਿਰੇ ਬੁਕੀਂ ਵੜੇ ਨਹੀਂ ਪਕਣੇ, ਤੇਲ ਖਰਚ ਹੋਣਾ ਹੈ । ਇਸ ਸਿਲਸਿਲੇ ਵਿਚ ਇਹ ਜਿਹੜਾ ਬਿਲ ਲਿਆਂਦਾ ਹੈ ਉਸ Directive Principle ਨੂੰ ਅਮਲ ਵਿਚ ਲਿਆਉਣ ਲਈ ਲਿਆਂਦਾ ਹੈ । ਹੁਣ ਜੇ ਕਹਿੰਦੇ ਹਾਂ ਕਿ ਪੈਸੇ ਦੀ ਥੁੜ ਹੈ ਤਾਂ ਕਹਿੰਦੇ ਹਨ ਕਿ ਟੈਕਸ ਨਹੀਂ ਦੇ ਸਕਦੇ । ਇਸ ਸਬੰਧ ਵਿਚ Constituent Assembly ਵਿਚ Directive Principles ਨੂੰ ਅਮਲ ਵਿਚ ਲਿਆਉਣ ਦਾ ਮਸਲਾ ਪੇਸ਼ ਹੋਇਆ । ਉਸ ਸਿਲਸਿਲੇ ਵਿਚ Fundamental Rights ਨੂੰ ਅਮਲ ਵਿਚ ਲਿਆਉਣ ਦਾ ਸਵਾਲ ਸੀ । ਡਾਕਟਰ ਅੰਬੇਦਕਰ ਜਿਹੜੇ ਕਿ Constituent Assembly ਦੀ ਸਬ-ਕਮੇਟੀ ਦੇ ਮੈਂਬਰ ਸਨ ਉਨ੍ਹਾਂ ਨੇ ਬੋਲਦਿਆਂ ਹੋਇਆਂ ਇਹ ਕਿਹਾ ਸੀ :—

"that the word 'strive' had been purposely used because their intention was that however adverse the circumstances that stand in the way for a Government in giving effect to these principles and however impropitious the time might be they should always strive for the fulfilment of the principles. Otherwise, it would be open to the Government to say that the circumstances were not good and the finances were so bad that they could not implement them."

ਮੈਂ ਕਹਿਣਾ ਇਹ ਹੈ ਕਿ ਉਹ ਇਹ ਕਹਿੰਦੇ ਸਨ ਕਿ ਜਿਸ ਪਾਸੇ ਨੂੰ ਇਹ ਦਲੀਲਾਂ ਹਨ ਸਾਨੂੰ ਇਧਰ ਨਹੀਂ ਜਾਣਾ ਚਾਹੀਦਾ ਅਤੇ ਇਨ੍ਹਾਂ ਤੇ ਅਮਲ ਕੀਤਾ ਜਾਣਾ ਚਾਹੀਦਾ ਹੈ । ਇਸ ਸਿਲਸਿਲੇ ਵਿਚ ਹਿੰਦੁਸਤਾਨ ਵਿਚ ਅਮਲ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ । ਉਹ ਕੀ ਅਮਲ ਸੀ ? ਸਟੇਟਾਂ ਵਿਚ ਹਰੀਜਨਾਂ ਦੇ ਵੈਲਫੇਅਰ ਲਈ ਮਨਿਸਟਰ ਮੁਕੱਰਰ ਕੀਤੇ ਗਏ, ਮਹਿਕਮੇ ਬਣਾਏ । Second ਤੇ Third Five-Year-Plans ਅੰਦਰ ਰਕਮ ਪਰੋਵਾਈਡ ਕੀਤੀ ਗਈ ਅਤੇ ਇਸ ਦੇ ਲਈ ਹਿੰਦ ਦੇ ਅੰਦਰ ਇਨ੍ਹਾਂ ਰਾਜਾਂ ਦੇ ਜੋ ਵਜ਼ੀਰ ਹਨ ਉਨ੍ਹਾਂ ਦੀਆਂ ਕਾਨਫਰੰਸਾਂ ਹੁੰਦੀਆਂ ਰਹੀਆਂ ਅਤੇ ਸੈਂਟਰ ਵਿਚ ਇਹ ਕੰਮ ਹੋਮ ਮਨਿਸਟਰੀ ਦੇ ਸਪੁਰਦ ਹੈ । ਸੈਂਟਰ ਦੇ ਹੋਮ ਮਨਿਸਟਰ ਉਨ੍ਹਾਂ ਤੇ preside ਕਰਦੇ ਰਹੇ, ਪਰਧਾਨ ਬਣਦੇ ਰਹੇ । ਇਸ ਸਿਲਸਿਲੇ ਵਿਚ ਉਨ੍ਹਾਂ ਨੇ ਕੀ ਵਿਚਾਰ ਦਿਤੇ ਉਹ ਵੀ ਮੈਂ ਆਪ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ । ਪਹਿਲਾਂ ਤਾਂ 31 ਜਨਵਰੀ ਤੇ ਪਹਿਲੀ ਫਰਵਰੀ, 1960 ਨੂੰ ਕਾਨਫਰੰਸ ਹੋਈ । ਉਸ ਦੇ ਵਿਚ ਏਜੰਡੇ ਦੀਆਂ ਆਈਟਮਾਂ ਨਾਲ ਜੋ ਨੋਟ ਵੰਡੇ ਗਏ ਉਨ੍ਹਾਂ ਵਿਚੋਂ ਇਕ ਨੋਟ ਇਹ ਸੀ—

"The special political safeguards in the shape of reservation of seats for members of Scheduled Castes and Scheduled Tribes in the Parliament and State Legislatures was due to expire on the 26th January, 1960, according to original Article 334 of the Constitution. The Government have recently amended this Article with the result that these reservations will continue upto January, 1970. It has been the constant endeavour of Government to help these under-privileged classes to make up expeditiously the leeway due to retarded progress in the past. The special supplementary programmes have therefore, necessarily to be taken up at an adequate pace, so that the need for special programmes cases to exist after a specific period. The Third and the Fourth Plans will, therefore, have to be formulated with the object of tackling the special problems of the Backward Classes vigorously and of finding solutions to those problems within this period.

ਸਰਦਾਰ ਲਛਮਣ ਸਿੰਘ ਗਿੱਲ : On a point of order, Sir, ਜਿਥੋਂ ਤਕ ਇਨ੍ਹਾਂ ਟੈਕਸਾਂ ਦਾ ਤਅਲੁਕ ਹੈ ਮਨਿਸਟਰ ਸਾਹਿਬ ਉਸ ਤੋਂ ਬਾਹਰ ਜਾ ਰਹੇ ਹਨ । ਬਾਕੀਆਂ ਨੂੰ ਵੀ ਐਨਾ ਟਾਈਮ ਦੇਣਾ ਚਾਹੀਦਾ ਹੈ । ਮੇਰਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਬੋਲਦਿਆਂ ਅਧਾ ਘੰਟਾ ਹੋ ਗਿਆ ਹੈ । ਉਨ੍ਹਾਂ ਨੇ ਅਜੇ ਤਕ ਵਾਅਜ਼ ਹੀ ਕੀਤਾ ਹੈ ।

ਸ਼੍ਰੀ ਸਪੀਕਰ : ਗਿਆਨੀ ਜੀ ਤੁਸੀਂ ਕਿੰਨਾ ਵਕਤ ਹੋਰ ਲਓਗੇ। (How much time the hon. Minister will take more ?)

ਯੋਜਨਾ ਮੰਤਰੀ : ਅਧਾ ਘੰਟਾ ਹੋਰ ਲਗਾਉਣਾ ਚਾਹੁੰਦਾ ਹਾਂ।

ਸ਼੍ਰੀ ਸਪੀਕਰ : 15, 20 ਮਿੰਟ ਹੋਰ ਬੋਲ ਲਓ । (The hon. Minister may speak for 15 or 20 minutes more.) ।

ਯੋਜਨਾ ਮੰਤਰੀ : ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲਛਮਣ ਸਿੰਘ ਜੀ ਸਮਝ ਲੈਣ ਕਿ ਮੈਂ ਬਹੁਤ ਵਰ੍ਹੇ ਅਸੈਂਬਲੀ ਦਾ ਮੈਂਬਰ ਰਿਹਾ ਹਾਂ । Relevancy ਕੀ ਹੈ, ਮੈਂ ਇਹ ਇਨ੍ਹਾਂ ਨਾਲੋਂ ਵਧ ਜਾਣਦਾ ਹਾਂ। ਇਸ ਤੋਂ ਇਲਾਵਾ ਇਸ ਕਾਨਫਰੰਸ ਦੇ ਸਮਾਗਮ ਨੂੰ ਅਰੰਭ ਕਰਦਿਆਂ ਪੰਤ ਜੀ ਨੇ ਇਹ ਫਰਮਾਇਆ :—

> "ਅਨੁਸੂਚਿਤ ਜ਼ਾਤੀਆਂ, ਅਨੁਸੂਚਿਤ ਕਬੀਲੇ ਤੇ ਹੋਰ ਪਛੜੀਆਂ ਜਮਾਤਾਂ ਸਾਡੀ ਆਦਮ ਗਿਣਤੀ ਦੀਆਂ ਅਤਿਅੰਤ ਨਿਤਾਣੀਆਂ ਸ਼ਰੇਣੀਆਂ ਹਨ। ਉਨ੍ਹਾਂ ਨੂੰ ਇਸ ਦਾ ਬਹੁਤ ਹਾਨਿ ਪੁਜਾ ਤੇ ਹੁਣ ਵੀ ਉਹ ਆਰਥਕ ਤੇ ਭਾਈਚਾਰਕ ਅਯੋਗਤਾਵਾਂ ਤੇ ਤਰੁਟੀਆਂ ਦਾ ਨਿਸ਼ਾਨਾ ਬਣ ਰਹੇ ਹਨ ਅਤੇ ਛੂਤ-ਛਾਤ ਨੇ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਆਮ ਲੋਕਾਂ ਤੋਂ ਵਖਰਿਆਂ ਕਰ ਦਿਤਾ ਹੈ। ਸ਼ਰੇਣੀ-ਹੀਣ ਤੇ ਜਮਾਤਹੀਣ ਸਮਾਜ ਦਾ ਜੋ ਮਹਾਨ ਨਿਸ਼ਾਨਾ ਕੌਮ ਨੇ ਆਪਣੇ ਸਾਹਮਣੇ ਰਖਿਆ ਹੈ ਉਸ ਦੀ ਪਰਾਪਤੀ ਕਠਨ ਹੈ ਜਿੰਨਾ ਚਿਰ ਤੀਕਰ ਅਸੀਂ ਇਨ੍ਹਾਂ ਨਿਤਾਣੀਆਂ ਤੇ ਅਖੋਂ ਉਹਲੇ ਕੀਤੀਆਂ ਜਾ ਚੁਕੀਆਂ ਸ਼ਰੇਣੀਆਂ ਨੂੰ ਉਨ੍ਹਾਂ ਦੀ ਵਰਤਮਾਨ ਅਥਾਹ ਗੁਰਬਤ ਤੋਂ ਸਵਤੰਤਰ ਨਹੀਂ ਕਰਾਂਦੇ ਅਤੇ ਜਦ ਤਕ ਕਿ ਛੂਤ-ਛਾਤ ਦਾ ਇਹ ਕੁਲਹਿਣਾ ਧੱਬਾ ਸਦਾ ਵਾਸਤੇ ਨਹੀਂ ਧੋ ਦਿਤਾ ਜਾਂਦਾ। ਛੂਤ-ਛਾਤ ਨੂੰ ਕਾਨੂੰਨ ਵਿਰੁਧ ਤੇ ਵਿਵਰਜਤ ਕਰਾਰ ਦਿਤਾ ਜਾ ਚੁਕਾ ਹੈ ਪਰ ਆਮ ਵਰਤਾਰੇ ਵਿਚ ਇਸ ਦੀ ਲਗਾਤਾਰ ਹੋਂਦ ਉਨਾਂ ਚਿਰ ਤਕ ਅਮੁਕ ਉਪਰਾਲੇ ਤੇ ਯਤਨਾਂ ਦੀ ਮੰਗ ਕਰਦੀ ਹੈ ਜਦ ਤਕ ਕਿ ਪੂਰਨ ਤੌਰ ਤੇ ਗਲੋਂ ਲਹਿ ਕੇ ਭੂਤ ਕਾਲ ਦੀ ਇਕ ਭੁਲੀ ਵਿਸਰੀ ਕਹਾਣੀ ਨਹੀਂ ਬਣ ਜਾਂਦੀ। ਇਨਾਂ ਸ਼ਰੇਣੀਆਂ ਦੀ ਉਨਤੀ ਦੇ ਪ੍ਰੋਗਰਾਮ ਦਾ ਕੇਂਦਰੀ ਆਸ਼ਾ ਇਨ੍ਹਾਂ ਨੂੰ ਸਾਧਾਰਨ ਪੱਧਰ ਤੇ ਲਿਆਉਣਾ ਅਤੇ ਆਮ ਲੋਕਾਂ ਨਾਲ ਇਨ੍ਹਾਂ ਦੀ ਆਰਥਕ ਤੇ ਭਾਈਚਾਰਕ ਇਕਮਿਕਤਾ ਹੈ। ਅਰੰਭਕ ਤੌਰ ਤੇ ਅਤੇ ਯਥਾਰਥ ਵਿਚ ਇਹ ਮਨੁਖਤਾ ਨਾਲ ਸਬੰਧਿਤ ਮਸਲਾ ਹੈ ਅਤੇ ਸਾਡੀ ਕੌਮੀ ਜ਼ਮੀਰ ਲਈ ਇਕ ਚੈਲੰਜ ਦੇ ਨਿਆਈ ਹੈ। ਆਉ ਆਪਾਂ ਸਾਰੇ ਜੋ ਇਥੇ ਜੁੜੇ ਹਾਂ ਇਸ ਜ਼ੁਮੇਵਾਰੀ ਨੂੰ ਜੋ ਸਾਡੇ ਮੋਢਿਆਂ ਤੇ ਸੌਂਪੀ ਗਈ ਹੈ ਇਸ ਰੋਸ਼ਨੀ ਵਿਚ ਗਹੁ ਨਾਲ ਵਿਚਾਰੀਏ ।"

ਫਿਰ ਇਸ ਤੋਂ ਬਾਅਦ ਰਾਜਾਂ ਦੇ ਵੈਲਫੇਅਰ ਮੰਤਰੀਆਂ ਦੀ ਇਕ ਹੋਰ ਕਾਨਫਰੰਸ ਅਕਤੂਬਰ ਨਵੰਬਰ ਵਿਚ ਹੋਈ। ਇਸ ਕਾਨਫਰੰਸ ਨੂੰ ਸੰਬੋਧਤ ਕਰਦਿਆਂ ਪੰਡਤ ਪੰਤ ਜੀ ਨੇ ਕਿਹਾ. . . .

श्री बलरामजी दास टंडन : मैं आप का ध्यान इस बात की तरफ दिलाना चाहता हूं कि इन को कुछ relevancy के अन्दर रहना चाहिये । एक बार कह दिया कि पंडित जी ने यह कहा है, दूसरी बार कह दिया कि पंत जी ने यह कहा है। इस तरह से बिला जरूरत prolong कर रहे हैं और House का कीमती वक्त जाया हो रहा है। यह ठीक नहीं है।

श्री अध्यक्ष: आप बार २ खड़े हो कर यह कहते हैं कि time जाया कर रहे हैं। ऐसी बात नहीं है। (The Hon. Member has interrupted repeatedly and said that the hon. Minister was wasting the time of the House. It is not so.)

डाक्टर बलदेव प्रकाश : On a point of order, Sir, यह background को बहुत लम्बा कर रहे हैं। इस तरह तो कोई मैम्बर Retrenchment Committee की रिपोर्ट पढ़ कर सुनाने लगेगा कि इस में यह लिखा हुआ है तो क्या हाउस 300, सफे की वह सारी रिपोर्ट सुनेगा ?

श्री अध्यक्ष : उन्होंने कोई irrelevant बात नहीं कही। (He has not said anything irrelevant.)

ਯੋਜਨਾ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਹੋਰ ਵੀ quotations ਦੇਣੀਆਂ ਸਨ ਪਰ ਮੇਰੇ ਵੀਰਾਂ ਨੇ ਇਸ ਗੱਲ ਤੇ ਇਤਰਾਜ਼ ਕੀਤਾ ਹੈ, ਇਸ ਲਈ ਮੈਂ ਇਨ੍ਹਾਂ quotations ਨੂੰ ਛਡਣਾ ਮੰਨ ਲਿਆ ਹੈ। ਮੈਂ ਇਹ ਕਹਿਣ ਲਗਾ ਸਾਂ ਕਿ ਪੰਡਤ ਪੰਤ ਨੇ ਉਸ ਕਾਨਫਰੰਸ ਵਿਚ ਇਹ ਗੱਲ ਆਖੀ ਕਿ ਇਨ੍ਹਾਂ ਸ਼੍ਰੇਣੀਆਂ ਲਈ ਮਕਾਨ ਅਤੇ ਮਕਾਨਾਂ ਲਈ sites ਅਤੇ ਪੀਣ ਦਾ ਪਾਣੀ ਮਹੱਈਆ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਆਰਥਕ ਉੱਨਤੀ ਵਲ ਯਤਨ ਕਰਨਾ ਚਾਹੀਦਾ ਹੈ, ਇਸ ਕਾਨਫਰੰਸ ਦੇ ਅੰਦਰ ਇਹ ਫੈਸਲਾ ਹੋਇਆ ਕਿ ਇਸ ਕੰਮ ਲਈ ਜੋ ਰਕਮ ਦੂਜੇ ਪੰਜ-ਸਾਲਾ ਪਲਾਨ ਵਿਚ ਰਖੀ ਗਈ ਸੀ ਉਸ ਦੀ ਥਾਂ ਤੇ ਤੀਜੀ ਪਲਾਨ ਵਿਚ ਤਿੰਨ ਗੁਣਾਂ ਵਧ ਰਕਮ ਰਖੀ ਜਾਵੇ। ਜੇਕਰ ਇਸ ਤਰ੍ਹਾਂ ਕੀਤਾ ਜਾਂਦਾ ਤਾਂ ਇਹ ਰਕਮ 9 ਕਰੋੜ ਦੀ ਬਣਦੀ ਸੀ ਲੇਕਿਨ ਬਦਕਿਸਮਤੀ ਨਾਲ ਇਹ 9 ਕਰੋੜ ਦੀ ਰਕਮ ਨਾ ਮਿਲ ਸਕੀ ਅਤੇ ਇਸ ਦੀ ਥਾਂ ਤੇ ਕੇਵਲ $2\frac{1}{2}$ ਕਰੋੜ ਦੀ ਰਕਮ ਮਿਲੀ। ਇਸ ਚੀਜ਼ ਦਾ ਫੈਸਲਾ ਇਸ ਲਈ, ਸਪੀਕਰ ਸਾਹਿਬ, ਕੀਤਾ ਗਿਆ ਸੀ ਕਿ ਇਹ ਲੋਕ ਅਖਬਾਰਾਂ ਵਿਚ ਕਈ ਵਾਰੀ ਕਹਿੰਦੇ ਨੇ, ਆਪਣੇ ਲੈਕਚਰਾਂ ਵਿਚ ਕਹਿੰਦੇ ਨੇ ਕਿ ਕਾਂਗਰਸ ਸਰਕਾਰ ਨੇ ਇਹ ਜੋ ਰਕਮ ਰਖੀ ਹੈ ਇਨਾਂ ਨੂੰ ਸਜ਼ਾ ਦੇਣ ਲਈ ਰਖੀ ਹੈ। ਮੇਰਾ ਕਹਿਣਾ ਇਹ ਹੈ ਕਿ ਇਹ ਗੱਲ ਅੱਜ ਦੀ ਨਹੀਂ ਚਿਰਾਂ ਤੋਂ ਚਲੀ ਆ ਰਹੀ ਹੈ ਅਤੇ ਇਸ ਤਰ੍ਹਾਂ ਸਜ਼ਾ ਦਾ ਇਲਜ਼ਾਮ ਲਗਾਣਾ ਨਵਾਂ ਅਤੇ ਗ਼ਲਤ ਇਲਜ਼ਾਮ ਹੈ।

ਸੋ ਜੋ ਰਕਮ ਮੁਹੱਈਆ ਕੀਤੀ ਗਈ ਉਹ $2\frac{1}{2}$ ਕਰੋੜ ਸੀ, 9 ਕਰੋੜ ਨਹੀਂ ਸੀ ਇਸ ਲਈ ਵਧ ਰਕਮ ਦੀ ਲੋੜ ਸੀ।

ਦੂਜਾ ਇਹ ਕਿ ਪਹਿਲਾਂ ਦਸ ਸਾਲਾਂ ਲਈ scheduled castes ਨੂੰ reservation ਦਿਤੀ ਗਈ ਫਿਰ ਦੂਜੀ ਵੇਰ ਦਸ ਸਾਲਾਂ ਲਈ reservation ਦਿਤੀ ਗਈ। ਇਹ ਕਿਉਂ ਦੂਜੀ ਵੇਰ reservation ਦਿਤੀ ਗਈ ? ਇਸ ਲਈ ਕਿ ਜਿਸ ਕਾਰਜ ਦੇ ਕਰਨ ਲਈ ਪਹਿਲੀ ਵੇਰ ਇਨ੍ਹਾਂ ਸ਼੍ਰੇਣੀਆਂ ਨੂੰ reservation ਦਿਤੀ ਗਈ ਸੀ ਉਹ ਸਿਰੇ ਨਹੀਂ ਸੀ ਚੜ੍ਹਿਆ। ਹਾਲਾਤ ਤਸੱਲੀ-ਬਖਸ਼ ਨਹੀਂ ਸਨ ਕੀਤੇ ਜਾ ਸਕੇ, ਇਸ ਲਈ ਉਨ੍ਹਾਂ ਦੀ ਮਦਦ ਹੋਣੀ ਚਾਹੀਦੀ ਸੀ। ਇਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਨੂੰ ਦੂਜੀ ਵੇਰ ਹੋਰ ਦਸ ਸਾਲ ਲਈ reservation ਦਿਤੀ ਗਈ। ਅਤੇ ਇਹ ਤਵੱਕੋ ਕੀਤੀ ਗਈ ਹੈ ਕਿ ਇਨ੍ਹਾਂ ਦਸ ਸਾਲਾਂ ਦੇ ਅਰਸੇ ਅੰਦਰ ਉਨ੍ਹਾਂ ਦੀ ਹਾਲਤ ਸਵਾਰੀ ਜਾਏਗੀ। ਅਤੇ ਉਨ੍ਹਾਂ ਨੂੰ general population ਦੇ level ਤੇ ਪਹੁੰਚਾ ਦਿਤਾ ਜਾਵੇਗਾ। ਅਤੇ ਇਸ reservation ਦੀ ਫਿਰ ਜ਼ਰੂਰਤ ਨਾ ਪਏਗੀ ਜੇਕਰ ਇਨ੍ਹਾਂ ਦੀ ਹਾਲਤ ਨੂੰ ਬਿਹਤਰ ਬਣਾਉਣ ਲਈ ਉਚੇਚੇ ਯਤਨ ਨਾ ਕੀਤੇ ਜਾਣ। ਪਹਿਲੀ ਵੇਰ ਦਸ ਸਾਲ ਦਾ ਸਮਾਂ ਚਲਾ ਗਿਆ, ਉਨ੍ਹਾਂ ਦੇ ਹਾਲਾਤ ਠੀਕ ਨਾ ਹੋਏ। ਇਸ ਲਈ

[ਯੋਜਨਾ ਮੰਤਰੀ]

ਮਿਆਦ ਵਧਦੀ ਰਹੀ। ਇਸ ਲਈ ਵਖਰੀ ਰਕਮ ਖਰਚ ਕਰਨ ਦਾ ਮੁੱਦਾ ਸੀ ਤਾਂ ਜੋ ਸਾਰੀ population ਦੀ integration ਹੋ ਜਾਏ।

ਇਥੇ ਅੰਮ੍ਰਿਤਸਰ ਦੇ ਇਕ ਮੈਂਬਰ ਨੇ ਇਹ ਦਲੀਲ ਦਿਤੀ ਸੀ ਕਿ ਜੇਕਰ ਰੁਪਿਆ ਜ਼ਿਆਦਾ ਲੋੜ ਹੈ ਤਾਂ D. C. ਅਤੇ ਪੁਲਿਸ ਕਪਤਾਨ ਦੀਆਂ ਕੋਠੀਆਂ ਦਾ ਕਿਰਾਇਆ 'ਨਾ ਭਰਿਆ ਜਾਵੇ। ਉਨ੍ਹਾਂ ਨੇ ਇਕ ਸਵਾਲ ਵੀ ਪੁਛਿਆ ਸੀ ਕਿ ਹਰ ਸਾਲ ਲੱਖਾਂ ਰੁਪਏ ਕਿਰਾਇਆ ਭਰਨ ਦੀ ਥਾਂ ਇਕੋ ਵੇਰ ਇੱਕਠੀ ਰਕਮ ਖਰਚ ਕੇ ਉਨ੍ਹਾਂ ਲਈ ਸਰਕਾਰ ਕੋਠੀਆਂ ਕਿਉਂ ਨਹੀਂ ਬਣਾ ਲੈਂਦੀ ਤਾਂ ਜੋ ਬਾਰ-ਬਾਰ ਇਸ ਤਰ੍ਹਾਂ ਕਿਰਾਏ ਦੀ ਰਕਮ ਨਾ ਭਰਨੀ ਪਏ। ਮੈਂ, ਸਪੀਕਰ ਸਾਹਿਬ, ਉਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ D. Cs. ਦੀਆਂ ਕੋਠੀਆਂ ਦੇ ਮੁਤਅੱਲਕਾ ਜੋ ਉਨ੍ਹਾਂ ਮਿਸਾਲ ਦਿਤੀ ਹੈ ਹੂਬਹੂ ਇਸ ਕੇਸ ਵਿਚ ਜੁੜਦੀ ਹੈ। ਕਿ ਬਜਾਏ ਦੋ ਦੋ ਕਰੋੜ ਦੇਣ ਦੇ ਜਾਂ ਇਸ ਤਰ੍ਹਾਂ ਥੋੜ੍ਹੀ ਥੋੜ੍ਹੀ ਰਕਮ ਰਖਣ ਦੇ ਜੋ ਪੰਜ ਸਾਲਾਂ ਵਿਚ ਖਰਚ ਕੀਤੀ ਜਾਣੀ ਹੈ ਇਕੋ ਵੇਰ ਹੀ ਰਕਮ ਰਖ ਦਿਤੀ ਜਾਵੇ ਤਾਂ ਜੋ ਇਨ੍ਹਾਂ ਦੀ dissatisfaction ਦੂਰ ਹੋ ਜਾਵੇ, ਇਨ੍ਹਾਂ ਸ਼੍ਰੇਣੀਆਂ ਦੀ ਛੂਤ-ਛਾਤ ਦੂਰ ਹੋ ਜਾਵੇ ਅਤੇ ਇਕੋ ਵੇਰ ਹੀ ਸਭ ਕੁਝ ਬਣਾ ਦਿਤਾ ਜਾਵੇ। ਸਾਡਾ ਯਤਨ ਇਹ ਹੈ ਕਿ ਇਨ੍ਹਾਂ ਲਈ ਕੋਠੀ ਇਕੋ ਵੇਰ ਹੀ ਬਣਾ ਦਿਤੀ ਜਾਵੇ ਤਾਂ ਜੋ ਬਾਰ ਬਾਰ ਖਰਚ ਨਾ ਕਰਨਾ ਪਏ। ਅਤੇ ਬਾਰ ਬਾਰ ਟੈਕਸ ਨਾ ਲਗਾਣੇ ਪੈਣ। ਜੇਕਰ ਤੁਸੀਂ ਖੁਸ਼ਅਸਲੂਬੀ ਨਾਲ ਦਿਉ ਤਾਂ ਕੋਠੀ ਬਣ ਜਾਏਗੀ। ਢਾਈ ਕਰੋੜ ਦੀ ਜੋ ਰਕਮ ਮਨਜ਼ੂਰ ਹੋਈ ਹੈ ਇਹ ਤਾਂ ਇਕ ਯਤਨ ਹੈ,ਇਕ ਨਿਮਾਣਾ ਯਤਨ ਹੈ ਜੋ ਅਸੀਂ ਅਗਲੇ ਪੰਜ ਵਰਿਆਂ ਵਿਚ ਕਰਨਾ ਹੈ। ਇਸ ਬਿਲ ਦੇ ਬਣਾਉਣ ਨਾਲ ਇਹ ਵੇਖਿਆ ਗਿਆ ਹੈ ਕਿ ਆਉਂਦੇ ਪੰਜਾਂ-ਸਾਲਾਂ ਵਿਚ ਘਰ ਬਣਾਉਣ ਲਈ ਜਿਤਨੇ ਲਖ ਰੁਪਿਆ ਹਾਸਿਲ ਹੁੰਦਾ ਹੈ ਇਸ ਨਾਲ 4,710 ਘਰ ਪੰਜ ਵਰ੍ਹਿਆਂ ਵਿਚ ਬਣ ਸਕਣਗੇ। ਇਨ੍ਹਾਂ ਵਿਚੋਂ 217 ਘਰ ਵਿਮੁਕਤ ਜਾਤੀਆਂ ਲਈ ਬਣਾ ਸਕਾਂਗੇ। ਜੇਕਰ ਜ਼ਮੀਨ ਦੇਈਏ ਤਾਂ ਜਿੰਨਾ ਰੁਪਿਆ ਮੁਹੱਈਆ ਕੀਤਾ ਗਿਆ ਹੈ ਇਸ ਨਾਲ 4 ਹਜ਼ਾਰ ਆਦਮੀਆਂ ਨੂੰ ਪੰਜ ਸਾਲਾਂ ਵਿਚ ਜ਼ਮੀਨ ਦਿਤੀ ਜਾ ਸਕਦੀ ਹੈ।

ਸਰਦਾਰ ਗੁਰਨਾਮ ਸਿੰਘ: ਇਨ੍ਹਾਂ ਦੀ population ਕਿਤਨੀ ਹੈ ?

ਯੋਜਨਾ ਮੰਤਰੀ : ਮੈਨੂੰ ਠੀਕ ਅੰਕੜੇ ਤਾਂ ਯਾਦ ਨਹੀਂ ਪਰ 30 ਅਤੇ 40 ਲਖ ਦੇ ਦਰਮਿਆਨ ਹੈ। ਮੇਰਾ ਕਹਿਣਾ ਇਹ ਹੈ ਕਿ ਇਸ ਟੈਕਸ ਨਾਲ ਵੀ ਕੰਮ ਨਹੀਂ ਬਣਨਾ। ਜੇਕਰ ਇਹ ਆਪ ਹੀ ਇਹ ਫੈਸਲਾ ਕਰ ਲੈਣ ਕਿ ਕਿਸੇ ਹੋਰ ਤਰ੍ਹਾਂ ਰਕਮ ਦੇਣੀ ਹੈ ਤਾਂ ਮੈਂ ਨਾ ਮੰਨਾ ਤਾਂ ਕਹਿਣ। ਜੋ ਉਹ ਦਲੀਲਾਂ ਦਿੰਦੇ ਹਨ ਉਹ ਕਾਰਗਰ ਨਹੀਂ ਹੋ ਸਕਦੀਆਂ।

ਸਪੀਕਰ ਸਾਹਿਬ, ਇਨ੍ਹਾਂ ਸ਼੍ਰੇਣੀਆਂ ਲਈ ਪਾਣੀ ਮੁਹੱਈਆ ਕਰਨ ਲਈ 6½ ਲੱਖ ਰੁਪਏ ਦੀ ਰਕਮ ਦੂਜੀ ਪਲਾਨ ਵਿਚ ਰਖੀ ਗਈ ਸੀ ਪਰ ਤੀਜੀ ਵਿਚ ਪੰਜ ਲਖ ਰਖੀ ਗਈ ਹੈ। ਇਸ ਨਾਲ ਹਰੀਜਨਾਂ ਨੂੰ ਮਾਕੂਲ ਮਦਦ ਨਹੀਂ ਮਿਲਦੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਗਰੀਬਾਂ ਦੀ ਮਦਦ ਕਰਨ ਦੀ ਭਾਵਨਾ ਹਰ ਇਕ ਪਾਸ ਹੋਣੀ ਚਾਹੀਦੀ ਹੈ। ਅਤੇ ਇਨ੍ਹਾਂ ਦੇ ਹਾਲਾਤ ਬਦਲਣ ਲਈ ਉਪਾ ਕਰਨਾ ਚਾਹੀਦਾ ਹੈ। ਮੈਂ ਇਹ ਸਮਝਦਾ ਹਾਂ ਕਿ ਇਸ ਦੇਸ਼ ਦੀ ਕਿਸਮਤ ਨੂੰ ਬਦਲਣ ਲਈ ਇਸ ਤੇ ਪਏ ਛੂਤ-ਛਾਤ ਦੇ ਧਬੇ ਨੂੰ ਲਾਹ ਦੇਣ ਲਈ ਅਤੇ ਇਨ੍ਹਾਂ ਸ਼੍ਰੇਣੀਆਂ ਨੂੰ general public ਨਾਲ integrate ਕਰਨ ਲਈ ਇਸ ਬਿਲ ਦੀ ਲੋੜ ਹੈ। ਜਿਹੜੇ ਲੋਕੀ ਗਰੀਬਾਂ ਦਾ ਭਲਾ ਨਹੀਂ ਕਰ ਸਕਦੇ, ਗਰੀਬਾਂ ਦਾ ਟੱਬਰ ਨਹੀਂ ਪਾਲ ਸਕਦੇ, ਰੋਟੀ ਵੰਡ ਕੇ ਨਹੀਂ ਖਾਂਦੇ ਉਨ੍ਹਾਂ ਦਾ ਤਾਂ ਠੀਕ ਹੈ ਕਿ ਭਲਾ ਨਹੀਂ ਹੋ ਸਕਦਾ ਪਰ ਜਿਹੜੇ ਗਰੀਬਾਂ ਦਾ ਭਲਾ ਕਰਦੇ ਹਨ, ਗਰੀਬਾਂ ਦੇ ਟੱਬਰ ਪਾਲਦੇ ਅਤੇ ਰੁੱਖੀ ਮਿਸੀ ਰੋਟੀ ਵੰਡ ਕੇ ਖਾਂਦੇ ਹਨ, ਉਨ੍ਹਾਂ ਦਾ ਬੁਰਾ ਕਿਸ ਤਰ੍ਹਾਂ ਹੋ ਸਕਦਾ ਹੈ ?

ਇਕ ਗੱਲ ਏਥੇ ਇਹ ਵੀ ਕਹੀ ਗਈ ਕਿ ਹਰੀਜਨਾਂ ਅਤੇ ਗੈਰ-ਹਰੀਜਨਾਂ ਦਾ ਆਪਸ ਵਿੱਚ ਝਗੜਾ ਪੈਦਾ ਕਰਨ ਲਈ ਇਹ ਸਾਰੀ ਚੀਜ਼ ਕੀਤੀ ਜਾ ਰਹੀ ਹੈ। ਮੈਂ ਅਰਜ਼ ਕਰਾਂ ਸਾਰੀ ਗੱਲ ਤਾਂ ਉਨ੍ਹਾਂ ਦੇ ਭਲੇ ਲਈ ਕੀਤੀ ਜਾ ਰਹੀ ਹੈ। ਝਗੜਾ ਤਾਂ ਤਦ ਪਵੇ ਜੇ ਕੋਈ ਗੱਲ ਉਨ੍ਹਾਂ ਦੇ ਹਿਤ ਦੇ ਵਿਰੁਧ ਕੀਤੀ ਜਾਵੇ। ਜੋ ਕੁਝ ਹੋਣਾ ਹੈ ਉਹ ਉਨ੍ਹਾਂ ਦੇ ਭਲੇ ਲਈ ਹੋਣਾ ਹੈ ਇਸ ਲਈ ਇਹ ਦੇ ਨਾਲ ਕੋਈ ਫਰਕ ਨਹੀਂ ਪੈਣਾ। ਜ਼ਿਆਦਾ ਨਾ ਕਹਿੰਦਾ ਹੋਇਆ ਮੈਂ ਇਤਨਾ ਹੀ ਕਹਾਂਗਾ ਕਿ ਹਰ ਉਚ ਜਾਤੀ ਦੇ ਆਦਮੀ ਨੂੰ ਆਪਣਾ ਫਰਜ਼ ਤੇ ਧਰਮ ਸਮਝਣਾ ਚਾਹੀਦਾ ਹੈ ਕਿ ਉਹ ਹਰੀਜਨ ਭਰਾਵਾਂ ਦੀ ਵੱਧ ਤੋਂ ਵੱਧ ਇਮਦਾਦ ਕਰੇ ਅਤੇ ਆਪਣੇ ਬਰਾਬਰ ਲਿਆਉਣ ਦੀ ਕੋਸ਼ਿਸ਼ ਕਰੇ।

Mr. Speaker : Motion moved—

That the Punjab Temporary Taxation Bill be taken into consideration at once.

Comrade Shamsher Singh Josh (Rupar) : Sir, I beg to move—

That the Punjab Temporary Taxation Bill, 1962, be circulated for eliciting public opinion thereon by the 31st October, 1962.

I also beg to move—

That the Punjab Temporary Taxation Bill, be referred to a Select Committee consisting of—

(1) Sardar Ajmer Singh, Revenue Minister,

(2) Comrade Harnam Singh Chamak.

(3) Sardar Gurnam Singh

(4) Baboo Bachan Singh,

(6) Sardar Hari Singh.

(5) Sardar Kulbir Singh,

(7) Shri Banwari Lal, and

(8) Comrade Shamsher Singh Josh.

with a direction to make a report by the 30th October, 1962.

ਸਪੀਕਰ ਸਾਹਿਬ, ਗਿਆਨੀ ਜੀ ਨੇ ਇਹ ਜਿਹੜਾ ਹਰੀਜਨਾਂ ਦੀ ਭਲਾਈ ਵਾਸਤੇ Taxation ਦਾ ਬਿਲ ਲਿਆਂਦਾ ਹੈ ਮੈਂ ਇਸ ਨੂੰ welcome ਕਰਦਾ ਹਾਂ। ਮੈਂ ਅਤੇ ਮੇਰੇ ਦੋਸਤ ਇਸ ਗਲ ਨਾਲ ਪੂਰੀ ਤਰ੍ਹਾਂ ਸਹਿਮਤ ਹਨ ਕਿ ਹਰੀਜਨ ਜਿਹੜੇ ਸਮਾਜ ਦੀ ਮੇਹਰਬਾਨੀ ਨਾਲ ਸਦੀਆਂ ਤੋਂ ਪਛਾੜੇ ਹੋਏ ਹਨ, ਜਿਨ੍ਹਾਂ ਨੂੰ ਸਦੀਆਂ ਤੋਂ ਸਮਾਜ ਨੇ ਦੁਰਕਾਰਿਆ ਹੈ, ਸਾਡਾ ਫਰਜ਼ ਹੈ ਕਿ ਅਸੀਂ ਉਨ੍ਹਾਂ ਨੂੰ ਆਪਣੇ ਬਰਾਬਰ ਲਿਆਈਏ, ਉਨ੍ਹਾਂ ਦੀ ਸਮਾਜਕ ਆਰਥਕ ਉਨੰਤੀ ਕਰੀਏ। ਇਨ੍ਹਾਂ ਦੀ ਬੇਹਤਰੀ ਲਈ ਕੋਈ ਵੀ ਸਰਕਾਰ ਜੇ ਐਸੇ ਕਦਮ ਲਿਆਵੇਗੀ ਤਾਂ ਅਸੀਂ ਇਸ ਦਾ ਸੁਆਗਤ ਕਰਾਂਗੇ। ਪਰ ਅਸੀਂ ਇਸ ਬਿਲ ਨੂੰ Select Committee ਦੇ ਹਵਾਲੇ ਕਰਨ ਦਾ ਪ੍ਰਸਤਾਵ ਲਿਆਂਦਾ ਹੈ, ਉਹ ਇਸ ਲਈ ਕਿ ਜਿਨ੍ਹਾਂ ਸਾਧਨਾਂ ਦਾ ਗਿਆਨੀ ਜੀ ਨੇ ਜ਼ਿਕਰ ਕੀਤਾ ਹੈ ਕਿ ਇਨ੍ਹਾਂ ਰਾਹੀਂ 8 ਕਰੋੜ ਦੀ ਬਚਤ ਹੋਵੇਗੀ ਅਸੀਂ ਇਨ੍ਹਾਂ ਦਾ ਵਿਰੋਧ ਕਰਦੇ ਹਾਂ, ਇਸ ਦੀ ਬਜਾਏ ਹੋਰ ਸਾਧਨ ਐਸੇ ਹਨ ਜਿਨ੍ਹਾਂ ਤੋਂ 8 ਕਰੋੜ ਦੀ ਬਜਾਏ ਹੋਰ ਕਈ ਕਰੋੜ ਰੁਪਿਆ ਇਕਠਾ ਕੀਤਾ ਜਾ ਸਕਦਾ ਹੈ। ਅਤੇ ਹਰੀਜਨਾਂ ਦਾ ਭਲਾ ਕੀਤਾ ਜਾ ਸਕਦਾ ਹੈ। ਇਹ ਕਿਹੜੇ sources ਹਨ ਜਿਨ੍ਹਾਂ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਰਾਹੀਂ ਇਹ ਪੈਸਾ ਇਕਠਾ ਕੀਤਾ ਜਾ ਸਕਦਾ ਹੈ, ਉਨ੍ਹਾਂ ਦਾ ਮੈਂ ਏਥੇ ਵਿਸਥਾਰ ਨਾਲ ਜ਼ਿਕਰ ਕਰਨਾ ਚਾਹੁੰਦਾ ਹਾਂ ਅਤੇ ਜਿਹੜੀ ਮੇਰੀ Select Committee ਦੀ ਤਜਵੀਜ਼ ਹੈ ਉਹ Committee ਵੀ ਇਸ ਤੇ ਗੌਰ ਨਾਲ ਵਿਚਾਰ ਕਰੇਗੀ। ਇਸ ਲਈ ਮੈਂ ਇਹ motion ਲਿਆ ਰਿਹਾ ਹਾਂ। ਇਕ ਗਲ ਹੋਰ ਜਿਹੜੀ ਇਸ ਬਿਲ ਵਿਚ ਤਜਵੀਜ਼ ਕੀਤੀ ਗਈ ਹੈ, ਮੈਂ ਨਹੀਂ ਸਮਝਦਾ ਕਿ ਇਨ੍ਹਾਂ ਦਾ ਭਾਵ ਕੀ ਹੈ। ਸਾਡਾ ਪੰਜਾਬ ਤਾਂ ਪਹਿਲਾਂ ਹੀ ਆਰਥਕ ਤੌਰ ਤੇ, religious ਤੌਰ ਤੇ ਅਤੇ ਸਮਾਜਕ ਤੌਰ ਤੇ ਅਤੇ social ਤੌਰ ਤੇ ਵੰਡਿਆ ਹੋਇਆ ਹੈ, ਅਜ ਇਹ ਇਕ ਹੋਰ ਨਵਾਂ tax ਲਿਆ ਕੇ ਲੋਕਾਂ ਨੂੰ ਹਰੀਜਨ ਅਤੇ ਗੈਰ-ਹਰੀਜਨਾਂ ਵਿਚ ਵੀ ਵੰਡਣਾ ਚਾਹੁੰਦੇ ਹਨ। ਇਨ੍ਹਾਂ ਵਿਚ ਇਸ ਟੈਕਸ ਰਾਹੀਂ ਇਕ ਨਵੀਂ ਤਮੀਜ਼ ਪੈਦਾ ਕਰਨਾ ਚਾਹੁੰਦੇ ਹਨ। ਹਰੀਜਨਾਂ ਵਿਚ ਜਿਨ੍ਹਾਂ ਦੇ ਭਲੇ ਲਈ tax ਲਾਉਂਦੇ ਹਨ, ਪ੍ਰਿਥਵੀ ਸਿੰਘ ਆਜ਼ਾਦ ਅਤੇ ਮਾਸਟਰ ਗੁਰਬੰਤਾ ਸਿੰਘ ਵਰਗੇ ਬੰਦੇ ਮੌਜੂਦ ਹਨ ਜਿਹੜੇ ਹਰੀਜਨਾਂ ਵਿਚ ਵੀ ਇਕ ਅਮੀਰ ਤਬਕੇ ਦੇ ਬੰਦੇ ਅਤੇ ਧਨਾਡ ਕਹੇ ਜਾ ਸਕਦੇ ਹਨ। ਇਸ ਲਈ ਜੋ ਪੈਸਾ ਹਰੀਜਨ ਤਬਕੇ ਲਈ ਰਖਿਆ ਜਾਣਾ ਹੈ ਇਸ ਦਾ ਫਾਇਦਾ ਹਰੀਜਨ ਭਰਾਵਾਂ ਨੂੰ ਨਹੀਂ ਹੋਣਾ ਅਤੇ ਜੇ ਇਹ ਹੋਣਾ ਹੈ ਤਾਂ ਇਸ ਤਰ੍ਹਾਂ ਦੇ ਵਡੇ ਵਡੇ ਆਦਮੀਆਂ ਨੂੰ ਹੀ ਹੋਣਾ ਹੈ, ਅਮੀਰ ਤਬਕੇ ਨੂੰ ਹੋਣਾ ਹੈ, ਹੋਰ ਇਸ ਤੋਂ ਕੋਈ ਵੀ ਫਾਇਦਾ ਨਹੀਂ ਉਠਾ ਸਕਣਗੇ। ਇਹ ਬਿਲ ਲੋਕਾਂ ਦੀ ਵੰਡ ਕਰੇਗਾ। ਸਪੀਕਰ ਸਾਹਿਬ, ਇਨ੍ਹਾਂ ਦੀ ਮੇਹਰਬਾਨੀ ਨਾਲ ਹਰੀਜਨਾਂ ਔਰ ਜ਼ਿਮੀਂਦਾਰਾਂ ਦੇ ਤਅੱਲੁਕਾਤ ਖਰਾਬ ਹੋਏ ਹਨ, ਦਿਹਾਤੀਆਂ ਔਰ ਸ਼ਹਿਰੀਆਂ ਵਿਚ ਤਮੀਜ਼ ਪੈਦਾ ਹੋਈ ਹੈ ਅਤੇ ਹੁਣ ਇਹ ਇਕ ਨਵਾਂ ਵਿਤਕਰਾ ਹਰੀਜਨਾਂ ਅਤੇ ਗੈਰ ਹਰੀਜਨਾਂ ਦਾ ਪਾਉਣਾ ਚਾਹੁੰਦੇ ਹਨ। ਜੇ ਇਹ ਹਰੀਜਨਾਂ ਦਾ ਭਲਾ ਹੀ ਕਰਨਾ ਚਾਹੁੰਦੇ ਹਨ ਤਾਂ ਸਿਧੇ ਤਰੀਕੇ ਲਿਆਉਣ। ਇਸ ਤਰ੍ਹਾਂ ਏਧਰੋਂ ਓਧਰੋਂ ਕਰਕੇ ਲੋਕਾਂ ਨੂੰ taxes ਦੇਣ ਲਈ ਮਜਬੂਰ ਕਰਨਾ ਮੈਂ ਸਮਝਦਾ ਹਾਂ ਕਿ ਇਹ ਇਕ ਆਖਰੀ ਤਿਨਕਾ taxes ਦਾ camel ਦੀ back ਤੇ ਰਖਿਆ ਜਾ ਰਿਹਾ ਹੈ ਇਹ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਹੁਣ ਇਹ tax ਲਾਉਂਦੇ ਹਨ ਆਪਣੇ ਵਾਸਤੇ ਅਤੇ ਹਰੀਜਨਾਂ ਨੂੰ ਇਸ ਦੇ ਨਤੀਜੇ ਭੁਗਤਣ ਵਾਸਤੇ ਅਗੇ ਲਾਉਂਦੇ ਹਨ। ਹਰੀਜਨ ਰੂਪੀ ਗਊ ਨੂੰ ਅਗੇ ਲਾ ਕੇ ਇਹ ਆਪਣਾ ਕੰਮ ਕਢਣਾ ਚਾਹੁੰਦੇ ਹਨ। ਖਰਚ ਕਰਨ ਦਾ ਜਦੋਂ ਸਵਾਲ ਆਉਂਦਾ ਹੈ ਤਾਂ ਇਨ੍ਹਾਂ ਦੀ ਪਰਵਾਹ ਨ ਕਰਦਿਆਂ ਹੋਇਆਂ ਵਜ਼ੀਰਾਂ ਦੀ ਫੌਜ ਭਰਤੀ ਹੋ ਜਾਂਦੀ ਹੈ, ਲੜਾਈ ਝਗੜੇ ਭੁਗਤਣ ਲਈ ਹਰੀਜਨਾਂ ਨੂੰ ਅਗੇ ਲਾਇਆ ਜਾਂਦਾ ਹੈ। ਇਹ ਇਕ ਨਵੇਂ ਕਿਸਮ ਦਾ tax ਹੈ ਜਿਸ ਦੀ ਮਿਸਾਲ ਕਿਸੇ History ਵਿਚ ਨਹੀਂ ਮਿਲਦੀ, ਹਿੰਦੁਸਤਾਨ ਦੇ ਕਿਸੇ ਹੋਰ ਸੂਬੇ ਵਿਚੋਂ ਨਹੀਂ ਮਿਲਦੀ। ਇਹ ਮਾਣ ਸਰਦਾਰ ਪਰਤਾਪ ਸਿੰਘ ਅਤੇ ਉਸ ਦੀ ਸਰਕਾਰ ਨੂੰ ਹੀ ਹੈ। ਅਜ ਇਹ ਹੋਰ ਕੋਈ ਰਾਹ ਨਾ ਦੇਖਦੇ ਹੋਏ ਚਾਹੁੰਦੇ ਹਨ ਕਿ ਪੰਜਾਬ ਵਿਚ ਹਰੀਜਨ ਔਰ ਗੈਰ-ਹਰੀਜਨ ਦਾ ਸਵਾਲ ਪੈਦਾ ਕੀਤਾ ਜਾਵੇ। ਇਸ ਵਾਸਤੇ, ਸਪੀਕਰ ਸਾਹਿਬ, ਇਹ interest ਹਰੀਜਨਾਂ ਦੀ ਭਲਾਈ ਦਾ ਨਹੀਂ ਬਲਕਿ ਇਸ ਨਾਲੋਂ ਵਧ ਇਨ੍ਹਾਂ ਦਾ ਆਪਣਾ ਹੈ। Communist Party ਤਾਂ ਚਾਹੁੰਦੀ ਹੈ ਕਿ ਸਭ ਨਾਲੋਂ ਵਧ ਇਮਦਾਦ ਹਰੀਜਨਾਂ ਦੀ ਹੋਵੇ। ਪਿਛਲੀ 5 ਸਾਲਾ Plan ਵਿਚ ਜਦੋਂ ਕਾਂਗਰਸ ਸਰਕਾਰ ਨੇ $2\frac{1}{2}$ ਕਰੋੜ ਰੁਪਿਆ ਹਰੀਜਨਾਂ ਦੀ ਭਲਾਈ ਵਾਸਤੇ ਰਖਿਆ ਸੀ ਤਾਂ ਅਸੀਂ ਮੁਤਾਲਬਾ ਕੀਤੀ ਸੀ ਕਿ ਇਹ ਰਕਮ ਥੋੜੀ ਹੈ ਅਤੇ ਇਹ ਘਟ ਤੋਂ ਘਟ 5 ਕਰੋੜ ਰੁਪਏ ਹੋਣੀ ਚਾਹੀਦੀ ਹੈ। ਪੰਜਾਬ ਵਿਚ ਤਿੰਨ ਲੱਖ ਏਕੜ ਨਿਕਾਸੀ ਜ਼ਮੀਨ ਹੈ ਅਤੇ 26 ਲੱਖ ਏਕੜ ਬੰਜਰ ਜ਼ਮੀਨ ਹੈ ਅਤੇ 16 ਲੱਖ ਏਕੜ surplus ਜ਼ਮੀਨ ਹੈ। ਪਰ ਬਜਾਏ ਇਸ ਦੇ ਕਿ ਇਹ ਜ਼ਮੀਨਾਂ ਹਰੀਜਨਾਂ ਨੂੰ ਦਿੱਤੀਆਂ ਜਾਣ ਇਹ ਸਰਕਾਰ ਇਨ੍ਹਾਂ ਨੂੰ ਵੇਚ ਕੇ ਇਸ ਤੋਂ ਮੁਨਾਫਾ ਕਮਾਉਣਾ ਚਾਹੁੰਦੀ ਹੈ। ਜੇਕਰ ਇਨ੍ਹਾਂ ਹਰੀਜਨਾਂ ਦੇ ਪਛੜੇ ਰਹਿਣ ਦੀ ਜ਼ੁਮੇਵਾਰੀ ਹੈ ਤਾਂ ਉਹ ਇਸ ਸਰਕਾਰ ਤੇ ਹੈ ਜਿਹੜੀ ਇਤਨੇ ਅਰਸੇ ਤੋਂ ਹੁਣ ਵੀ ਉਨ੍ਹਾਂ

ਨੂੰ ਉਸੇ ਹਾਲਤ ਵਿੱਚ ਰੱਖਣਾ ਚਾਹੁੰਦੀ ਹੈ। ਉਨ੍ਹਾਂ ਨੂੰ ਇਹ ਛੋਟੀਆਂ ਮੋਟੀਆਂ industries ਦਿੰਦੇ, ਕਾਰਖਾਨੇ ਖੋਲ੍ਹਦੇ, ਪਰ ਇਹ ਪੈਸਾ ਤਾਂ ਦਿੰਦੇ ਹਨ ਵੱਡਿਆਂ ਵੱਡਿਆਂ ਨੂੰ ਅਤੇ tax ਇਨ੍ਹਾਂ ਦੇ ਨਾਉਂ ਤੇ ਲਾਉਂਦੇ ਹਨ। 61 ਕਰੋੜ ਰੁਪਿਆ ਜਿਹੜਾ ਕਿ different schemes ਤੇ ਖਰਚ ਹੋਵੇਗਾ ਉਸ ਵਿੱਚ ਹਰੀਜਨਾਂ ਨੂੰ ਕੀ ਹਿਸਾ ਦਿੱਤਾ ਗਿਆ ਹੈ ? ਪਰ ਜਦੋਂ ਜਬਰੀ ਬੇਗਾਰ ਦਾ ਸਵਾਲ ਪੈਦਾ ਹੁੰਦਾ ਹੈ ਤਾਂ ਜਿਹੜਾ ਹਰੀਜਨ ਬੇਗਾਰ ਨਹੀਂ ਦੇਵੇਗਾ ਉਸ ਨੂੰ 5 ਰੁਪਏ ਇਕ ਦਿਨ ਦਾ ਜੁਰਮਾਨਾ ਹੋ ਜਾਵੇਗਾ। ਇਹ ਹਰੀਜਨਾਂ ਦਾ ਭਲਾ ਕਰਨ ਵਾਲਿਆਂ ਦੀ ਹਾਲਤ ਹੈ; ਸਪੀਕਰ ਸਾਹਿਬ।

Mr. Speaker : Kindly wind up. This is a very important motion.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜੇ ਕੇਵਲ ਇਹ ਹਰੀਜਨਾਂ ਦੀ ਭਲਾਈ ਚਾਹੁੰਦੇ ਹਨ ਤਾਂ 10 ਕਰੋੜ ਰੁਪਏ ਦੀ ਤਜਵੀਜ਼ ਲਿਆਉਣ ਲੇਕਿਨ ਉਹ ਰੁਪਿਆ ਪੰਜਾਬ ਦੇ Consolidated Fund ਦੇ ਵਿੱਚੋਂ ਦਿੱਤਾ ਜਾਵੇ। ਲੋਕਾਂ ਦੇ ਉਤੇ ਹੋਰ ਟੈਕਸ ਲਗਾਉਣੇ ਮੈਂ ਸਮਝਦਾ ਹਾਂ ਬਹੁਤ ਵਡਾ ਧੱਕਾ ਅਤੇ ਬੇਇਨਸਾਫੀ ਹੈ। ਸਪੀਕਰ ਸਾਹਿਬ, ਜਿਹੜੀ Resources and Retrenchment ਕਮੇਟੀ 1957 ਵਿਚ ਬਣੀ ਸੀ ਉਸ ਦੇ ਸਰਦਾਰ ਅਜਮੇਰ ਸਿੰਘ ਅਤੇ ਸ੍ਰੀ ਹਰਬੰਸ ਲਾਲ ਮੈਂਬਰ ਸਨ ਅਤੇ ਸ੍ਰੀ ਦਰਬਾਰੀ ਲਾਲ ਗੁਪਤਾ ਚੇਅਰ-ਮੈਨ ਸਨ। ਜਿਹੜੇ ਦੋ ਮੈਂਬਰ ਸਨ ਉਹ ਅਜ ਵਜ਼ੀਰ ਬਣੇ ਹੋਏ ਹਨ ਅਤੇ ਜਿਹੜੇ ਚੇਅਰਮੈਨ ਸਨ ਉਹ ਪਬਲਿਕ ਸਰਵਿਸ ਕਮੀਸ਼ਨ ਦੇ ਮੈਂਬਰ ਹਨ। ਇਨ੍ਹਾਂ ਨੇ ਜਿਹੜੀਆਂ ਸਿਫਾਰਸ਼ਾਂ ਕੀਤੀਆਂ ਸਨ ਉਨ੍ਹਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਸੀ। ਇਨ੍ਹਾਂ ਨੇ 56 ਮਦਾਂ ਦੇ ਬਾਰੇ ਮਸ਼ਵਰਾ ਦਿੱਤਾ ਸੀ ਔਰ ਕੇਵਲ 6 ਮਦਾਂ ਦੇ ਵਿੱਚੋਂ ਉਨ੍ਹਾਂ ਨੇ ਕਿਹਾ ਸੀ ਕਿ 13 ਕਰੋੜ ਰੁਪਿਆ ਬਚ ਸਕਦਾ ਹੈ ਔਰ ਕੁਲ ਬੱਚਤ ਹਰ ਸਾਲ 18 ਕਰੋੜ ਰੁਪਏ ਦੀ ਹੋ ਸਕਦੀ ਹੈ। ਅਗਰ ਸਰਕਾਰ ਏਸ ਕਮੇਟੀ ਦੀਆਂ ਸਿਫ਼ਾਰਸ਼ਾਂ ਮੰਨ ਲੈਂਦੀ ਤਾਂ ਸਾਡੇ ਸੂਬੇ ਦੇ ਬਹੁਤ ਸਾਰੇ ਕਮ ਸੌਰ ਸਕਦੇ ਸੀ। ਇਸ ਕਰਕੇ ਮੈਨੂੰ ਸਮਝ ਨਹੀਂ ਆਉਂਦੀ ਕਿ ਉਹ ਕਿਹੜੇ ਕਾਰਨ ਹਨ ਜਿਸ ਕਰਕੇ ਸਰਕਾਰ ਨੇ ਨਵੇਂ ਟੈਕਸ ਲਗਾ ਕੇ ਇਤਨੇ ਰੁਪਏ ਦੀ ਮੰਗ ਕੀਤੀ ਹੈ। ਕੀ ਸਰਕਾਰ ਕਮੇਟੀਆਂ ਬਣਾ ਕੇ ਉਨ੍ਹਾਂ ਤੇ ਲੱਖਾਂ ਰੁਪਿਆ ਜ਼ਾਇਆ ਹੀ ਕਰਨਾ ਚਾਹੁੰਦੀ ਹੈ, ਕੀ ਉਨ੍ਹਾਂ ਦੇ ਦਿੱਤੇ ਗਏ ਮਸ਼ਵਰਿਆਂ ਵਲ ਧਿਆਨ ਦੇਣਾ ਇਸ ਦਾ ਫਰਜ਼ ਨਹੀਂ ਹੈ ? ਇਸ ਤੋਂ ਇਲਾਵਾ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੀ ਕਮਊਨਿਸਟ ਪਾਰਟੀ ਨੇ ਵੀ ਏਥੇ proposals ਦਿੱਤੀਆਂ ਸੀ ਜਿਨ੍ਹਾਂ ਤੇ ਅਗਰ ਅਮਲ ਕੀਤਾ ਜਾਂਦਾ ਤਾਂ 78 ਕਰੋੜ ਰੁਪਿਅ ਬਚ ਸਕਦਾ ਸੀ। ਮੋਟੇ ਤੌਰ ਤੇ ਅਸੀਂ ਕਿਹਾ ਸੀ ਕਿ ਵਡੇ ਸਰਕਾਰੀ ਅਫਸਰਾਂ ਦੀ ਤਨਖਾਹ ਹਜ਼ਾਰ ਰੁਪਏ ਤੋਂ ਵਧ ਨਹੀਂ ਹੋਣੀ ਚਾਹੀਦੀ ਅਤੇ ਜਿਹੜੇ ਛੋਟੇ ਕਰਮਚਾਰੀ ਹਨ ਉਨ੍ਹਾਂ ਦੀ ਸੌ ਰੁਪਏ ਮਹੀਨੇ ਤੋਂ ਘਟ ਤਨਖਾਹ ਨਾ ਹੋਵੇ। ਬਾਕੀ ਜਿਹੜੇ ਵਜ਼ੀਰ ਹਨ ਇਹ ਪੰਚ ਸੌ ਰੁਪਿਆ ਮਹੀਨਾ ਲੈਣ। General Administration ਦੇ ਵਿਚ economy ਕਰਕੇ ਇਕ ਕਰੋੜ ਰੁਪਿਆ ਬਚਾਇਆ ਜਾ ਸਕਦਾ ਹੈ। ਏਸੇ ਤਰ੍ਹਾਂ Irrigation, Electricity ਅਤੇ ਹੋਰ ਮਹਿਕ-ਮਿਆਂ ਨੂੰ ਦੇਖਿਆ ਜਾਵੇ ਤਾਂ ਕਰੋੜਾਂ ਰੁਪਿਆ ਬਚਾਇਆ ਜਾ ਸਕਦਾ ਹੈ। Kerala ਦੇ ਵਿਚ ਕਮਿਊਨਿਸਟ ਪਾਰਟੀ ਦੀ ਗੌਰਮੈਂਟ ਨੇ ਲੀਡ ਕੀਤੀ ਸੀ ਜਦਕਿ ਉਥੋਂ ਦੇ ਮੁਖ ਮੰਤਰੀ ਨੇ 550 ਰੁਪਏ ਲੈਣੇ ਪਰਵਾਨ ਕੀਤੇ ਸੀ। ਉਥੇ ਉਨ੍ਹਾਂ ਨੇ ਛੋਟੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਉਣ ਦੇ ਅਤੇ ਵਡਿਆਂ ਅਫਸਰਾਂ ਦੀਆਂ ਤਨਖਾਹਾਂ ਘਟਾਉਣ ਦੇ ਮਤੇ ਪਾਸ ਕੀਤੇ। ਮਗਰ ਇਨ੍ਹਾਂ ਨੂੰ, ਸਪੀਕਰ ਸਾਹਿਬ, ਉਹ ਨਾਗਵਾਰ ਗੁਜ਼ਰੇ। ਇਨ੍ਹਾਂ ਨੇ ਉਥੇ ਫੌਰਨ President ਦਾ ਰਾਜ ਲਾਗੂ ਕਰਨ ਦੀ ਕੀਤੀ। ਮੈਂ ਕਹਿੰਦਾ ਹਾਂ ਕਿ ਜੇ ਇਹ ਗਾਂਧੀ ਜੀ ਦੀ policy ਨੂੰ ਮੰਨਦੇ ਹਨ ਤਾਂ Kerala ਦੀ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਮਿਨਿਸਟਰੀ ਦੀ ਨਕਲ ਕਰਦੇ ਅਤੇ ਲੋਕਾਂ ਦੀ ਭਲਾਈ ਦੇ ਕੰਮ ਕਰਦੇ। ਇਨ੍ਹਾਂ ਨੇ ਇਹ ਬਿਲ ਲਿਆ ਕੇ ਪੰਜਾਬ ਦੇ ਲੋਕਾਂ ਦੇ ਵਿਚ ਫੁਟ ਪਾਉਣ ਦਾ ਜਤਨ ਕੀਤਾ ਹੈ। ਇਸ ਦੇ ਨਤੀਜੇ ਖਤਰਨਾਕ ਨਿਕਲਣਗੇ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਲੀਡਿੰਗ ਅਖਬਾਰਾਂ ਨੇ ਜਿਨ੍ਹਾਂ ਦੇ ਵਿਚ ਟ੍ਰੀਬਿਊਨ, ਮਿਲਾਪ ਅਤੇ ਹਿੰਦ ਸਮਾਚਾਰ ਹਨ ਉਨ੍ਹਾਂ ਨੇ ਇਹ ਲਿਖਿਆ ਹੈ ਕਿ ਅਜ ਜਿਹੜੇ ਟੈਕਸ ਲਾਏ ਜਾ ਰਹੇ ਹਨ ਇਹ ਕਿਸੇ ਤਰੀਕੇ ਦੇ ਨਾਲ ਵੀ ਜਾਇਜ਼ ਨਹੀਂ ਹਨ। ਪੰਜਾਬ ਦੀ ਜਨਤਾ ਪੁਕਾਰ ਪੁਕਾਰ ਕੇ ਇਹ ਕਹਿ ਰਹੀ ਹੈ ਕਿ ਇਹ ਟੈਕਸ ਬਿਲਕੁਲ ਨਾਜਾਇਜ਼ ਹਨ, ਇਹ ਨਹੀਂ ਹੋਣੇ ਚਾਹੀਦੇ। ਲੋਕਾਂ ਨੇ ਇਸ ਬਿਲ ਦੇ ਏਥੇ ਆਉਣ ਤੋਂ ਪਹਿਲੇ ਜਦੋਂ ਮੁਜ਼ਾਹਰੇ ਕੀਤੇ ਤਾਂ ਉਸ ਦਾ ਨਤੀਜਾ ਇਹ ਹੋਇਆ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਦਿਮਾਗ ਕੁਝ ਠਿਕਾਣੇ ਆਇਆ ਤਾਂ ਉਨ੍ਹਾਂ ਨੂੰ ਇਸ ਬਿਲ ਦੇ ਵਿਚ ਕੁਝ ਤਬਦੀਲੀ ਲਿਆਉਣੀ ਪਈ। ਲੇਕਿਨ ਅਸੀਂ ਸਮਝਦੇ ਹਾਂ ਔਰ ਪੰਜਾਬ ਦੀ ਜਨਤਾ ਇਹ ਸਮਝਦੀ ਹੈ ਕਿ ਅਜੇ ਵੀ ਸਾਡੇ ਨਾਲ ਧੱਕਾ ਹੋ ਰਿਹਾ ਹੈ। ਇਸ ਕਰਕੇ ਜੇ ਤੁਸੀਂ ਇਹ ਟੈਕਸਾਂ ਦਾ ਬਿਲ ਪਾਸ ਕਰ ਦਿੱਤਾ ਤੁਸੀਂ ਆਪਣੇ ਲਈ ਤੂਫਾਨ ਬੀਜੋਗੇ। You are sowing wind and you will have to reap whirlwind। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਬਿਲ ਨੂੰ ਵਾਪਿਸ ਲੈ ਲੈਣ ਔਰ ਹਰੀਜਨਾਂ ਲਈ 10 ਕਰੋੜ ਰੁਪਿਆ ਪੰਜਾਬ ਦੇ Consolidated Fund ਵਿੱਚੋਂ ਕਢਣ। ਅਸੀਂ ਉਸ ਦੇ ਵਿਚ ਤੁਹਾਡੀ ਹਮਾਇਤ ਕਰਾਂਗੇ ਕਿਉਂਕਿ ਅਸੀਂ ਵੀ ਹਰੀਜਨਾਂ ਦੀ ਭਲਾਈ ਚਾਹੁੰਦੇ ਹਾਂ।

Mr. Speaker : Motions moved—

That the Punjab Temporary Taxation Bill, 1962, be circulated for eliciting public opinion thereon by the 31st October, 1962.

That the Punjab Temporary Taxation Bill, be referred to a Select Committee consisting of—

(1) Sardar Ajmer Singh, Revenue Minister,

(2) Comrade Harnam Singh Chamak,

(3) Sardar Gurnam Singh,

(4) Baboo Bachan Singh,

(5) Sardar Kulbir Singh,

(6) Sardar Hari Singh,

(7) Shri Banwari Lal, and

(8) Comrade Shamsher Singh Josh.

with a direction to make a report by the 30th October, 1962.

श्री अध्यक्ष : Amendments बहुत आई हैं। बहुत सारे मैम्बरों ने उन पर बोलना है। इस लिये आप थोड़ा सा time लें। इस के बाद ज्ञानी जी ने भी बोलना है। (A large number of amendments have been received and many Members may wish to speak on them. The hon. Members may therefore have a few minutes each, as thereafter the Planning Minister has also to speak in reply.)

डाक्टर बलदेव प्रकाश : On a point of order, Sir. जो amendments आई हैं या जो Select Committee को भेजने की motion है या public में circulation के लिये भेजने की motion है इन तमाम को first stage पर इकटठा ले लिया जाएगा या इन पर अलग अलग बोलने का मौका दिया जाएगा ?

श्री अध्यक्ष: इस में जो नाम है जिस order में इन के notices हमारे पास आए हैं उसी order में उन्हें time दिया जाएगा। (The hon. Members who have given notices of amendments will be given time to speak in the same order in which their notices were received in the Secretariat.) All these amendments will be moved one by one.

श्री बलरामजी दास टंडन: स्पीकर साहिब, मेरा सवाल यह है कि आज तक यही चलता आया है कि first reading के साथ ही साथ public में circulation वाली motion और Select Committee को सौंपने वाली motion take up होती रही हैं। तो क्या आप उसी basis पर अब भी discussion allow कर रहे हैं या पहले उन motions पर discussion होगी और बाद में consideration of the Bill की motion पर discussion होगी ? बेहतर होगा अगर आप इकटठी discussion की इजाज़त दे दें।

श्री अध्यक्ष: जिन की motion for circulation for eliciting public opinion का notice आया है उन के नाम जिस order में हमारे पास आए हैं उन को उसी order में पहले बोलने का मौका दिया जाएगा और इसी तरह से Select Committee को भेजने वाली motion के बारे में किया जाएगा। The hon. Members who have given notices of motion for circulation of the Bill for eliciting the public opinion thereon, will be given time to speak first and in the order in which their notices were received in my Secretariat. After that a similar procedure will be adopted in regard to the motions for referring the Bill to Select Committees.)

श्री बलरामजी दास टंडन : स्पीकर साहिब, आप इस तरह करें कि discussion इकटठी करा लें क्योंकि voting तो अलहदा २ हो ही सकती है।

श्री अध्यक्ष : जिस जिस order में हमारे पास notices आए हैं उसी के मुताबिक यहां consideration होगी। (Consideration of motions would be taken up in the order in which the notices have been received.)

बाबू बचन सिंह : On a point of order, Sir. Circulation की जितनी motions हैं उन सब का principle तो एक ही है लेकिन नामों में फर्क है। तो आप discussion इकटठी करा लें और voting भी इकटठी करा लें।

Mr. Speaker : The amendments will be taken up in the order in which they were received.

Sardar Gurbakhsh Singh (Dhariwal) : Sir, I beg to move—

That the Punjab Temporary Taxation Bill, 1962, be circulated for eliciting public opinion thereon by the 31st July, 1962.

ਮਾਨਯੋਗ ਸਪੀਕਰ ਸਾਹਿਬ ਇਹ ਆਰਜ਼ੀ ਟੈਕਸੇਸ਼ਨ ਬਿਲ ਜਿਸ ਮਨੋਰਥ ਲਈ ਪੇਸ਼ ਕੀਤਾ ਗਿਆ ਹੈ, ਜਿਸ ਦੀ ਵਿਸਥਾਰ ਗਿਆਨੀ ਕਰਤਾਰ ਸਿੰਘ ਹੋਰਾਂ ਨੇ ਬੜੇ ਅਛੇ ਸ਼ਬਦਾਂ ਦੇ ਵਿਚ ਕੀਤੀ ਹੈ ਮੈਂ ਉਸ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਸ ਦਾ ਮਨੋਰਥ ਬੜਾ ਅਛਾ ਹੈ। ਦੁਨੀਆਂ ਦੇ ਵਿਚ ਕੌਣ ਇਨਸਾਨ ਐਸਾ ਹੈ ਜਿਹੜਾ ਇਸ ਗਲ ਦੇ ਹਕ ਵਿਚ ਨਾ ਹੋਵੇ ਕਿ ਪਛੜਿਆਂ ਹੋਇਆਂ ਬੰਦਿਆਂ ਨੂੰ ਉਚਾ ਕੀਤਾ ਜਾਵੇ ਜਾਂ ਉਨ੍ਹਾਂ ਨੂੰ ਸਮਾਜ ਵਿਚ ਦੂਸਰਿਆਂ ਦੇ ਬਰਾਬਰ ਲਿਆਉਣ ਲਈ ਕੋਈ ਰਕਮ ਖਰਚ ਕੀਤੀ ਜਾਵੇ। ਲੇਕਿਨ ਇਸ ਸਵਾਲ ਦੇ ਦੋ ਪਖ ਹਨ—ਇਕ sentimental ਹੈ ਅਤੇ ਦੂਜਾ material ਹੈ। ਜਿਹੜਾ sentimental ਪਖ ਹੈ ਉਸ ਨੂੰ ਗਿਆਨੀ ਜੀ ਨੇ ਬੜੀ ਕਾਮਯਾਬੀ ਦੇ ਨਾਲ ਪੇਸ਼ ਕੀਤਾ ਹੈ। ਮੈਂ 16 ਆਨੇ ਉਸ ਦੇ ਹਕ ਵਿਚ ਹਾਂ। ਲੇਕਿਨ ਉਨ੍ਹਾਂ ਨੇ ਇਸ ਦਾ material ਪਖ ਕਤਈ ਤੌਰ ਤੇ ਸਾਹਮਣੇ ਨਹੀਂ ਆਉਣ ਦਿਤਾ। ਅਸੀਂ ਇਸ ਗਲ ਦੇ ਹਕ ਵਿਚ ਹਾਂ ਕਿ ਤੁਸੀਂ ਹਰੀਜਨਾਂ ਨੂੰ ਉਚਾ ਜ਼ਰੂਰ ਚੁਕੋ ਅਤੇ 10 ਕਰੋੜ ਦੀ ਬਜਾਏ ਬੇਸ਼ਕ 20 ਕਰੋੜ ਰੁਪਿਆ ਇਨ੍ਹਾਂ ਤੇ ਖਰਚ ਕਰੋ। ਲੇਕਿਨ ਅਸੀਂ ਵੇਖਣਾ ਇਹ ਹੈ ਕਿ ਉਹ ਖਰਚ ਤੁਸੀਂ ਕਿਸ ਨੀਅਤ ਨਾਲ ਕਰਦੇ ਹੋ। ਮੈਂ ਕਹਿੰਦਾ ਹਾਂ ਕਿ ਜਿਸ ਦਿਨ ਤੋਂ ਹਿੰਦੁਸਤਾਨ ਆਜ਼ਾਦ ਹੋਇਆ ਹੈ ਉਸ ਦਿਨ ਤੋਂ ਜਿਤਨਾ ਰੁਪਿਆ ਤੁਸੀਂ ਖਰਚ ਕੀਤਾ ਹੈ ਉਸ ਸਾਰੀ ਰਕਮ ਨੂੰ ਇਕਠਾ ਕਰੋ। ਜੇ ਉਹ ਰੁਪਿਆ ਈਮਾਨਦਾਰੀ ਦੇ ਨਾਲ ਤੁਸੀਂ ਹਰੀਜਨਾਂ ਤੇ ਖਰਚ ਕੀਤਾ ਹੁੰਦਾ ਤਾਂ ਹੁਣ ਤਕ ਹਰੀਜਨਾਂ ਦਾ ਮਿਆਰੇ ਜ਼ਿੰਦਗੀ ਉਚਾ ਹੋ ਗਿਆ ਹੁੰਦਾ। ਲੇਕਿਨ ਤੁਸੀਂ ਐਸਾ ਨਹੀਂ ਕੀਤਾ। ਜੇਕਰ ਉਸ ਰੁਪਏ

1.00 p. m.

ਦੀ ਉਨ੍ਹਾਂ ਵਿਚ equal distribution ਕਰ ਦਿੰਦੇ, ਉਸਨੂੰ ਨਾ-ਜਾਇਜ਼ ਇਸਤੇਮਾਲ ਨਾ ਕਰਦੇ, ਉਨ੍ਹਾਂ ਵਿਚ ਵੀ ਇਕ ਧਨਾਢ ਕਲਾਸ ਪੈਦਾ ਨਾ ਕਰਦੇ ਤਾਂ ਹਕੀਕੀ ਤੌਰ ਤੇ ਹਰੀਜਨਾਂ ਦੀ ਭਲਾਈ ਹੋ ਜਾਂਦੀ ਲੇਕਿਨ ਤੁਸੀਂ ਉਨ੍ਹਾਂ ਵਿਚ ਵੀ imperialist ਕਲਾਸ ਪੈਦਾ ਕੀਤੀ ਹੈ ਜਿਹੜੀ ਕਿ ਮਨਿਸਟਰਾਂ, ਡਿਪਟੀ ਮਨਿਸਟਰਾਂ ਦੀ ਹੈ।

ਗ੍ਰਹਿ ਮੰਤਰੀ : ਕੀ ਮਨਿਸਟਰੀਆਂ ਵਿਚ ਵੀ ਉਨ੍ਹਾਂ ਨੂੰ ਨਾ ਲਈਏ ?

ਸਰਦਾਰ ਗੁਰਬਖਸ਼ ਸਿੰਘ : ਮਨਿਸਟਰੀਆਂ ਵਿਚ ਜੀ ਸਦਕੇ ਲਉ ਅਤੇ ਇਸ ਨਾਲੋਂ ਵੀ ਦੁਗਣੇ ਲਉ ਲੇਕਿਨ ਮੈਂ ਤਾਂ ਇਹ ਕਹਿੰਦਾ ਹਾਂ ਕਿ ਤੁਸੀਂ ਇਨ੍ਹਾਂ ਵਿਚ ਵੀ ਇਕ privileged class ਪੈਦਾ ਕਰ ਰਹੇ ਹੋ ਜਿਹੜੀ ਕਿ ਗਰੀਬਾਂ ਦੇ ਨਾਮ ਤੇ ਸਾਰੇ ਫਾਇਦੇ ਉਠਾ ਰਹੀ ਹੈ। ਜਿਤਨੀ ਰਕਮ ਤੁਸੀਂ ਅਜ ਤਕ ਬਜਟਾਂ ਰਾਹੀਂ ਲਈ ਹੈ ਜੇਕਰ ਉਸਨੂੰ ਜਾਇਜ਼ ਤੌਰ ਤੇ ਖਰਚ ਕਰਦੇ ਤਾਂ ਇਹ ਮਸਲਾ ਹਲ ਹੋ ਗਿਆ ਹੁੰਦਾ। ਸਾਡੇ ਚੀਫ ਮਨਿਸਟਰ ਦੀ ਇਕ statement 3 ਮਈ ਦੇ ਟਰਬਿਊਨ ਵਿਚ ਛਪੀ ਹੈ ਜਿਸ ਵਿਚ ਉਨ੍ਹਾਂ ਨੇ ਦਸਿਆ ਹੈ ਕਿ ਕੁਲ 7 ਲਖ families ਹਨ ਪੰਜਾਬ ਵਿਚ ਜਿਨ੍ਹਾਂ ਵਿਚੋਂ 5 ਲਖ ਨੂੰ ਮਕਾਨ ਚਾਹੀਦੇ ਹਨ। ਕੁਲ ਦੋ ਹਜ਼ਾਰ ਰੁਪਿਆ ਫੀ ਘਰ ਖਰਚ ਹੋਵੇਗਾ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਫਰਮਾਇਆ ਕਿ ਇਕ ਅਰਬ ਰੁਪਏ ਦੀ ਜ਼ਰੂਰਤ ਹੈ। ਤੁਸੀਂ ਬਿਲ ਰਾਹੀਂ 8 ਕਰੋੜ ਰੁਪਿਆ ਇਸ ਕੰਮ ਲਈ ਇਸ ਸਾਲ ਵਿਚ ਲੈ ਰਹੇ ਹੋ। ਲੇਕਿਨ ਮੈਂ ਕਹਿੰਦਾ ਹਾਂ ਕਿ ਇਸ ਨਾਲੋਂ ਵੀ ਵਧ ਰੁਪਿਆ ਤੁਹਾਡੇ ਬਜਟ ਵਿਚੋਂ ਨਿਕਲ ਸਕਦਾ ਹੈ। ਚੌਧਰੀ ਲਖੀ ਸਿੰਘ

ਜੀ ਨੇ ਸਾਰਾ ਬਜਟ ਪੜ੍ਹ ਕੇ ਦਸਿਆ ਹੈ ਕਿ ਤੁਸੀਂ ਰਕਮਾਂ ਗਲਤ ਲਿਖੀਆਂ ਹਨ ਅਤੇ ਜੋ ਤੁਸੀਂ ਬਜਟ ਵਿਚ 14 ਲਖ ਦਾ ਘਾਟਾ ਦਸਿਆ ਹੈ ਉਹ ਗਲਤ ਹੈ ਬਲਕਿ ਇਹ ਬਜਟ 5 ਕਰੋੜ ਦਾ surplus ਹੈ। ਜੇਕਰ ਉਹੋ ਰੁਪਿਆ ਤੁਸੀਂ ਹਰੀਜਨਾਂ ਤੇ ਖਰਚ ਕਰ ਦਿਉ ਤਾਂ ਦੋ ਗਲਾਂ ਹੋ ਜਾਣ। ਇਕ ਤਾਂ ਹਰੀਜਨਾਂ ਲਈ funds ਮਿਲ ਜਾਣਗੇ ਅਤੇ ਦੂਜੇ ਜੋ ਤੁਸੀਂ ਆਮ ਲੋਕਾਂ ਦਾ ਖ਼ੂਨ ਚੂਸ ਰਹੇ ਹੋ ਉਸ ਵਿਚ ਵੀ ਨਰਮੀ ਹੋ ਜਾਵੇਗੀ। ਲੇਕਿਨ ਤੁਸੀਂ facts ਨਹੀਂ ਵੇਖਦੇ ਬਲਕਿ sentimental ਗਲਾਂ ਕਰ ਰਹੇ ਹੋ। ਹੁਣ ਨਵੇਂ ਤਰੀਕੇ ਨਾਲ ਇਹ ਚੀਜ਼ ਲਿਆਣ ਦੀ ਕੀ ਲੋੜ ਸੀ ? ਤੁਸੀਂ ਬਜਟ ਵਿਚ ਹੀ ਇਹ provision ਕਰ ਦਿੰਦੇ ਅਤੇ ਜਿਸ ਤਰ੍ਹਾਂ ਅਗੇ ਜਨਰਲ funds provide ਕਰਦੇ ਹੋ ਕਰ ਦਿੰਦੇ, ਪਰ ਤੁਹਾਡੀ ਨੀਅਤ ਸਾਫ ਨਹੀਂ ਹੈ। ਜੋਸ਼ ਸਾਹਿਬ ਨੇ ਤੁਹਾਡੇ ਤੇ ਠੀਕ ਅਲਜ਼ਾਮ ਲਗਾਇਆ ਹੈ ਕਿ ਤੁਹਾਡੀ ਨੀਅਤ ਤਾਂ ਲੋਕਾਂ ਵਿਚ ਝਗੜੇ ਪੈਦਾ ਕਰਨ ਦੀ ਹੈ ਅਤੇ ਹਰੀਜਨ ਨਾਨ-ਹਰੀਜਨ ਦੇ ਵਿਚ ਲੜਾਈ ਝਗੜੇ ਪੈਦਾ ਕਰਨ ਦੀ ਹੈ। ਗਿਆਨੀ ਜੀ ਬੜੇ ਜੋਸ਼ ਨਾਲ Constitution ਪੜ੍ਹ ਕੇ ਸੁਣਾਇਆ ਹੈ। ਮੈਂ ਵੀ ਕਹਿੰਦਾ ਹਾਂ ਕਿ ਇਹ ਮਨੋਰਥ ਬੜਾ ਮੁਤਬੱਰਕ ਹੈ। ਇਹ ਠੀਕ ਹੈ ਕਿ ਜਨਮ ਦੇ ਤੌਰ ਤੇ ਕੋਈ ਪਿਛੜਿਆ ਹੋਇਆ ਨਹੀਂ ਹੋਣਾ ਚਾਹੀਦਾ, ਕਰਮ ਦੇ ਤੌਰ ਤੇ ਬੇਸ਼ਕ ਰਹੇ। ਪਰ ਤੁਸੀਂ ਇਹ ਵੀ ਵੇਖਿਆ ਹੈ ਕਿ ਤੁਸੀਂ ਖ਼ੁਦ ਕੀ ਕਰਨ ਲਗੇ ਹੋ ? ਤੁਸੀਂ ਖ਼ੁਦ ਜਨਮ ਦੇ ਤੌਰ ਤੇ ਲੋਕਾਂ ਵਿਚ ਫਰਕ ਪੈਦਾ ਕਰ ਰਹੇ ਹੋ। ਤੁਸੀਂ ਇਸ ਬਿਲ ਦੇ objects and reasons ਵਿਚ ਇਹ ਲਿਖਿਆ ਹੈ ਕਿ ਸਿਰਫ ਹਰੀਜਨਾਂ ਨੂੰ ਹੀ ਜਾਂ ਜੋ ਹਰੀਜਨ ਦੇ ਘਰ ਪੈਦਾ ਹੁੰਦਾ ਹੈ ਉਸ ਨੂੰ ਹੀ ਇਹ ਇਮਦਾਦ ਦੇਣੀ ਹੈ। ਦੂਸਰੀ ਜਾਤੀ ਦਾ ਬੇਸ਼ਕ ਭੁਖਾ ਮਰਦਾ ਹੋਵੇ ਉਸਤੇ ਇਹ ਰੁਪਿਆ ਖਰਚ ਨਹੀਂ ਕਰਨਾ ਹੈ। ਕੀ ਇਹ ਜਨਮ ਦੇ basis ਤੇ ਤਫ਼ੱਰਕਾ ਪੈਦਾ ਨਹੀਂ ਕੀਤਾ ਜਾ ਰਿਹਾ ? ਕੀ ਤੁਹਾਨੂੰ ਪਿੰਡਾਂ ਦੀ ਹਾਲਤ ਦਾ ਨਹੀਂ ਪਤਾ ? ਜੇਕਰ ਨਹੀਂ ਪਤਾ ਤਾਂ ਮੈਂ ਦਸਦਾ ਹਾਂ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਵੀ 50 ਫੀ ਸਦੀ ਤੋਂ ਵੀ ਵਧ ਆਬਾਦੀ ਗੈਰ ਹਰੀਜਨਾਂ ਦੀ ਐਸੀ ਹੈ ਜਿਸਦੀ ਹਾਲਤ ਹਰੀਜਨਾਂ ਨਾਲੋਂ ਬਹੁਤ ਮਾੜੀ ਹੈ ਲੇਕਿਨ ਤੁਸੀਂ ਜਨਮ ਦੇ ਤੌਰ ਤੇ ਉਨ੍ਹਾਂ ਨਾਲ ਵਿਤਕਰਾ ਕਰ ਰਹੇ ਹੋ। ਤੁਸੀਂ ਖ਼ੁਦ ਵਿਧਾਨ ਦੇ ਹਵਾਲੇ ਦੇ ਕੇ ਵਿਧਾਨ ਦੀਆਂ ਧੱਜੀਆਂ ਉਡਾ ਰਹੇ ਹੋ। ਚੌਧਰੀ ਸੁੰਦਰ ਸਿੰਘ ਦੀ ਕੋਠੀ ਭਾਵੇਂ ਕਿਤਨੀ ਚੰਗੀ ਹੋਵੇ ਅਤੇ ਉਸ ਕੋਲ ਭਾਵੇਂ ਲਖਾਂ ਰੁਪਏ ਹੋਣ ਉਸਨੂੰ ਤੁਹਾਡੇ ਕਹਿਣ ਦੇ ਮੁਤਾਬਕ ਇਹ ਸਾਰੇ ਹਕ ਮਿਲ ਸਕਦੇ ਹਨ ਲੇਕਿਨ ਗੁਰਬਖਸ਼ ਸਿੰਘ ਦੇ ਘਰ ਭਾਵੇਂ ਖਾਣ ਲਈ ਦਾਣਾ ਨਾ ਹੋਵੇ ਪਰ ਉਸਨੂੰ ਕੋਈ ਇਹ ਹਕ ਨਹੀਂ ਮਿਲੇਗਾ। । ਕੀ ਇਸ ਨਾਲੋਂ ਵਧ communalism ਕਿਤੇ ਹੋ ਸਕਦਾ ਹੈ ? (*Interruptions*) ਫੇਰ ਇਸ ਬਿਲ ਵਿਚ ਦੋ ਕਿਸਮ ਦੇ ਅਸੂਲ ਰਖੇ ਹਨ। ਇਕ ਆਬਾਦੀ ਤੇ ਟੈਕਸ ਹੋਰ ਅਸੂਲ ਨਾਲ ਲਗਾਇਆ ਜਾਵੇ ਅਤੇ ਦੂਜੇ ਆਬਾਦੀ ਦੇ ਤਬਕੇ ਤੇ ਕਿਸੇ ਹੋਰ ਅਸੂਲ ਨਾਲ ਲਗਾਇਆ ਜਾਵੇ ਗਾ। ਇਕ ਪਾਸੇ ਤਾਂ ਇਹ ਹਾਲ ਹੈ ਕਿ ਜੇਕਰ ਕੋਈ ਇਕ ਰੁਪਿਆ ਵੀ ਮਾਲੀਆ ਅਦਾ ਕਰਦਾ ਹੈ ਉਸਨੂੰ ਕੋਈ ਛੋਟ ਨਹੀਂ, ਟੈਕਸ ਲਗੇਗਾ, ਲੇਕਿਨ ਦੂਜੇ ਪਾਸੇ 1,800 ਰੁਪਏ ਤਕ ਛੋਟ ਕਰ ਰਹੇ ਹੋ। (*Interruptions*) ਮੈਂ ਸਮਝਦਾ ਹਾਂ ਕਿ ਇਹ 1,800 ਰੁਪਏ ਦੀ ਛੋਟ ਵੀ ਨਾਕਾਫੀ ਹੈ। ਤੁਸੀਂ income tax ਦੀ ਤਰ੍ਹਾਂ ਕਿਉਂ ਨਹੀਂ ਕਰਦੇ ਹੋ ? ਹੇਠਲੀ ਆਮਦਨੀ ਵਾਲੇ ਸਾਰਿਆਂ ਨੂੰ ਛਡੋ ਤੇ ਉਪਰਲਿਆਂ ਨੂੰ ਟੈਕਸ ਕਰੋ ਲੇਕਿਨ ਤੁਸੀਂ ਤਾਂ ਇਕ ਰੁਪਏ ਦੇ ਮਾਲੀਏ ਵਾਲੇ ਨੂੰ ਤਾਂ ਛਡ ਹੀ ਨਹੀਂ ਰਹੇ ਹੋ। ਕੀ ਇਹ ਵਿਤਕਰਾ ਨਹੀਂ ? ਫੇਰ ਇਸ ਵਿਚ ਇਕ ਹੋਰ ਮਾੜੀ ਗਲ ਹੈ ਕਿ 11,500 ਰੁਪਏ ਤੋਂ ਉਪਰ ਭਾਵੇਂ ਕਿਸੇ ਦੀ ਲਖਾਂ ਰੁਪਏ ਆਮਦਨੀ ਹੈ ਉਸ ਤੋਂ 250 ਰੁਪਏ ਤੋਂ ਵਧ ਟੈਕਸ ਨਹੀਂ ਲੈਣਾ ਲੇਕਿਨ ਇਕ ਏਕੜ ਜ਼ਮੀਨ ਵਾਲੇ ਤੋਂ ਤੁਸੀਂ ਡੇਢਾ ਮਾਲੀਆ ਲੈ ਲੈਣਾ ਹੈ, ਉਸ ਨੂੰ ਵੀ ਕੋਈ ਛੋਟ ਨਹੀਂ ਦੇ ਰਹੇ। (ਘੰਟੀ) ਜੇਕਰ ਤੁਸੀਂ income-tax ਵਿਚ ਵੀ ਛੋਟ ਦਿੰਦੇ

[ਸਰਦਾਰ ਗੁਰਬਖਸ਼ ਸਿੰਘ]

ਹੋ ਅਤੇ ਇਸ ਵਿਚ 1,800 ਰੁਪਏ ਤਕ ਛੋਟ ਦੇ ਰਹੇ ਹੋ ਤਾਂ ਘਟੋ ਘਟ ਆਬਾਦੀ ਦੇ ਦੂਜੇ ਤਬਕੇ ਨਾਲ ਵਿਤਕਰਾ ਨਾ ਕਰੋ। ਉਸ ਨੂੰ 10 ਏਕੜ ਵਾਲੇ ਤਕ ਛੋਟ ਦਿਉ। ਇਹ ਠੀਕ ਹੈ ਕਿ ਗਿਆਨੀ ਜੀ ਨੇ ਦਸਿਆ ਹੈ ਕਿ ਟੈਕਸ ਦਾ rate ਘਟਾਇਆ ਹੈ ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਸਾਰੇ ਟੈਕਸਾਂ ਦਾ cummulative effect ਤਾਂ ਵੇਖੋ ਕਿਤਨਾ ਪੈਂਦਾ ਹੈ। ਜਿਸ ਦਾ ਮਾਲੀਆ ਵਧਾਉਣਾ ਹੈ ਉਸ ਦਾ passenger tax ਵੀ ਵਧਿਆ ਹੈ। ਇਹ ਵੀ ਉਸ ਨੇ ਹੀ ਅਦਾ ਕਰਨਾ ਹੈ। ਉਸ ਨੇ ਸੇਲਜ਼ ਟੈਕਸ ਅਦਾ ਕਰਨਾ ਹੈ। ਉਸ ਨੇ ਬਾਕੀ ਟੈਕਸ ਅਦਾ ਕਰਨੇ ਹਨ। ਤਨਖਾਹਦਾਰ ਤਬਕੇ ਨੂੰ ਛਡ ਕੇ ਬਾਕੀਆਂ ਤੇ ਇਸ ਦਾ ਭਾਰ ਕੇਵਲ ਸਵਾਇਆ ਡੂਢਾ ਨਹੀਂ, ਦੂਣੇ ਨਾਲੋਂ ਵੀ ਵਧ ਹੋ ਜਾਂਦਾ ਹੈ। ਇਹ ਟੈਕਸੇਸ਼ਨ ਦੀ ਸਕੀਮ ਨਾਕਸ ਹੈ। ਮੈਂ ਸਮਝਦਾ ਹਾਂ ਕਿ ਕਮ ਅਜ਼ ਕਮ ਐਨਾਂ ਤਾਂ ਜ਼ਰੂਰ ਕਰਨਾ ਚਾਹੀਦਾ ਹੈ ਕਿ public opinion ਤਾਂ ਲਈ ਜਾਵੇ। ਇਸ ਦੇ ਵਿਚ ਕੀ ਮਾੜੀ ਗਲ ਹੈ ? ਇਨ੍ਹਾਂ ਨੇ ਲੋਕਾਂ ਤੇ ਟੈਕਸ ਲਾਉਣਾ ਹੈ, ਉਨ੍ਹਾਂ ਦੀ ਉੱਨਤੀ ਲਈ ਟੈਕਸ ਲਾਉਣਾ ਹੈ। ਮੈਂ ਤਾਂ ਇਹ ਦਸਦਾ ਹਾਂ ਕਿ ਏਸ ਲਈ ਜਿੰਨਾ ਲੈਣਾ ਹੈ ਲਉ, ਮਾੜੀ ਗਲ ਇਹ ਕਰਦੇ ਹੋ ਕਿ disbursement ਦਾ ਤਰੀਕਾ ਮਾੜਾ ਹੈ। ਐਨਾ ਫੰਡ ਅਜ ਤਕ ਇਕਠਾ ਕੀਤਾ ਹੈ। ਜੇ ਇਹ ਸਹੀ ਤਰੀਕੇ ਨਾਲ ਵੰਡ ਕਰ ਲੈਂਦੇ ਤਾਂ ਠੀਕ ਹੁੰਦਾ। ਇਨ੍ਹਾਂ ਨੇ ਦੇਣਾ ਹੈ ਪਹੁੰਚ ਵਾਲਿਆਂ ਨੂੰ। ਚਲੋ ਏਹੀ ਕਹਿ ਲਉ ਕਿ ਮੇਰੇ ਵਰਗੇ ਪਹੁੰਚ ਵਾਲਿਆਂ ਨੂੰ ਮਿਲਣਾ ਹੈ, ਸਾਧਾਰਨ ਆਦਮੀ ਨੂੰ ਨਹੀਂ ਮਿਲਣਾ। ਪੰਡਤ ਹੋਰਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਹੁੰਦਾ ਹੈ। ਮਿਸਾਲ ਲਈ ਸਾਡੇ ਜ਼ਿਲੇ ਵਿਚ ਸਨਅਤ ਲਈ ਕਰਜ਼ੇ ਦਿੰਦੇ ਹਨ ਪਰ ਕਾਂਗਰਸੀ ਬਟਾਲੇ ਤੇ ਗੁਰਦਾਸਪੁਰ ਤੋਂ ਲੈਣ ਲਈ ਆ ਜਾਂਦੇ ਹਨ।

Mr. Speaker: No aspersions please.

ਸਰਦਾਰ ਗੁਰਬਖਸ਼ ਸਿੰਘ : ਇਸ ਨੂੰ balanced ਤਰੀਕੇ ਨਾਲ ਕਰੋ। ਅਗੇ ਹੀ ਅਮੀਰਾਂ ਲਈ ਬੜਾ ਖਰਚ ਹੁੰਦਾ ਹੈ, ਚੰਡੀਗੜ੍ਹ ਵਿਚ ਖਰਚ ਕੀਤਾ ਹੈ। ਇਕੋ ਸਾਹ ਇਹੋ ਜਿਹੇ ਲੋਕ ਫਜ਼ੂਲ ਖਰਚੀ ਕਰੀ ਜਾਂਦੇ ਹਨ। ਸਕੀਮਾਂ ਬਣਾਉ ਤੇ ਇਨ੍ਹਾਂ ਲੋਕਾਂ ਨੂੰ ਮੁਨਾਸਬ ਤੌਰ ਤੇ ਘਰ ਬਣਾ ਕੇ ਵਸਾਉ। ਹੁਣ 8 ਕਰੋੜ ਰੁਪਿਆ ਲੈਣਾ ਹੈ, ਪਿਛੇ ਕਈ ਕਰੋੜ ਲੈ ਚੁਕੇ ਹਨ। ਜਿਸ ਤਰ੍ਹਾਂ ਉਹ ਖੂਹ ਵਿਚ ਗਿਆ ਇਹ ਵੀ ਖੂਹ ਵਿਚ ਜਾਵੇਗਾ। ਇਹ ਵਖੇਵਾਂ ਪਾਉਣ ਵਾਲੀ ਨਾਮੁਨਾਸਬ ਗਲ ਹੈ। ਕਮ ਅਜ਼ ਕਮ ਐਨਾ ਤਾਂ ਜ਼ਰੂਰ ਕਰੋ। ਦੋ ਮਹੀਨੇ ਵਿਚ ਕੀ ਫਰਕ ਪੈ ਜਾਏਗਾ, ਲੋਕਾਂ ਦੀ ਰਾਏ ਲੈ ਲਓ। ਮੈਂ move ਕਰਦਾ ਹਾਂ ਕਿ ਇਹ ਬਿਲ ਲੋਕ ਰਾਏ ਵਾਸਤੇ ਜ਼ਰੂਰ ਤਕਸੀਮ ਕੀਤਾ ਜਾਏ।

Mr. Speaker : Motion moved—

That the Punjab Temporary Taxation Bill, 1962 be circulated for eliciting public opinion thereon by the 31st July, 1962.

Shri Balramji Dass Tandon (Amritsar City, West) : Sir, I beg to move—

That the Punjab Temporary Taxation Bill, 1962, be circulated for eliciting public opinion thereon by the 30th October, 1962.

श्री अध्यक्ष : मेहरबानी करके उन बातों को repeat न करें जो कि पहले कही जा चुकी हैं। (I would request the hon. Member to avoid repetition of arguments already advanced.)

श्री बलरामजी दास टंडन : बहुत अच्छा जी। स्पीकर साहिब, जहां तक इस बिल के उद्देश्य का ताल्लुक है, इस पर कोई दो राएं नहीं हो सकतीं कि हरिजनों और अछूतों का

उद्धार होना चाहिए और उस के लिए जितना रुपया सरकार को चाहिए Opposition के मैम्बर उस से भी ज़्यादा रुपया खर्च करने के हक में होंगे । सवाल यह है कि इस खर्च के लिए रुपया कहां से आए ? House के सामने जो बिल पेश किया गया है उस में कुछ बातें हमारे सामने आई हैं । जो original बिल है उस के मुताबिक 50 रुपए माहवार आमदनी वाले शख्स पर भी टैक्स लगेगा। यह Professions Tax पंजाब के अन्दर पहले से ही लागू है, इस बिल के ज़रिए उस के scope को बढ़ाया जा रहा है। हैरानगी की बात यह है कि क्या सरकार इस बात से वाकिफ नहीं कि आजकल सारे देश के अन्दर ज़रूरियाते जिन्दगी की कीमतें किस तेज़ी से बढ़ रही हैं। स्पीकर साहिब, एक आदमी जो unmarried है, जिस की कोई liability नहीं उस की ज़रूरियात को अगर एक किराए के मकान, दो वक्त की रोटी, दो वक्त की चाय, कपड़े और उन की धुलाई तक ही महदूद कर लिया जाए तो उस के लिए उसे सौ रुपए महीना से कम नहीं चाहिए । लेकिन जिस व्यक्ति का परिवार बड़ा हो, जिस के दो तीन बच्चे हों, माता-पिता हों, जिस को कोई बुरी आद्त नहीं, जो सिर्फ साधारण जीवन व्यतीत करता है तो ज़ाहिर है कि उसे उस के लिए तीन चार सौ रुपया चाहिए। मैं हैरान हूं कि हमारी यह सरकार जनता की कठिनाइयों की बाबत सोचने से क्यों कासिर है और किस बेदर्दाना ढंग से सरकार टैक्स पर टैक्स लगा रही है—लगा ही नहीं बढ़ा रही है। एक तरफ Central Government Income Tax वसूल कर रही है, District Board Professional Tax लेती है,तीसरे उसी income पर State Government Professional Tax ले रही है । अब Original Bill के मुताबिक 50 रुपए माहवार पाने वाले को भी Professional Tax देना पड़ेगा, जो अब सुनने में आया है और अखबारी खबरों के मुताबिक 150 रुपए महीना तंखाह वालों से शुरू करने की कोई amendment सरकार की तरफ से लाई जा रही है। मैं आप की मार्फत House के गोशगुजार करना चाहता हूं कि कितनी शरम की बात है कि अमृतसर District Board 400 रुपया सालाना यानी 33 रुपए महीना कमाने वाले से भी Professional Tax लेती है । इसी तरह वहां पर भी scheduled rates tax के निश्चित किए हुए हैं लेकिन जिस तेजी से महंगाई बढ़ रही है उसे बिल्कुल नज़र अन्दाज़ किया जाता है। स्पीकर साहिब, अगर 15/20 साल पहले के चीज़ों के rates के साथ मुकाबला किया जाए तो हैरानगी होती है कि उस वक्त जहां गन्दम दो रुपए मन मिलती थी आज 20 रुपए मन मिलती है, घी जो उस वक्त 14 आने सेर मिलता था आज 7 रुपए सेर मिलता है, चीनी जहां पहले दो अढ़ाई आने सेर मिलती थी आज एक रुपया तीन आने सेर मिलती है, हाकर जहां सात पैसे या दो आने गज़ कपड़ा बेचा करते थे आज साधारण सा खद्दर जो हमारे बच्चे बच्चियां स्कूलों में पहन कर जाती हैं डेढ़, पौने दो रुपए गज़ मिलता है । उसी तरह transport पर सफ़र करने के लिए जो गरीब आदमी पर इस बिल के ज़रिए pressure पड़ता है उस को भी आसानी से अनुभव किया जा सकता है। मैं हैरान होता हूं कि सरकार की अक्ल किस तरफ चल रही है। एक तरफ provincial गवर्नमैंट District Boards के नाम पर टैक्स बढ़ाती है, कभी म्यूनिसिपल कमेटियों के नाम पर टैक्स लेती है, कभी state level पर टैक्स लेती है और उधर Central

[श्री बलरामजी दास टंडन]

Government ने रेल का किराया 10% बढ़ा दिया है। इधर transport पर पंजाब की हकूमत 25% बढ़ा रही है। मैं हैरान होता हूं कि इन लोगों के दिल और दिमाग कैसे हैं। हमारे साथ की U.P. State कितनी बड़ी State है। सभी जानते हैं कि पंजाब के मुकाबले में वहां की जनता का standard of living कितना पिछड़ा हुआ है। वहां पर भी transport पर 1/13 tax लिया जाता है यानी एक रुपए के पीछे 6 नए पैसे passengers tax वहां वसूल किया जाता है। क्या वहां पर सरकार development plans नहीं चला रही ? कितने अफसोस की बात है कि आज इस tax को बढ़ाने के लिए सरकार हरिजनों की आड़ ले रही है। क्या इस का साफ मतलब यह नहीं निकलता कि पिछले 15 सालों के अन्दर सरकार ने हरिजनों के लिए कुछ नहीं किया और आज इस को हरिजनों का ख्याल आया है ? अगर वाकई सरकार उन की मदद करना चाहती है तो उस के लिए proper साधन ढूंढने चाहिएं। साधन मौजूद हैं लेकिन उन साधनों का सरकार उपयोग नहीं करना चाहती। मुझे यह कहते हुए दुःख महसूस होता है कि कभी पंजाब यूनिवर्सिटी, कभी कुरुक्षेत्र यूनिवर्सिटी का नाम लेकर लोगों से मज़ाक किया जा रहा है, उन की आंखों में धूल डाली जा रही है। सभी States के अन्दर taxes लगते हैं, सभी मुल्कों के अन्दर taxes लगते हैं आखिर यह taxes बटोरने का नया तरीका है क्या ? एक तरफ सरकार slum clearance की बात करती है। प्रधान मन्त्री हर जगह slum clearance की बाबत ज़िक्र करते हैं और हमारी गवर्नमेंट के "भाईयों" को भी जहां कहीं मौका मिलता है तो slum clearance की बाबत तकरीर झाड़ देते हैं। हैरानगी की बात है कि 2,000 रुपए से slum clearance का काम होगा या slum creation का होगा। दो हज़ार रुपए के अन्दर कौन सा मकान बनता है। Material इतना महंगा है और राज वगैरह की मजदूरी भी काफी बढ़ी हुई है। आप दो हजार में slums ही बना सकेंगे। इस लिए अगर slums ही बनाने हैं तो ठीक है चलने दें। 5 हज़ार रुपए में छोटा सा मकान बन सकता है जो आप हरिजनों को रहने के लिए दे सकते हैं। इस हिसाब से आप को साढ़े तीन अरब रुपया और चाहिए तब आप उन को मकान दे सकते हैं। इस कानून के ज़रिये आप को पांच या छे करोड़ रुपया हासिल होगा तो क्या यह काम 70 साल तक चलता रहेगा ? संविधान में इन लोगों को ऊपर उठाने का वक्त दस साल रखा हुआ है मगर यह जो सरकार बिल लाई है इस के मुताबिक तो सरकार को 70 साल तक यह काम करना पड़ेगा। मगर यह तो गरीब लोगों पर कुल्हाड़ा चलाया जा रहा है। तो क्या यह 70 साल तक चलाया जायगा ? अगर कोई किसी को एक चपत लगा दे तो उस का चालान हो जाता है, पुलिस पकड़ ले जाती है। मगर इस बिल के जरिये सरकार गरीबों पर कुल्हाड़ा चलाने जा रही है। उन के बच्चों का खून चूसने जा रही है। अगर सरकार ने यही तरीका इख्तयार करना है तो यह क्यों नहीं लोगों को भी वही गोलियां खिला देती जो कि म्यूनिसिपल कमेटियां आवारा कुत्तों को समाप्त करने के लिये डाला करती हैं। अपने आप welfare state बन जायगी और लोगों का standard ऊंचा हो जायगा। यह जिस तरीके से यह काम करना चाहते हैं यह ठीक नहीं। अगर यह साधन या resources जानना चाहें

तो वह तो हम बता सकते हैं मगर सरकार ने जिन resources को अपनाया भी है उस में भी बड़ी भारी leakage होती है। जनाब, आप को पता है कि अमृतसर की एक ट्रांस्पोर्ट कम्पनी के बारे में मैंने एक सवाल किया था। उस के जवाब में बताया गया कि दो बसें चलाने वाली कम्पनी दस हज़ार रुपया passengers tax देती है, उस से ज़्यादा बसें चलाने वाली कम्पनी 20 या 25 हजार सालाना देती है, कई कम्पनियां लाख रुपए से ज़्यादा भी देती हैं। मगर जो कम्पनी सब से ज़्यादा रूट रखती है जिस की सब से ज़्यादा बसें हैं वह सिर्फ 4320 रुपए सालाना देती है।

एक आवाज़ : उस का नाम भी बता दो ।

श्री बलरामजी दास टंडन : सन्धू बस सर्विस । इन के रिश्तेदारों की कम्पनी है। गवर्नर साहिब के आर्डर से जिन की बसें कुर्क हुई थीं। यह बात तो अखबारों में आ चुकी है। ऐसी चीजों को रोकने से सरकार को करोड़ों रुपए की और आमदन हो सकती है। एक भाई ने Retrenchment Committee की suggestions की भी याद दिलाई थी। और कुछ नहीं तो Contingencies Fund में से 10 फीसदी economy कर के दो करोड़ रुपया बचाया जा सकता है। मगर सरकार इस तरफ ध्यान नहीं देती। State guests के तौर पर लोग यहां पर आ कर महीना 2, दो २ महीना या इस से भी ज़्यादा पड़े रहते हैं, उन पर लाखों रुपया खर्च आ जाता है। यहां से बचत हो सकती है। फिर कई अफसरों की तनखाह पांच हज़ार, चार हज़ार और तीन हज़ार रुपया महीना है। सरकार इस को आहिस्ता २ कम कर के इधर से भी बचत कर सकती है। ज़्यादा से ज़्यादा तनखाह एक हज़ार और कम से कम एक सौ रुपया महीना होनी चाहिए। मैं समझता हूं कि हजारों नहीं तो सैंकड़ों ऐसे बड़े अफसर होंगे जिन को बहुत बड़ी २ तनखाहें मिलती हैं। यहां से बचत हो सकती है। फिर हर ज़िले में Sub-Registrar लगे हुए हैं। मेरे अपने ज़िले में एक B.A. LL.B., जो कि दो सौ रुपए लेता था, को हटा कर सरकार ने चार आदमी रखे हैं जिन में से हर एक 450 रुपए महीना पाता है। उन में से एक Matric पास है, एक Matric फेल है, एक चौथी पास है और एक चौथी फेल। यह तो वही बात है "सैयां भए कोतवाल अब डर काहे का"। लोगों का करोड़ों रुपया ज़ाया हो रहा है.....

श्री अध्यक्ष : अब wind up करें। (The hon. Member should please wind up now.)

श्री बलरामजी दास टंडन : बस जी मैं दो चार मिनट में ही खत्म कर दूंगा। जहां से करोड़ों रुपए की बचत हो सकती हो वह क्यों न की जाए। हमारे दिल में भी हरिजनों को ऊपर उठाने का उतना ही ख्याल है जितना यह कहते हैं कि इन को है। यह supplementary बजट लाएं और उस में आठ करोड़ की बजाए चाहे दस करोड़ रुपया मांग लें मगर इस तरह से गरीबों का गला दबा कर उन से पैसा इकट्ठा करना ठीक बात नहीं है। साधनों की तो कमी नहीं है मगर नीयत ठीक होनी चाहिए। सिनेमा बनते हैं। इन पर एक २ पर 15 लाख रुपया लगता है। जो आदमी 15 लाख इस पर लगाता है क्या उस से एक

[श्री बलरामजी दास टंडन]
लाख रुपया सरकार नहीं ले सकती कि तुम इतना खर्च कर रहे हो कुछ सरकार को भी दो। लोग अफीम खाते थे और ठेकों से लेते तो सरकार को भी कुछ हिस्सा मिलता था। अब इन्होंने कर दिया है कि यह बेची नहीं जा सकती हालांकि जो खाते हैं उन के घर पहुंचती है मगर सरकार को अब एक कौड़ी नहीं मिलती। इस की smuggling हो रही है। चर्स भी लोगों को पहले की तरह ही मिल रही है। सारा पैसा smugglers की जेबों में पहुंच रहा है, खज़ाने में कुछ नहीं आता। अगर सरकार smuggling खत्म नहीं कर सकती तो यह पैसा सरकारी खज़ाने में आना चाहिए। फिर बस कम्पनियां चल रही हैं, एक २ बस पर वह 40 हजार रुपया खर्च करती हैं। सरकार क्यों न उन से एक हज़ार रुपया ले ले। कई अमीर कारें खरीदते हैं। वह 15 हज़ार इस पर लगाते हैं तो क्यों न सरकार को पांच सौ रुपया मिले। मगर सरकार यह सब क्यों करने लगी। इसने तो उन ट्रांस्पोर्ट कम्पनियों से चुनाव के दिनों में दो २ लाख रुपए की थैलियां लेनी हैं। (आपोज़ीशन की तरफ से तालियां) इसी तरह से सिनेमा वालों और cold storage वालों से भी बड़े २ चंदे लेने होते हैं तो यह उन को कहां कुछ कहने लगे हैं। साधन तो और भी हैं जैसे कि इस सदन में यह बात सैंकड़ों बार कही गई है कि जो अपर हाउस है यह एक सफेद हाथी खड़ा किया हुआ है.....

श्री अध्यक्ष : अपर हाउस को इस तरह कहना ठीक नहीं है। आप यह withdraw करें। (It is not proper to refer to the Upper House in this manner. The hon. Member may please withdraw these remarks.)

श्री बलरामजी दास टंडन : स्पीकर साहिब, अगर यह unparliamentary है तो मैं इस को withdraw करता हूं।

Mr. Speaker : No discourtesy should be shown to the Upper House.

श्री बलरामजी दास टंडन : मैं कोई ऐसी बात नहीं करना चाहता, न ही मेरा यह मनशा है।

